ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 22 | 10 June 2020 to 16 June 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


## ਸਾਕਾ ਨੀਲਾ ਤਾਰਾ ਸੰਬੰਧੀ ਇਤਿਹਾਸਕ ਦਸਤਾਵੇਜ਼ ਦੁਨੀਆਂ ਨੂੰ ਵੰਡਿਆ ਜਾਵੇ: ਸਿੰਘ ਸਾਹਿਬ

### ਖ਼ਾਲਿਸਤਾਨ ਦੀ ਮੰਗ ਜਾਇਜ਼ , ਹਰ ਸਿੱਖ ਦੀ ਇੱਛਾ ਕਿ ਬਣੇ ਖਾਲਿਸਤਾਨ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਾਕਾ ਨੀਲਾ ਤਾਰਾ-1984 ਦੀ 36ਵੀਂ ਵਰੇਗੰਢ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਕਿ ਵਿਦਵਾਨਾਂ ਦਾ ਉੱਚ ਪੱਧਰੀ ਪੈਨਲ ਗਠਿਤ ਕਰਕੇ ਸਾਕਾ ਨੀਲਾ ਤਾਰਾ-1984 ਬਾਰੇ ਇੱਕ ਅਹਿਮ ਤੇ ਵੱਡਾ ਇਤਿਹਾਸਕ ਦਸਤਾਵੇਜ਼ ਤਿਆਰ ਕਰਕੇ ਉਸਦਾ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਕੇ ਪੂਰੀ ਦੁਨੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਹਿੱਤ ਵੰਡਿਆ ਜਾਵੇ ਤਾਂ ਕਿ ਆਉਣ ਵਾਲੀਆਂ ਪੀੜੀਆਂ ਨੂੰ ਵੀ ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਕਮਾਏ ਧਰੋਹ ਦਾ ਅਹਿਸਾਸ ਹੁੰਦਾ ਰਹਿ ਸਕੇ । ਜੂਨ '84 ਦੇ ਸ਼ਹੀਦਾਂ ਦੀ ਸਾਲਾਨਾ ਵਰਗੰਢ ਮਨਾਉਣ ਪਿੱਛੋਂ ਅੱਜ ਤਖ਼ਤ ਸ੍ਰੀ ਕੇਸਗੜ ਸਾਹਿਬ ਅਨੰਦਪੁਰ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਮੌਜੂਦਗੀ ਦੇ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਭਾਰਤ ਸਰਕਾਰ ਵੱਲੋਂ ਜੂਨ 1984 ਵਿੱਚ ਸ੍ਰੀ ਹਰਿਮੰਦਰ



ਸਾਹਿਬ ਅਤੇ ਅਕਾਲ ਤਖਤ ਸਾਹਿਬ 'ਤੇ ਕੀਤਾ ਫੌਜਾਂ ਚੜਾ ਕੇ ਟੈਂਕਾਂ- ਤੋਪਾਂ ਨਾਲ ਕੀਤਾ ਗਿਆ ਹਮਲਾ ਸਿੱਖਾਂ ਦੀ ਮਾਨਸਿਕਤਾ 'ਤੇ ਵੱਡਾ ਹਮਲਾ ਹੈ, ਜਿਸਦੀ ਪੀੜ ਰਹਿੰਦੀ ਦੁਨੀਆਂ ਤੱਕ ਸਿੱਖ ਭੁਲਾ ਨਹੀਂ ਸਕਣਗੇ ਤੇ ਇਹ ਸਰਕਾਰ ਦਾ ਸਿੱਖ ਕੌਮ ਨਾਲ ਬਹੁਤ ਵੱਡਾ ਕੀਤਾ ਗਿਆ ਧੱਕਾ ਹੈ,ਜੋ ਨਾ ਭੁੱਲਣਯੋਗ ਤੇ ਨਾ ਹੀ ਮੁਆਫੀਯੋਗ ਹੈ । ਉਨਾਂ ਕਿਹਾ ਕਿ 1986-87 ਵਿੱਚ ਘੱਲੂਘਾਰੇ ਬਾਰੇ ਵਾਈਟ ਪੇਪਰ ਛਪਿਆ ਸੀ ਤੇ ਹੋਰ ਵੀ ਬਹੁਤ ਸਾਰੇ ਲੇਖਕਾਂ ਵੱਲੋਂ ਕਿਤਾਬਾਂ ਵਗੈਰਾ ਛਾਪੀਆਂ ਗਈਆਂ ਹਨ , ਪਰ ਉਹ ਚਾਹੁੰਦੇ ਹਨ ਕਿ ਹਮਲੇ ਦੇ ਚਸ਼ਮਦੀਦ ਗਵਾਹ ਅਜੇ ਜਿਊਂਦੇ ਹਨ, ਨਾਲ ਮੁਲਾਕਾਤਾਂ ਕਰਕੇ ਹੋਰ ਅਮੁੱਲ ਜਾਣਕਾਰੀ ਇਕੱਠੀ ਕੀਤੀ ਜਾ ਸਕਦੀ ਹੈ ਤੇ ਜੋ ਛੱਪ ਚੁੱਕਿਆ ਦਾ ਵੀ ਮੁਲਾਂਕਣ ਕਰਕੇ ਉਸਦੀ ਸਹਾਇਤਾ ਨਾਲ ਹੋਰ ਲਿਖਤਾਂ ਨੂੰ ਕਲਮਬੱਧ ਕਰਕੇ ਇਤਿਹਾਸ ਨੂੰ ਸਾਂਭਣ ਤੇ ਪ੍ਰਚਾਰਨ ਦੀ ਲੋੜ ਹੈ, ਜਿਸ ਦੀ ਜਿੰਮੇਵਾਰੀ ਸ਼੍ਰੋਮਣੀ ਕਮੇਟੀ ਨੂੰ ਨਿਭਾਉਣੀ ਚਾਹੀਦੀ ਹੈ । ਇਕ ਸੁਆਲ ਰਾਹੀਂ ਨੌਜਵਾਨਾਂ ਵੱਲੋਂ ਖਾਲਿਸਤਾਨ ਦੇ ਨਾਅਰੇ ਮਾਰੇ ਜਾਣ ਸਬੰਧੀ ਪੁੱਛੇ ਜਾਣ 'ਤੇ ਸਿੰਘ ਸਾਹਿਬ ਨੇ ਆਖਿਆ ਕਿ ਚੱਲਦੇ ਸਮਾਗਮ ਵਿੱਚ ਕਿਸੇ ਕਿਸਮ ਦੇ ਵੀ ਨਾਅਰੇ ਮਾਰਨਾ ਗਲਤ ਹੈ, ਜਦਕਿ ਸਮਾਗਮ ਸਮਾਪਤ ਹੋਣ 'ਤੇ ਜੇਕਰ ਨੌਜਵਾਨ ਜੋਸ਼ ਵਿੱਚ ਖਾਲਿਸਤਾਨ ਦੇ ਨਾਅਰੇ ਲਗਾ ਕੇ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ ਤਾਂ ਉਹ ਅਜਿਹੇ ਲੱਗਣ ਵਾਲੇ ਨਾਅਰਿਆਂ ਨੂੰ ਗ਼ਲਤ ਨਹੀਂ ਮੰਨਦੇ । ਖ਼ਾਲਿਸਤਾਨ ਦੀ ਸਥਾਪਨਾ ਸਬੰਧੀ ਪੁੱਛੇ ਜਾਣ 'ਤੇ ਉਨਾਂ ਆਖਿਆ ਕਿ ਜੇਕਰ ਭਾਰਤ ਸਰਕਾਰ ਸਾਨੂੰ ਸਿੱਖਾਂ ਨੂੰ ਖ਼ਾਲਿਸਤਾਨ ਦੇ ਦਿੰਦੀ ਹੈ ਤਾਂ 'ਅੰਨਾ ਕੀ ਭਾਲੇ ਦੋ ਅੱਖਾਂ' ।


ਬਾਕੀ ਸਫ਼ਾ 30 'ਤੇ


## ਅਮਰੀਕਾ ਵਿਚ ਕੋਰੋਨਾ ਨਾਲ ਅਗਸਤ ਤੱਕ 1,45,000 ਮੌਤਾਂ ਹੋਣ ਦਾ ਅਨੁਮਾਨ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਯੁਨੀਵਰਸਿਟੀ ਆਫ ਵਾਸ਼ਿੰਗਟਨ ਨੇ ਅਨੁਮਾਨ ਲਾਇਆ ਹੈ ਕਿ ਅਗਸਤ ਤੱਕ ਕੋਵਿਡ-19 ਨਾਲ ਮਰਨ ਵਾਲਿਆਂ ਦੀ ਗਿਣਤੀ 1,45,000 ਹੋ ਸਕਦੀ ਹੈ। ਇਹ ਅਨੁਮਾਨ ਉਸ ਸਮੇ ਆਇਆ ਹੈ ਜਦੋਂ ਹਸਪਤਾਲਾਂ ਵਿਚ ਨਵੇਂ ਮਰੀਜ ਵੱਡੀ ਗਿਣਤੀ ਵਿਚ ਆ ਰਹੇ ਹਨ। ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ 586 ਕੋਰੋਨਾਪੀੜਤ ਹੋਰ ਮਰੀਜ਼ ਦਮ ਤੋੜ ਗਏ ਹਨ ਜਿਨਾਂ ਨਾਲ ਮੌਤਾਂ ਦੀ ਕੁਲ ਗਿਣਤੀ 1,13,055 ਹੋ ਗਈ ਹੈ। ਕੋਰੋਨਾਵਾਇਰਸ ਦੇ 19044 ਨਵੇਂ ਮਾਮਲੇ ਸਾਹਮਣੇ ਆਏ ਹਨ। ਪੀੜਤਾਂ ਦੀ ਕੁਲ ਗਿਣਤੀ 20,26,493 ਹੋ ਗਈ ਹੈ। 7,73,480 ਲੋਕ ਠੀਕ ਹੋਏ ਹਨ। ਇਸ ਤਰਾਂ ਸਿਹਤਮੰਦ ਹੋਣ ਦੀ ਦਰ 87% ਹੈ ਜੋ ਰਾਹਤ ਦੇਣ ਵਾਲੀ ਖਬਰ ਹੈ।

## ਜਾਰਜ ਫਲਾਇਡ ਦੀ ਮੌਤ ਦੇ ਮਾਮਲੇ 'ਚ ਟਰੰਪ ਦੀ ਪਹੁੰਚ ਨੂੰ ਅਮਰੀਕੀਆਂ ਨੇ ਨਕਾਰਿਆ

### ਲੋਕਾਂ ਨੇ 8.46 ਮਿੰਟ ਚੁੱਪ ਰਹਿਕੇ ਫਲਾਇਡ ਨੂੰ ਦਿੱਤੀਆਂ ਸ਼ਰਧਾਂਜਲੀਆਂ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** 4 ਸਰਵੇਖਣਾਂ ਵਿਚ ਅਮਰੀਕੀਆਂ ਨੇ ਜਾਰਜ ਫਲਾਇਡ ਦੀ ਮੌਤ ਤੇ ਉਸ ਉਪਰੰਤ ਹੋਏ ਪ੍ਰਦਰਸ਼ਨਾਂ ਨਾਲ ਨਜਿੱਠਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਪਣਾਈ ਪਹੁੰਚ ਨੂੰ ਰੱਦ ਕਰ ਦਿੱਤਾ ਹੈ। ਟਰੰਪ ਤੇ ਸੈਨੇਟਰ ਟੌਮ ਕੌਟਨ ਸਮੇਤ ਕਈ ਹੋਰ ਰਿਪਬਲੀਕਨ ਸੈਨੇਟਰ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਲਈ ਫੌਜ ਤਾਇਨਾਤ ਕਰਨ ਦੀ ਵਕਾਲਤ ਕਰ ਰਹੇ ਹਨ ਜਦ ਕਿ ਰਖਿਆ ਮੰਤਰੀ ਮਾਰਕ ਐਸਪਰ , ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ ਬੁੱਸ਼ ਤੇ ਹੋਰਨਾਂ ਨੇ ਪੁਰਜੋਰ ਸ਼ਬਦਾਂ ਵਿਚ ਟਰੰਪ ਪ੍ਰਸ਼ਾਸਨ ਦੀ ਇਸ ਪਹੁੰਚ ਦਾ ਵਿਰੋਧ ਕੀਤਾ ਹੈ। ਸੀ.ਬੀ.ਸੀ ਨਿਊਜ਼, ਐਮਰਸਨ ਕਾਲਜ, ਰਾਈਟਰ ਤੇ ਮੋਨਮਾਊਥ ਯੁਨੀਵਰਸਿਟੀ ਵੱਲੋਂ ਕਰਵਾਏ ਸਰਵੇਖਣਾਂ ਅਨੁਸਾਰ ਜਿਆਦਾਤਰ ਅਮਰੀਕੀ ਟਰੰਪ ਦੇ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਦੇ ਢੰਗ ਤਰੀਕੇ ਨਾਲ ਸਹਿਮਤ ਨਹੀਂ ਹਨ ਤੇ ਜਿਸ ਢੰਗ ਨਾਲ ਰਾਸ਼ਟਰਪਤੀ ਨੇ ਨਸਲੀ ਮੁੱਦੇ ਨੂੰ ਉਭਾਰਿਆ ਉਸ ਨੂੰ ਵੀ ਰੱਦ ਕੀਤਾ ਹੈ।

**ਜਾਰਜ ਫਲਾਇਡ ਨੂੰ ਸ਼ਰਧਾਂਜਲੀਆਂ-**

ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਨੇ ਅਮਰੀਕੀਆਂ ਨੂੰ ਇਕਜੁੱਟ ਕਰ ਦਿੱਤਾ ਹੈ। ਅੱਜ ਅਮਰੀਕਾ ਭਰ ਵਿਚ ਪ੍ਰਦਰਸ਼ਨਕਾਰੀਆਂ ਤੇ ਹੋਰ ਲੋਕਾਂ ਨੇ ਜਾਰਜ ਫਲਾਇਡ ਨੂੰ ਯਾਦ ਕੀਤਾ ਤੇ 8.46 ਮਿੰਟ ਚੁੱਪ ਰਹਿ ਕੇ ਮ੍ਰਿਤਕ ਨੂੰ ਸ਼ਰਧਾਂਜਲੀਆਂ ਦਿੱਤੀਆਂ। ਯਾਦ ਰਹੇ ਗੋਰੇ ਪੁਲਿਸ ਅਧਿਕਾਰੀ ਡੈਰਿਕ ਚੂਵਿਨ ਨੇ 8.46 ਮਿੰਟਾਂ ਤੱਕ ਜਾਰਜ ਫਲਾਇਡ ਦੀ ਸਾਹ ਰਗ ਆਪਣੇ ਗੋਡੇ ਨਾਲ ਦਬਾਈ ਰਖੀ ਸੀ ਜਿਸ ਕਾਰਨ ਉਹ ਦਮ ਤੋੜ ਗਿਆ ਸੀ। ਕਈ ਥਾਵਾਂ 'ਤੇ ਪੁਲਿਸ ਨੇ ਵੀ ਗੋਡਿਆਂ ਭਾਰ ਹੋ ਕੇ ਮ੍ਰਿਤਕ ਨੂੰ ਸ਼ਰਧਾਂਜਲੀ ਦਿੱਤੀ। ਐਟਲਾਂਟਾ ਵਿਚ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਧੀ ਬਰਨੀਸ ਕਿੰਗ ਨੇ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਓਦੋਂ ਤੱਕ ਰੁਕਣਾ ਨਹੀਂ ਜਦੋਂ ਤੱਕ ਅਮਰੀਕਾ ਸਮੇਤ ਵਿਸ਼ਵ ਭਰ ਵਿਚ ਕਿਸੇ ਕਾਲੇ ਜਾਂ ਭੂਰੇ ਵਿਅਕਤੀ ਦੇ ਸਾਹ ਬੰਦ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦੇਣ ਵਾਲੀਆਂ ਘਟਨਾਵਾਂ ਬੰਦ ਨਹੀਂ ਹੋ ਜਾਂਦੀਆਂ।


ਬਾਕੀ ਸਫ਼ਾ 31 'ਤੇ


## ਚੀਨ ਦੀ ਸਖਤ ਪਹੁੰਚ ਅੱਗੇ ਭਾਰਤ ਦੀ ਨਰਮ ਸਫਬੰਦੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ-ਚੀਨ ਦਰਮਿਆਨ ਹਿਮਾਲਿਆ ਪਰਬਤਾਂ ਵਿਚ ਚੱਲ ਰਹੀ ਤਲਖੀ ਨੂੰ ਸ਼ਾਂਤ ਕਰਨ ਲਈ ਦੋਵਾਂ ਦੇਸ਼ਾਂ ਦੇ ਉੱਚ ਫੌਜੀ ਅਫਸਰਾਂ ਦੀ ਬੀਤੇ ਕੱਲ ਚੁਸ਼ੂਲ-ਮੋਲਡੋ ਸਰਹੱਦ 'ਤੇ ਅਹਿਮ ਬੈਠਕ ਹੋਈ। ਇਸ ਬੈਠਕ ਵਿਚ ਭਾਰਤ ਵੱਲੋਂ 15 ਕਾਰਪਸ ਦੇ ਕਮਾਂਡਰ ਲੈਫਟਿਨੈਂਟ ਜਨਰਲ ਹਰਿੰਦਰ ਸਿੰਘ ਅਤੇ ਚੀਨ ਵੱਲੋਂ ਸ਼ਿਨਜ਼ਿਆਂਗ ਫੌਜੀ ਜ਼ਿਲੇ ਦੇ ਮੁਖੀ ਮੇਜਰ ਜਨਰਲ ਲਿਊ ਲਿਨ ਸ਼ਾਮਲ ਹੋਏ। ਬੈਠਕ ਮਗਰੋਂ ਭਾਰਤ ਦੇ ਵਿਦੇਸ਼ ਮਹਿਕਮੇ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਬੈਠਕ ਬੜੇ ਚੰਗੇ ਮਾਹੌਲ ਵਿਚ ਹੋਈ ਅਤੇ ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਤਲਖੀ ਘਟੇਗੀ। ਭਾਰਤ ਦੇ ਵਿਦੇਸ਼ ਮਹਿਕਮੇ ਨੇ ਬਿਆਨ ਵਿਚ ਕਿਹਾ ਕਿ ਦੋਵੇਂ ਧਿਰਾਂ ਪਹਿਲਾਂ ਹੋਏ ਸਮਝੌਤਿਆਂ ਦੇ ਅਧਾਰ 'ਤੇ ਸਰਹੱਦੀ ਵਿਵਾਦ ਨੂੰ ਸ਼ਾਂਤਮਈ ਢੰਗ ਨਾਲ ਗੱਲਬਾਤ ਰਾਹੀਂ ਹੱਲ ਕਰਨ ਵਾਸਤੇ ਸਹਿਮਤ ਹੋ ਗਈਆਂ ਹਨ।

ਹਲਾਂਕਿ ਚੀਨ ਵੱਲੋਂ ਇਸ ਬੈਠਕ ਤੋਂ ਬਾਅਦ ਕੋਈ ਬਿਆਨ ਨਹੀਂ ਆਇਆ ਹੈ, ਪਰ ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਵਿਚ ਕੱਲ ਛਪੀ ਖਬਰ 'ਚ ਕਿਹਾ ਗਿਆ ਕਿ ਭਾਰਤ ਨਾਲ ਸਰਹੱਦੀ ਗਰਮਾ-ਗਰਮੀ ਦੇ ਚਲਦਿਆਂ ਚੀਨੀ ਫੌਜ ਵੱਲੋਂ ਜੰਗੀ ਕਸਰਤਾਂ ਜਾਰੀ ਹਨ। ਦੱਸ ਦਈਏ ਕਿ ਪਿਛਲੇ ਦਿਨਾਂ ਦੌਰਾਨ ਚੀਨੀ ਫੌਜ ਭਾਰਤ ਵੱਲੋਂ ਜਿਹੜੀ ਲਕੀਰ ਨੂੰ ਆਪਣੇ ਨਕਸ਼ੇ ਵਿਚ ਆਪਣੇ ਕਬਜ਼ੇ ਦੀ ਹੱਦ ਦੱਸਿਆ ਜਾਂਦਾ ਹੈ ਉਸ ਤੋਂ 8 ਕਿਲੋਮੀਟਰ ਅੰਦਰ ਆ ਗਈ ਹੈ। ਚੀਨੀ ਫੌਜ ਨੇ ਇੱਥੇ ਤੰਬੂ ਵੀ ਗੱਡ ਲਏ ਹੋਏ ਹਨ। ਇਹ ਸਰਹੱਦੀ ਖਿੱਤਾ ਭਾਰਤ ਅਤੇ ਚੀਨ ਵਿਚਾਲੇ ਵਿਵਾਦਤ ਮੰਨਿਆ ਜਾਂਦਾ ਹੈ। ਭਾਰਤ ਗੱਲਬਾਤ ਰਾਹੀਂ ਚੀਨ ਨੂੰ ਪਿੱਛੇ ਜਾਣ ਵਾਸਤੇ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਚੀਨ ਵੱਲੋਂ ਪਿੱਛੇ ਜਾਣ ਦਾ ਕੋਈ ਇਸ਼ਾਰਾ ਨਹੀਂ ਦਿੱਤਾ ਜਾ ਰਿਹਾ।


ਬਾਕੀ ਸ.ਫ਼ਾ 30 'ਤੇ



ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email: asrtimes.gmail.com














ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
ਮਰਦਮਸ਼ੁਮਾਰੀ
CALIFORNIA
ALL
2020
CaliforniaCensus.org

# ਕਾਲਿਆਂ ਉਪਰ ਅਤਿਆਚਾਰਾਂ ਨਾਲ ਨਜਿੱਠਣ ਲਈ ਕਾਨੂੰਨ ਬਣਾਉਣ ਦੀ ਤਿਆਰੀ

## ਵਾਈਟ ਹਾਊਸ ਸਮੇਤ ਹੋਰ ਥਾਵਾਂ ਤੇ ਸ਼ਾਂਤਮਈ ਪ੍ਰਦਰਸ਼ਨ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਤੋਂ ਬਾਅਦ ਹੋਏ ਪ੍ਰਦਰਸ਼ਨਾਂ ਦੌਰਾਨ ਕਾਲਿਆਂ ਉਪਰ ਅਤਿਆਚਾਰ ਦੇ ਉਠਾਏ ਮੁੱਦਿਆਂ ਦੇ ਮੱਦੇਨਜਰ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜਾਰਜ ਦਾ ਭਰਾ ਇਸ ਹਫਤੇ ਕਾਂਗਰਸ ਦੀ ਇਕ ਕਮੇਟੀ ਅੱਗੇ ਪੇਸ਼ ਹੋਵੇਗਾ ਤੇ ਨਸਲੀ ਹਿੰਸਾ ਬਾਰੇ ਆਪਣੇ ਵਿਚਾਰ ਰਖੇਗਾ। ਹਾਊਸ ਜੁਡੀਸ਼ਰੀ ਕਮੇਟੀ ਦੀ ਸਪੋਕਸਪਰਸਨ ਸ਼ਾਡਵਨ ਰੈਡਿਕ ਸਮਿਥ ਨੇ ਕਿਹਾ ਹੈ ਕਿ ਫਿਲੋਨਿਸ ਫਲਾਇਡ ਬੁੱਧਵਾਰ ਨੂੰ ਸੁਣਵਾਈ ਦੌਰਾਨ ਆਪਣੇ ਭਰਾ ਜਾਰਜ ਦੀ ਮੌਤ, ਪੁਲਿਸ ਦੀ ਦਰਿੰਦਗੀ ਤੇ ਨਸਲੀ ਭਿੰਨਭੇਦ ਬਾਰੇ ਆਪਣਾ ਪੱਖ ਰਖੇਗਾ। ਫਿਲੋਨਿਸ ਫਲਾਇਡ ਵੱਲੋਂ ਜੁਡੀਸ਼ਰੀ ਕਮੇਟੀ ਅੱਗੇ ਕੀਤੇ ਖੁਲਾਸੇ ਦੀ ਬਹੁਤ ਅਹਿਮੀਅਤ ਸਮਝੀ ਜਾਂਦੀ ਹੈ ਕਿਉਂਕਿ ਕਮੇਟੀ ਦੀਆਂ ਸ਼ਿਫਾਰਸਾਂ ਦੇ ਆਧਾਰ 'ਤੇ ਇਕ ਕਾਨੂੰਨ ਬਣਾਏ ਜਾਣ ਦੀ ਸੰਭਾਵਨਾ ਹੈ ਜਿਸ ਦਾ ਮਕਸਦ ਪ੍ਰਦਰਸ਼ਕਾਰੀਆਂ ਵੱਲੋਂ ਨਸਲੀ ਹਿੰਸਾ ਨੂੰ ਲੈ ਕੇ ਉਠਾਏ ਮਸਲਿਆਂ ਨੂੰ ਸੁਲਝਾਉਣਾ ਹੈ।

**ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ**

ਜਾਰਜ ਫਲਾਇਡ ਦੀ ਮੌਤ ਨੇ ਸਮੁੱਚੇ ਅਫਰੀਕਨ ਮੂਲ ਦੇ ਅਮਰੀਕੀ ਨਾਗਰਿਕਾਂ ਵਿਚ ਜਾਗਰੂਕਤਾ ਪੈਦਾ ਕਰ ਦਿੱਤੀ ਹੈ। ਅੱਜ 12 ਵੇਂ ਦਿਨ ਵਾਸ਼ਿੰਗਟਨ ਸਮੇਤ ਵੱਖ ਵੱਖ ਥਾਵਾਂ 'ਤੇ ਸ਼ਾਤਮਈ ਪ੍ਰਦਰਸ਼ਨ ਹੋਏ ਜਿਨਾਂ ਵਿਚ ਕਾਲੇ, ਗੋਰੇ, ਨੌਜਵਾਨ, ਬਜ਼ੁਰਗ, ਹਰ ਵਰਗ ਤੇ ਉਮਰ ਦੇ ਲੋਕ ਸ਼ਾਮਿਲ ਹੋਏ। ਡਾਊਨ ਟਾਊਨ ਵਾਸ਼ਿੰਗਟਨ ਵਿਚ ਹਜਾਰਾਂ ਲੋਕ ਇਕੱਤਰ ਹੋਏ। ਵਾਸ਼ਿੰਗਟਨ ਵਿਚ ਕੈਪੀਟੋਲ,



ਲਿੰਕਨ ਮੈਮੋਰੀਅਲ ਤੇ ਵਾਈਟ ਹਾਊਸ ਨੇੜੇ ਲੋਕ ਇਕੱਤਰ ਹੋਏ ਤੇ ਉਨਾਂ ਨੇ ਅਫਰੀਕਨ ਮੂਲ ਦੇ ਅਮਰੀਕੀ ਨਾਗਰਿਕਾਂ ਖਿਲਾਫ਼ ਪੁਲਿਸ ਹਿੰਸਾ ਦਾ ਜੋਰਦਾਰ ਵਿਰੋਧ ਕੀਤਾ। ਸ਼ਹਿਰ ਵਿਚ ਰੈਲੀ ਵੀ ਕੱਢੀ ਗਈ। ਸਨਫਰਾਂਸਿਸਕੋ, ਉਤਰੀ ਕੈਰੋਲੀਨਾ ਤੇ ਫਿਲਾਡੈਲਫੀਆ ਵਿਚ ਪ੍ਰਦਰਸ਼ਨਕਾਰੀਆਂ ਨੇ ਇਨਕਲਾਬ ਜਿੰਦਾਬਾਦ ਤੇ ਇਨਕਲਾਬ ਤੋਂ ਘਟ ਕੁਝ ਨਹੀਂ ਚਾਹੀਦਾ ਵਰਗੇ ਨਾਅਰੇ ਲਾਏ। ਉਤਰੀ ਕੈਰੋਲੀਨਾ ਜਿਥੇ ਜਾਰਜ ਫਲਾਇਡ ਦਾ ਜਨਮ ਹੋਇਆ ਸੀ, ਵਿਖੇ ਵੱਡਾ ਇਕੱਠ ਹੋਇਆ। ਇਕੱਠ ਵਿਚ ਫਲਾਇਡ ਦੇ ਪਰਿਵਾਰਕ ਮੈਂਬਰ, ਮਿੱਤਰ-ਦੋਸਤ ਤੇ ਭਾਈਚਾਰੇ ਦੇ ਲੋਕ ਸ਼ਾਮਿਲ ਹੋਏ। ਉਤਰੀ ਕੈਰੋਲੀਨਾ ਦੇ ਦੋ ਕਾਂਗਰਸ ਮੈਂਬਰ ਜੀ ਕੇ ਬਟਰਫੀਲਡ ਡੈਮੋਕਰੈਟਿਕ ਤੇ ਰਿਚਰਡ ਹੁਡਸਨ ਰਿਪਬਲੀਕਨ ਵੀ ਸ਼ਾਮਿਲ ਸਨ। ਕ੍ਰਿਸਟੋਫਰ ਡੀ ਸਟੇਕਹਾਊਸ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 25 ਮਈ ਦਾ ਦਿਨ ਇਕ ਵੱਖਰੀ ਤਰਾਂ ਦਾ ਦਿਨ ਸੀ ਕਿਉਂਕਿ ਉਸ ਦਿਨ ਜਾਰਜ ਫਲਾਈਡ ਦੀ ਪੁਲਿਸ ਹਿਰਾਸਤ ਵਿਚ ਮੌਤ ਹੋਈ ਸੀ। ਉਨਾਂ ਕਿਹਾ ਕਿ ਅੱਜ ਲੋਕ ਸੜਕਾਂ ਉਪਰ ਨਿਕਲ ਆਏ ਹਨ। ਜਾਰਜ ਦੀ ਮੌਤ ਨੇ ਲੋਕਾਂ ਵਿਚ ਇਕ ਨਵਾਂ ਜੋਸ਼ ਭਰ ਦਿੱਤਾ ਹੈ ਜਿਸ ਸਦਕਾ ਰਾਸ਼ਟਰ ਵਿਚ ਤਬਦੀਲੀ ਤੈਅ ਹੈ।

**ਫਲਾਇਡ ਚੰਗਾ ਬੰਦਾ ਨਹੀਂ ਸੀ-**

ਕੰਜਰਵੇਟਿਵ ਕਾਰਕੁੰਨ ਕੰਡੇਸ ਓਨਜ ਦੀ ਇਕ ਇੰਟਰਵਿਊ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਟਵਿਟਰ 'ਤੇ ਸਾਂਝਾ ਕੀਤਾ ਹੈ। ਕੰਡੇਸ ਓਨਜ ਨੇ ਕਿਹਾ ਹੈ ਕਿ ਜਾਰਜ ਫਲਾਇਡ ਚੰਗਾ ਬੰਦਾ ਨਹੀਂ ਸੀ। ਉਹ 5 ਵਾਰ ਜੇਲ ਜਾ ਚੁੱਕਾ ਹੈ। ਮੈ ਹੈਰਾਨ ਹਾਂ ਕਿ ਉਸ ਨੂੰ ਸ਼ਹੀਦ ਵਾਂਗ ਪੇਸ਼ ਕੀਤਾ ਜਾ ਰਿਹਾ ਹੈ।ਰੇਡੀਓ ਹੋਸਟ ਗਲੈਨ ਬੈਕ ਨੇ ਇਸ ਇੰਟਰਵਿਊ ਨੂੰ ਟਵਿਟਰ ਉਪਰ ਪਾਇਆ ਹੈ ਜਿਸ ਨੂੰ ਅਗੇ ਟਰੰਪ ਨੇ ਬਿਨਾਂ ਕਿਸੇ ਟਿਪਣੀ ਦੇ ਟਵੀਟ ਕੀਤਾ ਹੈ।

# ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਵਿਖੇ ਸੰਗਤਾਂ ਦੀ ਆਮਦ ਸ਼ੁਰੂ

**ਸਿਹਤ ਹਦਾਇਤਾਂ ਦੀ ਪਾਲਣਾ ਕਰਦਿਆਂ ਸੰਗਤਾਂ ਨੇ ਗੁਰਬਾਣੀ ਵਿਚਾਰਾਂ, ਕੀਰਤਨ ਤੇ ਲੰਗਰ ਦਾ ਅਨੰਦ ਮਾਣਿਆ**

**ਮਾਸਕਾਂ ਦੀ ਸੇਵਾ ਜਸਦੀਪ ਸਿੰਘ ਜੱਸੀ ਚੇਅਰਮੈਨ ਸੈਂਟਰ ਫਾਰ ਸੋਸ਼ਲ ਚੇਂਜ ਵੱਲੋਂ ਕੀਤੀ ਗਈ**

**ਮੈਰੀਲੈਂਡ/ਬਾਲਟੀਮੋਰ/ਰਾਜ ਗੋਗਨਾ:** ਮੈਰੀਲੈਂਡ ਗਵਰਨਰ ਵਲੋਂ ਦੂਜੇ ਦੌਰ ਵਿੱਚ ਧਾਰਮਿਕ ਸਥਾਨਾਂ ਨੂੰ ਖੋਲਣ ਦੀ ਇਜ਼ਾਜਤ ਦਿੱਤੀ ਗਈ ਹੈ। ਜਿਸ ਵਿੱਚ 50 ਪ੍ਰਤੀਸ਼ਤ ਹਾਜ਼ਰੀ ਦੀ ਪ੍ਰਵਾਨਗੀ ਸੀ। ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਹਿਮ ਮੀਟਿੰਗ ਕਰਕੇ ਸਾਰੇ ਪਹਿਲੂਆਂ ਨੂੰ ਵਿਚਾਰਿਆ ਗਿਆ। ਉਪਰੰਤ ਸਾਵਧਾਨੀਆਂ ਦੇ ਅਧੀਨ ਐਤਵਾਰ ਨੂੰ ਗੁਰਦੁਆਰਾ ਆਮ ਵਾਂਗ ਖੋਲ ਦਿੱਤਾ ਗਿਆ। ਭਾਵੇਂ ਸੰਗਤਾਂ ਦੀ ਗਿਣਤੀ ਅੱਧੀ ਸੀ ਤੇ ਸਾਰੀ ਸੰਗਤ ਨੇ ਸਿਹਤ ਹਦਾਇਤਾਂ ਦੀਆਂ ਪਾਲਣਾ ਕਰਦਿਆਂ ਗੁਰੂਘਰ ਵਿਖੇ ਸ਼ਮੂਲੀਅਤ ਕੀਤੀ ਤੇ ਕੀਰਤਨ ਦਾ ਅਨੰਦ ਮਾਣਿਆ।ਭਾਈ ਜਸਪਾਲ ਸਿੰਘ ਦੇ ਕੀਰਤਨੀ ਜੱਥੇ ਅਤੇ ਨਾਭੇ ਵਾਲੀਆਂ ਬੀਬੀਆਂ ਦੇ ਜਥੇ , ਨੇ ਬੀਬੀ ਬਲਜੀਤ ਕੌਰ ਖਾਲਸਾ ਦੀ ਅਗਵਾਈ ਵਿੱਚ ਕੀਰਤਨ ਕੀਤਾ। ਕੀਰਤਨ ਘੱਲੂਘਾਰਾ ਦਿਵਸ ਅਤੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ। ਇਸ ਮੌਕੇ ਸੰਗਤਾਂ ਨੂੰ ਵਾਹਿਗੁਰੂ ਦਾ ਜਾਪ ਵੀ ਕਰਵਾਇਆ ਗਿਆ।ਗੁਰੂ ਘਰ ਦੇ ਸਕੱਤਰ ਡਾਕਟਰ ਸੁਰਿੰਦਰ ਸਿੰਘ ਗਿੱਲ ਨੇ ਘੱਲੂਘਾਰਾ ਦਿਵਸ ਦੀ ਅਹਿਮੀਅਤ ਤੇ ਕਵਿਤਾ ਦੇ ਰੂਪ ਵਿੱਚ ਸੰਗਤਾਂ ਦੇ ਰੂਬਰੂ ਹੋਏ। "ਘੱਲੂਘਾਰਾ ਸਾਲ ਚੁਰਾਸੀ, ਭੁੱਲਣ ਵਾਲਾ ਨਹੀਂ ਦਿਹਾੜਾ, ਹਾਲੇ ਵੀ ਸਮਝੋ ਕੌਮ ਦੇ ਵਾਰਿਸੋ ਹੱਥ ਜੋੜ ਮੈਂ ਪਾਵਾਂ ਹਾੜਾ" ਦੀਆ ਲਾਈਨਾਂ ਪੜਣ ਉਪਰੰਤ ਭਵਿੱਖ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਬਾਰੇ ਚਾਨਣਾ ਪਾਇਆ ਗਿਆ। ਮਾਸਕ ਤੇ ਲੰਗਰਾਂ ਦੀ ਸੇਵਾ ਚੇਅਰਮੈਨ ਸਿੱਖਸ ਆਫ ਅਮਰੀਕਾ ਜਸਦੀਪ ਸਿੰਘ ਜੱਸੀ ਵਲੋਂ ਨਿਭਾਈ ਗਈ। ਉਹਨਾਂ ਆਪਣੇ ਸੰਦੇਸ਼ ਰਾਹੀਂ ਕਿਹਾ ਕਿ ਗੁਰੂਘਰ ਕੋਰੋਨਾ ਕਰਕੇ ਤਿੰਨ ਮਹੀਨੇ ਲਈ ਬੰਦ ਰਿਹਾ ਹੈ। ਇਸ ਦੇ ਖਰਚਿਆਂ ਨੂੰ ਨਜਿੱਠਣ ਲਈ ਹਰ ਕੋਈ ਆਪਣਾ ਯੋਗਦਾਨ ਪਾਵੇ। ਜਿੱਥੇ ਗੁਰੂਘਰ ਦੇ ਸਿੰਘਾਂ ਵਲੋਂ 5500 ਸੌ ਡਾਲਰ ਦਿੱਤੇ ਗਏ, ਉੱਥੇ ਸਾਰੇ ਟਰੱਸਟੀਆਂ ਵਲੋਂ ਪੰਜ-ਪੰਜ ਸੌ ਡਾਲਰ ਦੇਣ ਦਾ ਵਾਅਦਾ ਕੀਤਾ ਗਿਆ। ਉਪਰੰਤ ਸੰਗਤਾਂ ਨੂੰ ਵੀ ਤਿਲ-ਫੁੱਲ ਭੇਟਾਂ ਕਰਨ ਦੀ ਬੇਨਤੀ ਕੀਤੀ ਗਈ।

ਸ: ਰਤਨ ਸਿੰਘ ਪ੍ਰਧਾਨ ਨੇ ਪੂਰੇ ਗੁਰੂਘਰ ਨੂੰ ਸੈਨੇਟਾਈਜ਼ਰ ਕੀਤਾ ਅਤੇ ਸੰਗਤਾਂ ਨੂੰ ਮਾਸਕ ਪਾਉਣ ਦੀ ਡਿਊਟੀ ਨਿਭਾਈ। ਬਲਜਿੰਦਰ ਸਿੰਘ ਸ਼ੰਮੀ ਨੇ ਗਵਰਨਰ ਵਲੋਂ ਦਿੱਤੀਆਂ ਹਦਾਇਤਾਂ ਨੂੰ ਈਮੇਲ ਰਾਹੀਂ ਸੰਗਤਾਂ ਤੱਕ ਪਹੁੰਚਾਇਆ, ਤਾਂ ਜੋ ਸੰਗਤਾ ਹਦਾਇਤਾਂ ਦੀ ਪਾਲਣਾ ਗੁਰੂ ਘਰ ਆਉਣ ਵੇਲੇ ਕਰ ਸਕਣ। ਦਲਵੀਰ ਸਿੰਘ, ਰਤਨ ਸਿੰਘ ਤੇ ਡਾ. ਸੁਰਿੰਦਰ ਗਿੱਲ ਨੇ ਪੂਰੇ ਗੁਰੂਘਰ ਵਿੱਚ ਛੇ-ਛੇ ਫੁੱਟ ਦੀ ਦੂਰੀ 'ਤੇ ਚਿੰਨ ਦਰਸਾਏ ਤਾਂ ਜੋ ਇਸ ਨਾਮੁਰਾਦ ਬਿਮਾਰੀ ਸਬੰਧੀ ਜਾਗਰੂਕ ਹੋ ਕੇ ਇਸ ਤੋਂ ਦੂਰੀ ਬਣਾ ਕਿ ਬਚਿਆ ਜਾ ਸਕੇ।

ਬਾਕੀ ਸਫ਼ਾ 30 'ਤੇ







# ਪ੍ਰਦਰਸ਼ਨਾਂ ਨੂੰ ਰੋਕਣ ਲਈ ਰਾਜ ਤਾਕਤ ਦੀ ਵਰਤੋਂ ਕਰਨ: ਟਰੰਪ

## ਮਿਨੀਐਪੋਲਿਸ ਵਿਚ ਹੁਣ ਕੋਈ ਵੀ ਪੁਲਿਸ ਵਾਲਾ ਨਹੀਂ ਰਖ ਸਕੇਗਾ ਧੌਣ 'ਤੇ ਗੋਡਾ ਵਾਈਟ ਹਾਊਸ 'ਤੇ 'ਕਾਲਿਆਂ ਦਾ ਜੀਵਨ ਮਹੱਤਵਪੂਰਨ ਹੈ' ਉਕਰਿਆ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਪ੍ਰਦਰਸ਼ਨਾਂ ਨੂੰ ਰੋਕਣ ਲਈ ਤਾਕਤ ਦੀ ਵਰਤੋਂ ਕਰਨ ਉਪਰ ਜੋਰ ਦਿੱਤਾ ਹੈ। ਵਾਈਟ ਹਾਊਸ ਦੇ ਰੋਜ ਗਾਰਡਨ ਵਿਖੇ ਰਾਸ਼ਟਰਪਤੀ ਨੇ ਗਵਰਨਰਾਂ ਨੂੰ ਕਿਹਾ ਕਿ ਪ੍ਰਦਰਸ਼ਨਾਂ ਨੂੰ ਰੋਕਣ ਲਈ ਨੈਸ਼ਨਲ ਗਾਰਡ ਫੋਰਸਾਂ ਦੀ ਵਰਤੋਂ ਕੀਤੀ ਜਾਵੇ। ਬੇਰੁਜ਼ਗਾਰੀ ਦਰ ਪਿਛਲੇ ਮਹੀਨੇ ਦੀ 14.7% ਤੋਂ ਘਟਕੇ 13.3% ਰਹਿ ਜਾਣ ਤੋਂ ਉਤਸ਼ਾਹਿਤ ਹੋਏ ਰਾਸ਼ਟਰਪਤੀ ਨੇ ਕਿਹਾ ਕਿ ਵਿਸ਼ਵ ਵਿਚ ਸਾਡੀ ਮਹਾਨ ਅਰਥਵਿਵਸਥਾ ਹੈ, ਸਾਡੀਆਂ ਨੌਕਰੀਆਂ ਵਾਪਿਸ ਆ ਰਹੀਆਂ ਹਨ। ਰਾਸ਼ਟਰਪਤੀ ਨੇ ਕਾਲੇ ਲੋਕਾਂ ਦੀ ਸਥਿੱਤੀ ਉਪਰ ਬਹੁਤਾ ਕੁਝ ਨਹੀਂ ਕਿਹਾ। ਇਸ ਦਰਮਿਆਨ ਪੁਲਿਸ ਸੁਧਾਰਾਂ ਦੀ ਮੰਗ ਜੋਰ ਫੜ ਗਈ ਹੈ ਤੇ ਪੁਲਿਸ ਦੀ ਜਗਾ 'ਤੇ ਬਦਲਵੀਂ ਵਿਵਸਥਾ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ।



**ਧੌਣ 'ਤੇ ਗੋਡਾ ਰੱਖਣ ਉਪਰ ਪਾਬੰਦੀ :**
ਮਿਨੀਸੋਟਾ ਰਾਜ ਦੇ ਮਿਨੀਐਪੋਲਿਸ ਸ਼ਹਿਰ ਜਿਥੇ 25 ਮਈ ਨੂੰ ਇਕ ਪੁਲਿਸ ਅਧਿਕਾਰੀ ਨੇ ਜਾਰਜ ਫਲਾਇਡ ਨਾਂ ਦੇ ਕਾਲੇ ਵਿਅਕਤੀ ਦੀ ਸਾਹ ਰਗ ਉਪਰ ਗੋਡਾ ਰਖਕੇ ਹੱਤਿਆ ਕਰ ਦਿੱਤੀ ਸੀ, ਵਿਚ ਹੁਣ ਕੋਈ ਵੀ ਪੁਲਿਸ ਵਾਲਾ ਅਜਿਹਾ ਨਹੀਂ ਕਰ ਸਕੇਗਾ। ਪੁਲਿਸ ਉਪਰ ਕਿਸੇ ਦੀ ਧੌਣ 'ਤੇ ਗੋਡਾ ਰਖਣ ਉਪਰ ਪਾਬੰਦੀ ਲਾ ਦਿੱਤੀ ਹੈ। ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਮਿਨੀਐਪੋਲਿਸ ਦੇ ਪੁਲਿਸ ਵਿਭਾਗ ਵਿਚ ਇਹ ਪਹਿਲੀ ਤਬਦੀਲੀ ਲਿਆਂਦੀ ਗਈ ਹੈ। ਸ਼ਹਿਰ ਦੀ ਕੌਂਸਲ ਦੇ ਪ੍ਰਧਾਨ ਲੀਸਾ ਬੈਂਡਰ ਨੇ ਕਿਹਾ ਹੈ ਕਿ ਏਜੰਸੀ ਨੂੰ ਖਤਮ ਕਰਕੇ ਸ਼ਹਿਰ ਵਿਚ ਜਨਤਿਕ ਸੁਰੱਖਿਆ ਦੀ ਨਵੀਂ ਵਿਵਸਥਾ ਲਾਗੂ ਕੀਤੀ ਜਾਵੇਗੀ। ਹਾਵਰਡ ਯੁਨੀਵਰਸਿਟੀ ਦੇ ਵਿਦਿਆਰਥੀਆਂ ਨੇ ਕਿਹਾ ਹੈ ਕਿ ਕਾਲਜਾਂ ਨੂੰ ਪੁਲਿਸ ਤੋਂ ਮੁਕਤ ਕਰ ਦਿੱਤਾ ਜਾਵੇ ਤੇ ਕੈਂਪਸ ਦੀ ਸੁਰੱਖਿਆ ਲਈ ਨਵੇਂ ਢੰਗ ਤਰੀਕਿਆਂ ਬਾਰੇ ਵਿਚਾਰ ਕੀਤੀ ਜਾਵੇ।

**ਪੁਲਿਸ ਅਧਿਕਾਰੀਆਂ ਵਲੋਂ ਜ਼ਮਾਨਤ ਲਈ ਬੇਨਤੀ:**
ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਮੁੱਖ ਦੋਸ਼ੀ ਡੈਰਿਕ ਚੂਵਿਨ ਦੇ ਨਾਲ ਗ੍ਰਿਫ਼ਤਾਰ ਕੀਤੇ ਗਏ ਤਿੰਨ ਹੋਰ ਪੁਲਿਸ ਅਧਿਕਾਰੀਆਂ ਨੇ ਜ਼ਮਾਨਤ ਲਈ ਬੇਨਤੀ ਕੀਤੀ ਹੈ। ਜਿਸ 'ਤੇ ਅਦਾਲਤ ਨੇ ਹਰੇਕ ਪੁਲਿਸ ਅਧਿਕਾਰੀ ਨੂੰ 7,50,000 ਡਾਲਰ ਜਮਾਂ ਕਰਵਾਉਣ ਲਈ ਕਿਹਾ ਹੈ। ਇਨਾਂ ਤਿੰਨਾਂ ਪੁਲਿਸ ਅਧਿਕਾਰੀਆਂ ਉਪਰ ਹੱਤਿਆ ਵੇਲੇ ਮੁੱਖ ਦੋਸ਼ੀ ਚੂਵਿਨ ਦੀ ਮੱਦਦ ਕਰਨ ਦਾ ਦੋਸ਼ ਲਾਇਆ ਗਿਆ ਹੈ।

**ਮਿਨੀਸੋਟਾ, ਕੈਲੀਫੋਰਨੀਆ ਤੇ ਹੋਰ ਥਾਵਾਂ 'ਤੇ ਪ੍ਰਦਰਸ਼ਨ ਜਾਰੀ:**
ਜਾਰਜ ਫਲਾਇਡ ਦੇ ਮਾਮਲੇ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਮਿਨੀਸੋਟਾ, ਕੈਲੀਫੋਰਨੀਆ ਤੇ ਹੋਰ ਥਾਵਾਂ 'ਤੇ ਪ੍ਰਦਰਸ਼ਨਾਂ ਦਾ ਸਿਲਸਲਾ ਜਾਰੀ ਰਿਹਾ। ਪ੍ਰਦਰਸ਼ਨ ਸ਼ਾਂਤਮਈ ਰਹੇ। ਪ੍ਰਦਰਸ਼ਨਕਾਰੀਆਂ ਨੇ ਵਾਇਟ ਹਾਊਸ ਦੇ ਬਾਹਰ ਵਾਰ ਮੋਟੇ ਅੱਖਰਾਂ ਵਿਚ ' ਬਲੈਕ ਲਿਵਜ਼ ਮੈਟਰ' ਉਕਰ ਦਿੱਤਾ ਹੈ ਜਦ ਕਿ ਡੀ ਸੀ ਦੇ ਮੇਅਰ ਮੁਰੀਲ ਬੋਜਰ ਨੇ ਆਪਣੇ ਬਲਾਕ ਦਾ ਨਾਂ 'ਬਲੈਕ ਲਿਵਜ਼ ਮੈਟਰ ਪਲਾਜ਼ਾ' ਰਖ ਦਿੱਤਾ ਹੈ। ਸੰਘੀ ਅਧਿਕਾਰੀਆਂ ਨਾਲ ਤਨਾਅ ਦਰਮਿਆਨ ਮੇਅਰ ਵੱਲੋਂ ਇਹ ਨਵਾਂ ਕਦਮ ਚੁੱਕਿਆ ਗਿਆ ਹੈ।

**ਐਨ.ਐਫ.ਐਲ ਵੱਲੋਂ ਪ੍ਰਦਰਸ਼ਨਾਂ ਦਾ ਸਮਰਥਨ:**
ਨੈਸ਼ਨਲ ਫੁੱਟਬਾਲ ਲੀਗ ਨੇ ਕਾਲੇ ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟਾਈ ਹੈ। ਕਮਿਸ਼ਨਰ ਰੋਜਰ ਗੋਡੈਲ ਨੇ ਬਿਆਨ ਵਿਚ ਕਿਹਾ ਹੈ ਕਿ "ਅਸੀਂ, ਨੈਸ਼ਨਲ ਫੁੱਟਬਾਲ ਲੀਗ ਨਸਲਵਾਦ ਤੇ ਕਾਲਿਆਂ ਨੂੰ ਦਬਾਉਣ ਦੀ ਨਿੰਦਾ ਕਰਦੇ ਹਾਂ। ਨੈਸ਼ਨਲ ਫੁੱਟਬਾਲ ਲੀਗ ਇਹ ਸਵਿਕਾਰ ਕਰਦੀ ਹੈ ਕਿ ਐਨ.ਐਫ.ਐਲ ਖਿਡਾਰੀਆਂ ਦੀ ਗੱਲ ਪਹਿਲਾਂ ਨਾ ਸੁਣਕੇ ਅਸੀਂ ਗਲਤੀ ਕੀਤੀ ਹੈ ਤੇ ਹੁਣ ਅਸੀਂ ਸਭ ਨੂੰ ਬੇਨਤੀ ਕਰਦੇ ਹਾਂ ਕਿ ਉਹ ਪੁਲਿਸ ਅਤਿਆਚਾਰ ਵਿਰੁੱਧ ਬੋਲਣ ਤੇ ਸ਼ਾਂਤਮਈ ਪ੍ਰਦਰਸ਼ਨ ਕਰਨ।'

# ਵਾਸ਼ਿੰਗਟਨ ਵਿਚੋਂ ਨੈਸ਼ਨਲ ਗਾਰਡ ਹਟਾਉਣ ਦਾ ਆਦੇਸ਼

## ਮਿਨੀਐਪੋਲਿਸ ਵਿਚ ਪੁਲਿਸ ਵਿਭਾਗ ਹੋਵੇਗਾ ਭੰਗ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਮਿਨੀਐਪੋਲਿਸ ਸ਼ਹਿਰ ਵਿਚ ਜਾਰਜ ਫਲਾਈਡ ਨਾਮੀ ਕਾਲੇ ਵਿਅਕਤੀ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਤੋਂ ਬਾਅਦ ਵਾਸ਼ਿੰਗਟਨ ਵਿਚ ਤਾਇਨਾਤ ਕੀਤੇ ਨੈਸ਼ਨਲ ਗਾਰਡ ਹਟਾ ਲਏ ਗਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਜਾਣਕਾਰੀ ਟਵੀਟ ਕਰਕੇ ਦਿੱਤੀ ਹੈ। ਉਨਾਂ ਕਿਹਾ ਹੈ ਕਿ 'ਮੈ ਹੁਣੇ ਹੀ ਵਾਸ਼ਿੰਗਟਨ ਡੀ. ਸੀ ਵਿਚੋਂ ਨੈਸ਼ਨਲ ਗਾਰਡ ਹਟਾਉਣ ਦੀ ਪ੍ਰਕ੍ਰਿਆ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਹੈ ਕਿਉਂਕਿ ਹੁਣ ਹਰ ਚੀਜ਼ ਨਿਯੰਤਰਣ ਹੇਠ ਹੈ। ਉਹ ਹੁਣ ਵਾਪਿਸ ਜਾ ਰਹੇ ਹਨ ਪਰ ਜੇਕਰ ਲੋੜ ਪਈ ਤਾਂ ਉਨਾਂ ਨੂੰ ਦੁਬਾਰਾ ਫਿਰ ਫੌਰੀ ਸੱਦ ਲਿਆ ਜਾਵੇਗਾ।' ਲੰਘੇ ਦਿਨ ਵਾਸ਼ਿੰਗਟਨ ਵਿਚ ਕੁੱਝ ਲੋਕ ਇਕੱਠੇ ਹੋਏ ਪਰ ਉਨਾਂ ਨੇ ਸ਼ਾਂਤਮਈ ਪ੍ਰਦਰਸ਼ਨ ਕੀਤਾ। ਨਿਊਯਾਰਕ ਸਮੇਤ ਕਈ ਸ਼ਹਿਰਾਂ ਵਿਚ ਹਾਲਾਤ ਸ਼ਾਂਤ ਹੋ ਗਏ ਹਨ ਤੇ ਕਰਫ਼ਿਊ ਹਟਾ ਲਿਆ ਗਿਆ ਹੈ। ਨਿਊਯਾਰਕ ਦੇ ਮੇਅਰ ਬਿੱਲ ਡੀ ਬਲਾਸੀਓ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਕਰਫ਼ਿਊ ਨੂੰ ਤੁਰੰਤ ਹਟਾ ਲਿਆ ਗਿਆ ਹੈ ਕਿਉਂਕਿ ਸਭ ਕੁਝ ਆਮ ਵਾਂਗ ਹੋ ਰਿਹਾ ਹੈ।

**ਮਿਨੀਐਪੋਲਿਸ ਦਾ ਪੁਲਿਸ ਵਿਭਾਗ ਹੋਵੇਗਾ ਭੰਗ-** ਮਿਨੀਐਪੋਲਿਸ ਸਿਟੀ ਕੌਂਸਲ ਨੇ ਲੰਘੇ ਦਿਨ ਸ਼ਹਿਰ ਦੇ ਪੁਲਿਸ ਵਿਭਾਗ ਵਿਚ ਇਨਕਲਾਬੀ ਤਬਦੀਲੀਆਂ ਕਰਨ ਦਾ ਫੈਸਲਾ ਕੀਤਾ। ਕੌਂਸਲ ਦੀ ਬਹੁਗਿਣਤੀ ਨੇ ਜਨਤਕ ਤੌਰ 'ਤੇ ਪੁਲਿਸ ਵਿਭਾਗ ਭੰਗ ਕਰਨ ਦਾ ਸਮਰਥਨ ਕੀਤਾ ਹੈ। ਹਾਲਾਂਕਿ ਮੇਅਰ ਜੈਕਬ ਫਰੇ ਪੁਲਿਸ ਵਿਚ ਸੁਧਾਰ ਲਿਆਉਣਾ ਚਹੁੰਦੇ ਹਨ ਪਰੰਤੂ ਕੌਂਸਲ ਦੇ 12 ਵਿਚੋਂ 9 ਮੈਂਬਰਾਂ ਨੇ ਪੁਲਿਸ ਵਿਭਾਗ ਨੂੰ ਭੰਗ ਕਰਨ ਦੀ ਹਮਾਇਤ ਕੀਤੀ। ਕੌਂਸਲ ਦੀ ਪ੍ਰਧਾਨ ਲੀਸਾ ਬੈਂਡਰ ਨੇ ਕਿਹਾ ਕਿ ਇਹ ਸਪੱਸ਼ਟ ਹੋ ਗਿਆ ਹੈ ਕਿ ਸਾਡੀ ਪੁਲਿਸ ਸਾਡੇ ਸਮਾਜ ਨੂੰ ਸੁਰੱਖਿਅਤ ਰਖਣ ਵਿਚ ਨਾਕਾਮ ਰਹੀ ਹੈ। ਪੁਲਿਸ ਵਿਭਾਗ ਵਿਚ ਵੱਡੀ ਪੱਧਰ ਉਪਰ ਸੁਧਾਰ ਲਿਆਉਣ ਦੀਆਂ ਕੋਸ਼ਿਸ਼ਾਂ ਫੇਲ ਹੋ ਚੁੱਕੀਆਂ ਹਨ। ਇਥੇ ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿਟੀ ਕੌਂਸਲ ਨੇ ਪੁਲਿਸ ਵੱਲੋਂ ਕਿਸੇ ਵੀ ਵਿਅਕਤੀ ਦੀ ਧੌਣ ਉਪਰ ਗੋਡਾ ਰਖਣ 'ਤੇ ਪਾਬੰਦੀ ਲਾ ਦਿੱਤੀ ਸੀ। ਆਉਣ ਵਾਲੇ ਦਿਨਾਂ ਵਿਚ ਪੁਲਿਸ ਵਿਭਾਗ ਦੀ ਸ਼ਕਲ ਕਿਹੋ ਜਿਹੀ ਹੋਵੇਗੀ, ਇਹ ਸਪੱਸ਼ਟ ਹੋ ਜਾਵੇਗਾ ਪਰ ਇਕ ਗੱਲ ਅਜੇ ਸਾਫ ਨਹੀਂ ਹੈ ਕਿ ਪੁਲਿਸ ਵਿਭਾਗ ਦੀ ਥਾਂ 'ਤੇ ਕਿਹੜੀ ਵਿਵਸਥਾ ਬਣਾਈ ਜਾਵੇਗੀ।



**ਗੋਰੇ ਪੁਲਿਸ ਅਧਿਕਾਰੀ ਨੂੰ ਕਾਲਿਆਂ ਨੇ ਬਚਾਇਆ-** ਲੁਈਸਵਿਲੇ ਵਿਚ ਕਲਾਰਕ ਬ੍ਰਿਜ ਕੋਲ ਗੈਲਨ ਹਿੰਸ਼ਾ ਨਾਮੀ ਪੁਲਿਸ ਅਧਿਕਾਰੀ ਦੀ ਕਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਘੇਰ ਲਿਆ ਤੇ ਉਹ ਉਸ ਦੀ ਕਾਰ ਉਪਰ ਚੜ ਗਏ। ਪੁਲਿਸ ਅਧਿਕਾਰੀ ਨੇ ਆਪਣੇ ਸਾਥੀਆਂ ਨੂੰ ਰੇਡੀਓ ਕਾਲ ਕਰਕੇ ਮੱਦਦ ਦੀ ਬੇਨਤੀ ਕੀਤੀ। ਉਹ ਖੁਦ ਕਾਰ ਵਿਚੋਂ ਨਿਕਲਕੇ ਬਾਹਰ ਆ ਗਿਆ। ਏਨੇ ਨੂੰ ਉਥੇ ਮੌਜੂਦ ਹੋਰ ਪ੍ਰਦਰਸ਼ਨਕਾਰੀਆਂ ਨੇ ਉਸ ਦੁਆਲੇ ਘੇਰਾ ਪਾ ਲਿਆ। ਬਾਅਦ ਵਿਚ ਹਿੰਸ਼ਾ ਨੇ ਮੰਨਿਆ ਕਿ ਕੁੱਝ ਲੋਕਾਂ ਦੀ ਮੱਦਦ ਨਾਲ ਉਨਾਂ ਦੀ ਜਾਨ ਬਚ ਗਈ ਹੈ।

# ਸਿਆਟਲ ਵਿਚ ਜੂਨ 84 ਘੱਲੂਘਾਰਾ ਦਿਵਸ ਮਨਾਇਆ ਸਰਬੱਤ ਦੇ ਭਲੇ ਲਈ ਅਰਦਾਸ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੇ ਵੱਖ ਵੱਖ ਗੁਰੂਘਰਾਂ ਵਿਚ ਥੋੜੀ ਥੋੜੀ ਸੰਗਤ ਦੀ ਹਾਜ਼ਰੀ ਵਿਚ ਤਾਲਾਬੰਦੀ ਦੇ ਚਲਦਿਆਂ ਜੂਨ 84 ਘੱਲੂਘਾਰਾ ਦੀ 36ਵੀਂ ਵਰੇਗੰਢ ਮਨਾਈ ਗਈ। ਗੁਰਦੁਆਰਾ ਸੱਚਾ ਮਾਰਗ ਵਿਚ ਹੈਡਗ੍ਰੰਥੀ ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਭਾਈ ਮੋਹਣ ਸਿੰਘ ਨੇ ਦੱਸਿਆ ਕਿ 36 ਸਾਲ ਬੀਤ ਜਾਣ ਤੇ ਵੀ ਨਿਹੱਥੇ ਅਤੇ ਬੇਗੁਨਾਹ ਸ਼ਰਧਾਲੂ ਮਾਰੇ ਜਾਣ ਅਤੇ ਅਕਾਲ ਤਖਤ ਢਾਹੇ ਜਾਣ ਤੇ ਸਿੱਖਾਂ ਨੂੰ ਨਿਆਂ ਨਹੀਂ ਮਿਲਿਆ। ਜੂਨ 84 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਿਆਟਲ ਦੇ ਕਵੀਸ਼ਰੀ ਜਥੇ ਕਾਕਾ ਹਰਜੋਤ ਸਿੰਘ ਤੇ ਕਾਕਾ ਭਗੀਰਥ ਸਿੰਘ ਨੇ ਫੇਸਬੁੱਕ ਤੇ ਜੂਨ 84 ਦੇ ਘੱਲੂਘਾਰੇ ਤੇ ਰੋਸਮਈ ਵਾਰਾਂ ਸੁਣਾ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਉਜਾਗਰ ਕੀਤਾ ਅਤੇ ਘੱਲੂਘਾਰੇ ਦਾ ਦੁਖਾਂਤ ਪ੍ਰਗਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

# ਜੋਅ ਬਿਡੇਨ ਸਮੇਤ ਹੋਰ ਬੁਲਾਰਿਆਂ ਨੇ 'ਨਸਲੀ ਨਿਆਂ' ਦੀ ਕੀਤੀ ਮੰਗ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਹੋਸਟਨ ਵਿਚ 500 ਦੇ ਕਰੀਬ ਦੋਸਤਾਂ, ਮਿੱਤਰਾਂ, ਰਾਜਸੀ ਆਗੂਆਂ ਤੇ ਹੋਰ ਲੋਕਾਂ ਦੇ ਇਕੱਠ ਵਿਚ ਪੁਲਿਸ ਹਿਰਾਸਤ ਵਿਚ ਮਾਰੇ ਗਏ ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਨੂੰ ਸਪੁਰਦੇ ਖਾਕ ਕਰ ਦਿੱਤਾ ਗਿਆ। ਫਲਾਈਡ ਦੀ ਅਰਥੀ ਨੂੰ ਚਰਚ ਤੱਕ ਪਹੁੰਚਾਉਣ ਲਈ ਕਾਫੀ ਸਮਾਂ ਲੱਗਾ ਕਿਉਂਕਿ ਸੜਕ ਦੇ ਦੋਨੋਂ ਪਾਸੇ ਭਾਰੀ ਗਿਣਤੀ ਵਿਚ ਲੋਕ ਖੜੇ ਸਨ। ਕਈ ਆਖਰੀ ਸਲਾਮ ਕਰ ਰਹੇ ਸਨ ਤੇ ਕੁਝ ਨੇ ਬੈਨਰ ਚੁੱਕੇ ਹੋਏ ਸਨ। ਬਹੁਤ ਸਾਰੇ ਲੋਕ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਣ ਲਈ ਚਰਚ ਵਿਚ ਨਿਰਧਾਰਤ ਸਮੇਂ ਤੋਂ ਬਹੁਤ ਸਮਾਂ ਪਹਿਲਾਂ ਪਹੁੰਚ ਚੁੱਕੇ ਸਨ। ਕੋਰੋਨਾਵਾਇਰਸ ਤੋਂ ਬਚਾਅ ਲਈ ਲੋਕਾਂ ਨੇ ਮਾਸਕ ਪਾਏ ਹੋਏ ਸਨ। ਲੋਕਾਂ ਨੇ 'ਕਾਲਿਆਂ ਦੀ ਜਿੰਦਗੀ ਦੇ ਵੀ ਅਰਥ ਹਨ' ਤੇ 'ਮੇਰੀ ਧੌਣ ਤੋਂ ਗੋਡਾ ਹਟਾਓ' ਵਰਗੇ ਨਾਅਰੇ ਲਾਏ ਤੇ ਫਲਾਈਡ- ਫਲਾਈਡ ਕਈ ਵਾਰ ਪੁਕਾਰਿਆ। ਅਰਥੀ ਦੇ ਅੱਗੇ ਪੁਲਿਸ ਦੀ ਟੁੱਕੜੀ ਜਾ ਰਹੀ ਸੀ। ਹੋਸਟਨ ਪੁਲਿਸ ਮੁੱਖੀ ਆਰਟ ਅਸੀਵੀਡੋ ਤੇ ਹੋਰ ਪੁਲਿਸ ਅਧਿਕਾਰੀ ਪੈਦਲ ਚਲ ਰਹੇ ਸਨ। ਫਲਾਈਡ ਦੀ ਅਰਥੀ ਤੇ ਅੰਤਿਮ ਰਸਮਾਂ ਵਿਚ ਸ਼ਾਮਿਲ ਲੋਕਾਂ ਦੇ ਹੋਸਟਨ ਮੈਮੋਰੀਅਲ ਗਾਰਡਨਜ਼ ਵਿਚ ਪੁੱਜਣ ਉਪਰੰਤ ਗੇਟ ਬੰਦ ਕਰ ਦਿੱਤੇ ਗਏ। ਇਸ ਮੌਕੇ ਫਲਾਈਡ ਦੀ 'ਮੌਤ ਅੰਜਾਈ ਨਹੀਂ ਜਾਵੇਗੀ' ਸੰਦੇਸ਼ ਪ੍ਰਸਾਰਿਤ ਕੀਤਾ ਗਿਆ। ਬੁਲਾਰਿਆਂ ਵਿਚ ਜਾਰਜ ਫਲਾਈਡ ਦਾ ਭਰਾ ਰੋਡਨੀ ਫਲਾਈਡ ਵੀ ਸ਼ਾਮਿਲ ਸਨ। ਉਸ ਨੇ ਕਿਹਾ ਕਿ 'ਮੈਂ ਆਪਣੇ ਭਰਾ ਲਈ ਨਿਆਂ ਦੀ ਮੰਗ ਕਰਦਾ ਹਾਂ, ਅੱਜ ਵਿਸ਼ਵ ਭਰ ਵਿਚ ਉਸ ਨੂੰ ਯਾਦ ਕੀਤਾ ਜਾ ਰਿਹਾ ਹੈ, ਉਸ ਦੀ ਮੌਤ ਨੇ ਵਿਸ਼ਵ ਵਿਚ ਬਦਲਾਅ ਦਾ ਰਾਹ ਖੋਲ ਦਿੱਤਾ ਹੈ।' ਇਕੱਠ ਵਿਚ ਇਸ ਸਾਲ ਦੇ ਅਖੀਰ ਵਿਚ ਹੋ ਰਹੀ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੈਟਿਕ ਉਮੀਦਾਵਰ ਜੋਅ ਬਿਡੇਨ, ਹੋਸਟਨ ਦੇ ਮੇਅਰ ਸਿਲਵੈਸਟਰ ਟਰਨਰ, ਰਿਪਬਲਿਕ ਆਗੂ ਸ਼ੀਲਾ ਜੈਕਸਨ ਲੀ ਤੇ ਐਲ ਗਰੀਨ ਵੀ ਹਾਜਰ ਸਨ। ਸਾਬਕਾ ਰਾਸ਼ਟਰਪਤੀ ਬਿਡੇਨ ਨੇ ਪਰਿਵਾਰ ਨੂੰ ਵੱਖਰੇ ਤੌਰ 'ਤੇ ਮਿਲਕੇ ਵੀ ਜਾਰਜ ਫਲਾਈਡ ਦੀ ਮੌਤ ਉਪਰ ਅਫਸੋਸ ਪ੍ਰਗਟਾਇਆ। ਜੋਅ ਬਿਡੇਨ ਨੇ ਕਿਹਾ ਕਿ ' ਹੁਣ ਨਸਲੀ ਨਿਆਂ ਦਾ ਸਮਾ ਹੈ। ਸਾਨੂੰ ਆਪਣੇ ਬੱਚਿਆਂ ਨੂੰ ਹਰ ਹਾਲਤ ਵਿਚ ਜਵਾਬ ਦੇਣਾ ਪਵੇਗਾ। ਜਦੋਂ ਫਲਾਈਡ ਨੂੰ ਨਿਆਂ ਮਿਲ ਜਾਵੇਗਾ ਤਾਂ ਅਸੀਂ ਸਹੀ ਅਰਥਾਂ ਵਿਚ ਨਸਲੀ ਨਿਆਂ ਦੇ ਰਾਹ ਪੈ ਜਾਵਾਂਗੇ। 6 ਸਾਲਾ ਬੱਚੀ ਗਿਨਾ ਤੇਰਾ ਪਿਤਾ ਦੁਨੀਆ ਬਦਲ ਕੇ ਰਖ ਦੇਵੇਗਾ।" ਸ਼ੀਲਾ ਜੈਕਸਨ ਲੀ ਨੇ ਕਿਹਾ ਕਿ ਮੈਨੂੰ ਨਹੀਂ ਪਤਾ ਕਿ 'ਮੈ ਸਾਹ ਨਹੀਂ ਲੈ ਸਕਦਾ' ਸ਼ਬਦ ਮੇਰੇ ਜ਼ਿਹਨ ਵਿਚੋਂ ਕਦੋਂ ਨਿਕਲਣਗੇ ਪਰ ਹੁਣ ਮੇਰੀ ਜਿੰਦਗੀ ਦਾ ਮੰਤਵ ਬਣ ਗਿਆ ਹੈ ਕਿ ਭਵਿੱਖ ਵਿਚ 8.46 ਮਿੰਟ ਤੱਕ ਪੁਲਿਸ ਦੀ ਦਰਿੰਦਗੀ ਵੇਖਣ ਨੂੰ ਨਾ ਮਿਲੇ। ਅੰਤ ਵਿਚ ਪਰਿਵਾਰ ਵੱਲੋਂ ਅੰਤਿਮ ਰਸਮਾਂ ਵਿਚ ਸ਼ਾਮਿਲ ਲੋਕਾਂ ਦਾ ਧੰਨਵਾਦ ਕੀਤਾ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Pritam Rupal** Manager: **Pardeep Singh** Online Editor: **Sukhwinder Singh** Asst. Editor: **Balwinderpal Singh** Online Interview Host: **Balraj Pannu**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਘੱਲੂਘਾਰਾ ਦੀ 36ਵੀਂ ਵਰੇ ਗੰਢ ਮੌਕੇ 'ਤੇ ਦੁਨੀਆਂ ਨੂੰ ਸੁਨੇਹਾ

**ਇੰਗਲੈਂਡ/ਏ.ਟੀ.ਨਿਊਜ਼ :** ਕਰੋਨਾ ਮਹਾਂਮਾਰੀ ਦੀ ਆੜ ਵਿੱਚ ਬਾਦਲਕਿਆਂ ਦੀ ਸਰਪ੍ਰਸਤੀ ਵਾਲੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਨੂੰ ਧੱਕੇ ਨਾਲ ਰੋਕਿਆ ਅਤੇ ਹੈਰਤ ਹੈ ਕਿ ਆਪਸੀ ਸ਼ਰੀਕੇ ਵਾਲੀ ਬਿਆਨਬਾਜ਼ੀ ਕਰਨ ਵਾਲੀਆਂ ਪਾਰਟੀਆਂ ਇਹੋ ਜਿਹੇ ਮਸਲਿਆਂ 'ਤੇ ਭਾਈਵਾਲੀ ਕਰਦੇ ਨਜ਼ਰ ਆਉਂਦੇ ਹਨ ਜਿਸਦੇ ਚਲਦੇ ਪੁਲੀਸ ਨੇ ਵੀ ਧੱਕੇਸ਼ਾਹੀ ਨਾਲ ਸ਼੍ਰੋਮਣੀ ਕਮੇਟੀ ਦੇ ਉਕਤ ਏਜੰਡੇ ਦੀ ਪੂਰਤੀ ਕੀਤੀ। ਗਿ: ਹਰਪ੍ਰੀਤ ਸਿੰਘ ਜੀ ਦਾ ਰੋਕਾਂ ਪ੍ਰਤੀ ਰੋਸ ਪ੍ਰਗਟ ਕਰਨਾ ਜਾਂ ਕਮੇਟੀ ਪ੍ਰਧਾਨ ਵੱਲੋਂ ਕਹਿਣਾ ਕਿ ਲੌਕ ਡਾਊਨ ਕਾਰਨ ਸੰਗਤ ਨਹੀਂ ਆ ਸਕੀ ਵਰਗੇ ਤੱਥਹੀਣ ਬਿਆਨ ਦੇਣ ਦਾ ਕੀ ਅਰਥ ਰਹਿ ਜਾਂਦਾ ਹੈ ? ਪਿਛੇ ਜਿਹੇ ਨਵੰਬਰ 2016 ਵਿੱਚ ਮਿਯਾਦ ਪੁਗਾ ਚੁੱਕੀ ਕਮੇਟੀ ਦੇ ਪ੍ਰਧਾਨ ਦਾ ਸ੍ਰ: ਸਿਮਰਨਜੀਤ ਸਿੰਘ ਮਾਨ ਸਾਹਿਬ ਨੂੰ ਮਿਲਣ ਦਾ ਕੀ ਅਰਥ ਰਹਿ ਜਾਂਦਾ ਹੈ ਜਦੋਂ ਸ੍ਰ: ਇਮਾਨ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਗਏ ਪਾਰਟੀ ਅਹੁਦੇਦਾਰਾਂ ਨੂੰ ਕੌਮੀ ਘੱਲੂਘਾਰੇ ਦੀ 36ਵੀਂ ਵਰੇਗੰਢ ਮੌਕੇ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਸ਼ਰਧਾ ਦੇ ਫੁੱਲ ਵੀ ਭੇਂਟ ਨਹੀ ਕਰਨ ਦੇਣੇ! ਪ੍ਰਧਾਨ ਸੂਬਾ ਸਿੰਘ, ਸਕੱਤਰ ਜਨਰਲ ਸਰਬਜੀਤ ਸਿੰਘ, ਯੂਥ ਵਿੰਗ ਪ੍ਰਧਾਨ ਸਤਿੰਦਰ ਸਿੰਘ ਮੰਗੂਵਾਲ, ਸੀ: ਮੀ: ਪ੍ਰਧਾਨ ਅਵਤਾਰ ਸਿੰਘ ਖੰਡਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਬਿਆਨ ਵਿੱਚ ਕਿਹਾ ਕਿ ਸਿਰਫ ਸਿਆਸੀ ਸੱਤਾ ਹਥਿਆਉਣ ਲਈ ਸੱਤਾਹੀਣ ਹੋ ਕੇ ਹੀ ਰਵਾਇਤੀ ਕਾਲੀਆਂ ਨੂੰ ਜੂਨ ਅਤੇ ਨਵੰਬਰ 1984 'ਤੇ ਸਿੱਖ ਮੁੱਦੇ ਯਾਦ ਆਉਂਦੇ ਹਨ ਅਤੇ ਧਰਮ ਖਤਰੇ ਵਿੱਚ ਨਜ਼ਰ ਆਉਂਦਾ ਹੈ। ਸਿਆਸੀ ਸ਼ਰੀਕੇਬਾਜੀ ਖਾਤਰ ਸ਼੍ਰੋਮਣੀ ਕਮੇਟੀ ਨੇ ਕਾਂਗਰਸ ਸਰਕਾਰ ਉੱਪਰ ਬਿਜਲੀ ਦਰਾਂ ਵਧਾਉਣ ਦਾ ਦੋਸ਼ ਲਾਇਆ ਹੈ ਪਰ ਕੀ ਇਹ ਸਿਰਫ ਦਰਬਾਰ ਸਾਹਿਬ ਲਈ 'ਤੇ ਸਿੱਖਾਂ ਲਈ ਹੀ ਵਧੇ ਹਨ ਜਾਂ ਸਮੁੱਚੇ ਪੰਜਾਬ ਵਾਸੀਆਂ ਲਈ ? ਜੇ ਸਿਰਫ ਸਿੱਖਾਂ ਲਈ ਵੱਧੇ ਹਨ ਤਾਂ ਸ਼੍ਰੋਮਣੀ ਕਮੇਟੀ ਕਮੇਟੀ ਆਪਣੇ ਸਹਿਯੋਗੀਆ ਨੂੰ ਮੋਰਚਾ ਲਾਵੇ ਜੇ ਸਮੁੱਚੇ ਪੰਜਾਬ ਲਈ ਵਧੇ ਹਨ ਤਾਂ ਕਾਲੀ ਦਲ ਹੋਰ ਪਾਰਟੀਆਂ ਨਾਲ ਮਿਲਕੇ ਸੰਘਰਸ਼ ਕਰੇ। ਪਰ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤ ਪਾਰਟੀ ਆਪਣੀ ਭਾਈਵਾਲੀ ਵਾਲੀ ਪਾਰਟੀ ਤੋਂ ਜੀ. ਐਸ. ਟੀ. ਤਾਂ ਮਾਫ ਕਰਵਾਵੇ। ਸਿੱਖ ਕੌਮ ਗੁਰੂ ਕਾਲ ਤੋਂ ਲੰਗਰ ਪ੍ਰਥਾ ਚਲਾ ਰਹੀ ਹੈ ਪਰ ਹੁਣ ਕੇਂਦਰ ਸਰਕਾਰ ਦਾਅਵਾ ਕਰ ਸਕਦੀ ਹੈ ਕਿ ਸੇਵਾ ਭੋਜ ਯੋਜਨਾ ਤਹਿਤ ਇਸ ਵਿੱਚ ਸਰਕਾਰ ਦਾ ਵੀ ਹਿੱਸਾ ਹੈ, ਕਦੇ ਸਰਕਾਰੀ ਖਿਲਤਾਂ ਠੁਕਰਾਉਣ ਵਾਲੀ ਕੌਮ ਮਿਹਣੇ ਨੂੰ ਕਿਵੇਂ ਬਰਦਾਸ਼ਤ ਕਰੇਗੀ ਕੀ ਕਦੇ ਸ਼੍ਰੋਮਣੀ ਕਮੇਟੀ ਅਤੇ ਉਸਦੇ ਭਾਈਵਾਲਾਂ ਨੇ ਕਦੇ ਸੋਚਿਆ ਹੈ ? ਜੇ ਕੇਂਦਰ ਨੇ ਮੁਕੰਮਲ ਰੂਪ ਵਿੱਚ ਜੀ. ਐਸ. ਟੀ. ਨਹੀਂ ਮੁਆਫ ਕਰਨੀ ਤਾਂ ਵੀ ਪਹਿਲਾਂ ਲੈ ਕੇ ਫਿਰ ਕੁੱਝ ਪ੍ਰਤੀਸ਼ਤ ਸੇਵਾ ਭੋਜ ਯੋਜਨਾ ਤਹਿਤ ਵਾਪਸ ਕਰਨ ਨਾਲੋਂ ਪਹਿਲਾਂ ਹੀ ਉਨੇਂ ਪ੍ਰਤੀਸ਼ਤ ਵਸੂਲੀ ਜਾਵੇ ਤਾਂ ਜੋ ਵਾਪਸ ਕਰਨ ਦੀ ਜਰੂਰਤ ਨਾ ਪਵੇ। ਇਸ ਨਾਲ ਲਿਖਤ ਪੜਤ ਦੀ ਅਤੇ ਪੈਸੇ ਦੇ ਅਦਾਨ ਪ੍ਰਦਾਨ ਦੀ ਕਾਫੀ ਬਚਤ ਹੋਵੇਗੀ ਅਤੇ ਕੋਮ ਨੂੰ ਕਦੇ ਵੀ ਮਿਲ ਸਕਣ ਵਾਲੇ ਸੰਭਾਵਿਤ ਮਿਹਣੇ ਤੋਂ ਬਚਿਆ ਜਾ ਸਕਦਾ ਹੈ, ਕੀ ਕਮੇਟੀ ਜੁਰਅਤ ਕਰੇਗੀ ਇਹ ਕਾਰਵਾਈ ਕਰਨ ਦੀ ?

# ਡਾ. ਨਵਜੋਤ ਕੌਰ ਕੇਰਲਾ ਵਿਚ ਬਣੀ ਕੁਲੈਕਟਰ



**ਬਠਿੰਡਾ/ਏ.ਟੀ.ਨਿਊਜ਼:** ਹਾਲ ਹੀ ਵਿਚ ਬਠਿੰਡਾ ਦੀ ਬੇਟੀ ਡਾ. ਨਵਜੋਤ ਕੌਰ ਖੋਸਾ ਨੇ ਕੇਰਲਾ ਵਿਚ ਤਿਰੁਵਨਤਪੁਰਮ ਦੇ ਜ਼ਿਲਾ ਕੁਲੈਕਟਰ ਦਾ ਅਹੁਦਾ ਸੰਭਾਲਿਆ ਹੈ। ਪੰਜਾਬ ਵਾਸੀਆਂ ਨੂੰ ਆਪਣੀਆਂ ਕੁੜੀਆਂ 'ਤੇ ਮਾਣ ਹੈ। ਬਠਿੰਡਾ ਦੇ ਜੁਝਾਰ ਸਿੰਘ ਨਗਰ ਦੇ ਰਹਿਣ ਵਾਲੇ ਮਹਿੰਦਰਾ ਬਜਾਜ ਟ੍ਰੈਕਟਰ ਦੇ ਨਾਰਥ ਇੰਡੀਆ ਦੇ ਏਰੀਆ ਮੈਨੇਜ਼ਰ ਤੋਂ ਰਿਟਾਇਰ ਹੋਏ ਜਗਤਾਰ ਸਿੰਘ ਖੋਸਾ ਦੀ ਪੁੱਤਰੀ ਡਾ. ਨਵਜੋਤ ਕੌਰ ਖੋਸਾ ਦੀ ਚੋਣ 2011 ਵਿਚ ਹੋਈ ਸੀ। 2012 ਬੈਚ ਦੀ ਆਈਏਐੱਸ ਅਧਿਕਾਰੀ ਡਾ. ਨਵਜੋਤ ਖੋਸਾ ਥਾਲਾਸਰੀ ਵਿਚ ਸਬ ਕੁਲੈਕਟਰ ਰਹੇ। ਢਾਈ ਸਾਲ ਐੱਸਡੀਐੱਮ, ਫਿਰ ਕਮਿਸ਼ਨਰ ਅਤੇ ਇਸ ਤੋਂ ਬਾਅਦ ਕੇਰਲਾ ਮੈਡੀਕਲ ਸਰਵਿਸਜ਼ ਵਿਚ ਐੱਮਡੀ ਰਹੇ। ਇਸ ਤੋਂ ਬਾਅਦ ਉਸ ਨੂੰ ਪਹਿਲੀ ਵਾਰ ਤਿਰੁਵਨਤਪੁਰਮ ਦੀ ਡੀਸੀ ਤਾਇਨਾਤ ਕੀਤਾ ਗਿਆ ਹੈ। ਡਾ. ਨਵਜੋਤ ਕੌਰ ਖੋਸਾ ਦੇ ਤਿਰੁਵਨਤਪੁਰਮ ਦੇ ਡੀਸੀ ਵਜੋਂ ਅਹੁਦਾ ਸੰਭਾਲਦੇ ਹੀ ਉਨਾਂ ਸਾਹਮਣੇ ਕਾਫ਼ੀ ਚੁਣੌਤੀਆਂ ਹਨ। ਬਤੌਰ ਡੀਸੀ ਜੁਆਇੰਨ ਕਰਦੇ ਹੀ ਮਾਨਸੂਨ ਸ਼ੁਰੂ ਹੋ ਗਿਆ ਅਤੇ ਕੇਰਲਾ ਵਿਚ ਮਾਨਸੂਨ ਨਾਲ ਹੜ ਵਰਗੇ ਹਾਲਾਤ ਬਣ ਜਾਂਦੇ ਹਨ ਜਿਸ ਕਾਰਨ ਉਨਾਂ ਦਾ ਧਿਆਨ ਉਸ 'ਤੇ ਟਿਕਿਆ ਹੋਇਆ ਹੈ। ਇਸ ਤੋਂ ਇਲਾਵਾ ਕੋਰੋਨਾ ਵਾਇਰਸ ਵੀ ਵੱਡੀ ਚੁਣੌਤੀ ਹੈ। ਕਿਉਂਕਿ ਕੇਰਲਾ ਦੀ ਤਿੰਨ ਕਰੋੜ ਅਬਾਦੀ ਵਿਚੋਂ ਤੀਹ ਲੱਖ ਲੋਕ ਗਲਫ ਦੇ ਦੇਸ਼ਾਂ ਵਿਚ ਰਹਿੰਦੇ ਹਨ। ਕੋਵਿਡ-19 ਦੇ ਚੱਲਦਿਆਂ ਛੇ ਲੱਖ ਤੋਂ ਵੀ ਜਿਆਦਾ ਲੋਕਾਂ ਨੇ ਵਾਪਸ ਆਉਣ ਲਈ ਰਜਿਸਟ੍ਰੇਸ਼ਨ ਕਰਵਾਈ ਹੈ, ਜਿਸ ਕਾਰਨ ਉਨਾਂ ਨੂੰ ਵੀ ਵਾਪਸ ਆਉਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਪਹਿਲਾਂ ਤਿਰੁਵਨਤਪੁਰਮ ਵਿਚ ਕੋਵਿਡ-19 ਜੀਰੋ ਸੀ ਪਰ ਏਅਰ ਟ੍ਰੈਵਲ ਕਾਰਨ ਕੋਰੋਨਾ ਪਾਜ਼ੇਟਿਵ ਦੇ ਕੇਸ ਆਉਣ ਲੱਗੇ। ਹੁਣ ਤੱਕ 71 ਕੇਸ ਪਾਜ਼ੇਟਿਵ ਆ ਚੁੱਕੇ ਹਨ। ਡੀਸੀ ਨਵਜੋਤ ਕੌਰ ਖੋਸਾ ਦੇ ਪਿਤਾ ਜਗਤਾਰ ਸਿੰਘ ਖੋਸਾ ਅਤੇ ਗੀਤਕਾਰ ਮਨਪ੍ਰੀਤ ਟਿਵਾਣਾ ਨੇ ਦੱਸਿਆ ਕਿ ਨਵਜੋਤ ਵਿਚ ਸਕੂਲ ਸਮੇਂ ਤੋਂ ਹੀ ਲੀਡਰਸ਼ਿਪ ਦੀ ਭਾਵਨਾ ਸੀ। ਇਸ ਤੋਂ ਇਲਾਵਾ ਉਸ ਦੀ ਸਾਹਿਤ ਵਿਚ ਵੀ ਕਾਫ਼ੀ ਦਿਲਚਸਪੀ ਸੀ। ਡਾ. ਨਵਜੋਤ ਕੌਰ ਨੇ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਤੋਂ ਪਹਿਲਾਂ ਬੀਡੀਐੱਸ ਅਤੇ ਇਸ ਤੋਂ ਬਾਅਦ ਆਈਏਐੱਸ ਦੀ ਤਿਆਰ ਕੀਤੀ। ਮੈਡੀਕਲ ਦੀ ਪੜਾਈ ਸਮੇਂ ਵੀ ਨਵਜੋਤ ਕੌਰ ਖੋਸਾ ਬਹੁਤ ਹੁਸ਼ਿਆਰ ਸੀ ਅਤੇ ਯੂਨੀਵਰਸਿਟੀ ਦੀ ਟਾਪਰ ਬਣੀ। ਯੂਨੀਵਰਸਿਟੀ ਗੋਲਡ ਮੈਡਲਿਸਟ ਨਵਜੋਤ ਖੋਸਾ ਦੇ ਦੋ ਭਰਾ ਹਨ। ਭਾਈ ਰਹਿਮਤ ਸਿੰਘ ਖੋਸਾ ਬੀਡੀਐੱਸ ਦੀ ਪੜਾਈ ਕਰ ਰਿਹਾ ਹੈ ਅਤੇ ਦੂਜਾ ਭਰਾ ਹਸਮਤ ਸਿੰਘ ਖੋਸਾ ਕੈਨੇਡਾ ਵਿਚ ਰਹਿ ਰਿਹਾ ਹੈ।

# ਜੇਕਰ ਭਾਰਤ ਤੇ ਚੀਨ ਨੇ ਵਧੇਰੇ ਟੈਸਟ ਕੀਤੇ ਹੁੰਦੇ ਤਾਂ ਉਥੇ ਅਮਰੀਕਾ ਨਾਲੋਂ ਵਧ ਮਾਮਲੇ ਹੁੰਦੇ-ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾਵਾਇਰਸ ਨਾਲ ਨਜਿੱਠਣ ਦੇ ਆਪਣੇ ਢੰਗ ਤਰੀਕੇ ਨੂੰ ਉਚਿੱਤ ਦਸਦਿਆਂ ਕਿਹਾ ਹੈ ਕਿ ਜੇਕਰ ਭਾਰਤ ਤੇ ਚੀਨ ਵਰਗੇ ਦੇਸ਼ਾਂ ਨੇ ਕੋਰੋਨਾਵਾਇਰਸ ਦੇ ਵਧ ਟੈਸਟ ਕੀਤੇ ਹੁੰਦੇ ਤਾਂ ਉਥੇ ਕੋਰੋਨਾਵਾਇਰਸ ਦੇ ਮਾਮਲੇ ਅਮਰੀਕਾ ਨਾਲੋਂ ਵੀ ਵਧ ਜਾਣੇ ਸਨ। ਉਨਾਂ ਨੇ ਪੁਰੀਟਨ ਮੈਡੀਕਲ ਪ੍ਰੋਡਕਟਸ ਮੈਨੀ ਵਿਖੇ ਕਿਹਾ ਕਿ ਅਮਰੀਕਾ ਨੇ 2 ਕਰੋੜ ਟੈਸਟ ਕੀਤੇ ਹਨ ਜਦ ਕਿ ਜਰਮਨੀ ਨੇ 40 ਲੱਖ ਤੇ ਦੱਖਣੀ ਕੋਰੀਆ ਜਿਸ ਦੀ ਕੋਰੋਨਾਵਾਇਰਸ ਮਹਾਮਾਰੀ ਉਪਰ ਕਾਬੂ ਪਾਉਣ ਦੇ ਮਾਮਲੇ ਵਿਚ ਚਰਚਾ ਹੁੰਦੀ ਹੈ, ਵਿਚ 30 ਲੱਖ ਦੇ ਕਰੀਬ ਟੈਸਟ ਹੋਏ ਹਨ। ਟਰੰਪ ਨੇ ਕਿਹਾ ਕਿ ਸਿਹਤ ਮੰਤਰਾਲੇ ਅਨੁਸਾਰ ਭਾਰਤ ਨੇ ਹੁਣ ਤੱਕ 40 ਲੱਖ ਤੋਂ ਵਧ ਟੈਸਟ ਕੀਤੇ ਹਨ ਜਦ ਕਿ ਅਸੀਂ ਕੋਰੋਨਾ ਟੈਸਟਿੰਗ ਦੇ ਮਾਮਲੇ ਵਿਚ 2 ਕਰੋੜ ਤੋਂ ਟੱਪ ਗਏ ਹਾਂ। ਉਨਾਂ ਕਿਹਾ ਕਿ ਜਿੰਨੇ ਵਧ ਟੈਸਟ ਕਰੋਗੇ ਓਨੇ ਵਧ ਮਾਮਲੇ ਸਾਹਮਣੇ ਆਉਣਗੇ।




# ਲੰਡਨ ਵਿੱਚ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਜੂਨ 84 ਦੀ ਯਾਦ ਵਿੱਚ ਰੋਸ ਮੁਜਾਹਰਾ

**ਲੰਡਨ/ਏ.ਟੀ.ਨਿਊਜ਼ :** ਭਾਵੇਂ ਕਿ ਕਰੋਨਾ ਮਹਾਂਮਾਰੀ ਦਾ ਪ੍ਰਕੋਪ ਪੂਰੀ ਦੁਨੀਆਂ ਵਿੱਚ ਫੈਲ ਚੁੱਕਾ ਹੈ ਅਤੇ ਮੌਤ ਦੇ ਸਾਏ ਨਾਲ ਦੁਨੀਆਂ ਦੇ ਲੋਕ ਪੂਰੀ ਤਰਾਂ ਭੈਅ ਭੀਤ ਪਰ ਪਰ ਇਸ ਦੇ ਬਾਵਜੂਦ ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਲੋਂ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਦੀ ਯਾਦ ਨੂੰ ਸਮਰਪਤਿ ਸੰਕੇਤਕ ਰੋਸ ਮੁਜਾਹਰਾ ਕਰਕੇ ਦਰਸਾ ਦਿੱਤਾ ਗਿਆ ਕਿ ਸਿੱਖ ਜੂਨ 1984 ਦੇ ਖੂਨੀ ਘੱਲੂਘਾਰੇ ਨੂੰ ਸਦਾ ਹੀ ਯਾਦ ਰੱਖਣਗੇ ਅਤੇ ਕੌਮੀ ਅਜਾਦੀ ਦੇ ਨਿਸ਼ਾਨੇ ਖਾਲਿਸਤਾਨ ਲਈ ਆਖਰੀ ਦਮ ਤੱਕ ਯਤਨ ਜਾਰੀ ਰੱਖਣਗੇ ।ਬੀਤੇ ਐਤਵਾਰ ਲੰਡਨ ਵਿੱਚ ਬ੍ਰਿਟਿਸ਼ ਸਰਕਾਰ ਦੇ ਕਰੋਨਾ ਸਬੰਧੀ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਤੇ ਚੱਲਦਿਆਂ ਸੈਂਕੜਿਆਂ ਦੀ ਤਾਦਾਦ ਵਿੱਚ ਵੈਲਿੰਗਟਨ ਅਰਚ ਹਾਈਡ ਪਾਰਕ ਲੰਡਨ ਤੋਂ ਟਰਫਾਲਗਰ ਸੁਕੇਅਰ ਤੱਕ ਰੋਸ ਮਾਰਚ ਕੀਤਾ ਗਿਆ । ਪੰਜ ਸਿੰਘਾਂ ਦੀ ਅਗਵਾਈ ਵਿੱਚ ਅਰੰਭ ਹੋਏ ਇਸ ਰੋਸ ਮਾਰਚ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲ,ਜਨਰਲ ਸ਼ਬੇਗ ਸਿੰਘ ਜੀ,ਭਾਈ ਅਮਰੀਕ ਸਿੰਘ ਜੀ ਸਮੇਤ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਦੁਹਰਾਇਆ ਗਿਆ । ਰੋਸ ਮਾਰਚ ਵਿੱਚ ਪੰਜ ਸੌ ਦੇ ਕਰੀਬ ਪੁੱਜੀਆਂ ਸਿੱਖ ਸੰਗਤਾਂ ਵਿੱਚ 25 ਕੁ ਸਿੰਘਾਂ ਨੂੰ ਛੱਡ ਕੇ ਬਾਕੀ ਸਾਰੇ ਹੀ ਨੌਜਵਾਨ ਸਨ,ਖਾਸਕਰ ਜਿਹਨੇ ਦੇ ਜਨਮ ਵੀ ਘੱਲੂਘਾਰੇ ਤੋਂ ਬਾਅਦ ਹੋਏ ਸਨ , ਜੋ ਕਿ ਕੌਮ ਵਿੱਚ ਆ ਰਹੇ ਉਭਾਰ ਅਤੇ ਕੌਮੀ ਦ੍ਰਿੜਤਾ ਦੀ ਨਿਸ਼ਾਨੀ ਹੈ ,ਜਿਸ ਤੇ ਸਿੱਖ ਆਗੂਆਂ ਨੇ ਤਸੱਲੀ ਅਤੇ ਫਖਰ




ਦਾ ਪ੍ਰਗਟਾਵਾ ਕੀਤਾ । ਹਾਈਡ ਪਾਰਕ ਅਤੇ ਟਰਫਾਲਗਰ ਸੁਕਏਅਰ ਵਿਖੇ ਸਿੱਖ ਸੰਗਤਾਂ ਨੂੰ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਤੋਂ ਇਲਾਵਾ ਭਾਈ ਅਮਰੀਕ ਸਿੰਘ ਗਿੱਲ ਪ੍ਰਧਾਨ ਸਿੱਖ ਫੈਡਰੇਸ਼ਨ ਯੂ,ਕੇ ,ਭਾਈ ਦਵਿੰਦਰਜੀਤ ਸਿੰਘ ,ਭਾਈ ਹਰਦੀਸ਼ ਸਿੰਘ ,ਭਾਈ ਪਵਿੱਤਰ ਸਿੰਘ ਖੈਰਾ ਪ੍ਰਧਾਨ ਪ੍ਰਬੰਧਕ ਕਮੇਟੀ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਕਾਵੈਂਟਰੀ ,ਭਾਈ ਜਗਰੂਪ ਸਿੰਘ ਕਾਵੈਂਟਰੀ ,ਭਾਈ ਜੱਸ ਸਿੰਘ ਡਰਬੀ ,ਭਾਈ ਜਤਿੰਦਰ ਸਿੰਘ ਬਾਸੀ ਸਿੱਖ ਕੌਂਸਲ, ਨੌਜਵਾਨ ਭਾਈ ਹਰਜਿੰਦਰ ਸਿੰਘ ,ਭਾਈ ਗੁਰਪ੍ਰੀਤ ਸਿੰਘ ਜੌਹਲ ਭਰਾਤਾ ਭਾਈ ਜਗਤਾਰ ਸਿੰਘ ਜੱਗੀ ਜੌਹਲ ਆਦਿ ਨੇ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ। ਵੱਖ ਵੱਖ ਬੁਲਾਰਿਆਂ ਨੇ ਜਿੱਥੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਅਰਪਤ ਕੀਤੀਆਂ ਉੱਥੇ ਭਾਰਤ ਵਿੱਚ ਸਿੱਖ ਕੌਮ ਤੇ ਹੋ ਰਹੇ ਜ਼ੁਲਮਾਂ ਧੱਕੇਸ਼ਾਹੀਆਂ ਦਾ ਵਰਨਣ ਕਰਦਿਆਂ ਹਰ ਸਮੱਸਿਆ ਦਾ ਕੇਵਲ ਖਾਲਿਸਤਾਨ ਦੱਸਦਿਆਂ ਸਿੱਖ ਕੌਮ ਨੂੰ ਇਸ ਕੌਮੀ ਕਾਰਜ ਵਾਸਤੇ ਯਤਨਸ਼ੀਲ ਹੋਣ ਦੀ ਅਪੀਲ ਕੀਤੀ ।ਭਾਰਤ ਸਰਕਾਰ ਵਲੋਂ ਸਿੱਖ ਮੀਡੀਏ ਕੇ.ਟੀ .ਵੀ ਅਤੇ ਅਕਾਲ ਚੈਨਲ ਦੀਆਂ ਸੋਸ਼ਲ ਸਾਈਟਾਂ ( ਯੂ ਟਿਊਬ ਅਤੇ ਫੇਸਬੁੱਕ ਪੇਜ਼ ) ਭਾਰਤ ਵਿੱਚ ਬੈਨ ਕਰਨ ਦੀ ਸਖਤ ਨਿਖੇਧੀ ਕੀਤੀ । ਰੋਸ ਅਤੇ ਰੋਹ ਭਰਪੂਰ ਮੁਜਾਹਰੇ ਵਿੱਚ ਭਾਈ ਨਿਰਮਲ ਸਿੰਘ ਸੰਧੂ ਪ੍ਰਧਾਨ ਯੂਨਾਈਟਿਡ ਖਾਲਸਾ ਦਲ ਯੂ,ਕੇ ,ਧਰਮ ਯੁੱਧ ਜਥਾ ਯੂ,ਕੇ ਦੇ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ ,ਭਾਈ ਨਰਿੰਦਰੀਤ ਸਿੰਘ ਗ੍ਰੇਵਜੈਂਡ,ਭਾਈ ਰਾਜਮਨਵਿੰਦਰ ਸਿੰਘ ਕੰਗ ਪ੍ਰਧਾਨ ਪ੍ਰਬੰਧਕ ਕਮੇਟੀ ਗੁਰੂ ਤੇਗ ਬਹਾਦਰ ਗੁਰਦਵਾਰਾ ਲੈਸਟਰ,ਭਾਈ ਬਰਿੰਦਰ ਸਿੰਘ ਬਿੱਟੂ ,ਭਾਈ ਹਰਜਿੰਦਰ ਸਿੰਘ ਪ੍ਰਧਾਨ ਪ੍ਰਬੰਧਕ ਕਮੇਟੀ ਗੁਰਦਵਾਰਾ ਦਸਮੇਸ਼ ਦਰਬਾਰ ਈਸਟ ਹੈਮ ਅਤੇ ਭਾਈ ਕਿਪਾਲ ਸਿੰਘ ਆਦਿ ਸਮੇਤ ਸਿੱਖ ਨੌਜਵਾਨਾਂ ਆਗੂਆਂ ਨੇ ਆਪਣੇ ਸਾਥੀਆਂ ਨਾਲ ਸ਼ਮੂਲੀਅਤ ਕੀਤੀ ।

# ਸਿੱਖ ਮੀਡੀਆ ‘ਤੇ ਭਾਰਤੀ ਪਾਬੰਦੀਆਂ: ਹੁਣ ਸਿੱਖ ਸਿਆਸਤ ਦੀ ਅੰਗਰੇਜ਼ੀ ਵੈਬਸਾਈਟ ਬੰਦ ਕੀਤੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪਿਛਲੇ ਦਿਨਾਂ ਦੌਰਾਨ ਭਾਰਤ ਵਿਚ ਸਿੱਖ ਮਸਲਿਆਂ ਨਾਲ ਜੁੜੇ ਕਈ ਖਬਰੀ ਅਦਾਰਿਆਂ ‘ਤੇ ਪਾਬੰਦੀਆਂ ਲਾਈਆਂ ਗਈਆਂ ਹਨ। ਸਿੱਖ ਸਿਆਸਤ ਦੀ ਅੰਗਰੇਜ਼ੀ ਵਿੱਚ ਖਬਰਾਂ ਦੀ ਵੈਬਸਾਈਟ ‘ਸਿੱਖ ਸਿਆਸਤ ਡਾਟ ਨੈਟ’ ਪੰਜਾਬ ਅਤੇ ਭਾਰਤ ਵਿਚ ਰੋਕੀ ਜਾ ਰਹੀ ਹੈ ਜਦਕਿ ਬਾਕੀ ਸਾਰੀ ਦੁਨੀਆਂ ਵਿਚ ਇਹ ਵੈਬਸਾਈਟ ਨਿਰੰਤਰ ਚੱਲ ਰਹੀ ਹੈ। ਸਿੱਖ ਸਿਆਸਤ ਵੱਲੋਂ ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਪਾਠਕਾਂ ਵੱਲੋ ਇਹ ਵੈਬਸਾਈਟ ਖੋਲਣ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਦੀ ਨਿੱਠ ਕੇ ਘੋਖ ਕੀਤਿਆਂ ਪਤਾ ਲੱਗਿਆ ਹੈ ਕਿ ਭਾਰਤ ਵਿੱਚ ਇੰਟਰਨੈਟ ਕੰਪਨੀਆਂ ਵੈਬਸਾਈਟ ਤੱਕ ਪਹੁੰਚ ਨੂੰ ਰੋਕ ਰਹੀਆਂ ਹਨ। ਅਦਾਰੇ ਦੇ ਸੰਪਾਦਕ ਪਰਮਜੀਤ ਸਿੰਘ ਨੇ ਕਿਹਾ, “ਪਰ ਸਾਨੂੰ ਕਿਸੇ ਵੀ ਇੰਟਰਨੈਟ ਕੰਪਨੀ ਜਾਂ ਕਿਸੇ ਵੀ ਸਰਕਾਰ ਜਾਂ ਸਰਕਾਰੀ ਅਦਾਰੇ ਜਾਂ ਅਥਰਟੀ ਵੱਲੋਂ ਹਾਲੀ ਤੱਕ ਕੋਈ ਵੀ ਜਾਣਕਾਰੀ ਜਾਂ ਨੋਟਿਸ ਨਹੀਂ ਮਿਲਿਆ।“ਸਬੰਧਿਤ ਖ਼ਬਰ: ਭਾਰਤ ਵਿਚ ਮੀਡੀਆ ‘ਤੇ ਵੱਡਾ ਹਮਲਾ; ਸਿੱਖ ਮਸਲਿਆਂ ਬਾਰੇ ਕਵਰੇਜ ਕਰਨ ਵਾਲੇ ਚੈਨਲਾਂ ‘ਤੇ ਲਾਈ ਪਾਬੰਦੀਦੱਸ ਦੇਈਏ ਕਿ ਸਾਲ ੨੦੧੫ ਵਿੱਚ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਬਰਗਾੜੀ ਬੇਅਦਬੀ ਮਾਮਲੇ ਅਤੇ ਸਾਕਾ ਬਹਿਬਲ ਕਲਾਂ ਤੋਂ ਬਾਅਦ ਕੇਂਦਰ ਦੀ ਸੂਚਨਾ ਤੇ ਪ੍ਰਸਾਰਣ ਵਜ਼ਾਰਤ ਤਹਿਤ ਬਣੀ ਇਕ ਉੱਚ ਪੱਧਰੀ ਕਮੇਟੀ ਕੋਲ ਸ਼ਿਕਾਇਤ ਕਰਕੇ ਸਿੱਖ ਸਿਆਸਤ ਡਾਟ ਨੈਟ ਉੱਤੇ ਰੋਕ ਲਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਕਮੇਟੀ ਨੇ ਸਿੱਖ ਸਿਆਸਤ ਨੂੰ ਆਪਣਾ ਪੱਖ ਪੇਸ਼ ਕਰਨ ਦਾ ਸੱਦਾ ਦਿੱਤਾ ਸੀ। ਪਰਮਜੀਤ ਸਿੰਘ ਨੇ ਕਿਹਾ, “27 ਅਕਤੂਬਰ 2015 ਨੂੰ ਦਿਲੀ ਦੇ ਇਲੈਕਟਰਾਨਿਕ ਨਿਕੇਤਨ ਵਿਖੇ ਹੋਈ ਇਕੱਤਰਤਾ ਵਿੱਚ ਸਾਡਾ ਪੱਖ ਸੁਣਨ ਤੋਂ ਬਾਅਦ ਕਮੇਟੀ ਨੇ ਸਿੱਖ ਸਿਆਸਤ ਦੇ ਪੱਖ ਨਾਲ ਸਹਿਮਤੀ ਪ੍ਰਗਟਾਈ ਸੀ ਅਤੇ ਪੰਜਾਬ ਸਰਕਾਰ ਤੇ ਪੁਲਿਸ ਦੀ ਸ਼ਿਕਾਇਤ ਉੱਤੇ ਅਮਲ ਨਹੀਂ ਸੀ ਕੀਤਾ। ਪਰ ਇਸ ਵਾਰ ਸਿੱਖ ਸਿਆਸਤ ਨੂੰ ਕੋਈ ਨੋਟਿਸ ਜਾਂ ਪੱਖ ਪੇਸ਼ ਕਰਨ ਲਈ ਸੱਦਾ ਨਹੀਂ ਦਿੱਤਾ ਗਿਆ ਜਿਸ ਦੇ ਮੱਦੇਨਜ਼ਰ ਅਸੀਂ ਇਹ ਸੰਭਾਵਨਾ ਤੋਂ ਇਨਕਾਰ ਨਹੀਂ ਕਰਦੇ ਕਿ ਇਹ ਰੋਕ ਅਣਅਧਿਕਾਰਿਤ ਤਰੀਕੇ ਨਾਲ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।“
ਇਸ ਤੋਂ ਪਹਿਲਾਂ ਇਸੇ ਤਰਾਂ ਭਾਰਤ ਵਿਚ ਅਕਾਲ ਚੈਨਲ ਅਤੇ ਕੇਟੀਵੀ ਗਲੋਬਲ ‘ਤੇ ਵੀ ਪਾਬੰਦੀ ਲਾ ਦਿੱਤੀ ਗਈ ਸੀ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
• ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
• ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
• ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
• 50% ਹੁੱਕ ਡਰਾਪ
• Excellent Payment
• Easy Aboard ELD Logbook

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜ਼ਰਬਾ
MC NO. # 464630
3096 Farrar Ave Modesto, CA 95354
TAX ID #32-0065398
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
TOLL FREE 888.725.7441 OFFICE : 209.537.0975 FAX : 209.537.0375

# ਸ਼ਹੀਦਾਂ ਖ਼ਿਲਾਫ਼ ਬੋਲਣ ਵਾਲੇ ਨੂੰ ਸਿੰਘਾਂ ਚਾੜ੍ਹਿਆ ਕੁਟਾਪਾ

**ਫ਼ਿਰੋਜ਼ਪੁਰ/ਏ.ਟੀ.ਨਿਊਜ਼ :** ਸਿੱਖ ਪੰਥ ਦੇ ਮਹਾਨ ਸ਼ਹੀਦਾਂ ਖ਼ਿਲਾਫ਼ ਅਪਸ਼ਬਦ ਬੋਲਣ ਵਾਲੇ ਅੰਮ੍ਰਿਤਧਾਰੀ ਸਿੱਖ ਹਰਦੀਪ ਸਿੰਘ ਨਮਾਣਾ ਨੂੰ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਭਜਾ-ਭਜਾ ਕੇ ਕੁੱਟਿਆ। ਇਸ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਹੈ। ਹਰਦੀਪ ਸਿੰਘ ਸਰਕਾਰੀ ਮੁਲਾਜ਼ਮ ਤੇ ਗੁਰਦੁਆਰੇ ਦਾ ਗ੍ਰੰਥੀ ਹੈ। ਦੋਸ਼ ਹੈ ਕਿ ਉਸ ਨੇ ਸਿੱਖ ਪੰਥ ਦੇ ਮਹਾਨ ਸ਼ਹੀਦਾਂ ਭਾਈ ਮਨੀ ਸਿੰਘ, ਭਾਈ ਦਯਾ ਸਿੰਘ ਅਤੇ ਬਾਬਾ ਦੀਪ ਸਿੰਘ ਖ਼ਿਲਾਫ਼ ਸੋਸ਼ਲ ਮੀਡੀਆ ਰਾਹੀਂ ਗਲਤ ਟਿੱਪਣੀਆਂ ਕਰਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸ ਬਾਰੇ ਜਦੋਂ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸਰਪ੍ਰਸਤ ਭਾਈ ਲਖਵੀਰ ਸਿੰਘ ਨੂੰ ਪਤਾ ਲੱਗਾ ਤਾਂ ਉਨਾਂ ਦੀ ਅਗਵਾਈ ਵਿਚ ਇੰਟਰਨੈਸ਼ਨ ਪੰਥਕ ਦਲ ਦੇ ਪੰਜਾਬ ਪ੍ਰਧਾਨ ਭਾਈ ਸਤਨਾਮ ਸਿੰਘ, ਜੰਗ ਸਿੰਘ ਲੁਧਿਆਣਾ, ਸੁਰਿੰਦਰ ਸਿੰਘ ਠੀਕਰੀਵਾਲ, ਗੁਰਨਾਮ ਸਿੰਘ ਮਹਾਲਮ, ਲਖਵਿੰਦਰ ਸਿੰਘ ਮੋਮੀ ਤੇ ਜੱਥਾ ਪੰਜ ਪਿਆਰੇ ਦੇ ਆਗੂ ਭਾਈ ਬਲਕਾਰ ਸਿੰਘ, ਹਰਦੀਪ ਸਿੰਘ ਦੇ ਘਰ ਪਹੁੰਚ ਗਏ। ਆਗੂਆਂ ਨੇ ਜਦੋਂ ਹਰਦੀਪ ਸਿੰਘ ਨੂੰ ਸਿੱਖ ਪੰਥ ਦੇ ਸ਼ਹੀਦਾਂ ਤੇ ਗਲਤ ਟਿੱਪਣੀ ਕਰਨ ਬਾਰੇ ਪੁੱਛਿਆ ਤਾਂ ਹਰਦੀਪ




ਸਿੰਘ ਨੇ ਸ਼ਹੀਦਾਂ ਨੂੰ ਸਿੱਖ ਧਰਮ ਦੇ ਗੁਰੂਆਂ ਦੇ ਬਰਾਬਰ ਦਰਜਾ ਦੇਣ ਤੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਇਸੇ ਗੱਲ ਤੋਂ ਮਾਹੌਲ ਵਿਗੜ ਗਿਆ ਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਉਸ ਨੂੰ ਫੜ ਕੇ ਥਾਣਾ ਸਦਰ ਵਿਚ ਲੈ ਆਏ। ਬੀਤੇ ਦਿਨੀਂ ਇਸ ਸਬੰਧੀ ਗੁਰਦੁਆਰਾ ਸਾਰਾਗੜ੍ਹੀ ਵਿਚ ਸਿੱਖ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਹੋਈ ਹੈ। ਸੰਪਰਕ ਕਰਨ ’ਤੇ ਭਾਈ ਲਖਵੀਰ ਸਿੰਘ ਨੇ ਦੱਸਿਆ ਕਿ ਹਰਦੀਪ ਸਿੰਘ ਦੇ ਪਰਿਵਾਰ ਦੇ ਮੈਂਬਰ ਮੁਆਫ਼ੀ ਮੰਗ ਕੇ ਖਹਿੜਾ ਛੁਡਾਉਣਾ ਚਾਹੁੰਦੇ ਹਨ। ਪਰਿਵਾਰ ਦਾ ਕਹਿਣਾ ਹੈ ਕਿ ਹਰਦੀਪ ਸਿੰਘ ਨੂੰ ਪਿਛਲੇ ਦਿਨੀਂ ਫ਼ਿਲਮਾਂ ਵਿਚ ਘਾਟਾ ਪੈਣ ਨਾਲ ਉਸ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ, ਜਿਸ ਕਰਕੇ ਉਸ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ। ਭਾਈ ਲਖਵੀਰ ਸਿੰਘ ਨੇ ਕਿਹਾ ਕਿ ਜੇ ਜਥੇਬੰਦੀਆਂ ਦੇ ਸਾਰੇ ਆਗੂਆਂ ਦੀ ਸਹਿਮਤੀ ਬਣੀ ਤਾਂ ਹਰਦੀਪ ਸਿੰਘ ਨੂੰ ਮੁਆਫ਼ੀ ਦੇਣ ਤੇ ਵਿਚਾਰ ਕੀਤੀ ਜਾ ਸਕਦੀ ਹੈ। ਨਹੀਂ ਤਾਂ ਉਸਦੇ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰਨ ਲਈ ਅਗਲਾ ਕਦਮ ਚੁੱਕਿਆ ਜਾਵੇਗਾ।

# ਗੰਜੇ ਮਰਦਾਂ ਨੂੰ ਕੋਰੋਨਾ ਵਾਇਰਸ ਦਾ ਵਧ ਖ਼ਤਰਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਗੰਜੇ ਮਰਦਾਂ ਵਿਚ ਕੋਰੋਨਾ ਵਾਇਰਸ ਦਾ ਗੰਭੀਰ ਸੰਕਰਮਣ ਹੋਣ ਦਾ ਖ਼ਤਰਾ ਦੂਜਿਆਂ ਨਾਲੋਂ ਵੱਧ ਹੈ। ਅਮਰੀਕਾ ਦੀ ਬ੍ਰਾਊਨ ਯੂਨੀਵਰਸਿਟੀ ਵੱਲੋਂ ਕੀਤੇ ਗਏ ਇਸ ਅਧਿਐਨ ਦੇ ਮੁੱਖ ਖੋਜਕਰਤਾ ਪ੍ਰੋਫੈਸਰ ਕਾਰਲੋਸ ਵੈਂਬੀਅਰ ਦੇ ਅਨੁਸਾਰ, “ਮਰਦਾਂ ਵਿੱਚ ਗੰਜਾਪਨ ਕੋਵਿਡ-19 ਦੇ ਗੰਭੀਰ ਸੰਕਰਮਣ ਲਈ ਜ਼ੋਖਮ ਦਾ ਕਾਰਨ ਹੈ।” ਜ਼ਿਕਰਯੋਗ ਹੈ ਕਿ ਜਨਵਰੀ ਮਹੀਨੇ ਵਿਚ ਚੀਨ ਦੇ ਵੁਹਾਨ ਵਿੱਚ ਕੋਰੋਨਾ ਵਾਇਰਸ ਦੇ ਫੈਲਣ ਤੋਂ ਬਾਅਦ ਅਜਿਹੀ ਰਿਸਰਚ ਸਾਹਮਣੇ ਆਈ ਸੀ ਕਿ ਇਸ ਮਹਾਂਮਾਰੀ ਨਾਲ ਮੌਤ ਹੋਣ ਦਾ ਖ਼ਤਰਾ ਔਰਤਾਂ ਦੇ ਮੁਕਾਬਲੇ ਮਰਦਾਂ ਵਿਚ ਵੱਧ ਹੈ। ਦਰਅਸਲ, ਕੋਰੋਨਾ ਵਾਇਰਸ ਅਤੇ ਗੰਜਾਪਨ ਦੇ ਵਿਚਕਾਰ ਸਬੰਧਾਂ ਨੂੰ ਸਮਝਣ ਲਈ ਦੋ ਅਧਿਐਨ ਕੀਤੇ ਗਏ ਹਨ। ਸਪੇਨ ਵਿਚ ਕੀਤੇ ਗਏ ਇੱਕ ਅਧਿਐਨ ਵਿੱਚ 41 ਕੋਰੋਨਾ ਮਰੀਜ਼ਾਂ ਬਾਰੇ ਕੀਤੀ ਗਈ ਖੋਜ ਵਿੱਚ ਇਹ ਸਾਹਮਣੇ ਆਇਆ ਹੈ ਕਿ ਉਨਾਂ ਵਿੱਚੋਂ 71% ਤੋਂ ਵੱਧ ਗੰਜੇ ਸਨ। ਜਦਕਿ ਬ੍ਰਾਊਨ ਯੂਨੀਵਰਸਿਟੀ ਦੇ ਅਧਿਐਨ ਦੇ ਅਨੁਸਾਰ 122 ਕੋਰੋਨਾ ਮਰੀਜ਼ਾਂ ’ਤੇ ਹੋਈ ਜਾਂਚ ਵਿਚ 79% ਗੰਜੇ ਸਨ। ਦੋਵਾਂ ਅਧਿਐਨਾਂ ਵਿਚ ਇੱਕੋ ਜਿਹੇ ਨਤੀਜੇ ਸਾਹਮਣੇ ਆਏ। ਖੋਜਕਰਤਾਵਾਂ ਦੇ ਅਨੁਸਾਰ ਗੰਜਾਪਨ ਅਤੇ ਕੋਰੋਨਾ ਦੇ ਗੰਭੀਰ ਇਨਫੈਕਸ਼ਨ ਦੇ ਵਿਚਕਾਰ ਇੱਕ ਖਾਸ ਸਬੰਧ ਹੈ। ਖੋਜਕਰਤਾਵਾਂ ਦਾ ਦਾਅਵਾ ਹੈ ਕਿ ਮਰਦਾਂ ਦਾ ਸੈਕਸ ਹਾਰਮੋਨ ਐਂਡਰੋਜਨ ਕੋਰੋਨਾ ਵਾਇਰਸ ਦੇ ਸੰਕਰਮਿਤ ਹੋਣ ਦੀ ਸਮਰੱਥਾ ਨੂੰ ਵਧਾ ਸਕਦਾ ਹੈ। ਇਸੇ ਹਾਰਮੋਨ ਕਾਰਨ ਮਰਦਾਂ ਵਿੱਚ ਦਵਾਈਆਂ ਦਾ ਪ੍ਰਭਾਵ ਘੱਟ ਰਿਹਾ ਹੈ ਤੇ ਮਰੀਜ਼ ਗੰਭੀਰ ਰੂਪ ਵਿਚ ਬਿਮਾਰ ਹੋ ਜਾਂਦੇ ਹਨ। ਅਜਿਹੇ ਮਰੀਜ਼ਾਂ ਦੀ ਰਿਕਵਰੀ ਵਿੱਚ ਵੀ ਵੱਧ ਸਮਾਂ ਲੱਗਦਾ ਹੈ।

# ਮਹਿਤਾ ਵਿਖੇ ਦਮਦਮੀ ਟਕਸਾਲ ਨੇ ਘੱਲੂਘਾਰਾ ਦਿਵਸ ਮਨਾਇਆ

## ਸੰਤ ਭਿੰਡਰਾਂਵਾਲਿਆਂ ਨੇ ਆਪਣੀ ਕੁਰਬਾਨੀ ਦੇ ਕੇ ਸੁੱਤੀ ਕੌਮ ਨੂੰ ਜਗਾਇਆ: ਬਾਬਾ ਹਰਨਾਮ ਸਿੰਘ

**ਮਹਿਤਾ ਚੌਕ/ਏ.ਟੀ.ਨਿਊਜ਼ :** ਜੂਨ ’84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਪਾਵਨ ਯਾਦ ਨੂੰ ਸਮਰਪਿਤ 36ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰ ਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਿਚ ਪੂਰੀ ਸ਼ਰਧਾ ਭਾਵਨਾ ਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ ਪੰਥ ਨੂੰ ਇਕ ਲੜੀ ਵਿਚ ਪਰੋਣ ਲਈ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਨੇ ਕੌਮ ਦੀ ਅਣਖ ਤੇ ਸ਼ਾਨ ਲਈ ਲੜਾਈ ਲੜੀ ਤੇ ਆਪਣੀ ਕੁਰਬਾਨੀ ਦੇ ਕੇ ਸੁੱਤੀ ਕੌਮ ਨੂੰ ਜਗਾਇਆ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਮੁੱਖਵਾਕ ਦੀ ਕਥਾ ਦੌਰਾਨ ਮਹਾਂਬਲੀ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨਾਂ ਜੂਨ ’84 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੰਤ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸਿੱਖ ਕੌਮ ਦੀ ਆਨ, ਸ਼ਾਨ ਤੇ ਗੁਰਧਾਮਾਂ ਦੀ ਰਾਖੀ ਲਈ ਆਪਾ ਵਾਰ ਗਏ ਸ਼ਹੀਦ ਭਾਈ ਅਮਰੀਕ ਸਿੰਘ, ਜਥੇਦਾਰ ਬਾਬਾ ਠਾਹਰਾ ਸਿੰਘ, ਜਨਰਲ ਭਾਈ ਸੁਬੇਗ ਸਿੰਘ ਆਦਿ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਇਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲਾਗੋਂਵਾਲ



ਵਲੋਂ ਬੋਲਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖ਼ਾਲਸਾ ਪੰਥ ਦੇ ਵੱਡੇ ਕਾਰਜ ਤੇ ਵੱਡੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾ ਰਹੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਮਨਜੀਤ ਸਿੰਘ ਜੀ.ਕੇ. ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਖ਼ਾਲਸਾ, ਬਾਬਾ ਬੰਤਾ ਸਿੰਘ ਮੁੰਡਾ ਪਿੰਡ, ਭਾਈ ਰਜਿੰਦਰ ਸਿੰਘ ਮਹਿਤਾ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਭਾਈ ਈਸ਼ਰ ਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਅਮਰਜੀਤ ਸਿੰਘ (ਦੋਵੇਂ ਗ੍ਰੰਥੀ ਸ੍ਰੀ ਦਰਬਾਰ ਸਾਹਿਬ), ਅਮਰਜੀਤ ਸਿੰਘ ਚਾਵਲਾ, ਪ੍ਰੋ: ਸਰਚਾਂਦ ਸਿੰਘ ਆਦਿ ਵੀ ਮੌਜੂਦ ਸਨ।


ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਂਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin
Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

# ਸਿੱਖ ਜਾਣਦੇ ਨੇ ਕਿ ਕਰੋਨਾ ਵਰਗੀਆਂ ਮਹਾਂਮਾਰੀਆਂ ਵਿਚ ਕਿਵੇਂ ਹਜਾਰਾਂ ਲੋੜਵੰਦਾਂ ਨੂੰ ਲੰਗਰ ਖੁਆਇਆ ਜਾਂਦਾ ਹੈ: ਨਿਊਯਾਰਕ ਟਾਇਮਜ

**ਨਿਊ ਯਾਰਕ/ਬਲਵਿੰਦਰਪਾਲ ਸਿੰਘ ਖਾਲਸਾ:** ਸੰਸਾਰ ਦੀ ਪ੍ਰਸਿੱਧ ਅਖਬਾਰ ਨਿਊਯਾਰਕ ਟਾਇਮਜ ਨੇ ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਵਿਚ ਤਿਆਰ ਹੁੰਦੇ ਲੰਗਰਾਂ ਉਤੇ ਇਕ ਸਟੀਕ ਰਿਪੋਰਟ ਤਿਆਰ ਕਰਕੇ 8 ਜੂਨ ਨੂੰ ਛਾਪੀ ਹੈ, ਜੋ ਸਾਰੀ ਦੁਨੀਆਂ ਦੇ ਸਿੱਖ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੈ। ਇਸ ਲਿਖਤ ਵਿਚ ਅਖਬਾਰ ਨੇ ਅਮਰੀਕਾ ਦੇ ਹਰ ਕੋਨੇ ਦੇ ਗੁਰਦੁਆਰਾ ਸਾਹਿਬ ਤੱਕ ਪਹੁੰਚ ਕਰਕੇ ਉਨਾਂ ਕੋਲੋਂ ਕਰੋਨਾ ਮਹਾਂਮਾਰੀ ਦੇ ਚਲਦਿਆਂ ਉਨਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਕੱਠੀ ਕੀਤੀ ਹੈ ਕਿ ਉਹ ਕਿਸ ਕਿਸਮ ਦੀ ਸੇਵਾ ਕਰ ਰਹੇ ਹਨ, ਜਵਾਬ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸੇਵਾਦਾਰਾਂ ਨੇ ਵਿਸਥਾਰ ਨਾਲ ਦੱਸਿਆ ਹੈ ਕਿ ਉਹ ਕਰੋਨਾ ਮਹਾਂਮਾਰੀ ਤੋਂ ਪਰਭਾਵਤ ਲੋਕਾ ਵਾਸਤੇ ਵੱਡੇ ਰੂਪ ਵਿਚ ਲੰਗਰ ਤਿਆਰ ਕਰਕੇ ਵੰਡ ਰਹੇ ਹਨ। ਇਹ ਲੰਗਰ ਪੈਕੇਟ ਰੂਪ ਵਿਚ ਹਨ ਤੇ ਖਾਣ ਵਾਸਤੇ ਤਿਆਰ ਹੁੰਦੇ ਹਨ, ਜਿਸ ਵਿਚ ਸ਼ਾਕਾਹਾਰੀ ਖਾਣੇ ਭਾਵ, ਰਾਜਮਾਂਹ, ਚੌਲ, ਮਟਰ, ਪਨੀਰ, ਦਾਲ,ਖੀਰ, ਪੀਜੇ,ਬਰਗਰ, ਪਾਸਟਾ, ਟਾਕੋ, ਪਾਣੀ ਤੇ ਸੋਡਾ ਵਗੈਰਾ ਬਹੁਤ ਪੌਸ਼ਟਿਕ ਖਾਣਾ ਹੁੰਦਾ ਹੈ। ਤੇ ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਖਾਣਾ ਵੰਡਿਆ ਜਾ ਚੁੱਕਾ ਹੈ। ਹਰ ਧਰਮ ਦੇ ਲੋਕ ਖਾਣਾ ਆਪ ਵੀ ਲੈ ਕੇ ਜਾ ਰਹੇ ਹਨ ਤੇ ਜਿਹੜੇ ਨਹੀਂ ਪਹੁੰਚ ਸਕਦੇ ਉਨਾਂ ਤੱਕ ਖਾਣਾ ਪਹੁੰਚਾਇਆ ਜਾਂਦਾ ਹੈ। ਫੋਨ ਕਾਲਾਂ ਦੁਆਰਾ ਵੀ ਖਾਣਾ ਕੋਰੀਅਰ ਵਾਂਗ ਵੰਡਿਆ ਜਾ ਰਿਹਾ ਹੈ। ਸਵੇਰੇ ਚਾਰ ਵਜੇ ਸੇਵਾਦਾਰ ਗੁਰਦੁਆਰਾ ਸਾਹਿਬ ਆ ਕੇ ਖਾਣਾ ਤਿਆਰ ਕਰਨਾ ਸ਼ੁਰੂ ਕਰ ਦਿੰਦੇ ਹਨ ਤੇ ਸੋਸ਼ਲ ਡਿਸਟੈਂਸਿੰਗ ਦਾ ਪੂਰਾ ਖਿਆਲ ਰਖਿਆ ਜਾਂਦਾ ਹੈ, ਦਸਤਾਨੇ ਦੇ ਮਾਸਕ ਵਰਤੇ ਜਾਂਦੇ ਹਨ ਤਾਂ ਕਿ ਕਰੋਨੇ ਤੋਂ ਬਚਾਅ ਰਹੇ। ਅਖਬਾਰ ਨੇ ਇਹ ਵੀ ਲਿਖਿਆ ਹੈ ਕਿ ਲੰਗਰ ਮੁਫਤ ਵੰਡਣ ਵਰਤਉਣ ਛਕਾਉਣ ਦੇ ਸਿਧਾਂਤ ਦੀ ਪਾਲਣਾ ਸਿੱਖ ਧਰਮ ਜਿੰਨੀ ਹੀ ਪੁਰਾਣੀ ਹੈ, ਜੋ 550 ਸਾਲ ਪੁਰਾਣਾ ਹੈ ਤੇ ਲੰਗਰਾਂ ਵਾਸਤੇ ਰਸਦ ਸੰਗਤਾਂ ਦੇ ਦਾਨ ਰਾਹੀਂ ਚਲਦੀ ਹੈ ਤੇ ਹਰ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਗੁਰਦੁਆਰਾ ਸਾਹਿਬ ਭੇਂਟ ਕਰਦਾ ਹੈ।






ਜਿਹੜੇ ਗੁਰਦੁਆਰਾ ਸਾਹਿਬਾਨਾਂ ਨਾਲ ਪੱਤਰਕਾਰ ਬੀਬੀ ਪਰੀਯਾ ਕਰਿਸ਼ਨਾ ਨੇ ਸੰਪਰਕ ਕੀਤਾ, ਉਨਾਂ ਵਿਚ ਗੁਰਦੁਆਰਾ ਸਾਹਿਬ ਫਰੀਮਾਂਟ-ਕੈਲੇਫੋਰਨੀਆ, ਗੁਰਦੁਆਰਾ ਕੁਇਨਜ ਵਿਲੇਜ ਸਿੱਖ ਸੈਂਟਰ ਨਿਊ ਯਾਰਕ,ਗੁਰੂ ਨਾਨਕ ਮਿਸ਼ਨ ਸੋਸਾਇਟੀ ਐਟਲਾਂਟਾ, ਖਾਲਸਾ ਕੇਅਰ ਫਾਊਂਡੇਸ਼ਨ ਪਾਕੋਇਮਾ ਲਾਸਏਂਜਲਸ, ਨਾਰਵਿਕ ਕਨੈਕਟੀਕਟ, ਗੁਰਦੁਆਰਾ ਸੱਚਾ ਮਾਰਗ ਸਾਹਿਬ ਸਿਆਟਲ ਵਾਸ਼ਿੰਗਟਨ, ਹੈਸੀਆਂਡਾ ਡੀ ਗੁਰੂ ਰਾਮਦਾਸ ਐਸਪਾਨੋਲਾ, ਗੁਰੂ ਰਾਮਦਾਸ ਗੁਰਦੁਆਰਾ ਵੈਨਕੂਵਰ ਵਾਸ਼ਿੰਗਟਨ, ਗੁਰਦੁਆਰਾ ਸਾਹਿਬ ਰਿਵਰਸਾਇਡ ਕੈਲੇਫੋਰਨੀਆ, ਸਿੰਘ ਸਭਾ ਮਿਸ਼ੀਗਨ, ਸਿੱਖ ਸੋਸਾਇਟੀ ਆਫ ਸੈਂਟਰ ਫਲੋਰੀਡਾ ਆਦਿ। ਸਿੱਖ ਸੰਸਥਾਵਾਂ ਵਿਚ ਵਰਲਡ ਸਿੱਖ ਪਾਰਲੀਮੈਂਟ ਨਿਊ ਯਾਰਕ, ਯੂਨਾਇਟਡ ਸਿਖਸ, ਸਿੱਖ ਕੋਲੀਸ਼ਨ, ਯੂਨਾਇਟਡ ਸਿੱਖ ਮਿਸ਼ਨ ਰਿਵਰਸਾਇਡ ਕੈਲੇਫੋਰਨੀਆ,ਖਾਲਸਾ ਸਕੂਲ ਰਿਵਰਸਇਡ ਕੈਲੇਫੋਰਨੀਆ ਆਦਿ। ਨਿਊ ਯਾਰਕ ਟਾਇਮਜ ਨੇ ਵਿਸ਼ੇਸ਼ ਤੌਰ ਤੇ ਸ੍ਰੀ ਦਰਬਾਰ ਸਹਿਬ ਅੰਮ੍ਰਿਤਸਰ ਸਾਹਿਬ ਦਾ ਜਿਕਰ ਕਰਦਿਆ ਲਿਖਿਆ ਕਿ ਉਥੇ ਲੰਗਰਾਂ ਵਿਚ ਇਕ ਲੱਖ ਸੰਗਤ ਰੋਜਾਨਾ ਲੰਗਰ ਛਕਦੀ ਹੈ।

ਜਿਨਾਂ ਪ੍ਰਮੁੱਖ ਪ੍ਰਬੰਧਕਾਂ ਨਾਲ ਨਿਊ ਯਾਰਕ ਟਾਇਮਜ ਨੇ ਗੱਲਬਾਤ ਕੀਤੀ, ਉਨਾਂ ਵਿਚ ਅਮਰੀਕਨ ਗੁਰਦੁਆਰਾ ਪ?ਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ, ਵਰਲਡ ਸਿੱਖ ਪਾਰਲੀਮੈਂਟ ਦੇ ਹਿੰਮਤ ਸਿੰਘ, ਸੰਤੋਖ ਸਿੰਘ ਢਿੱਲੋਂ, ਸੱਤਜੀਤ ਕੌਰ, ਗੁਰਜੀਵ ਕੌਰ, ਕਿਰਨ ਸਿੰਘ, ਸਵਰਨਜੀਤ ਸਿੰਘ ਖਾਲਸਾ ਨੇ ਖਾਸ ਤੌਰ ਤੇ ਕਿਹਾ ਕਿ ਭਾਰਤ ਵਿਚ ਬਹੁਤ ਸਾਰੇ ਸਿੱਖ ਪੁਲੀਸ ਨੇ ਮਾਰ ਦਿੱਤੇ ਜਦ ਉਹ ਆਪਣੇ ਅਧਿਕਾਰਾਂ ਵਾਸਤੇ ਸੰਘਰਸ਼ ਕਰ ਰਹੇ ਸਨ, ਹਰੀਮੰਦਿਰ ਖਾਲਸਾ, ਗੁਰਪ੍ਰੀਤ ਸਿੰਘ,ਤੇਜਕਿਰਨ ਸਿੰਘ,ਅਮਿਤ ਪਾਲ ਸਿੰਘ, ਚਰਨਜੀਤ ਸਿੰਘ ਆਦਿ।

ਮਹਾਂਮਾਰੀ ਤੋਂ ਇਲਾਵਾ ਬਲੈਕ ਲਾਇਫ ਮੈਟਰਜ ਦੈ ਬੈਨਰ ਹੇਠ ਪੂਰੇ ਅਮਰੀਕਾ ਵਿਚ ਹੁੰਦੇ ਰੋਸ ਪਰਦਰਸ਼ਨਾਂ ਵਿਚ ਵੀ ਸਿੱਖ ਹਜਾਰਾਂ ਦੀ ਗਿਣਤੀ ਵਿਚ ਲੰਗਰਾਂ ਤੇ ਪਾਣੀ ਦੀ ਸੇਵਾ ਕਰ ਰਹੇ ਹਨ। ਤੇ ਕਹਿ ਰਹੇ ਹਨ ਕਿ ਜੇ ਲੰਗਰ ਛਕਣ ਵਾਲਿਆਂ ਦੀ ਗਿਣਤੀ ਇਸ ਤੋਂ ਵਧ ਵੀ ਜਾਵੇ ਤਾਂ ਵੀ ਉਹੇ ਸਭ ਨੂੰ ਲੰਗਰਾਂ ਦੀ ਸੇਵਾ ਕਰਨਗੇ ਤੇ ਇਹ ਸੇਵਾ ਵਿਖਾਵੇ ਲਈ ਨਹੀਂ ਹੈ, ਬਲਕਿ ਸੇਵਾ ਇਕ ਭਗਤੀ ਵਾਂਗ ਹੈ ਤੇ ਨਿਰਸੁਆਰਥ ਸੇਵਾ ਭਾਵਨਾ ਹੈ, ਜਿਸ ਵਿਚ ਰੰਗ ਭੇਦ,ਨਸਲ, ਉਚਨੀਚ ਦਾ ਕੋਇ ਭਿੰਨ ਭੇਦ ਨਹੀਂ.... ਲੰਗਰ ਹਰ ਇਕ ਵਾਸਤੇ। ਅਜਿਹੀਆਂ ਰਿਪੋਰਟਾਂ ਵਿਦੇਸ਼ਾਂ ਦੇ ਸਿੱਖਾਂ ਦਾ ਮਨੋਬਲ ਜਜਬਾ ਵਧਾਉਂਦੀਆਂ ਹਨ ਤੇ ਮਨੁੱਖਤਾ ਦੀ ਸੇਵਾ ਦਾ ਹੋਰ ਮਾਦਾ ਪੈਦਾ ਕਰਦੀਆਂ ਹਨ। ਇਸ ਨਾਲ ਸਿੱਖ ਧਰਮ ਦੇ ਗੁਣਾਂ ਦੀ ਕਦਰ ਪੈਂਦੀ ਹੈ।

HOTHI FREIGHTLINES
HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਨਵਾਂ ਘੱਲੂਘਾਰਾ



**- ਅਫ਼ਜ਼ਲ ਅਹਿਸਨ ਰੰਧਾਵਾ**

ਸੁਣ ਰਾਹੀਆ ਕਰਮਾਂ ਵਾਲਿਆ !
ਮੈਂ ਬੇਕਰਮੀ ਦੀ ਬਾਤ ।
ਮੇਰਾ ਚੜ੍ਹਦਾ ਸੂਰਜ ਡੁਬਿਆ
ਮੇਰੇ ਦਿਨ ਨੂੰ ਖਾ ਗਈ ਰਾਤ ।

ਮੇਰੀ ਸਾਵੀ ਕੁੱਖ ਜਨਮਾ ਚੁੱਕੀ
ਜਿਹੜੀ ਗੁਰੂ ਸਿਆਣੇ ਵੀਰ ।
ਅੱਜ ਤਪਦੀ ਭੱਠੀ ਬਣ ਗਈ
ਤੇ ਉਹਦੀ ਵੇਖ ਅਸੀਰ ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਸਾਵੀ ਕੁੱਖ ਅਖ਼ੀਰ ।
ਵਿਚ ਫੁਲਿਆਂ ਵਾਂਗੂੰ ਖਿੜ ਪਏ
ਮੇਰੇ ਸ਼ੇਰ ਜਵਾਨ ਤੇ ਪੀਰ ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਮਹਿਕਾਂ ਵੰਡਦੀ ਕੁੱਖ ।
ਅੱਜ ਮੇਰੇ ਥਣਾਂ 'ਚੋਂ ਚੁੰਘਦੇ
ਮੇਰੇ ਬਚੇ ਲਹੂ ਤੇ ਦੁੱਖ ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਸੱਤ ਸਮੁੰਦਰ ਅੱਖ ।
ਅੱਜ ਝੱਲੀ ਜਾਏ ਨਾ ਜੱਗ ਤੋਂ
ਮੇਰੀ ਸ਼ਹੀਦਾਂ ਵਾਲੀ ਦੱਖ ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਚੂੜੇ ਵਾਲੀ ਬਾਂਹ ।
ਅੱਜ ਵਿੱਚ ਸ਼ਹੀਦੀ ਝੰਡਿਆਂ
ਹੈ ਮੇਰਾ ਝੰਡਾ 'ਤਾਂਹ ।

ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਸਗਲੇ ਵਾਲਾ ਪੈਰ ।
ਅੱਜ ਵੈਰੀਆਂ ਕੱਢ ਵਿਖਾਲਿਆ
ਹੈ ਪੰਜ ਸਦੀਆਂ ਦਾ ਵੈਰ ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਦੁੱਧਾਂ ਵੰਡਦੀ ਛਾਤ ।
ਮੈਂ ਆਪਣੀ ਰੱਤ ਵਿੱਚ ਡੁੱਬ ਗਈ
ਪਰ ਬਾਹਰ ਨਾ ਮਾਰੀ ਝਾਤ ।

ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਮੱਖਣ ਜਿਹਾ ਸਰੀਰ
ਮੈਂ ਕੁੱਖ ਸੜੀ ਵਿੱਚ ਸੜ ਮਰੇ
ਮੇਰਾ ਰਾਂਝਾ ਮੇਰੀ ਹੀਰ ।

ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਡਲਕਾਂ ਮਾਰਦਾ ਰੰਗ ।
ਮੈਂ ਮਰ ਜਾਣੀ ਵਿੱਚ ਸੜ ਗਿਆ
ਅੱਜ ਮੇਰਾ ਇੱਕ ਇੱਕ ਅੰਗ ।

ਅੱਜ ਤਪਦੀ ਭੱਠੀ ਬਣ ਗਈ
ਮੇਰੇ ਵਿਹੜੇ ਦੀ ਹਰ ਇੱਟ ।

ਜਿਥੇ ਦੁਨੀਆਂ ਮੱਥਾ ਟੇਕਦੀ
ਓਹ ਬੂਟਾਂ ਛੱਡੀ ਭਿੱਟ ।

ਮੇਰੇ ਬੁਰਜ ਮੁਨਾਰੇ ਢਾਹ ਦਿੱਤੇ
ਢਾਹ ਦਿੱਤਾ ਤਖਤ ਅਕਾਲ ।
ਮੇਰਾ ਸੋਨੇ ਰੰਗ ਰੰਗ ਅੱਜ
ਮੇਰੇ ਲਹੂ ਨਾ' ਲਾਲੋ ਲਾਲ ।

ਮੇਰੀਆਂ ਖੁੱਥੀਆਂ ਟੈਂਕਾਂ ਮੀਢੀਆਂ
ਮੇਰੀ ਲੂਹੀ ਬੰਬਾਂ ਗੁੱਤ ।
ਮੇਰੇ ਕੁੱਛੜ ਅੰਨੀਆਂ ਗੋਲੀਆਂ
ਭੁੰਨ ਸੁੱਟੇ ਮੇਰੇ ਪੁੱਤ ।

ਮੇਰਾ ਚੂੜਾ ਰਾਤ ਸੁਹਾਗ ਦਾ
ਹੋਇਆ ਏਦਾਂ ਲੀਰੋ ਲੀਰ ।
ਜਿੱਦਾਂ ਕਿਰਚੀ ਕਿਰਚੀ ਹੋ ਗਈ
ਮੇਰੀ ਸ਼ੀਸ਼ੇ ਦੀ ਤਸਵੀਰ ।

ਮੇਰਾ ਸ਼ੇਰ ਬਹਾਦਰ ਸੂਰਮਾ
ਜਰਨੈਲਾਂ ਦਾ ਜਰਨੈਲ ।
ਉਸ ਮੌਤ ਵਿਆਹੀ ਹੱਸ ਕੇ
ਓਹਦੇ ਦਿਲ 'ਤੇ ਰਤਾ ਨਾ ਮੈਲ ।

ਪਰ ਕੋਈ ਨਾ ਉਹਨੂੰ ਬਹੁੜਿਆ
ਉਹਨੂੰ ਵੈਰੀਆਂ ਮਾਰਿਆ ਘੇਰ ।
ਉਂਝ ਡੱਕੇ ਰਹਿ ਗਏ ਘਰਾਂ 'ਚ
ਮੇਰੇ ਲੱਖਾਂ ਪੁੱਤਰ ਸ਼ੇਰ ।

ਸੁਣ ਰਾਹੀਆ ਕਰਮਾਂ ਵਾਲਿਆ !
ਮੈਂ ਬੇਕਰਮੀ ਦੀ ਬਾਤ ।
ਮੇਰਾ ਚੜ੍ਹਦਾ ਸੂਰਜ ਡੁਬਿਆ
ਮੇਰੇ ਦਿਨ ਨੂੰ ਖਾ ਗਈ ਰਾਤ ।

ਮੇਰੇ ਲੂੰ ਲੂੰ 'ਚੋਂ ਪਈ ਵਗਦੀ
ਭਾਵੇਂ ਲਹੂ ਦੀ ਇਕ ਇਕ ਨਹਿਰ ।
ਮੈਂ ਅਜੇ ਜਿਉਂਦੀ ਜਾਗਦੀ
ਮੈਂ ਝੱਲ ਗਈ ਸਾਰਾ ਕਹਿਰ ।

ਮੈਂ ਮਰ ਨਹੀਂ ਸਕਦੀ ਕਦੇ ਵੀ
ਭਾਵੇਂ ਵੱਢਣ ਅੱਠੇ ਪਹਿਰ ।
ਭਾਵੇਂ ਦੇਣ ਤਸੀਹੇ ਰੱਜ ਕੇ
ਭਾਵੇਂ ਰੱਜ ਪਿਆਲਣ ਜ਼ਹਿਰ ।

ਮੇਰੇ ਪੁੱਤਰ ਸਾਗਰ ਜ਼ੋਰ ਦਾ
ਹਰ ਹਰ ਬਾਂਹ ਇਕ ਇਕ ਲਹਿਰ ।
ਮੇਰੇ ਪੁੱਤਰ ਪਿੰਡੋ ਪਿੰਡ ਨੇ
ਮੇਰੇ ਪੁੱਤਰ ਸ਼ਹਿਰੋ ਸ਼ਹਿਰ ।

ਮੇਰੀ ਉਮਰ ਕਿਤਾਬ ਦਾ ਵੇਖ ਲੈ
ਤੂੰ ਹਰ ਹਰ ਵਰਕਾ ਪੜ੍ਹ ।
ਜਦੋਂ ਭਾਰੀ ਬਣੀ ਹੈ ਮਾਂ 'ਤੇ
ਮੇਰੇ ਪੁੱਤਰ ਆਏ ਚੜ੍ਹ ।

ਪੜ੍ਹ ! ਕਿੰਨੀ ਵਾਰੀ ਮਾਂ ਤੋਂ
ਉਨਾਂ ਵਾਰੀ ਆਪਣੀ ਜਾਨ ।
ਪੜ੍ਹ ! ਕਿਸ ਦਿਨ ਆਪਣੀ ਮਾਂ ਦਾ
ਉਨਾਂ ਨਹੀਂ ਸੀ ਰੱਖਿਆ ਮਾਣ ।

ਸੁਣ ਰਾਹੀਆ ਰਾਹੇ ਜਾਂਦਿਆ !
ਤੂੰ ਲਿਖ ਰੱਖੀਂ ਇਹ ਬਾਤ ।
ਮੇਰਾ ਡੁੱਬਿਆ ਸੂਰਜ ਚੜ੍ਹੇਗਾ
ਓੜਕ ਮੁੱਕੇਗੀ ਇਹ ਰਾਤ ।.

# ਫੌਜਾਂ ਕੌਣ ਦੇਸ ਤੋਂ ਆਈਆਂ

**- ਡਾ. ਹਰਿਭਜਨ ਸਿੰਘ**

(1)
ਫੌਜਾਂ ਕੌਣ ਦੇਸ ਤੋਂ ਆਈਆਂ ?
ਕਿਹੜੇ ਦੇਸ ਤੋਂ ਕਹਿਰ ਲਿਆਈਆਂ,
ਕਿੱਥੋਂ ਜ਼ਹਿਰ ਲਿਆਈਆਂ
ਕਿਸ ਫਨੀਅਰ ਦੀ ਫੂਕ ਕਿ
ਜਿਸ ਨੇ ਪੱਕੀਆਂ ਕੰਧਾਂ ਢਾਹੀਆਂ

ਸੱਚ ਸਰੋਵਰ ਡੱਸਿਆ
ਅੱਗਾਂ ਪੱਥਰਾਂ ਵਿਚ ਲਾਈਆਂ
ਹਰਿ ਕੇ ਮੰਦਰ ਵਿਹੁ ਦੀਆਂ ਨਦੀਆਂ
ਬੁੱਕਾਂ ਭਰ ਵਰਤਾਈਆਂ
ਫੌਜਾਂ ਕੌਣ ਦੇਸ ਤੋਂ ਆਈਆਂ ?

(2)
ਸਿਮਰਨ ਬਾਝੋਂ ਜਾਪ ਰਿਹਾ ਸੀ
ਅਹਿਲੇ ਜਨਮ ਗਵਾਇਆ
ਕਰ ਮਤਾ ਹੈ ਆਖਰ ਉਮਰੇ
ਇਸ ਕਾਫਰ ਰੱਬ ਨੂੰ ਧਿਆਇਆ।

ਦਿੱਲੀ ਨੇ ਜਦ ਅੰਮ੍ਰਿਤਸਰ 'ਤੇ
ਜਮ ਕਰ ਮੁਗਲ ਚੜ੍ਹਾਇਆ
ਹੈਵਰ ਗੈਵਰ ਤੋਂ ਵੀ ਤਕੜਾ
ਜਦ ਲੌਹੇਯਾਨ ਦੁੜਾਇਆ
ਮੈਂ ਰੱਬ ਨੂੰ ਬਹੁਤ ਧਿਆਇਆ।

ਫੌਜਾਂ ਨੇ ਜਦ ਸੋਨਕਲਸ਼ 'ਤੇ
ਤੁਪਕ ਤਾਨ ਚਲਾਇਆ
ਖਖੜੀ ਖਖੜੀ ਹੋ ਕੇ ਡਿੱਗਾ
ਜਦ ਮੇਰੇ ਸਿਰ ਦਾ ਸਾਇਆ
ਮੈਂ ਰੱਬ ਨੂੰ ਬਹੁਤ ਧਿਆਇਆ।

ਸੱਚ ਤਖਤ ਜਿਨੇ ਢਾਇਆ ਸੀ
ਉਸੇ ਜਦੋਂ ਬਣਾਇਆ
ਤਾਂ ਅਪਰਾਧੀ ਦੂਣਾ ਨਿਵਦਾ
ਮੈਨੂੰ ਨਜ਼ਰੀਂ ਆਇਆ
ਮੈਂ ਰੱਬ ਨੂੰ ਬਹੁਤ ਧਿਆਇਆ।

ਸਤਿਗੁਰ ਇਹ ਕੀ ਕਲਾ ਵਿਖਾਈ।
ਤੂੰ ਕੀ ਭਾਣਾ ਵਰਤਾਇਆ
ਮੈਂ ਪਾਪੀ ਦੀ ਸੋਧ ਲਈ ਤੂੰ
ਆਪਣਾ ਘਰ ਢਠਾਇਆ
ਮੈਂ ਰੱਬ ਨੂੰ ਬਹੁਤ ਧਿਆਇਆ।

(3)
ਸ਼ਾਮ ਪਈ ਤਾਂ ਸਤਿਗੁਰ ਬੈਠੇ
ਇਕੋ ਦੀਵਾ ਬਾਲ ਕੇ
ਪ੍ਰਕਰਮਾ 'ਚੋਂ ਜਖ਼ਮ ਬੁਲਾ ਲਏ
ਸੁੱਤੇ ਹੋਏ ਉਠਾਲ ਕੇ

ਜ਼ਹਿਰੀ ਰਾਤ ਗਜ਼ਬ ਦੀ ਕਾਲੀ
ਕਿਤੇ ਕਿਤੇ ਕੋਈ ਤਾਰਾ ਸੀ
ਭਿੰਨੜੇ ਬੋਲ ਗੁਰੂ ਜੀ ਬੋਲੇ
ਚਾਨਣ ਵਿਚ ਨੁਹਾਲ ਕੇ

ਅੱਜ ਦੀ ਰਾਤ ਕਿਸੇ ਨਹੀਂ ਸੌਣਾ
ਹਾਲੇ ਦੂਰ ਸ਼ਹੀਦੀ ਹੈ
ਅਜੇ ਤਾਂ ਸੂਰਜ ਰੌਸ਼ਨ ਕਰਨਾ
ਆਪਣੇ ਹੱਥੀਂ ਬਾਲ ਕੇ

ਨਾ ਕੋ ਬੈਰੀ ਨਾਹਿ ਬੇਗਾਨਾ
ਸਤਿਗੁਰ ਦਾ ਸਭ ਸਦਕਾ ਹੈ
(ਪਰ) ਵੇਖੋ ਜਾਬਰ ਲੈ ਨਾ ਜਾਏ
ਪਰ-ਪਰਤੀਤ ਉਧਾਲ ਕੇ

# ਧੁਖ਼ਦਾ ਜੰਗਲ



**- ਸੁਰਜੀਤ ਪਾਤਰ**

**ਸ਼ੂਕ ਰਹੇ ਜੰਗਲ ਨੂੰ ਕੀਕਣ ਚੁੱਪ ਕਰਾਵਾਂ ਮੈਂ**
**'ਕੱਲੇ 'ਕੱਲੇ ਰੁੱਖ ਨੂੰ ਜਾ ਕੇ ਕੀ ਸਮਝਾਵਾਂ ਮੈਂ**

ਜੰਗਲ ਜਿਹੜਾ ਹਰ ਮੌਸਮ ਦੇ ਕਹਿਰ ਨਾਲ ਲੜਦਾ ਸੀ
ਜੰਗਲ ਜਿਹੜਾ ਹਰ ਆਫ਼ਤ ਦੇ ਰਾਹ ਵਿਚ ਅੜਦਾ ਸੀ
ਜੰਗਲ ਜਿਸ 'ਚੋਂ ਹਰ ਕੋਈ ਅਪਣੀ ਪੌੜੀ ਘੜਦਾ ਸੀ
ਜੰਗਲ ਜਿਹੜਾ ਬਾਲਣ ਬਣ ਕੇ ਘਰ ਘਰ ਸੜਦਾ ਸੀ
ਉਸ ਵਿਚ ਫ਼ੈਲੀ ਅੱਗ ਤਾਂ ਕਿਸ ਦੇ ਜ਼ਿੰਮੇ ਲਾਵਾਂ ਮੈਂ
ਉਹ ਜੰਗਲ ਜੋ ਖ਼ੁਸ਼ਬੋਆਂ ਦਾ ਢੋਆ ਵੰਡਦਾ ਸੀ
ਉਹ ਜੰਗਲ ਜੋ ਫੁੱਲਾਂ ਦੇ ਸੰਗ ਹਰ ਰੁੱਤ ਰੰਗਦਾ ਸੀ
ਉਹ ਜੰਗਲ ਜੋ ਸਿਰ 'ਤੇ ਕਲਗੀ ਕੋਂਪਲ ਟੰਗਦਾ ਸੀ
ਮੰਗਦਾ ਸੀ ਤਾਂ ਕੇਵਲ ਅਪਣਾ ਪਾਣੀ ਮੰਗਦਾ ਸੀ
ਅੱਗ ਦੀ ਵਾਛੜ ਨੂੰ ਪਾਣੀ ਕਿੰਜ ਬਣਾਵਾਂ ਮੈਂ
ਜਦ ਜੰਗਲ ਨੇ ਸ਼ਹਿਰ ਤੇਰੇ ਦੀਆਂ ਜੇਲਾਂ ਭਰੀਆਂ ਸਨ
ਤਦ ਜੰਗਲ ਤੋਂ ਮਹਿਲ ਤੇਰੇ ਦੀਆਂ ਕੰਧਾਂ ਡਰੀਆਂ ਸਨ
ਤੂੰ ਜੰਗਲ ਨੂੰ ਕੋਲ ਬਿਠਾ ਫਿਰ ਗੱਲਾਂ ਕਰੀਆਂ ਸਨ
ਕੌਣ ਸੀ ਜਿਸਦੀਆਂ ਗੱਲਾਂ ਕਸਵੱਟੀ ਤੋਂ ਡਰੀਆਂ ਸਨ
ਜੋ ਕਸਵੱਟੀਓਂ ਡਰੀਆਂ ਖ਼ਰੀਆਂ ਕਿਉਂ ਮੰਨ ਜਾਵਾਂ ਮੈਂ
ਮੰਨਿਆਂ ਮੈਂ ਜੰਗਲ ਹਾਂ ਵਸਦਾ ਵਿਚ ਜਹਾਲਤ ਦੇ
ਤੈਨੂੰ ਮਾਣ ਬਹੁਤ ਨੇ ਤਰਕ ਦਲੀਲ ਵਕਾਲਤ ਦੇ
ਮੈਂ ਜਿਸ ਦੇ ਕਾਬਲ ਹਾਂ ਮੈਨੂੰ ਓਹੀ ਜ਼ਲਾਲਤ ਦੇ
ਜੰਗਲ ਕਹਿੰਦਾ ਮਸਲਾ ਲੈ ਚਲ ਵਿਚ ਅਦਾਲਤ ਦੇ
ਇਹ ਵੀ ਨਾ-ਮਨਜ਼ੂਰ ਤਾਂ ਕਿਹੜਾ ਦਰ ਖੜਕਾਵਾਂ ਮੈਂ
ਤੇਰੀ ਚੁੱਪ ਨੇ ਜੰਗਲਾਂ ਨੂੰ ਉਹ ਤਲਖ਼ ਫਿਜ਼ਾ ਦਿੱਤੀ
ਜੰਗਲ ਵਿਚੋਂ ਕੰਡਿਆਂ ਦੀ ਇਕ ਝਿੜੀ ਉਗਾ ਦਿੱਤੀ
ਕੰਡੇ ਕੰਡੇ ਕਹਿ ਕੇ ਤੂੰ ਫਿਰ ਰੌਲੀ ਪਾ ਦਿੱਤੀ
ਕੁਝ ਕੰਡਿਆਂ ਵਿਚ ਕੁਲ ਜੰਗਲ ਦੀ ਗੱਲ ਉਲਝਾ ਦਿੱਤੀ
ਜੇ ਤੂੰ ਖੁਦ ਉਲਝਾਉਣੀ ਚਾਹਵੇਂ ਕਿੰਜ ਸੁਲਝਾਵਾਂ ਮੈਂ
ਤੈਨੂੰ ਤਾਂ ਜੰਗਲ ਦੀ ਗੱਲ ਉਲਝਾਉਣ 'ਚ ਫਾਇਦਾ ਸੀ
ਜੰਗਲ ਦੇ ਵਿਚ ਕੰਡੇ ਹੋਰ ਉਗਾਉਣ 'ਚ ਫਾਇਦਾ ਸੀ
ਇਸ ਜੰਗਲ ਨੂੰ ਜੰਗਲ ਹੋਰ ਬਣਾਉਣ 'ਚ ਫਾਇਦਾ ਸੀ
ਤੇ ਫਿਰ ਉਚੇ ਚੜ ਕੇ ਰੌਲਾ ਪਾਉਣ 'ਚ ਫਾਇਦਾ ਸੀ
ਦੇਖੋ ! ਦੇਖੋ !! ਇਕ ਭਿਆਨਕ ਵਣ ਦਿਖਲਾਵਾਂ ਮੈਂ
ਹੋਰ ਕੋਈ ਜਦ ਰਾਹ ਜੰਗਲ ਨੂੰ ਰਾਸ ਨਾ ਆਇਆ ਸੀ
ਕੁਝ ਰੁੱਖਾਂ ਨੇ ਜਿਸ ਦਹਿਸ਼ਤ ਦਾ ਰਾਹ ਅਪਣਾਇਆ ਸੀ
ਤੇ ਜਿਸਦਾ ਜੰਗਲ ਨੂੰ ਮਿਹਣਾ ਮੁੜ ਮੁੜ ਆਇਆ ਸੀ
ਇਉਂ ਤੂੰ ਆਪੇ ਹੀ ਉਸ ਰਾਹ ਨੂੰ ਪੀਰ ਬਣਾਇਆ ਸੀ
ਤੂੰ ਕਿਉਂ ਗੁੱਸੇ ਹੁਣ ਜਦ ਓਹੀ ਪੀਰ ਧਿਆਵਾਂ ਮੈਂ
ਉਹ ਜੋ ਇਸ ਜੰਗਲ ਦੇ ਪਹਿਰੇਦਾਰ ਕਹਾਉਂਦੇ ਸਨ
ਉਹ ਸ਼ਾਇਦ ਇਸ ਰਸਤੇ ਨੂੰ ਬਦਲਾਉਣਾ ਚਾਹੁੰਦੇ ਸਨ
ਡਰਦੇ ਸਨ ਬੇਚਾਰੇ ਡਰਦੇ ਹੱਥ ਨਾ ਪਾਉਂਦੇ ਸਨ
ਉਹ ਗੱਲ ਵੱਖਰੀ ਨਿਰਭਇਤਾ ਦੇ ਸ਼ਬਦ ਸਿਖਾਉਂਦੇ ਸਨ
ਸਬਕ ਉਨਾਂ ਦੇ ਉਨਾਂ ਅੱਗੇ ਕੀ ਦੁਹਰਾਵਾਂ ਮੈਂ
ਇਸ ਮਨ ਚਾਹੀ ਸਿਖਰ ਤੇ ਜਦ ਤੂੰ ਖੇਲ ਪੁਚਾ ਦਿੱਤਾ
ਦਹਿਸ਼ਤ ਤਾਈਂ ਸਾਰੇ ਜੰਗਲ ਦੇ ਸਿਰ ਪਾ ਦਿੱਤਾ
ਅੱਧੇ ਜੰਗਲ ਨੂੰ ਅੱਧੇ ਦੇ ਨਾਲ ਲੜਾ ਦਿੱਤਾ
ਫਿਰ ਤੋਪਾਂ ਦਾ ਮੂੰਹ ਜੰਗਲ ਦੇ ਵੱਲ ਭੁਆ ਦਿੱਤਾ
ਤੋਪਾਂ ਅੱਗੇ ਕਿੰਜ ਅਮਨ ਦਾ ਗੀਤ ਸੁਣਾਵਾਂ ਮੈਂ
ਵੱਡਾ ਜੰਗਲ ਇਸ ਛੋਟੇ ਨੂੰ ਵੇਖਣ ਆਇਆ ਏ
ਇਸ ਧੁਖ਼ਦੇ ਨੂੰ ਧੂਣੀ ਵਾਂਗੂੰ ਸੇਕਣ ਆਇਆ ਏ
ਖੌਫ਼ਨਾਕ ਦਾ ਇਸ ਨੂੰ ਦੇਣ ਵਿਸ਼ੇਸ਼ਣ ਆਇਆ ਏ
ਤੇਰੀ ਵਡਿਆਈ ਨੂੰ ਮੱਥਾ ਟੇਕਣ ਆਇਆ ਏ
ਜੰਗਲ ਨੂੰ ਜੰਗ ਦਾ ਮਹਿਰਮ ਕਿੰਜ ਬਣਾਵਾਂ ਮੈਂ
ਬੂਟਾ ਬੂਟਾ ਇਸ ਜੰਗਲ ਵਿਚ ਰਲ ਵੀ ਸਕਦਾ ਹੈ
ਇਹ ਜੰਗਲ ਜੋ ਧੁਖ਼ਦਾ ਹੈ ਇਹ ਬਲ ਵੀ ਸਕਦਾ ਹੈ
ਬਲਦਾ ਬਲਦਾ ਮਹਿਲਾਂ ਵੱਲ ਨੂੰ ਚਲ ਵੀ ਸਕਦਾ ਹੈ
ਹਾਂ ਸ਼ਾਇਦ ਇਹ ਸਭ ਕੁਝ ਹੋਣੋਂ ਟਲ ਵੀ ਸਕਦਾ ਹੈ
ਐਪਰ ਕਿੱਥੋਂ ਲੈ ਆਵਾਂ ਘਨਘੋਰ ਘਟਾਵਾਂ ਮੈਂ
ਸ਼ੂਕ ਰਹੇ ਜੰਗਲ ਨੂੰ ਕੀਕਣ ਚੁੱਪ ਕਰਾਵਾਂ ਮੈਂ
'ਕੱਲੇ 'ਕੱਲੇ ਰੁੱਖ ਨੂੰ ਜਾ ਕੇ ਕੀ ਸਮਝਾਵਾਂ ਮੈਂ

## ਦੱਰਿਆਂ ਤੇ ਦਰਿਆਵਾਂ ਸੰਗ - 7

# ਤੰਗਲੰਗ ਦੱਰੇ 'ਤੇ ਕੁਦਰਤ ਦੇ ਦਰਸ਼ਨ



- ਪ੍ਰੀਤਮ ਰੁਪਾਲ

ਢਾਬੇ ਵਾਲੀ ਅੰਮਾਂ ਨੇ ਸਵਖਤੇ ਹੀ ਸਾਰਿਆਂ ਨੂੰ ਜਗਾ ਦਿੱਤਾ। ਉਸ ਨੇ ਮੂੰਹ ਧੋਣ ਅਤੇ ਕੁਰਲੀ ਵਗੈਰਾ ਕਰਨ ਲਈ ਗਰਮ ਪਾਣੀ ਦੇ ਦੋ ਤਿੰਨ ਜੱਗ ਭਰ ਕੇ ਰੱਖ ਦਿੱਤੇ ਅਤੇ ਨਾਲ ਹੀ ਚਾਹ ਬਣਾ ਲਈ। ਪਾਣੀ ਅਤੇ ਦੁੱਧ ਦੀ ਤਾਸੀਰ ਵਿਚ ਫ਼ਰਕ ਹੋਣ ਕਾਰਨ ਭਾਵੇਂ ਘਰ ਵਰਗੀ ਚਾਹ ਤਾਂ ਨਹੀਂ ਸੀ ਪਰ ਅੰਮਾਂ ਦਾ ਵਰਤਾਉਣ ਦਾ ਢੰਗ ਅਤੇ ਸਲੀਕਾ ਬਿਲਕੁਲ ਮਾਵਾਂ ਵਰਗਾ ਸੀ। ਸਾਰੇ ਚਾਹ ਪੀ ਕੇ ਤਿਆਰ ਹੋ ਗਏ। ਦੀਪਕ ਨੂੰ ਸਾਹ ਦੀ ਤਕਲੀਫ਼ ਹੋ ਗਈ। ਆਕਸੀਜਨ ਦੀ ਕਮੀ ਹੋਣ ਕਰਕੇ ਅਕਸਰ ਅਜਿਹੀ ਤਕਲੀਫ਼ ਹੋ ਜਾਂਦੀ ਹੈ। ਉਹ ਕਹਿਣ ਲੱਗਾ ਕਿ ਪੂਰੀ ਰਾਤ ਉਸ ਨੂੰ ਨੀਂਦ ਨਹੀਂ ਆਈ। ਗਹਿਰੀ ਨੀਂਦ ਤਾਂ ਭਾਵੇਂ ਕਿਸੇ ਨੂੰ ਵੀ ਨਹੀਂ ਆਈ ਸੀ ਪਰ ਉਹ ਕੁਝ ਜ਼ਿਆਦਾ ਤਕਲੀਫ਼ ਵਿਚ ਸੀ। ਉਸ ਨੂੰ ਮੂਧਾ ਲਿਟਾ ਕੇ ਪਿਛੋਂ ਫੇਫੜਿਆਂ 'ਤੇ ਹਲਕਾ ਦਬਾਅ ਪਾਇਆ ਅਤੇ ਬਨਾਉਟੀ ਸਾਹ ਦੇਣ ਵਾਲੀ ਕਿਰਿਆ ਮਗਰੋਂ ਉਸ ਨੂੰ ਸੁੱਖ ਦਾ ਸਾਹ ਆਉਣਾ ਸ਼ੁਰੂ ਹੋਇਆ। ਤਲਵਾੜ ਸਾਹਿਬ ਆਪਣੀ ਆਦਤ ਮੁਤਾਬਕ ਸਭ ਤੋਂ ਪਹਿਲਾਂ ਤਿਆਰ ਹੋ ਕੇ ਗਲ ਵਿਚ ਕੈਮਰਾ ਲਟਕਾ, ਟਰੈਕਿੰਗ ਕਰਦੇ ਹੋਏ ਅੱਗੇ ਨਿਕਲ ਗਏ। ਅੱਜ ਅਸੀਂ ਲੇਹ ਹੋ ਕੇ ਸ਼ਾਮ ਤੱਕ ਪੈਂਗੋਂਗ ਝੀਲ 'ਤੇ ਪੁੱਜਣਾ ਸੀ। ਸਫ਼ਰ ਲੰਮਾ ਹੋਣ ਕਰਕੇ ਛੇਤੀ ਹੀ ਚੱਲ ਪਏ। ਪਾਂਗ ਤੋਂ ਕੋਈ 65 ਕੁ ਕਿਲੋਮੀਟਰ ਦੀ ਦੂਰੀ 'ਤੇ ਦੁਨੀਆਂ ਦਾ ਦੂਜਾ ਸਭ ਤੋਂ ਉੱਚਾ ਸੜਕੀ ਦੱਰਾ ਤੰਗਲੰਗ ਲਾ ਪਾਰ ਕਰ ਕੇ ਅਸੀਂ ਉਪਸ਼ੀ ਦੇ ਸਥਾਨ 'ਤੇ ਸਿੰਧ ਘਾਟੀ ਵਿਚ ਪ੍ਰਵੇਸ਼ ਕਰਨਾ ਸੀ। ਢਾਬੇ ਦੇ ਬਿਲਕੁਲ ਨੇੜੇ ਪੈਂਦੇ ਨਾਲੇ ਦਾ ਪੁਲ ਪਾਰ ਕਰ ਕੇ ਅਸੀਂ ਸੱਜੇ ਮੁੜ ਗਏ ਅਤੇ ਅੱਗੇ ਫੌਜੀ ਕੈਂਪ ਆ ਗਿਆ। ਸੜਕ ਦੇ ਦੋਵੇਂ ਪਾਸੇ ਪੱਧਰੇ ਮੈਦਾਨ ਵਿਚ ਕੁਝ ਲੋਹੇ ਦੀਆਂ ਚਾਦਰਾਂ ਅਤੇ ਸੀਮਿੰਟ ਦੀਆਂ ਆਰਜ਼ੀ ਬੈਰਕਾਂ ਬਣੀਆਂ ਹੋਈਆਂ ਸਨ ਅਤੇ ਕਾਫ਼ੀ ਇਲਾਕੇ ਵਿਚ ਤੰਬੂ ਲੱਗੇ ਹੋਏ ਸਨ। ਢਾਬੇ ਖੁੱਲਣ ਤੋਂ ਪਹਿਲਾਂ ਸੈਲਾਨੀ ਇਹਨਾਂ ਫੌਜੀ ਕੈਂਪਾਂ ਵਿਚ ਹੀ ਠਹਿਰਦੇ ਸਨ। ਹੁਣ ਵੀ ਫੌਜੀ ਜਵਾਨ ਸੈਲਾਨੀਆਂ ਦੀ ਹਰ ਮਦਦ ਲਈ ਤਿਆਰ ਰਹਿੰਦੇ ਹਨ। ਸਾਨੂੰ ਦੱਸਿਆ ਗਿਆ ਸੀ ਕਿ ਇਸ ਸਥਾਨ 'ਤੇ ਵੀ ਗੱਡੀਆਂ ਦੀ ਐਂਟਰੀ ਹੁੰਦੀ ਹੈ ਪਰ ਇਥੇ ਅਜਿਹਾ ਕੁਝ ਨਹੀਂ ਹੋਇਆ। ਫੌਜੀਆਂ ਵਲੋਂ ਬੈਰੀਅਰ ਜ਼ਰੂਰ ਲਾਇਆ ਹੋਇਆ ਸੀ ਜੋ ਸਾਡੀਆਂ ਜੀਪਾਂ ਵੇਖਦਿਆਂ ਹੀ ਖੋਲ ਦਿੱਤਾ ਗਿਆ। ਸੰਤਰੀ ਨੇ ਦੱਸਿਆ ਕਿ ਇਥੇ ਸਿਰਫ਼ ਵਿਦੇਸ਼ੀ ਸੈਲਾਨੀਆਂ ਦੇ ਪਾਸਪੋਰਟ ਵਗੈਰਾ ਦੀ ਐਂਟਰੀ ਹੁੰਦੀ ਹੈ, ਦੇਸੀਆਂ ਦੀ ਨਹੀਂ। ਫੌਜੀ ਕੈਂਪ ਲੰਘ ਕੇ ਅਸੀਂ ਚੌੜੀ ਵਾਦੀ ਵਿਚ ਦਾਖਲ ਹੋ ਗਏ। ਦੋਵੇਂ ਪਾਸੇ ਦੂਰ ਦੂਰ ਰੇਤਲੇ ਟਿੱਬਿਆਂ ਵਰਗੇ ਕੱਚੇ ਪਹਾੜ ਨਜ਼ਰ ਆ ਰਹੇ ਸਨ। ਸਾਰਾ ਆਲਾ ਦੁਆਲਾ ਰੇਗਿਸਤਾਨ ਵਾਂਗ ਲੱਗਦਾ ਸੀ। ਰੇਤਲੀ ਵਾਦੀ ਵਿਚ ਕਿਤੇ ਕਿਤੇ ਕੋਈ ਝਾੜੀ ਜਾਂ ਘਾਹ ਦੀ ਤਿੜ ਵਿਖਾਈ ਦਿੰਦੀ ਸੀ। ਸੜਕ ਪੱਧਰੀ ਹੋਣ ਕਰਕੇ ਗੱਡੀਆਂ ਪੂਰੀ ਰਫ਼ਤਾਰ ਨਾਲ ਦੌੜ ਰਹੀਆਂ ਸਨ। ਨਾ ਕੋਈ ਜਾਨਵਰ, ਨਾ ਪੰਛੀ ਤੇ ਨਾ ਹੀ ਬਨਸਪਤੀ। ਫਿਰ ਵੀ ਇਸ ਧਰਤੀ ਦੀ ਆਪਣੀ ਖੂਬਸੂਰਤੀ ਸੀ। ਸਾਹਮਣੇ ਜ਼ਾਂਸਕਰ ਪਰਬਤ ਲੜੀ (ਰੇਂਜ) ਵਿਖਾਈ ਦੇ ਰਹੀ ਸੀ। ਪਹਾੜੀ ਦੀਆਂ ਟੀਸੀਆਂ 'ਤੇ ਬਰਫ਼ ਚਮਕ ਰਹੀ ਸੀ। ਅੱਗੇ ਜਾ ਕੇ ਇਹ ਰੇਤਲੀ ਵਾਦੀ ਤੰਗ ਹੋਣੀ ਸ਼ੁਰੂ ਹੋ ਗਈ ਅਤੇ ਸੜਕ ਸੱਜੇ ਪਾਸੇ ਵਾਲੀ ਪਹਾੜੀ ਵੱਲ ਮੁੜ ਗਈ ਜਿਥੋਂ ਫਿਰ ਚੜਾਈ ਸ਼ੁਰੂ ਹੋ ਗਈ ਸੀ। ਤੰਗਲੰਗ ਲਾ ਤੱਕ ਪਹੁੰਚਦਿਆਂ ਸੂਰਜ ਕਾਫ਼ੀ ਚੜ ਆਇਆ ਸੀ ਅਤੇ ਧੁੱਪ ਬੜੀ ਚੰਗੀ ਲੱਗ ਰਹੀ ਸੀ। ਸਮੁੰਦਰੀ ਤਲ ਤੋਂ 17582 ਫੁੱਟ ਦੀ ਉਚਾਈ ਵਾਲਾ ਇਹ ਦੱਰਾ ਦੁਨੀਆਂ ਦਾ ਦੂਜਾ ਸਭ ਤੋਂ ਉੱਚਾ ਸੜਕੀ ਦੱਰਾ ਹੈ। ਦੁਨੀਆਂ ਦਾ ਸਭ ਤੋਂ ਉੱਚਾ ਸੜਕੀ (ਮੋਟਰੇਬਲ) ਦੱਰਾ ਖਰਦੁੰਗ ਲਾ ਹੈ, ਜੋ ਲੇਹ ਤੋਂ ਥੋੜਾ ਅੱਗੇ ਲੱਦਾਖ ਰੇਂਜ ਵਿਚ ਪੈਂਦਾ ਹੈ, ਜਿਸ ਦੀ ਉਚਾਈ 18300 ਫੁੱਟ ਹੈ। ਤੰਗਲੰਗ ਦੱਰੇ ਤੇ ਗਰੇਫ਼ ਵਾਲਿਆਂ ਦੀ ਇਕ ਛੋਟਾ ਟਰੱਕ ਅਤੇ ਬਰਫ਼ ਕੱਟਣ ਵਾਲੀ ਮਸ਼ੀਨ ਖੜੀ ਸੀ। ਇਥੇ ਠੰਢ ਤੋਂ ਬਚਣ ਲਈ ਭਾਫ਼ ਦੇਣ ਵਾਲੇ ਸਟੀਮ ਚੈਂਬਰ ਵੀ ਬਣੇ ਹੋਏ ਸਨ। ਦੱਰੇ ਉਪਰ ਸੜਕ ਦੇ ਆਸੇ ਪਾਸੇ ਬਰਫ਼ ਪਈ ਹੋਈ ਸੀ। ਅਸੀਂ ਇਥੇ ਰੁਕ ਕੇ ਤਸਵੀਰਾਂ ਖਿੱਚੀਆਂ। ਤੰਗਲੰਗ ਲਾ ਤੋਂ ਲੇਹ 111



ਕਿਲੋਮੀਟਰ ਸੀ ਅਤੇ ਅਸੀਂ ਮਨਾਲੀ 364 ਕਿਲੋਮੀਟਰ ਤੇ ਚੰਡੀਗੜ੍ਹ673 ਕਿਲੋਮੀਟਰ ਪਿਛੇ ਛੱਡ ਆਏ ਸਾਂ। ਇਸ ਦੱਰੇ ਤੋਂ ਜ਼ਾਂਸਕਰ ਰੇਂਜ ਦੀ ਸਤੋਕ ਖਾਂਗੜੀ ਅਤੇ ਕੌਂਗਲਾਚਾ ਚੋਟੀਆਂ ਨਜ਼ਰ ਆ ਰਹੀਆਂ ਸਨ। ਇਹ ਚੋਟੀਆਂ ਪਰਬਤਾਰੋਹਣ ਲਈ ਕਾਫ਼ੀ ਮਕਬੂਲ ਹਨ। ਦੱਰੇ 'ਤੇ ਪੰਦਰਾ ਵੀਹ ਮਿੰਟ ਰੁਕਣ ਮਗਰੋਂ ਅਸੀਂ ਲੇਹ ਲਈ ਚੱਲ ਪਏ। ਅੱਗੇ ਭਾਵੇਂ ਉਤਰਾਈ ਸੀ ਪਰ ਕੱਚੀਆਂ ਪਹਾੜੀਆਂ ਉਪਰ ਬਰਫ਼ ਪਿਘਲਣ ਕਾਰਨ ਸੜਕ 'ਤੇ ਚਿੱਕੜ ਬਣਿਆ ਹੋਇਆ ਸੀ ਜਿਸ ਕਾਰਨ ਬਹੁਤ ਸਾਵਧਾਨੀ ਨਾਲ ਚੱਲ ਰਹੇ ਸਾਂ। ਥੋੜਾ ਹੀ ਅੱਗੇ ਗਏ ਸਾਂ, ਸੜਕ ਉਪਰ ਲੱਦਾਖੀਆਂ ਦੀ ਇਕ ਪ੍ਰਾਈਵੇਟ ਬਸ ਖੜੀ ਮਿਲੀ। ਉਹਨਾਂ ਨੇ ਬਸ ਇਸ ਤਰਾਂ ਖੜੀ ਕੀਤੀ ਹੋਈ ਸੀ ਕਿ ਅੱਗੇ ਲੰਘਣ ਲਈ ਰਸਤਾ ਨਹੀਂ ਸੀ। ਜਦੋਂ ਬਸ ਖੜੀ ਹੋਣ ਦਾ ਕਾਰਨ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਸਾਡਾ ਤੇਲ ਖ਼ਤਮ ਹੋ ਗਿਆ ਹੈ। ਉਹਨਾਂ ਕਿਹਾ ਕਿ ਸਾਨੂੰ ਤੇਲ ਦੇ ਦਿਉ ਫਿਰ ਰਸਤਾ ਖੁੱਲੇਗਾ। ਅਸੀਂ ਆਪਣਾ ਵਾਧੂ ਤੇਲ ਪਾਂਗ ਵਿਚ ਹੀ ਗੱਡੀਆਂ ਵਿਚ ਪਾ ਲਿਆ ਸੀ। ਇੰਨੇ ਸਾਡੇ ਭਾਗੀਂ ਪਿਛੋਂ ਟੂਰਿਸਟ ਕੰਪਨੀ ਦੀ ਇਕ ਸੂਮੋ ਜੀਪ ਆ ਗਈ। ਉਹਨਾਂ ਕੋਲ ਤੇਲ ਦੀ ਵਾਧੂ ਢੋਲੀ (ਜੇਰੀਕੇਨ) ਸੀ। ਉਹਨਾਂ ਨੇ ਲੱਦਾਖੀਆਂ ਨੂੰ ਤੇਲ ਦੇ ਦਿੱਤਾ। ਸੂਮੋ ਦੇ ਡਰਾਈਵਰ ਨੇ ਦੱਸਿਆ ਕਿ ਇਹ ਲੋਕ ਜਾਣ ਬੁੱਝ ਕੇ ਸੜਕ ਬੰਦ ਕਰ ਲੈਂਦੇ ਨੇ ਤਾਂ ਜੋ ਪਿਛੋਂ ਆਉਣ ਵਾਲੀਆਂ ਗੱਡੀਆਂ ਨੂੰ ਤੇਲ ਦੇਣ ਲਈ ਮਜਬੂਰ ਹੋਣਾ ਪਵੇ। ਬਸ ਵਾਲਿਆਂ ਦੀ ਇਸ ਹਰਕਤ 'ਤੇ ਬਹੁਤ ਗੁੱਸਾ ਆ ਰਿਹਾ ਸੀ ਪਰ ਪਰਾਏ ਇਲਾਕੇ ਵਿਚ ਹੋਣ ਕਰਕੇ ਉਹਨਾਂ ਦਾ ਕੁਝ ਨਹੀਂ ਸੀ ਵਿਗਾੜ ਸਕਦੇ। ਫਿਰ ਹੇਠਾਂ ਵੱਲ ਨੂੰ ਸੜਕ ਦੀ ਘੁੰਮਣ ਘੇਰੀ ਸ਼ੁਰੂ ਹੋ ਗਈ। ਕਿਤੇ ਕਿਤੇ ਸੜਕ ਦੇ ਨਾਲ ਗਹਿਰੀ ਖੱਡ ਆ ਜਾਂਦੀ, ਅਮੂਮਨ ਇਹ ਪਹਾੜੀਆਂ ਚਪਟੀਆਂ ਜਿਹੀਆਂ ਹੀ ਸਨ। ਕਈ ਥਾਈਂ ਪਠਾਰ ਵਰਗੀ ਭੂਗੋਲਿਕ ਸਥਿਤੀ ਆ ਜਾਂਦੀ। ਟਰੱਕਾਂ ਵਾਲਿਆਂ ਵਲੋਂ ਸਫ਼ਰ ਘਟਾਉਣ ਲਈ ਬਣਾਏ ਗਏ ਕੱਚੇ ਰਸਤੇ ਵੀ ਸਾਫ਼ ਨਜ਼ਰ ਆਉਂਦੇ। ਕਈ ਥਾਈਂ ਟਰੱਕ ਤੇ ਤੇਲ ਟੈਂਕਰ ਉਲਟੇ ਵੀ ਪਏ ਸਨ। ਜ਼ਾਂਸਕਰ ਰੇਂਜ ਦਾ ਇਹ ਇਲਾਕਾ ਭੂਗੋਲਿਕ ਦ੍ਰਿਸ਼ਟੀ ਤੋਂ ਬਹੁਤ ਹੀ ਵਿਲੱਖਣ ਹੈ। ਇਥੇ ਰੇਤਲੀਆਂ ਪਹਾੜੀਆਂ ਵਿਚ ਸਮੁੰਦਰੀ ਤਲ ਤੋਂ ਬਹੁਤ ਹੀ ਉਚਾਈ 'ਤੇ ਖੁੱਲੀਆਂ ਵਾਦੀਆਂ ਹਨ ਜਿਸ ਨੂੰ ਠੰਢੇ ਮਾਰੂਥਲ ਦਾ ਨਾਂ ਵੀ ਦਿੱਤਾ ਜਾਂਦਾ ਹੈ। ਜ਼ਾਂਸਕਰ ਦਾ ਪਰਬਤੀ ਸਿਲਸਿਲਾ ਵੀ ਬਹੁਤ ਹੀ ਵਿਕੋਲਿਤਰਾ ਹੈ। ਇਸ ਲੰਮੀ ਪਰਬਤ ਲੜੀ ਵਿਚ ਕਈ ਛੋਟੀਆਂ ਉਪ-ਧਾਰਾਂ ਵੀ ਹਨ। ਤੰਗਲੰਗ ਦੱਰੇ ਦੇ ਐਨ ਪੂਰਬ ਵੱਲ ਪੈਂਦੀ ਪੁੱਗਾ ਵਾਦੀ ਵਿਚ ਤਿੰਨ ਝੀਲਾਂ ਹਨ। ਇਹਨਾਂ ਝੀਲਾਂ ਤੱਕ ਪਹੁੰਚਣ ਲਈ ਤੰਗਲੰਗਾ ਦੱਰੇ ਦੇ ਨੇੜਿਓਂ ਸੱਜੇ ਪਾਸੇ ਇਕ ਰਸਤਾ ਜਾਂਦਾ ਹੈ ਜੋ ਬਹੁਤ ਉਬੜ ਖਾਬੜ ਅਤੇ ਜ਼ੋਖ਼ਮ ਵਾਲਾ ਰਾਹ ਹੈ ਅਤੇ ਇਹ ਅੱਗੇ ਦੋ ਨਿੱਕੀਆਂ ਝੀਲਾਂ, ਸਾਰਸਾਪੁਕ ਸੋ (ਤਾਜ਼ੇ ਪਾਣੀ ਦੀ ਝੀਲ) ਅਤੇ ਸੋ-ਕਾਰ (ਖਾਰੇ ਪਾਣੀ ਦੀ ਝੀਲ) ਦੇ ਵਿਚਕਾਰੋਂ ਗੁਜ਼ਰਦਾ ਹੈ ਅਤੇ ਅੱਗੇ ਮੋਰੀਰੀ ਸੋ (ਝੀਲ) ਆਉਂਦੀ ਹੈ। ਇਸ ਵਾਦੀ ਵਿਚ ਪੁੱਗਾ ਅਤੇ ਕਾਰਜ਼ੋਕ ਬੋਧੀ ਪਿੰਡ ਹਨ। ਕਾਰਜ਼ੋਕ, ਜੋ 15000 ਫੁੱਟ ਦੀ ਉਚਾਈ 'ਤੇ ਸਥਿਤ ਹੈ, ਵਿਖੇ ਗੋਂਪਾ (ਬੋਧੀ ਮੰਦਰ) ਵੀ ਬਣਿਆ ਹੋਇਆ ਹੈ। ਇਹਨਾਂ ਪਿੰਡਾਂ ਦੀ ਆਬਾਦੀ ਬਹੁਤ ਘੱਟ ਹੈ। ਅਸਲ ਵਿਚ ਇਸ ਵਾਦੀ ਨੂੰ ਚਾਂਗ ਪਾ ਖਾਨਾ ਬਦੋਸ਼ਾਂ ਦੇ ਇਲਾਕੇ ਵਜੋਂ ਜਾਣਿਆ ਜਾਂਦਾ ਹੈ ਜੋ ਆਪਣੀਆਂ ਭੇਡਾਂ ਬੱਕਰੀਆਂ ਅਤੇ ਹੋਰ ਜਾਨਵਰ ਲੈ ਕੇ ਘੁੰਮਦੇ ਰਹਿੰਦੇ ਹਨ ਅਤੇ ਜਿਥੇ ਪਹਿਲਾਂ ਬਰਫ਼ ਪਿਘਲਣੀ ਸ਼ੁਰੂ ਹੋ ਜਾਂਦੀ ਹੈ ਉਥੇ ਹੀ ਉਹ ਚਰਾਗਾਹ 'ਤੇ ਆਪਣਾ ਡੇਰਾ ਜਮਾ ਲੈਂਦੇ ਹਨ। ਇਸ ਇਲਾਕੇ ਨੂੰ ਰੁਪਸ਼ੂ ਵੀ ਕਹਿੰਦੇ ਹਨ। ਇਥੇ ਕਯਾਂਗ ਨਾਂ ਦਾ ਇਕ ਜੰਗਲੀ ਜਾਨਵਰ ਵੀ ਵੇਖਿਆ ਜਾ ਸਕਦਾ ਹੈ। ਇਹ ਖੋਤੇ ਦੀ ਸ਼ਕਲ ਦਾ ਜਾਨਵਰ ਹੈ ਜਿਸ ਨੂੰ ਇਹ ਖਾਨਾਬਦੋਸ਼ ਕਬੀਲੇ ਪਾਲਤੂ ਬਣਾ ਕੇ ਟਰਾਂਸਪੋਰਟ ਦਾ ਕੰਮ ਲੈਂਦੇ ਹਨ। ਮੈਦਾਨੀ ਇਲਾਕਿਆਂ ਦੇ ਸੈਲਾਨੀ ਅਤੇ ਲੱਦਾਖ ਸਰਹੱਦ 'ਤੇ ਤੈਨਾਤ ਫ਼ੌਜੀ ਇਸ ਜਾਨਵਰ ਨੂੰ ਤਿੱਬਤੀ ਗਧੇ ਦੇ ਨਾਂ ਨਾਲ ਹੀ ਜਾਣਦੇ ਹਨ। ਸੋ ਮੋਰੀਰੀ (ਝੀਲ) ਜਿਸ ਦੀ ਲੰਬਾਈ ਕੋਈ ਵੀਹ ਕਿਲੋਮੀਟਰ ਹੈ, ਪ੍ਰਵਾਸੀ ਪੰਛੀਆਂ ਲਈ ਇਕ ਚੰਗੀ ਰੱਖ (ਸੈਂਕੁਚਰੀ) ਦਾ ਕੰਮ ਕਰਦੀ ਹੈ। ਬ੍ਰਾਹਮਣੀ ਬੱਤਖ, ਕਲਗੀ ਵਾਲੀ ਮੁਰਗਾਬੀ ਅਤੇ ਭੂਰੇ ਸਿਰ ਵਾਲੀ ਜਲ ਮੁਰਗੀ ਇਸ ਝੀਲ 'ਤੇ ਆਮ ਵੇਖੇ ਜਾ ਸਕਦੇ ਹਨ। ਇਹ ਝੀਲ ਹੰਸਾਂ ਦਾ ਵੀ ਘਰ ਹੈ। ਸੋ ਮੋਰੀਰੀ ਜਾਣ ਲਈ ਉਪਸ਼ੀ ਤੋਂ ਸਿੰਧ ਦਰਿਆ ਦੇ ਨਾਲ ਨਾਲ ਉਪਰ ਵੱਲ ਜਾ ਕੇ ਚੁਮਤੰਗ ਪਿੰਡ ਤੋਂ ਵੀ ਇਕ ਸੜਕੀ ਰਸਤਾ ਹੈ। ਇਸ ਪਿੰਡ ਲਾਗੇ ਗਰਮ ਪਾਣੀ ਦਾ ਚਸ਼ਮਾ ਵੀ ਹੈ। ਮਹੇ ਪਿੰਡ ਕੋਲ ਬਣੇ ਪੁਲ ਤੋਂ ਸਿੰਧ ਦਰਿਆ ਪਾਰ ਕਰਕੇ ਰੁਪਸ਼ੂ ਵਾਦੀ ਵਿਚ ਪਹੁੰਚਿਆ ਜਾ ਸਕਦਾ ਹੈ। ਤੰਗਲੰਗ ਲਾ ਤੋਂ ਲੇਹ ਵੱਲ ਜਾਂਦਿਆਂ ਪਹਿਲਾ ਪਿੰਡ ਰੁਮਸੇ ਆਇਆ ਜਿਥੇ ਇਕ ਫੌਜੀ ਕੈਂਪ ਲਾਗੇ ਬਣੇ ਰੇਸਤਰਾਂ 'ਤੇ ਅਸੀਂ ਰੁਕ ਗਏ। ਅਸਲ ਵਿਚ ਇਹ ਫੌਜੀ ਕੰਟੀਨ ਦੇ ਨਾਲ ਹੀ ਖੋਲਿਆ ਹੋਇਆ ਸੀ ਜਿਥੋਂ ਖਾਣ ਪੀਣ ਦੇ ਸਮਾਨ ਅਤੇ ਚਾਹ ਪਾਣੀ ਦਾ ਪ੍ਰਬੰਧ ਹੋ ਜਾਂਦਾ ਹੈ। ਇਥੇ ਰੁਕ ਕੇ ਅਸੀਂ ਨਾਸ਼ਤੇ ਦੀ ਤਿਆਰੀ ਸ਼ੁਰੂ ਕਰ ਦਿੱਤੀ। ਕੰਟੀਨ ਵਾਲੇ ਕੋਲ ਬਿਸਕੁਟ ਅਤੇ ਨਮਕੀਨ ਵਗੈਰਾ ਸੀ ਪਰ ਫਿਲਹਾਲ ਉਸ ਕੋਲ ਖਾਣੇ ਵਗੈਰਾ ਦਾ ਪ੍ਰਬੰਧ ਨਹੀਂ ਸੀ। ਸਾਡੇ ਦੋ ਸਾਥੀਆਂ ਨੂੰ ਉਚ ਪਹਾੜੀ ਖੇਤਰ ਕਾਰਨ ਘੁਮੇਰ ਅਤੇ ਜੀਅ ਮਤਲਾਉਣ ਦੀ ਤਕਲੀਫ਼ ਸੀ। ਉਹਨਾਂ ਨੇ ਨਾਸ਼ਤਾ ਨਹੀਂ ਕੀਤਾ ਥੋੜੀ ਕੁ ਚਾਹ ਪੀ ਲਈ। ਡਰਾਈਵਰਾਂ ਨੇ ਕੁਝ ਚਿਰ ਆਰਾਮ ਕਰਨ ਦੀ ਇੱਛਾ ਜ਼ਾਹਿਰ ਕੀਤੀ ਅਤੇ ਇਥੇ ਇਕ ਘੰਟਾ ਰੁਕਣ ਦਾ ਪ੍ਰੋਗਰਾਮ ਬਣ ਗਿਆ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

ਅੰਮ੍ਰਿਤਸਰ ਟਾਈਮਜ਼ AMRITSAR TIMES

10 ਜੂਨ 2020 ਤੋਂ 16 ਜੂਨ 2020

# ਤੀਜੇ ਘੱਲੂਘਾਰੇ ਦੀ ਚੀਸ !

ਅੱਜ ਤੋਂ 36 ਵਰੇ ਪਹਿਲਾਂ ਪੰਜਾਬ ਦੀ ਸਰਜ਼ਮੀਂ ਤੇ ਸਿਫ਼ਤੀ ਦੇ ਘਰ ਵਿਖੇ ਸਿੱਖਾਂ ਦੀ ਆਸਥਾ ਦੇ ਪ੍ਰਮੁੱਖ ਅਸਥਾਨ ਦਰਬਾਰ ਸਾਹਿਬ ਉਪਰ ਭਾਰਤ ਸਰਕਾਰ ਵਲੋਂ ਕੀਤੇ ਗਏ ਫੌਜੀ ਹਮਲੇ ਦੇ ਜ਼ਖਮ ਅਜੇ ਵੀ ਅੱਲੇ ਹਨ। ਇਸ ਫੌਜੀ ਕਾਰਵਾਈ ਵਿਚ ਸਿੱਖਾਂ ਦੇ ਜਾਨੀ, ਮਾਲੀ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਨੁਕਸਾਨ ਤੋਂ ਇਲਾਵਾ ਸਿੱਖ ਮਾਨਸਿਕਤਾ ਉਪਰ ਜਿਹੜੀ ਗਹਿਰੀ ਛਾਪ ਉਕਰੀ ਗਈ ਉਹ ਆਉਣ ਵਾਲੀਆਂ ਪੀੜੀਆਂ ਵੀ ਨਹੀਂ ਭੁਲਾ ਸਕਦੀਆਂ। ਇਹੋ ਕਾਰਨ ਹੈ ਕਿ ਫੌਜੀ ਕਾਰਵਾਈ ਜਿਸ ਨੂੰ ਭਾਰਤੀ ਫੌਜ ਨੇ ਬਲੂ ਸਟਾਰ ਅਪ੍ਰੇਸ਼ਨ ਦਾ ਨਾਂ ਦਿੱਤਾ, ਦਾ 1984 ਤੋਂ ਬਾਅਦ ਪੈਦਾ ਹੋਏ ਬੱਚਿਆਂ ਉਪਰ ਵੀ ਬਹੁਤ ਜ਼ਿਆਦਾ ਅਸਰ ਹੈ ਅਤੇ ਉਹ ਵਾਰ ਵਾਰ ਇਨਾਂ ਘਟਨਾਵਾਂ ਬਾਰੇ ਜਾਨਣਾ ਚਾਹੁੰਦੇ ਹਨ ਅਤੇ ਚੇਤੰਨ ਤੌਰ 'ਤੇ ਇਸ ਹਮਲੇ ਉਪਰ ਖੋਜ ਕਰ ਰਹੇ ਹਨ। ਇਹ ਗੱਲਾਂ ਇਤਿਹਾਸਕ ਤੌਰ 'ਤੇ ਦਰਜ ਹੋ ਚੁੱਕੀਆਂ ਹਨ ਕਿ ਕਿਸ ਤਰਾਂ ਭਾਰਤ ਦੀ ਸਰਕਾਰ ਨੇ ਪੂਰੀ ਵਿਉਂਤ ਅਤੇ ਸਾਜਿਸ਼ ਤਹਿਤ ਇਹ ਹਮਲਾ ਕੀਤਾ। ਇਸ ਹਮਲੇ ਵਿਚ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ ਨੂੰ ਹਰ ਸਾਲ 6 ਜੂਨ ਨੂੰ ਦਰਬਾਰ ਸਾਹਿਬ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਤੇ ਯਾਦ ਕੀਤਾ ਜਾਂਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਇਸ ਮੌਕੇ ਸਿੱਖ ਕੌਮ ਦੇ ਨਾਂ ਤੇ ਸੰਦੇਸ਼ ਵੀ ਜਾਰੀ ਕੀਤਾ ਜਾਂਦਾ ਹੈ। ਭਾਰਤ ਅੰਦਰ ਪੰਜਾਬ ਦੀ ਰਾਜਨੀਤਕ ਅਤੇ ਸਮਾਜਿਕ ਸਥਿਤੀ ਦੇ ਮੱਦੇਨਜ਼ਰ ਸਿਆਸੀ ਪਾਰਟੀਆਂ ਆਪੋ ਆਪਣੇ ਦ੍ਰਿਸ਼ਟੀਕੋਣ ਅਤੇ ਪੈਂਤੜੇ ਤੋਂ ਇਸ ਘਟਨਾ ਨੂੰ ਵੇਖਦੀਆਂ ਹਨ। ਇਸ ਵਾਰ ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲੀ ਵਾਲੀ ਮੋਦੀ ਸਰਕਾਰ ਅਤੇ ਸੂਬੇ ਵਿਚ ਕਾਂਗਰਸ ਸਰਕਾਰ ਹੋਣ ਕਰਕੇ ਇਸ ਦਿਹਾੜੇ ਨੂੰ ਰਾਜਨੀਤਕ ਤੌਰ 'ਤੇ ਉਵੇਂ ਨਹੀਂ ਵੇਖਿਆ ਗਿਆ, ਜਿਵੇਂ ਪਹਿਲਾਂ ਹੁੰਦਾ ਆਇਆ ਹੈ। ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨ ਉਪਰ ਜ਼ਰੂਰ ਕੁਝ ਸਿਆਸਤ ਦੀ ਕੋਸ਼ਿਸ਼ ਹੋਈ ਪਰ ਇਸ ਨੂੰ ਮੀਡੀਆ ਵਿਚ ਤੂਲ ਦੇਣ ਤੋਂ ਸਿਵਾਏ ਸਿਆਸੀ ਤੌਰ 'ਤੇ ਪਾਸਾ ਵੱਟਣ ਦੀ ਕੋਸ਼ਿਸ਼ ਹੀ ਕੀਤੀ ਗਈ। ਕਈ ਗਰਮ ਖਿਆਲੀ ਜਥੇਬੰਦੀਆਂ ਅਤੇ ਸਿਆਸੀ ਧਿਰਾਂ ਅੱਜ ਵੀ ਇਸ ਸਮੁੱਚੇ ਵਰਤਾਰੇ ਨੂੰ ਖਾਲਿਸਤਾਨ ਨਾਲ ਜੋੜ ਕੇ ਵੇਖ ਰਹੀਆਂ ਹਨ ਅਤੇ ਉਸ ਸਬੰਧੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਅਹਿਦ ਅਤੇ ਪੇਸ਼ੀਨਗੋਈ ਨੂੰ ਵੀ ਦੁਹਰਾਉਂਦੀਆਂ ਹਨ ਪਰ ਭਾਰਤੀ ਪਾਰਲੀਮੈਂਟ ਸਿਸਟਮ ਵਿਚ ਵਿਸ਼ਵਾਸ ਰੱਖਣ ਵਾਲੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਸੱਤਾ ਵਿਚ ਹੈ, ਨੇ 1984 ਤੋਂ ਹੀ 'ਚੁੱਪ ਸਾਧੇ ਰੱਖਣ' ਜਾਂ ਹਰ ਇਕ ਘਟਨਾ ਦਾ ਭਾਂਡਾ ਕਾਂਗਰਸ ਸਿਰ ਭੰਨਣ ਤੇ ਅਕਾਲੀ ਦਲ ਦਾ ਸਿਆਸੀ ਵਿਰੋਧ ਕਰਨ ਵਾਲੀਆਂ ਸਿੱਖ ਨੁਮਾਇੰਦਾ ਜਥੇਬੰਦੀਆਂ ਜਾਂ ਧਿਰਾਂ ਨੂੰ ਕਾਂਗਰਸ ਦੀ ਬੀ ਟੀਮ ਕਹਿਣ ਵਾਲੀ ਰੱਟ ਲਾਈ ਹੋਈ ਹੈ। ਜੇਕਰ ਜੂਨ 1984 ਦੇ ਫੌਜੀ ਹਮਲੇ ਜਿਸ ਨੂੰ 'ਤੀਜੇ ਘੱਲੂਘਾਰੇ' ਦਾ ਨਾਂ ਦਿੱਤਾ ਗਿਆ ਹੈ ਦੇ ਪਿਛਲੇ ਸਾਢੇ ਤਿੰਨ ਦਹਾਕਿਆਂ ਦੇ ਰਾਜਨੀਤਕ ਅਤੇ ਸਮਾਜਿਕ ਸਮੀਕਰਨਾਂ ਉਪਰ ਨਜ਼ਰ ਦੁੜਾਈ ਜਾਵੇ ਤਾਂ ਕਿਸੇ ਵੀ ਹਕੂਮਤ ਜਾਂ ਜਥੇਬੰਦੀ ਨੇ ਇਸ ਫੌਜੀ ਹਮਲੇ ਕਾਰਨ ਪੰਜਾਬ ਦੀ ਮਾਨਸਿਕਤਾ ਉਪਰ ਪਏ ਅਸਰ ਨੂੰ ਆਂਕਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਹਮਲੇ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦਾ ਇਮਾਰਤੀ ਵਜੂਦ ਹੀ ਢਹਿ ਢੇਰੀ ਨਹੀਂ ਸੀ ਹੋਇਆ ਸਗੋਂ ਸਿੱਖ ਕੌਮ ਦੀ ਅਣਖ ਅਤੇ ਸ਼ਾਨ ਦਾ ਗੁੰਬਦ ਵੀ ਡਿੱਗ ਪਿਆ ਸੀ। ਹਮਲੇ ਦੌਰਾਨ ਦਰਬਾਰ ਸਾਹਿਬ ਅਤੇ ਪੰਜਾਬ ਦੇ ਹੋਰ ਤਿੰਨ ਦਰਜਨ ਇਤਿਹਾਸਕ ਗੁਰਦੁਆਰਿਆਂ ਵਿਚੋਂ ਗ੍ਰਿਫ਼ਤਾਰ ਕੀਤੇ ਗਏ ਸ਼ਰਧਾਲੂ ਸਾਲਾਂਬੱਧੀ ਜੋਧਪੁਰ, ਤਿਹਾੜ ਅਤੇ ਦੇਸ਼ ਦੀਆਂ ਹੋਰਨਾਂ ਜੇਲਾਂ ਵਿਚ ਸੜਦੇ ਰਹੇ। ਫੌਜੀ ਛਾਉਣੀਆਂ ਵਿਚੋਂ ਬਗਾਵਤ ਕਰਕੇ ਆਏ ਧਰਮੀ ਫੌਜੀ ਨੌਕਰੀਆਂ ਅਤੇ ਰੁਜ਼ਗਾਰ ਲਈ ਤਰਸਦੇ ਰਹੇ। ਜਿਨਾਂ ਮਾਪਿਆਂ ਦੇ ਜਵਾਨ ਪੁੱਤਰ ਸ਼ਹੀਦ ਹੋ ਗਏ, ਉਹ ਸਿੱਲ ਪੱਥਰ ਹੋ ਗਏ। ਪਰ ਕਿਸੇ ਸਰਕਾਰ ਨੇ ਇਨਾਂ ਦੀ ਸਾਰ ਨਾ ਲਈ। ਫੌਜੀ ਕਾਰਵਾਈ ਦੇ ਇਕ ਸਾਲ ਦੇ ਅਰਸੇ ਵਿਚ ਹੀ ਪੰਜਾਬ ਵਿਚ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਅਕਾਲੀ ਦਲ ਦੀ ਸਰਕਾਰ ਬਣੀ। ਲੋਕਾਂ ਨੇ ਭਾਰੀ ਬਹੁਮੱਤ ਨਾਲ ਇਸ ਪਾਰਟੀ ਨੂੰ ਜਿਤਾਇਆ ਪਰ ਇਖਲਾਕੀ ਅਤੇ ਜਜ਼ਬਾਤੀ ਤੌਰ 'ਤੇ ਇਸ ਸਰਕਾਰ ਨੇ ਇਸ ਫੌਜੀ ਕਾਰਵਾਈ ਖਿਲਾਫ਼ ਕੋਈ ਰਾਜਨੀਤਕ ਕਾਰਵਾਈ ਕਰਨ ਦੀ ਬਜਾਏ ਖੁਦ ਦਰਬਾਰ ਸਾਹਿਬ ਪੁਲਿਸ ਅਤੇ ਸੀ ਆਰ ਪੀ ਐਫ਼ ਭੇਜ ਕੇ ਇਸ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ। 36 ਸਾਲਾਂ ਦੇ ਅਰਸੇ ਵਿਚ ਇਕ ਪੀੜੀ ਬਦਲ ਜਾਂਦੀ ਹੈ। ਇਸ ਹਮਲੇ ਵਿਚ ਭਾਰਤ ਸਰਕਾਰ ਵਲੋਂ ਸ਼ਾਮਲ ਹੋਏ ਕੁਲਦੀਪ ਸਿੰਘ ਬਰਾੜ ਵਰਗੇ ਫੌਜੀ ਜਰਨੈਲਾਂ ਨੇ ਕਿਤਾਬਾਂ ਰਾਹੀਂ ਆਪਣਾ ਪੱਖ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ ਕੁਝ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੇ ਨਿਰਪੱਖ ਰਹਿ ਕੇ ਦੋਵੇਂ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ। ਪੰਜਾਬੀ ਤੇ ਉਰਦੂ ਦੇ ਸ਼ਾਇਰਾਂ ਨੇ ਜਜ਼ਬਾਤੀ ਹੋ ਕੇ ਕਵਿਤਾਵਾਂ ਲਿਖੀਆਂ। ਪਰ ਕੋਈ ਅਜਿਹੀ ਰਚਨਾ ਜਾਂ ਦਸਤਾਵੇਜ਼ ਅਜੇ ਤੱਕ ਸਿੱਖ ਮਾਨਸਿਕਤਾ 'ਤੇ ਹੋਏ ਜਖ਼ਮਾਂ ਦੀ ਚੀਸ ਦਾ ਉਲੇਖ ਨਹੀਂ ਕਰ ਸਕਿਆ ਜੋ ਆਉਣ ਵਾਲੀਆਂ ਪੀੜੀਆਂ ਨੂੰ ਸਿੱਖ ਇਤਹਾਸ ਦਾ ਇਹ ਪੱਖ ਵੀ ਦਰਸਾ ਸਕੇ। ਸਿੱਖ ਰੈਫਰੈਂਸ ਲਾਇਬ੍ਰੇਰੀ ਜੋ ਕਿ ਸਿੱਖ ਇਤਿਹਾਸ ਹੀ ਨਹੀਂ ਸਗੋਂ ਧਾਰਮਿਕ ਗਰੰਥਾਂ, ਹੱਥ ਲਿਖਤਾਂ ਅਤੇ ਤਸਵੀਰਾਂ ਦਾ ਕੀਮਤੀ ਖਜ਼ਾਨਾ ਸੀ ਵਿਚੋਂ ਫੌਜ ਵਲੋਂ ਜ਼ਬਤ ਕੀਤੇ ਦਸਤਾਵੇਜ਼ਾਂ ਦੀ ਉੱਘ ਸੁੱਘ ਨਹੀਂ। ਫੌਜ ਦੇ ਇਸ ਦਾਅਵੇ ਕਿ ਇਸ ਨੇ ਸਾਰੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤੇ ਹਨ ਦਾ ਸ਼੍ਰੋਮਣੀ ਕਮੇਟੀ ਕੋਲ ਕੋਈ ਪੁਖਤਾ ਜੁਆਬ ਨਹੀਂ। ਪੰਜਾਬ ਤੋਂ ਬਾਹਰ ਖਾਸ ਕਰਕੇ ਵਿਦੇਸ਼ਾਂ ਵਿਚ ਬੈਠੇ ਸਿੱਖ ਇਨਾਂ ਘਟਨਾਵਾਂ ਅਤੇ ਬਾਅਦ ਵਿਚ ਵਾਪਰੇ ਸਮੁੱਚੇ ਵਰਤਾਰੇ ਪ੍ਰਤੀ ਵਧੇਰੇ ਸੁਚੇਤ ਅਤੇ ਚਿੰਤਤ ਹਨ। ਇਕ ਕਾਰਨ ਇਹ ਵੀ ਹੈ ਕਿ ਉਹ ਭਾਰਤੀ ਸਟੇਟ ਦੀ ਪਹੁੰਚ ਤੋਂ ਦੂਰ ਹਨ ਪਰ ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਉਹ ਜਜ਼ਬਾਤੀ ਅਤੇ ਧਾਰਮਿਕ ਤੌਰ 'ਤੇ ਸਿੱਖ ਸਰੋਕਾਰਾਂ ਪ੍ਰਤੀ ਵਧੇਰੇ ਜਾਗਰੂਕ ਅਤੇ ਚੇਤੰਨ ਹਨ ਅਤੇ ਉਹ ਵਿਦੇਸ਼ਾਂ ਵਿਚ ਰਹਿ ਕੇ ਜਮਹੂਰੀਅਤ ਦੇ ਅਸਲੀ ਅਰਥਾਂ ਨੂੰ ਵੀ ਜਾਣਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੀ ਸਿੱਖ ਮਾਨਸਿਕਤਾ ਦਰਬਾਰ ਸਾਹਿਬ ਉਪਰ ਹੋਏ ਇਸ ਫੌਜੀ ਹਮਲੇ ਦੇ ਦੁੱਖ ਦਰਦ ਅਤੇ ਰੰਜ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ, ਉਹ ਕਿਸੇ ਕੌਮ ਦੇ ਕੁਝ ਕਰ ਗੁਜ਼ਰਨ ਦੀ ਗੁੰਜਾਇਸ਼ ਦੀ ਪ੍ਰਤੀਕ ਹੈ।

# ਪੰਜਾਬ ਵਿਚ ਡਿੱਗ ਰਿਹਾ ਜ਼ਮੀਨੀ ਪਾਣੀ ਦਾ ਪੱਧਰ: ਵੱਡੀਆਂ ਨੀਤੀਗਤ ਤਬਦੀਲੀਆਂ ਦੀ ਲੋੜ



ਬਲਸ਼ੇਰ ਸਿੰਘ ਸਿੱਧੂ

ਪੰਜਾਬ ਉੱਤਰ ਪੱਛਮੀ ਭਾਰਤ ਦਾ ਇਕ ਛੋਟਾ ਜਿਹਾ ਸੂਬਾ ਹੈ, ਜਿਸ ਦਾ ਨਾਮਕਰਨ ਹੀ ਪਾਣੀਆਂ ਤੋਂ ਹੋਇਆ ਹੈ। ਪੰਜ+ਆਬ (ਭਾਵ ਪੰਜ ਦਰਿਆਵਾਂ ਦੀ ਧਰਤੀ)। ਪਰ ਹੁਣ ਇਹ ਸੂਬਾ ਤੇਜ਼ੀ ਨਾਲ ਹੇਠਾਂ ਡਿੱਗ ਰਹੇ ਜ਼ਮੀਨੀ ਪਾਣੀ ਦੇ ਪੱਧਰ ਕਾਰਨ ਲਗਾਤਾਰ ਖ਼ਬਰਾਂ ਵਿਚ ਹੈ। ਪੰਜਾਬ ਦੇ ਜ਼ਮੀਨੀ ਪਾਣੀ ਬਾਰੇ ਹਾਲ ਹੀ ਵਿਚ ਆਈ ਸਰਕਾਰੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ 2013 ਵਿਚ ਜ਼ਮੀਨ ਹੇਠੋਂ ਪਾਣੀ ਖਿੱਚਣ ਦੀ ਦਰ ਇਸ ਦੇ ਕੁਦਰਤੀ ਤੌਰ 'ਤੇ ਪਾਣੀ ਸੋਖਣ (ਰੀਚਾਰਜ) ਦੀ ਸਮਰਥਾ ਦਾ 149 ਫ਼ੀ ਸਦੀ ਸੀ ਜੋ 2018 ਵਿਚ ਵਧ ਕੇ 165 ਫ਼ੀ ਸਦੀ ਹੋ ਗਈ। ਇੱਥੇ ਲੱਗੇ ਟਿਊਬਵੈਲਾਂ ਤੋਂ ਪਤਾ ਲਗਦਾ ਹੈ ਭਾਰਤ ਦੇ ਸਾਰੇ ਸੂਬਿਆਂ ਨਾਲ ਵਧੇਰੇ ਜ਼ਮੀਨੀ ਪਾਣੀ ਕੱਢਿਆ ਜਾ ਰਿਹਾ ਹੈ ਅਤੇ ਉਸ ਦਾ ਪੱਧਰ ਨੀਚੇ ਜਾ ਰਿਹਾ ਹੈ।

ਸਥਿਤੀ ਜਿੰਨੀ ਗੰਭੀਰ ਹੈ, ਇਸ ਦੀ ਕਿਸੇ ਨੂੰ ਕੋਈ ਖ਼ਬਰ ਨਹੀਂ ਭਾਵੇਂ ਉਹ ਯੂਨੀਵਰਸਿਟੀ ਦੇ ਖੋਜੀ ਹੋਣ, ਸਕਤਰੇਤ ਦੇ ਅਫ਼ਸਰ ਜਾਂ ਖੇਤਾਂ 'ਚ ਕੰਮ ਕਰਦੇ ਕਿਸਾਨ। ਪਿਛਲੇ ਬਹੁਤ ਸਾਰੇ ਸਾਲਾਂ ਤੋਂ ਜ਼ਮੀਨੀ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਅਤੇ ਹੁਣ ਇਸ ਦੀਆਂ ਅਲਾਮਤਾਂ ਉਪਰ ਧਿਆਨ ਕੇਂਦਰਿਤ ਕਰਨ ਦੀ ਬਜਾਏ ਇਸ ਬੀਮਾਰੀ ਦੀਆਂ ਜੜਾਂ ਤੱਕ ਜਾਣ ਦੀ ਜ਼ਰੂਰਤ ਹੈ।

ਜ਼ਮੀਨੀ ਪਾਣੀ ਦਾ ਘਟ ਰਿਹਾ ਪੱਧਰ ਜੋ ਅੱਜ ਧਿਆਨ ਵਿਚ ਆ ਰਿਹਾ ਹੈ ਇਸ ਦੇ ਬੀਜ 1960 ਵਿਆਂ ਵਿਚ ਭਾਰਤ ਦੇ ਹਰੇ ਇਨਕਲਾਬ ਦੇ ਨਾਲ ਹੀ ਬੀਜੇ ਗਏ ਸਨ। ਜੇ ਅੰਨ ਪੈਦਾਵਾਰ ਦੇ ਪੱਖ ਤੋਂ ਆਂਕਿਆ ਜਾਵੇ ਤਾਂ ਹਰਾ ਇਨਕਲਾਬ ਬੇਹੱਦ ਕਾਮਯਾਬ ਲਹਿਰ ਸੀ ਜਿਸ ਨੇ ਅੰਨ ਪੈਦਾਵਾਰ ਵਿਚ ਇੰਨਾਂ ਵਾਧਾ ਕਰ ਦਿੱਤਾ ਕਿ ਉੱਤਰ ਪੱਛਮੀ ਸੂਬਿਆਂ ਵਿਚ ਕਣਕ ਅਤੇ ਝੋਨੇ ਦੀ ਭਰਪੂਰ ਪੈਦਾਵਾਰ ਸਦਕਾ ਦੇਸ਼ ਅਨਾਜ ਬਰਾਮਦ ਕਰਨ ਦੇ ਸਮਰੱਥ ਹੋ ਗਿਆ। ਭਾਰਤ ਦੇ ਹਰੇ ਇਨਕਲਾਬ ਦੀ ਕਾਮਯਾਬੀ ਵਿਚ ਸਿੰਜਾਈ ਲਈ ਜ਼ਮੀਨੀ ਪਾਣੀ ਦੀ ਵਰਤੋਂ ਦੀ ਬਹੁਤ ਵੱਡੀ ਭੂਮਿਕਾ ਰਹੀ।

ਧਰਤੀ ਹੇਠਲਾ ਪਾਣੀ ਸਿੰਜਾਈ ਦੇ ਹੋਰਨਾਂ ਵਸੀਲਿਆਂ (ਨਹਿਰੀ ਪਾਣੀ ਅਤੇ ਕੁਦਰਤੀ ਸਾਧਨਾਂ) ਨਾਲੋਂ ਵਧੇਰੇ ਪਹੁੰਚ ਵਿਚ ਹੋ ਗਿਆ ਕਿਉਂਕਿ ਇਸ ਨੂੰ ਜ਼ਰੂਰਤ ਪੈਣ ਤੇ ਕੱਢਿਆ ਜਾ ਸਕਦਾ ਸੀ ਅਤੇ ਇਸ ਵਾਸਤੇ ਲੋਕਾਂ ਨੂੰ ਅਫਸਰਸ਼ਾਹੀ ਦੀ ਧੀਮੀ ਰਫ਼ਤਾਰ 'ਤੇ ਵੀ ਨਿਰਭਰ ਨਹੀਂ ਸੀ ਹੋਣਾ ਪੈਂਦਾ ਜੋ ਕਿ ਨਹਿਰਾਂ ਆਦਿ ਦੇ ਵਿਕਾਸ ਲਈ ਅਕਸਰ ਹੁੰਦੀ ਸੀ ਅਤੇ ਔੜ ਦੀ ਹਾਲਤ ਵਿਚ ਜਦ ਪਾਣੀ ਦੇ ਕੁਦਰਤੀ ਸੋਮੇ ਸੁੱਕ ਜਾਂਦੇ ਸਨ, ਜ਼ਮੀਨੀ ਪਾਣੀ ਵਧੇਰੇ ਪਾਏਦਾਰ ਸਾਧਨ ਸੀ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਵੀ ਟਿਊਬਵੈੱਲਾਂ ਲਈ ਕਿਸਾਨਾਂ ਨੂੰ ਬਿਜਲੀ ਤੇ ਸਬਸਿਡੀ ਮੁਹੱਈਆ ਕਰਵਾਈ।

ਕੁਝ ਖੋਜਾਰਥੀ ਹਰੇ ਇਨਕਲਾਬ ਦੀ ਕਾਮਯਾਬੀ ਦਾ ਸਿਹਰਾ ਸਰਕਾਰ ਦੀਆਂ ਇਨਾਂ ਨੀਤੀਆਂ ਅਤੇ ਸਰਕਾਰਾਂ ਵੱਲੋਂ ਉਤਸ਼ਾਹਿਤ ਕੀਤੀ ਜ਼ਮੀਨੀ ਪਾਣੀ ਦੀ ਵਰਤੋਂ ਸਿਰ ਬੰਨਦੇ ਹਨ। ਪੰਜਾਬ ਕੋਲ ਪੂਰੇ ਦੇਸ਼ ਦੀ ਵਾਹੀਯੋਗ ਧਰਤੀ ਦਾ ਸਿਰਫ 2 ਫ਼ੀ ਸਦੀ ਹਿੱਸਾ ਹੈ। ਪਰ ਇਸ ਦੀ ਅਨਾਜ ਪੈਦਾਵਾਰ ਸਭ ਤੋਂ ਵੱਧ ਹੈ ਅਤੇ ਇਹ ਭਾਰਤੀ ਖੁਰਾਕ ਕਾਰਪੋਰੇਸ਼ਨ ਵੱਲੋਂ ਕੇਂਦਰੀ ਮੂਲ ਲਈ ਖਰੀਦੀ ਜਾ ਰਹੀ ਕਣਕ ਅਤੇ ਚੌਲਾਂ ਵਿਚ ਤੀਜਾ ਹਿੱਸਾ ਪਾ ਰਿਹਾ ਹੈ, ਭਾਵ ਦੇਸ਼ ਦਾ 30 ਫ਼ੀ ਸਦੀ ਤੋਂ ਵੱਧ ਅਨਾਜ ਪੰਜਾਬ ਪੈਦਾ ਕਰਦਾ ਹੈ। ਇਹ ਸਾਰਾ ਕੁਝ ਜ਼ਮੀਨੀ ਪਾਣੀ ਦੀ ਅੰਨੇਵਾਹ ਵਰਤੋਂ ਕਰਕੇ ਹੀ ਸੰਭਵ ਹੋਇਆ ਹੈ।

ਜੇਕਰ ਪੰਜਾਬ ਦੇ ਜ਼ਮੀਨੀ ਪਾਣੀ ਦੀ ਖਪਤ, ਖੇਤੀਬਾੜੀ ਲਈ ਪਾਣੀ ਦੀ ਮੰਗ ਕਾਰਨ ਹੀ ਵਧ ਰਹੀ ਹੈ ਤਾਂ ਇਸ ਦੀ ਸੰਭਾਲ ਲਈ, ਖੇਤੀ ਵਿਚ ਪਾਣੀ ਦੀ ਵਰਤੋਂ ਘਟਾਉਣ ਲਈ ਠੋਸ ਅਤੇ ਵਿਉਂਤਬੱਧ ਕਦਮ ਉਠਾਉਣ ਦੀ ਜ਼ਰੂਰਤ ਹੈ। ਇਸ ਵਾਸਤੇ ਪੰਜਾਬ ਦੇ ਕਿਸਾਨਾਂ ਨੂੰ ਆਪਣੀ ਇੱਛਾ ਨਾਲ ਇਕੋ ਦਮ ਜ਼ਮੀਨੀ ਪਾਣੀ ਦੀ ਖਪਤ ਬੰਦ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ ਪਰ ਇਹ ਮਾਮਲਾ ਜਿਵੇਂ ਸੋਚਿਆ ਜਾ ਰਿਹਾ ਹੈ ਉਸ ਤੋਂ ਕਿਤੇ ਵੱਧ ਗੁੰਝਲਦਾਰ ਹੈ। ਇਸ ਦੀ ਬਜਾਏ ਕਾਨੂੰਨ ਘਾੜਿਆਂ (ਐਮ.ਪੀ. ਤੇ ਵਿਧਾਇਕਾਂ) ਅਤੇ ਅਫਸਰਸ਼ਾਹੀ ਨੂੰ ਖੁਰਾਕ-ਊਰਜਾ-ਪਾਣੀ ਦੇ ਜਟਿਲ ਸਬੰਧਾਂ ਪ੍ਰਤੀ ਇਕ ਵਿਆਪਕ ਪਹੁੰਚ ਅਪਣਾਉਣੀ ਚਾਹੀਦੀ ਹੈ। ਪਾਣੀ ਦਾ ਡਿੱਗ ਰਿਹਾ ਪੱਧਰ ਭਾਵੇਂ ਇਸ ਤਾਣੇਬਾਣੇ ਦਾ ਇਕ ਧਾਗਾ ਹੈ ਪਰ ਇਸ ਦਾ ਪਾਏਦਾਰ ਹੱਲ ਇਸ ਮੱਕੜਜਾਲ ਦੀਆਂ ਗੁੰਝਲਾਂ ਨੂੰ ਸਮਝ ਕੇ ਹੀ ਕੱਢਿਆ ਜਾ ਸਕਦਾ ਹੈ।

ਜਦ ਕਿ ਕਿਸਾਨਾਂ ਨੂੰ ਬਿਜਲੀ ਸਬਸਿਡੀ ਘੱਟ ਕਰਨ ਸਬੰਧੀ ਕਈ ਵਾਰ ਮੁਹਿੰਮਾਂ ਅਤੇ ਤਜਵੀਜ਼ਾਂ ਬਣ ਚੁੱਕੀਆਂ ਹਨ, ਪਰ ਇਕ ਗੱਲ ਸਮਝਣ ਦੀ ਜ਼ਰੂਰਤ ਹੈ ਕਿ ਇਨਾਂ ਸਬਸਿਡੀਆਂ ਦੇ ਲਾਭਪਾਤਰੀ ਇਕੱਲੇ ਕਿਸਾਨ ਨਹੀਂ ਹਨ। ਅਨਾਜ ਦੀ ਲਾਗਤ ਘੱਟ ਹੋਣ ਨਾਲ ਸਾਰਿਆਂ ਲਈ ਸਸਤਾ ਅਨਾਜ ਮਿਲਦਾ ਹੈ, ਅਨਾਜ ਪੈਦਾਵਾਰ ਉਪਰ ਲਾਗਤਾਂ ਵਧਣ ਨਾਲ ਬਿਨਾ ਸ਼ੱਕ ਇਸ ਦਾ ਪ੍ਰਭਾਵ ਹਰੇਕ ਲਈ ਅਨਾਜ ਦੀ ਲਾਗਤ ਉਪਰ ਵੀ ਪਵੇਗਾ।

ਇਸ ਤਰਾਂ ਇਸ ਸਮੁੱਚੀ ਵਿਚਾਰ ਚਰਚਾ ਵਿਚ ਇਕ ਨੁਕਤਾ ਗਾਇਬ ਹੈ ਉਹ ਹੈ ਇਸ ਦਾ 'ਪਾਏਦਾਰ ਬਦਲ'। ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਦੇ ਹਵਾਲੇ ਨਾਲ ਖੇਤੀ ਪੈਦਾਵਾਰ ਦੀ ਲਾਗਤ ਨੂੰ ਹੁਣ ਤੱਕ ਵਾਤਾਵਰਣ ਨਾਲ ਜੋੜ ਕੇ ਇਕ ਬਾਹਰੀ ਕਾਰਨ ਵਜੋਂ ਵੇਖਿਆ ਜਾਂਦਾ ਰਿਹਾ ਹੈ ਜਦਕਿ ਕਿਸਾਨਾਂ ਨੂੰ ਆਰਥਿਕ ਮੰਦੀ ਤੋਂ ਬਚਾਉਣ ਲਈ ਮੁਆਵਜ਼ਾ ਦੇਣ ਸਮੇਂ ਇਸ ਨੂੰ ਅੰਦਰੂਨੀ ਕਾਰਨ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਇਸ ਵਾਸਤੇ ਕਿਸਾਨਾਂ ਨੂੰ ਘੱਟ ਪਾਣੀ ਦੀ ਖਪਤ ਵਾਲੀਆਂ ਬਦਲਵੀਆਂ ਫਸਲਾਂ ਦੀ ਕਾਸ਼ਤ ਲਈ ਮਾਲੀ ਰਿਆਇਤਾਂ ਦਿੱਤੀਆਂ ਜਾ ਸਕਦੀਆਂ ਨੇ।

ਇਕ ਅਸਰਦਾਰ ਤਰੀਕਾ ਇਹ ਵੀ ਹੈ ਕਿ ਸਰਕਾਰ, ਬਿਜਲੀ ਦੀਆਂ ਦਰਾਂ ਨਿਸ਼ਚਿਤ ਕਰਨ ਸਮੇਂ ਖੇਤੀਬਾੜੀ ਲਈ ਜ਼ਮੀਨੀ ਪਾਣੀ ਦੀ ਖਪਤ ਉਪਰ ਕਾਬੂ ਪਾਵੇ। ਅਸੀਂ ਹਾਲ ਹੀ ਵਿਚ ਇਕ ਵਿਸ਼ਲੇਸ਼ਣ ਵਿਚ ਵੇਖਿਆ ਹੈ ਕਿ ਪੂਰੇ ਭਾਰਤ ਵਿਚ ਬਿਜਲੀ ਦੀਆਂ ਦਰਾਂ ਦੀ ਨੀਤੀ, ਜ਼ਮੀਨੀ ਪਾਣੀ ਦੀ ਵਧੇਰੇ ਖਪਤ ਲਈ ਜਿੰਮੇਵਾਰ ਹੈ। ਪੰਜਾਬ ਵਰਗੇ ਸੂਬੇ ਵਿਚ, ਜਿੱਥੇ ਧਰਤੀ ਹੇਠਲੇ ਪਾਣੀ ਦੀ ਬਹੁਤ ਜ਼ਿਆਦਾ ਖਪਤ ਹੋ ਰਹੀ ਹੈ, ਮੁੱਖ ਧਿਆਨ ਧਰਤੀ ਹੇਠਲੇ ਪਾਣੀ ਦੀ ਸੰਭਾਲ ਨੂੰ ਉਤਸ਼ਾਹਿਤ ਕਰਨ ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਸਬਸਿਡੀਆਂ ਘਟਾਉਣਾ ਸਰਕਾਰ ਦਾ ਲੰਮੇ ਸਮੇਂ ਦਾ ਟੀਚਾ ਹੋਣਾ ਚਾਹੀਦਾ ਹੈ ਅਤੇ ਇਸ ਦਾ ਕਿਸਾਨਾਂ ਦੀ ਉਪਜੀਵਕਾ ਉਪਰ ਮਾੜਾ ਅਸਰ ਨਹੀਂ ਪੈਣਾ ਚਾਹੀਦਾ। ਪੰਜਾਬ ਸਰਕਾਰ ਨੇ 20 18 ਵਿਚ 'ਪਾਣੀ ਬਚਾਓ ਪੈਸਾ ਕਮਾਓ' ਨਾਂ ਦਾ ਇਕ ਅਜ਼ਮਾਇਸ਼ੀ ਪ੍ਰੋਜੈਕਟ ਸ਼ੁਰੂ ਕੀਤੀ ਸੀ। ਵਿਸ਼ਵ ਬੈਂਕ ਦੀ ਭਾਈਵਾਲੀ ਦੇ ਨਾਲ ਸ਼ੁਰੂ ਕੀਤੇ ਇਸ ਪ੍ਰੋਜੈਕਟ ਵਿਚ ਕਿਸਾਨਾਂ ਨੂੰ ਖੇਤੀਬਾੜੀ ਲਈ ਬਿਜਲੀ ਦੀ ਖਪਤ ਘਟਾਉਣ ਬਦਲੇ ਮਾਲੀ ਸਹਾਇਤਾ ਦੀ ਪੇਸ਼ਕਸ਼ ਕੀਤੀ ਸੀ। ਇਸ ਦੇ ਮੁੱਢਲੇ ਨਤੀਜੇ ਉਤਸ਼ਾਹਜਨਕ ਆਏ ਹਨ ਅਤੇ ਉਮੀਦ ਹੈ ਕਿ ਸੂਬਾ ਪੱਧਰ 'ਤੇ ਅਜਿਹਾ ਪ੍ਰੋਜੈਕਟ ਕਾਮਯਾਬ ਹੋ ਸਕਦਾ ਹੈ।

ਭਵਿੱਖ ਦੀਆਂ ਖੇਤੀਬਾੜੀ ਨੀਤੀਆਂ ਬਣਾਉਣ ਵੇਲੇ ਪੰਜਾਬ ਨੂੰ ਸਮੁੱਚੀ ਪਹੁੰਚ ਅਪਣਾਉਣ ਦੀ ਲੋੜ ਹੈ। ਜਿਸ ਵਿਚ ਬਿਜਲੀ ਸਪਲਾਈ, ਸਿੰਜਾਈ ਲਈ ਪਾਣੀ ਦੀ ਮੰਗ ਅਤੇ ਧਰਤੀ ਹੇਠੇ ਪਾਣੀ ਦੀ ਵਰਤੋਂ ਅਜਿਹੇ ਮੁੱਦਿਆਂ ਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ ਅਤੇ ਅਜਿਹੀਆਂ ਨੀਤੀਆਂ ਬਣਾਉਣ ਵੇਲੇ ਕੌਮੀ ਖੁਰਾਕ ਸੁਰੱਖਿਆ ਅਤੇ ਅਨਾਜ ਦੀਆਂ ਕੀਮਤਾਂ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ।

ਹਾਲ ਵਿਚ ਹੀ ਭਾਰਤ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਸੂਰਜੀ ਊਰਜਾ ਨਾਲ ਚੱਲਣ ਵਾਲੇ ਟਿਊਬਵੈੱਲਾਂ ਨੂੰ ਉਤਸ਼ਾਹਿਤ ਕਰ ਰਹੀਆਂ ਹਨ। ਜਿੱਥੇ ਇਸ ਤਕਨਾਲੋਜੀ ਨਾਲ ਬਿਜਲੀ ਪੈਦਾਵਾਰ ਤੋਂ ਪ੍ਰਦੂਸ਼ਣ ਘਟਾ ਦਾ ਹੈ ਉਥੇ ਪੰਜਾਬ ਵਰਗੇ ਸੂਬੇ ਵਿਚ ਇਨਾਂ ਦੇ ਲਗਾਉਣ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਹੋ ਨੀਵਾਂ ਚਲਾ ਜਾਏਗਾ। ਜਦਕਿ ਜ਼ਰੂਰਤ ਇਸ ਗੱਲ ਦੀ ਹੈ ਕਿ ਸਿੰਜਾਈ ਦੀ ਲੋੜਾਂ ਲਈ ਹੋਰ ਢੰਗ ਤਰੀਕਿਆਂ ਤੇ ਵਿਚਾਰ ਕੀਤੀ ਜਾਵੇ ਕਿਉਂਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਘੱਟਣ ਦੀ ਸਮੱਸਿਆ ਹੁਣ ਇਕ ਵੱਡੀ ਸੰਕਟਮਈ ਸਮੱਸਿਆ ਬਣ ਚੁੱਕੀ ਹੈ।

ਪਾਣੀ ਦੀ ਸਮੱਸਿਆ ਦੇ ਹੱਲ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਪਏਗੀ। ਪਰ ਇਹ ਕਾਰਵਾਈ ਪਾਏਦਾਰ ਅਤੇ ਵਿਹਾਰਕ ਹੋਣੀ ਚਾਹੀਦੀ ਹੈ।

# ਅਕਾਲ ਤਖ਼ਤ ਸਾਹਿਬ ਦਾ ਦ੍ਰਿਸ਼ ਚਮਕੌਰ ਦੀ ਗੜ੍ਹੀ ਦੇ ਇਤਿਹਾਸ ਦੀ ਯਾਦ ਦਿਵਾਉਂਦਾ ਸੀ

**✪ ਭਾਈ ਬਲਵਿੰਦਰ ਸਿੰਘ ਖੋਜਕੀਪੁਰ ਉਰਫ ਫੌਜੀ ਨਾਲ ਮੁਲਾਕਾਤ ✪ ਸੰਤ ਦਰਬਾਰ ਸਾਹਿਬ ਦੇ ਸਾਹਮਣੇ ਮੱਥਾ ਟੇਕਣ ਤੋਂ ਬਾਅਦ ਫੌਜ ਨਾਲ ਜੂਝਦੇ ਸ਼ਹੀਦ ਹੋਏ**

**-ਅੰਮ੍ਰਿਤਸਰ ਟਾਈਮਜ ਫੀਚਰ ਸਰਵਿਸ**

ਸੁਆਲ-ਤੁਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਦਰਬਾਰ ਸਾਹਿਬ ਵਿਚ ਸੀ ਤਾਂ ਅੰਦਰ ਕੀ ਵਾਪਰਿਆ ?

ਜੁਆਬ-4 ਜੂਨ ਅੰਮ੍ਰਿਤ ਵੇਲੇ ਜਦੋਂ ਕਿ ਦਰਬਾਰ ਸਾਹਿਬ ਵਿੱਚ ਕੀਰਤਨ ਦੀਆਂ ਮਧੁਰ - ਧੁਨਾਂ ਸੁਣਾਈ ਦੇ ਰਹੀਆਂ ਸਨ। ਸੋਮਵਾਰ 4 ਜੂਨ 1984 ਨੂੰ ਦਰਬਾਰ ਸਾਹਿਬ ਵੱਲ ਫੌਜ ਨੇ ਮੋਰਟਰ ਤੇ ਲਾਈਟ ਮਸ਼ੀਨ ਗੰਨਾਂ ਨਾਲ ਜਬਰਦਸਤ ਫਾਇਰਿੰਗ ਸਵੇਰੇ 4 ਵਜੇ  ਬਿਨਾਂ ਕਿਸੇ ਚੇਤਾਵਨੀ ਦੇ ਸ਼ੁਰੂ ਕਰ ਦਿੱਤੀ। ਪਰਕਰਮਾ ਵਿਚ ਇਸ਼ਨਾਨ ਕਰ ਰਹੀਆਂ ਸੰਗਤਾਂ ਗੋਲੀਆਂ ਲੱਗਣ ਕਾਰਨ ਡਿਗਨ ਲੱਗ ਪਈਆਂ। ਜਰਨਲ ਸ਼ੁਬੇਗ ਸਿੰਘ ਨੇ ਦਰਬਾਰ ਸਾਹਿਬ ਸਮੂਹ ਦੀਆਂ ਉਚੀਆ ਬਿਲਡਿੰਗਾਂ ਤੇ ਚਾਰੇ ਪਾਸੇ ਪੱਕੀ ਮੋਰਚਾਬੰਦੀ ਕੀਤੀ ਹੋਈ ਸੀ। ਹੇਠ ਕਮਰਿਆਂ ਵਿੱਚੋਂ ਵੀ ਖਾੜਕੂਆ ਵੱਲੋਂ ਫਾਇਰਿੰਗ ਹੋ ਰਹੀ ਸੀ। ਥੋੜੇ ਸਮੇਂ ਵਿੱਚ ਹੀ ਇਹ ਗੋਲਾਬਾਰੀ ਤੇਜ਼ ਹੁੰਦੀ ਚਲੀ ਗਈ। ਲੜੀਵਾਰ ਲਾਲ ਗੋਲਿਆਂ ਨਾਲ ਅਕਾਸ਼ ਲਾਲ ਹੋ ਗਿਆ ਸੀ। ਇਹ ਗੋਲੇ ਮਾਰਟਰ ਗੰਨਾਂ ਅਤੇ ਹੋਰ ਆਧੁਨਿਕ ਹਥਿਆਰਾਂ ਨਾਲ ਭਾਰਤੀ ਫੌਜ ਵੱਲੋਂ ਵਰਾਏ ਜਾ ਰਹੇ ਸਨ। ਫੌਜ ਵੱਲੋਂ ਘੰਟਾ ਘਰ ਵਾਲੇ ਪਾਸਿਉਂ ਆਸ-ਪਾਸ ਦੇ ਮਕਾਨਾਂ ਤੋਂ ਫਾਇਰਿੰਗ ਹੋ ਰਹੀ ਸੀ। ਇਨਾਂ ਵਿੱਚੋਂ ਕਈ ਮਕਾਨ ਬਹੁ-ਮੰਜ਼ਿਲੀ ਸਨ ਜੋ ਦਰਬਾਰ ਸਾਹਿਬ ਕੰਪਲੈਕਸ ਨਾਲੋਂ ਵੀ ਉੱਚੇ ਸਨ। ਇਨਾਂ ਮਕਾਨਾਂ ਦੀ ਛੱਤ ਤੋਂ ਪਰਕਰਮਾ, ਅਕਾਲ ਤਖ਼ਤ ਸਾਹਿਬ ਦੇ ਆਸ-ਪਾਸ ਦੇ ਮਕਾਨਾਂ ਨੂੰ ਬੜੀ ਆਸਾਨੀ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਅਚਾਨਕ 4 ਵੱਜ ਕੇ 15 ਮਿੰਟ 'ਤੇ ਅਕਾਲ ਤਖ਼ਤ ਸਾਹਿਬ 'ਤੇ ਭਾਰੀ ਧਮਾਕਾ ਹੋਇਆ। ਇਹ ਤੋਪ ਜਾਂ ਮਿਜਾਈਲ ਦਾ ਗੋਲਾ ਵੱਜਿਆ ਸੀ। ਅਕਾਲ ਤਖ਼ਤ ਦੀ ਸਾਰੀ ਬਿਲਡਿੰਗ ਹਿੱਲ ਗਈ। ਇਸ ਸਮੇਂ ਮੈਂ ਸੰਤ ਭਿੰਡਰਾਂਵਾਲਿਆਂ ਨਾਲ ਅਕਾਲ ਤਖ਼ਤ ਸਾਹਿਬ ਵਿਖੇ ਸਾਂ। ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ, ਜਨਰਲ ਸੁਬੇਗ ਸਿੰਘ ਤੇ ਹੋਰ 20-22 ਸਿੰਘ ਇਸੇ ਮੋਰਚੇ 'ਤੇ ਡਟੇ ਹੋਏ ਸਨ। ਹੈਲੀਕਾਪਟਰ ਸਾਡੇ ਸਿਰਾਂ 'ਤੇ ਮੰਡਰਾ ਰਹੇ ਸਨ। ਗੋਲਿਆਂ ਤੇ ਗੋਲੀਆਂ ਦਾ ਮੀਂਹ ਵਰ ਰਿਹਾ ਸੀ।

ਜਨਰਲ ਸੁਬੇਗ ਸਿੰਘ ਦੇ ਹੱਥ ਵਿੱਚ ਕਾਰਬਾਈਨ ਸੀ ਤੇ ਇੱਕ ਸੋਟੀ ਸੀ। ਇਨਾਂ ਨੇ ਅਕਾਲ ਤਖ਼ਤ ਦੇ ਸੱਜੇ ਪਾਸੇ ਬੁੰਗਾ ਸ਼ੇਰ ਸਿੰਘ ਦੇ ਉੱਤੇ ਮੋਰਚਾਬੰਦੀ ਕੀਤੀ ਹੋਈ ਸੀ। ਇਥੇ ਵਰਣਨਯੋਗ ਹੈ ਕਿ ਫੌਜ ਦਾ ਸਭ ਤੋਂ ਵੱਧ ਨੁਕਸਾਨ



ਇਸ ਮੋਰਚੇ ਨੇ ਕੀਤਾ। ਅਕਾਲ ਤਖ਼ਤ ਸਾਹਿਬ ਦੇ ਚੱਪੇ-ਚੱਪੇ ਉਤੇ ਸੰਤ ਭਿੰਡਰਾਂਵਾਲਿਆਂ ਸਮੇਤ ਸਮੁੱਚਾ ਜੱਥਾ ਪੁਜ਼ੀਸ਼ਨਾਂ ਲਈ ਬੈਠਾ ਸੀ। ਇਨਾਂ ਕੋਲ ਐਸਐਲਆਰ, 303 ਰਾਈਫਲ ਅਤੇ ਹੋਰ ਸਾਧਾਰਨ ਹਥਿਆਰ ਸਨ। ਸੰਤ ਭਿੰਡਰਾਂਵਾਲਿਆਂ ਨਾਲ ਤਕਰੀਬਨ ਚਾਰ ਦਰਜਨ ਦੇ ਕਰੀਬ ਸਿੰਘ ਸਨ ਜਿਨਾਂ ਵਿੱਚ ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਵੀ ਸ਼ਾਮਲ ਸਨ। ਸੰਤ ਜਰਨੈਲ ਸਿੰਘ ਹੁਰੀਂ ਕਹਿ ਰਹੇ ਸਨ, "ਸ਼ਾਬਾਸ਼ ਸਿੰਘੋ, ਜੀਂਦੇ ਜੀਅ ਦੁਸ਼ਮਣ ਦੇ ਪੈਰ ਪਰਕਰਮਾ ਵਿੱਚ ਨਹੀਂ ਪੈਣ ਦੇਣੇ, ਹੱਥ ਖੜੇ ਨਹੀਂ ਕਰਨੇ ਤੇ ਸ਼ਹੀਦੀਆਂ ਪਾਉਣੀਆਂ ਹਨ।"

ਅਸੀਂ ਅਕਾਲ ਤਖ਼ਤ ਸਾਹਿਬ ਦੀ ਥੱਲੇ ਮੰਜ਼ਿਲ ਵਲ ਅੰਦਰਲੇ ਕਮਰਿਆਂ ਵਿਚ ਨਵੇਂ ਮੋਰਚੇ ਵੀ ਬਣਾਏ ਹੋਏ ਸਨ। ਸਾਰੇ ਮੋਰਚਿਆਂ ਤੋਂ ਫੌਜ ਨੂੰ ਮੁਕਾਬਲਾ ਦਿੱਤਾ ਜਾ ਰਿਹਾ ਸੀ। ਪੰਜ ਜੂਨ ਦੌਰਾਨ ਸਵੇਰੇ ਸਾਢੇ ਪੰਜ ਵਜੇ ਅਚਨਚੇਤੇ ਫੌਜ ਵਲੋਂ ਚਲਾਈ ਗੋਲੀ ਜਨਰਲ ਸੁਬੇਗ ਸਿੰਘ ਦੀ ਛਾਤੀ ਵਿਚ ਆ ਵੱਜੀ। ਮੈਂ ਸੰਤਾਂ ਦੇ ਨਾਲ ਜਨਰਲ ਸੁਬੇਗ ਸਿੰਘ ਕੋਲ ਖਲੌਤਾ ਸਾਂ। ਜਰਨਲ ਸੁਬੇਗ ਸਿੰਘ ਥੱਲੇ ਡਿੱਗ ਪਏ ਤੇ ਮੈਂ ਉਨਾਂ ਨੂੰ ਸਹਾਰਾ ਦੇ ਕੇ ਥੱਲਵੀਂ ਮੰਜ਼ਲ ਵਿਚ ਲੈ ਗਿਆ। ਸੰਤਾਂ ਨੇ ਜਨਰਲ ਸੁਬੇਗ ਸਿੰਘ ਦਾ ਸਿਰ ਆਪਣੀ ਗੋਂਦ ਵਿਚ ਰੱਖ ਲਿਆ। ਪਿਆਰ ਨਾਲ ਪਲੋਸਿਆ ਕਿ ਜਨਰਲ ਸਾਹਿਬ ਤੁਸੀਂ ਸਾਨੂੰ ਇਕੱਲਿਆ ਛੱਡ ਕੇ ਚੱਲੇ ਹੋ। ਤੁਸੀਂ ਸਾਡੇ ਨਾਲ ਧੋਖਾ ਕੀਤਾ। ਸਾਡਾ ਤਾਂ ਵਚਨ ਇਕੱਠਿਆ ਸ਼ਹਾਦਤ ਪਾਉਣ ਦਾ ਸੀ। ਜਨਰਲ ਸੁਬੇਗ ਸਿੰਘ ਮੁਸਕਰਾ ਕੇ ਥੋੜੀ ਪੀੜਾ ਨਾਲ ਕਹਿਣ ਲੱਗੇ ਕਿ ਬਾਬਿਓ ਅਸੀਂ ਆਪਣਾ ਵਚਨ ਨਿਭਾਅ ਚੱਲੇ ਹਾਂ, ਬੱਸ ਏਨਾ ਹੀ ਸਾਥ ਸੀ। ਇਹ ਕਹਿ ਕੇ ਉਹ ਚਲ ਵਸੇ। ਸੰਤ ਇਹ ਕਹਿ ਕੇ ਉੱਠ ਪਏ ਕਿ ਜਨਰਲ ਸਾਹਿਬ ਅਸੀਂ ਵੀ ਤੁਹਾਡੇ ਮਗਰ ਆਏ। ਉਹ ਉਪਰਲੀ ਮੰਜ਼ਲ ਵਲ ਸਾਨੂੰ ਲੈ ਕੇ ਚਲ ਪਏ।

ਉਪਰੋਂ ਹੈਲੀਕਾਪਟਰ ਦੇ ਮੰਡਰਾਉਣ ਦੀਆਂ ਆਵਾਜ਼ਾਂ ਵੀ ਆ ਰਹੀਆਂ ਸਨ। ਕਈ ਸਿੰਘ ਜੂਝਦੇ ਸ਼ਹੀਦ ਹੋ ਗਏ ਸਨ ਤੇ ਕਈ ਫੱਟੜ ਹੋਏ ਪਏ ਸਨ। ਪਰ ਇਥੇ ਇਨਾਂ ਦੀ ਕੋਈ



ਮੱਲਮ ਪੱਟੀ ਕਰਨ ਵਾਲਾ ਨਹੀਂ ਸੀ। ਪਰ ਗੁਰੂ ਸਾਹਿਬ ਦੀ ਏਨੀ ਕ੍ਰਿਪਾ ਸੀ ਕਿ ਗੋਲੀਆਂ ਨਾਲ ਫੱਟੜ ਹੋਣ ਵਾਲੇ ਸਿੰਘ ਵੀ ਲੜਨ ਵਾਲਿਆਂ ਨੂੰ ਹੌਂਸਲਾ ਦੇ ਰਹੇ ਸਨ ਕਿ ਤਕੜੇ ਹੋ ਕੇ ਲੜੋ। ਸਿੰਘਾਂ ਦੀਆਂ ਲਾਸ਼ਾਂ ਮੋਰਚਿਆਂ ਵਿਚ ਪਈਆਂ ਸਨ ਪਰ ਉੱਥੇ ਸਾਡਾ ਮਨ ਵੀ ਸ਼ਾਇਦ ਪੱਥਰ ਦਾ ਹੋ ਗਿਆ ਸੀ। ਇੰਝ ਲੱਗ ਰਿਹਾ ਸੀ ਕਿ ਜਿਵੇਂ ਅਸੀਂ ਚਮਕੌਰ ਦੀ ਗੜ੍ਹੀ ਵਿਚ ਜੰਗ ਲੜ ਰਹੇ ਹੋਈਏ। ਗੱਲ ਸਿੱਧੀ ਸੀ, ਲੜਨਾ ਤੇ ਮਰਨਾ।

ਪੰਜ ਜੂਨ ਸੱਤ ਵਜੇ ਰਾਤ ਦੌਰਾਨ ਸਾਰੇ ਦਰਬਾਰ ਸਾਹਿਬ ਕੰਪਲੈਕਸ ਅਤੇ ਆਸ - ਪਾਸ ਦੀਆਂ ਬਿਲਡਿੰਗਾਂ ਦੀ ਬਿਜਲੀ ਕੱਟ ਦਿੱਤੀ ਗਈ। ਰਾਤ ਦੇ ਹਨੇਰੇ ਦੇ ਵਿੱਚ ਫੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ - ਦੁਆਲੇ ਦੀਆਂ ਉੱਚੀਆਂ ਬਿਲਡਿੰਗਾਂ ਵਿੱਚ ਮੋਰਚੇ ਸਾਂਭ ਲਏ। ਪਤਾ ਲੱਗਾ ਕਿ 5 ਜੂਨ ਦੌਰਾਨ ਫੌਜ ਦੇ ਕਬਜ਼ੇ ਵਿੱਚ ਆਉਣ ਵਾਲੀ ਪਹਿਲੀ ਬਿਲਡਿੰਗ ਗੁਰੂ ਰਾਮਦਾਸ ਸਰਾਂ ਸੀ। ਇਥੇ ਹੀ ਟੈਂਕ ਲੰਗਰ ਦੇ ਸਾਹਮਣਿਓਂ ਪਰਕਰਮਾ ਵਿੱਚ ਦਾਖਲ ਹੋਏ ਸਨ। ਇੱਥੇ ਸਿੰਘਾਂ ਨੇ ਬਖਤਰਬੰਦ ਗੱਡੀਆਂ ਉਡਾ ਦਿੱਤੀਆਂ ਸਨ। ਬਾਬਾ ਠਾਰਾ ਸਿੰਘ ਇਸੇ ਮੋਰਚੇ 'ਤੇ ਲੰਗਰ ਕੋਲ ਸ਼ਹੀਦ ਹੋ ਚੁੱਕੇ ਸਨ।

ਪੰਜ ਤਰੀਕ ਦੀ ਰਾਤ ਨੂੰ ਕੋਈ ਪੌਣੇ ਦਸ ਵਜੇ ਇੱਕ ਛੋਟਾ ਟੈਂਕ ਪਰਕਰਮਾ ਵਿੱਚ ਦਾਖਲ ਹੋਇਆ। ਅਗਲੇ ਦਿਨ ਇੱਕ ਟੈਂਕ ਬਾਬਾ ਦੀਪ ਸਿੰਘ ਵਾਲੀ ਛਬੀਲ ਪਾਸ , ਦੋ ਟੈਂਕ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਸਥਾਨ ਲੰਘ ਕੇ ਅੱਗੇ ਅਤੇ ਇੱਕ ਛੋਟਾ ਟੈਂਕ ਜੋ ਪਹਿਲਾਂ ਦਾਖਲ ਹੋਇਆ ਸੀ, ਉਹ ਬਾਬਾ ਸਵਾਇਆ ਸਿੰਘ ਦੀ ਛਬੀਲ ਕੋਲ ਖੜਾ ਸੀ। ਪਹਿਲਾਂ ਜ਼ਹਿਰੀਲੀ ਗੈਸ ਇੱਕ ਗੋਲਾ ਅਕਾਲ ਤਖ਼ਤ ਸਾਹਿਬ ਤੇ ਸੁੱਟਿਆ ਗਿਆ , ਜਿਸ ਦਾ ਅਸਰ ਸਾਡੇ ਕਮਰਿਆਂ ਤੱਕ ਵੀ ਹੋਇਆ। ਸਾਡੇ ਨੱਕ ਨੂੰ ਗੈਸ ਚੜਨ ਲੱਗ ਪਈ। ਅਸੀਂ ਮੂੰਹ ਢੱਕ ਲਏ ਸਨ। ਫਿਰ ਇਹਨਾਂ ਟੈਂਕਾਂ ਨੇ ਸਾਰੀ ਰਾਤ ਗੋਲਾਬਾਰੀ ਕੀਤੀ।

ਸੰਤ ਭਿੰਡਰਾਂਵਾਲਿਆਂ ਦੇ ਸਿਰ 'ਤੇ ਬਸੰਤੀ ਦਸਤਾਰ ਬੰਨੀ ਹੋਈ ਸੀ ਅਤੇ ਹੱਥ ਵਿੱਚ ਥਾਮਸਨ ਗੰਨ ਸੀ। 6 ਜੂਨ ਦੌਰਾਨ ਰਾਤ 11 ਵਜੇ ਟੈਂਕ ਅਤੇ ਬਖਤਰਬੰਦ ਗੱਡੀਆਂ ਸਰਾਂ ਵਾਲੇ ਪਾਸਿਓਂ ਅੰਦਰ ਦਰਬਾਰ ਸਾਹਿਬ ਵਲ ਆ ਰਹੀਆਂ ਸਨ। ਅਕਾਲ ਤਖ਼ਤ ਸਾਹਿਬ ਦੇ ਕਈ ਗੁੰਬਦ ਤੋਪਾਂ ਦੇ ਗੋਲਿਆਂ ਨਾਲ ਢਹਿ ਗਏ ਸਨ ਤੇ ਅਕਾਲ ਤਖ਼ਤ ਸਾਹਿਬ ਸਮੇਤ ਆਸਪਾਸ ਦੀ ਇਮਾਰਤ ਦੇ ਕਾਫੀ ਹਿੱਸੇ ਵਿਚ ਅੱਗ ਲੱਗੀ ਹੋਈ ਸੀ। ਭਾਵੇਂ ਲੜਨ ਵਾਲੇ ਸਿੰਘ ਬਹੁਤ ਘੱਟ ਸਨ, ਪਰ ਸਿੰਘਾਂ ਦੀ ਮੋਰਚਾਬੰਦੀ ਤੇ ਬਹਾਦਰੀ ਕਾਰਨ ਇਸ ਹਮਲੇ ਦੌਰਾਨ ਫ਼ੌਜ ਦਾ ਵੀ ਬਹੁਤ ਵੱਡਾ ਜਾਨੀ-ਮਾਲੀ ਨੁਕਸਾਨ ਕੀਤਾ ਸੀ।

6 ਜੂਨ ਸਵੇਰੇ ਭਾਈ ਸਵਰਨ ਸਿੰਘ, ਦਲਬੀਰ ਸਿੰਘ ਅਭਿਆਸੀ ਅਕਾਲ ਤਖ਼ਤ ਸਾਹਿਬ ਦੇ ਮੋਰਚੇ ਵਲ ਆ ਰਹੇ ਸਨ, ਉਹ ਦਰਬਾਰ ਸਾਹਿਬ ਦੇ ਸਾਹਮਣੇ ਵਾਲੀ ਦੁੱਖ ਭੰਜਨੀ ਦੇ ਨੇੜੇ ਛਬੀਲ ਦੇ ਕੋਲ ਸ਼ਹੀਦ ਹੋ ਗਏ।

ਅੱਤ ਦੀ ਗਰਮੀ ਪੈ ਰਹੀ ਸੀ। ਪਿਆਸ ਲੱਗੀ ਹੋਈ ਸੀ, ਪਰ ਪੀਣ ਨੂੰ ਪਾਣੀ ਨਹੀਂ ਸੀ। ਤਿੰਨ ਦਿਨ ਤੋਂ ਪ੍ਰਸ਼ਾਦਾ ਨਹੀਂ ਸੀ ਛਕਿਆ। ਸਿਰਫ਼ ਛੋਲੇ ਫੱਕੇ ਮਾਰ ਕੇ ਗੁਜ਼ਾਰਾ ਕਰ ਰਹੇ ਸਾਂ, ਪਰ ਉਹ ਵੀ ਮੁੱਕ ਗਏ ਸਨ। ਤਿੰਨ ਜੂਨ ਤੋਂ ਲੈ ਕੇ ਛੇ ਜੂਨ ਤੱਕ ਲਗਾਤਾਰ ਤਿੰਨ ਦਿਨ ਤੇ ਤਿੰਨ ਰਾਤਾਂ ਜੁਝਾਰੂ ਸਿੰਘਾਂ ਵਲੋਂ ਫੌਜ ਦੇ ਕਹਿਰੀ ਹਮਲਿਆਂ ਨੂੰ ਪਛਾੜ ਕੇ ਰੱਖਿਆ ਗਿਆ। ਕਈ ਕਮਾਂਡੋਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਪਰਕਰਮਾ ਉਨਾਂ ਲਈ ਕਤਲਗਾਹ ਸਾਬਤ ਹੋਈ। ਅਖ਼ੀਰ ਛਿਥੇ ਪਏ ਫੌਜੀ ਕਮਾਂਡਰਾਂ ਵਲੋਂ ਛੇ ਜੂਨ ਦੀ ਸਵੇਰ ਨੂੰ ਅਕਾਲ ਤਖਤ ਸਾਹਿਬ 'ਤੇ ਟੈਂਕਾਂ ਨਾਲ ਹਮਲਾ ਕੀਤਾ ਗਿਆ ਅਤੇ ਗੋਲੇ ਮਾਰ ਮਾਰ ਕੇ ਅਕਾਲ ਤਖਤ ਸਾਹਿਬ ਦੇ ਗੁੰਬਦਾਂ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਹੁਣ ਸਿਰਫ਼ ਸੰਤ ਭਿੰਡਰਾਂਵਾਲਿਆਂ ਕੋਲ ਗਿਣਤੀ ਦੇ ਜੁਝਾਰੂ ਹੀ ਰਹਿ ਗਏ ਸਨ, ਉਹ ਵੀ ਲਗਭਗ ਜ਼ਖ਼ਮੀ ਹਾਲਤ ਵਿਚ। ਅੰਤ ਇਨਾਂ ਸੰਤ ਭਿੰਡਰਾਂਵਾਲਿਆਂ ਵਲੋਂ ਅਰਦਾਸਾ ਸੋਧ ਕੇ ਭਾਰਤੀ ਫੌਜ ਨਾਲ ਨੰਗੇ ਧੜ ਲੜਨ ਦਾ ਫੈਸਲਾ ਕੀਤਾ ਗਿਆ। ਜਦੋਂ ਅਸੀਂ ਪਰਿਕਰਮਾ ਵਲ ਆਏ ਤਾਂ ਅਨੇਕਾਂ ਸਿੰਘਾਂ ਦੀਆਂ ਲਾਸ਼ਾਂ ਪਈਆਂ ਵੇਖੀਆਂ, ਖੂਨ ਡੁੱਲਿਆ ਪਿਆ ਸੀ, ਪਰਿਕਰਮਾ ਲਾਲ ਹੋਈ ਪਈ ਸੀ ਅਤੇ ਵਰਾਂਡਿਆਂ ਵਾਲੇ ਕਈ ਕਮਰਿਆਂ ਨੂੰ ਅੱਗ ਲੱਗੀ ਹੋਈ ਸੀ। ਦੂਰੋਂ ਫੌਜ ਵੀ ਦਿਖਾਈ ਦੇ ਰਹੀ ਸੀ। ਸੰਤਾਂ ਦੀ ਅਗਵਾਈ ਵਿਚ ਅਸੀਂ ਦਰਬਾਰ ਸਾਹਿਬ ਦੇ ਬਾਹਰ ਦਰਸ਼ਨੀ ਡਿਊੜੀ 'ਤੇ ਮੱਥਾ ਟੇਕਿਆ।

6 ਜੂਨ ਦੌਰਾਨ ਸਵੇਰੇ 9 ਵਜੇ ਦੇ ਕਰੀਬ ਸੰਤ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਤੇ ਥੋੜੇ ਜਿਹੇ ਹੋਰ ਸਿੰਘ ਫਾਇਰਿੰਗ ਕਰਦੇ ਹੋਏ ਬਾਹਰ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਨਾਂ ਕੋਲ ਪਹੁੰਚ ਗਏ। ਅਕਾਲ ਤਖ਼ਤ ਸਾਹਿਬ ਤੇ ਦਰਸ਼ਨੀ ਡਿਉੜੀ ਦੇ ਸਾਹਮਣੇ ਭਿਆਨਕ ਯੁੱਧ ਹੋਇਆ। ਭਾਈ ਅਮਰੀਕ ਸਿੰਘ ਮੀਰੀ-ਪੀਰੀ ਨਿਸ਼ਾਨ ਸਾਹਿਬ ਕੋਲ ਸ਼ਹੀਦ ਹੋ ਗਏ। ਇਕ ਗੋਲਾ ਅਚਨਚੇਤ ਵੱਜਿਆ। ਸਾਨੂੰ ਨਹੀਂ ਪਤਾ ਕਿ ਕੌਣ ਕਿੱਥੇ ਸੀ, ਪਰ ਸੰਤਾਂ ਨਾਲ ਮੈਂ ਸੀ। ਸੰਤ ਗੋਲੇ ਨਾਲ ਸ਼ਹੀਦ ਹੋ ਗਏ। ਤੁਸੀਂ ਸੰਤਾਂ ਦੀ ਦੇਹ ਦੀ ਫੋਟੋ ਦੇਖ ਕੇ ਅੰਦਾਜ਼ਾ ਲਗਾ ਸਕਦੇ ਹੋ। ਇਕ ਗੋਲੀ ਮੈਨੂੰ ਵੀ ਲੱਗੀ, ਮੈਂ ਥੱਲੇ ਡਿੱਗ ਪਿਆ। ਉਸ ਤੋਂ ਬਾਅਦ ਮੈਂ ਫੌਜੀ



ਹਸਪਤਾਲ ਅੰਮ੍ਰਿਤਸਰ ਵਿਚ ਆਪਣੇ ਆਪ ਨੂੰ ਬੈਡ 'ਤੇ ਪਿਆ ਅਨੁਭਵ ਕੀਤਾ।

ਸੁਆਲ-ਦਰਬਾਰ ਸਾਹਿਬ ਵਿਚ ਕਿਸੇ ਪੱਤਰਕਾਰ ਨਾਲ ਵੀ ਮੁਲਾਕਾਤ ਹੋਈ ?

ਜੁਆਬ-ਦਰਬਾਰ ਸਾਹਿਬ ਸਮੂਹ ਨੂੰ ਜਦੋਂ ਫ਼ੌਜ ਨੇ ਘੇਰੇ ਵਿਚ ਲੈ ਲਿਆ ਤਾਂ ਇਕ ਪੱਤਰਕਾਰ ਸੁਭਾਸ਼ ਕਿਰਪੇਕਰ ਜੋ 3 ਜੂਨ ਨੂੰ ਸੰਤ ਭਿੰਡਰਾਂਵਾਲਿਆਂ ਨੂੰ ਮਿਲਿਆ, ਉਸ ਨੇ ਪੁਛਿਆ ਕਿ ਕੀ ਉਹ ਮੌਤ ਤੋਂ ਡਰਦੇ ਹਨ। ਸੰਤ ਭਿੰਡਰਾਂਵਾਲਿਆਂ ਨੇ ਉੱਤਰ ਦਿੱਤਾ, "ਮੌਤ ਤੋਂ ਡਰਨ ਵਾਲਾ ਸਿੱਖ ਨਹੀਂ ਹੋ ਸਕਦਾ।" ਉਨਾਂ ਕਿਹਾ ਕਿ ਉਹ ਉਨਾਂ ਕਤਲਾਂ ਲਈ ਜ਼ਿੰਮੇਵਾਰ ਨਹੀਂ ਸਨ ਜਿਨਾਂ ਕਾਰਨ ਫ਼ੌਜ ਦਰਬਾਰ ਸਾਹਿਬ ਦੇ ਬੂਹੇ ਆ ਖੜੀ ਹੋਈ ਸੀ। ਜਦੋਂ ਕਿਰਪੇਕਰ ਨੇ ਪੁਛਿਆ ਕਿ ਹਿੰਸਾ ਨੂੰ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ ਤਾਂ ਉਨਾਂ ਨੇ ਜਵਾਬ ਦਿੱਤਾ, "ਉਨਾਂ ਨੂੰ ਪੁੱਛੋ ਜਿਨਾਂ ਉੱਤੇ ਇਸ ਦੀ ਜ਼ਿੰਮੇਵਾਰੀ ਆਉਂਦੀ ਹੈ।" ਉਸ ਨੇ ਫਿਰ ਪੁਛਿਆ, "ਤੁਸੀਂ ਕੀ ਸਮਝਦੇ ਹੋ ਕਿ ਸਿੱਖ ਇਸ ਦੇਸ਼ ਵਿਚ ਨਹੀਂ ਰਹਿ ਸਕਦੇ ?" ਸੰਤ ਜੀ ਨੇ ਉੱਤਰ ਦਿੱਤਾ, "ਹਾਂ ਉਹ ਨਾ ਭਾਰਤ ਅੰਦਰ ਰਹਿ ਸਕਦੇ ਹਨ, ਨਾ ਭਾਰਤ ਦੇ ਨਾਲ। ਜੇ ਬਰਾਬਰ ਦੇ ਸਮਝ ਕੇ ਚਲਣ ਤਾਂ ਸੰਭਵ ਹੋ ਸਕਦਾ ਹੈ। ਪਰ ਸੱਚੀ ਗੱਲ ਆਖਾਂ ਤਾਂ ਅਜਿਹਾ ਹੋਣਾ ਸੰਭਵ ਲੱਗਦਾ ਨਹੀਂ।" ਇਹ ਸੰਤਾਂ ਦੀ ਆਖਰੀ ਇੰਟਰਵਿਊ ਸੀ।

ਸੁਆਲ-ਕਿੱਥੇ ਕਿੱਥੇ ਮੋਰਚੇ ਲੱਗੇ ਸਨ ?

ਜੁਆਬ-ਗੁਰੂ ਰਾਮ ਦਾਸ ਸਰਾਂ ਅਕਾਲ ਰੈਸਟ ਹਾਉਸ, ਪਾਣੀ ਵਾਲੀ ਟੈਂਕੀ ਤੇ ਭਾਈ ਹਰਮਿੰਦਰ ਸਿੰਘ ਸੰਧੂ ਦੀ ਅਗਵਾਈ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲੇ ਸਨ।  ਗੁਰੂ ਰਾਮਦਾਸ ਲੰਗਰ ਅਤੇ ਦੀਵਾਨ ਮੰਜੀ ਸਾਹਿਬ ਹਾਲ ਤੇ ਜਥੇਦਾਰ ਬਾਬਾ ਥਾਰਾ ਸਿੰਘ, ਜਥੇਦਾਰ ਭਾਈ ਰਾਮ ਸਿੰਘ ਸੁਲਤਾਨਪੁਰੀ, ਜਥੇਦਾਰ ਬਾਈ ਗੁਰਮੇਲ ਸਿੰਘ (ਹਜ਼ੂਰ ਸਾਹਿਬ ਕਾਰ ਸੇਵਾ ਵਾਲਿਆਂ) ਦੀ ਅਗਵਾਈ ਵਿੱਚ ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ। ਅਖਾੜਾ ਬ੍ਰਹਮ ਬੂਟਾ ਅਤੇ ਦੋਵੇਂ ਬੁਰਜ ਰਾਮਗੜੀਆ ਵਾਲੇ,ਤੇ ਜਥੇਦਾਰ ਭਾਈ ਦਲਬੀਰ ਸਿੰਘ ਅਭਿਆਸੀ ਦੀ ਅਗਵਾਈ ਵਿੱਚ ਭਾਈ ਸਵਰਨ ਸਿੰਘ ਰੋਡੇ (ਸੰਤਾਂ ਦੇ ਭਤੀਜੇ) ਭਾਈ ਮੇਜਰ ਸਿੰਘ ਨਾਗੋਕੇ, ਭਾਈ ਕੁਲਵੰਤ ਸਿੰਘ ਭੰਡ, ਭਾਈ ਸਾਹਿਬ ਸਿੰਘ, ਰਾਗੀ ਭਾਈ ਸੁਰਜੀਤ ਸਿੰਘ ਭੰਡ, ਰਾਗੀ ਭਾਈ ਦਿਆਲ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁਰਿੰਦਰ ਸਿੰਘ ਨਾਗੋਕੇ, ਭਾਈ ਬਲਵਿੰਦਰ ਸਿੰਘ ਨਾਗੋਕੇ ਅਤੇ ਦਮਦਮੀ ਟਕਸਾਲ ਦੇ ਅਤੇ ਕਾਰ-ਸੇਵਾ ਦੇ ਸਿੰਘਾਂ ਦੇ ਨਾਲ ਘੰਟਾ ਘਰ, ਜਿਲਿਆਂ ਵਾਲੇ ਬਾਗ਼ ਵਾਲੇ ਪਾਸੇ, ਜਥੇਦਾਰ ਭਾਈ ਜੋਗਿੰਦਰ ਸਿੰਘ ਫੌਜੀ ਚੱਕ ਰਾਜੂ ਵਾਲੇ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ।

ਬਾਕੀ ਸਫ਼ਾ 30 'ਤੇ

# ਭਾਰਤ ਸਰਕਾਰ ਵੱਲੋਂ ਐਲਾਨੇ ਖੇਤੀ ਵਪਾਰ ਨਾਲ ਜੁੜੇ ਨਵੇਂ ਸੁਧਾਰਾਂ ਦੇ ਕੀ ਹੋਣਗੇ ਅਸਰ ?

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਕੋਰੋਨਾਵਾਇਰਸ ਦੇ ਲਾਕਡਾਊਨ ਦੇ ਰੌਲੇ ਵਿਚ ਭਾਰਤ ਸਰਕਾਰ ਨੇ ਦੇਸ਼ ਦੀ 70 ਫੀਸਦੀ ਤੋਂ ਵੱਧ ਅਬਾਦੀ ਦੀ ਜੀਵਕਾ ਨਾਲ ਜੁੜੇ ਖੇਤੀਬਾੜੀ ਖੇਤਰ ਵਿਚ ਵੱਡੀਆਂ ਤਬਦੀਲੀਆਂ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਹ ਹੁਕਮ ਖਾਸ ਤੌਰ 'ਤੇ ਖੇਤ ਉਪਜ ਦੀਆਂ ਵਸਤਾਂ ਦੀ ਮੰਡੀ ਨਾਲ ਜੁੜੇ ਹੋਏ ਹਨ, ਜਿਸ ਖਿਲਾਫ ਕਿਸਾਨ ਜਥੇਬੰਦੀਆਂ ਨੇ ਵਿਰੋਧ ਵੀ ਸ਼ੁਰੂ ਕਰ ਦਿੱਤਾ ਹੈ।

ਕੀ ਹਨ ਇਹ ਨਵੇਂ ਕਾਨੂੰਨ ?

ਪੰਜ ਜੂਨ ਨੂੰ ਰਾਸ਼ਟਰਪਤੀ ਵੱਲੋਂ 8 ਨੰਬਰ ਆਰਡੀਨੈਂਸ ਵਜੋਂ ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ, 2020, 10 ਨੰਬਰ ਆਰਡੀਨੈਂਸ ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰਮੋਸ਼ਨ ਐਂਡ ਫੈਸਿਲੀਟੇਸ਼ਨ) ਆਰਡੀਨੈਂਸ 2020 ਅਤੇ 11 ਨੰਬਰ ਆਰਡੀਨੈਂਸ ਦਾ ਫਾਰਮਰਜ਼ (ਐਂਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ 2020 ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਨਾਂ ਤਿੰਨਾਂ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਹੁਣ ਤਕ ਦੀ ਖੇਤੀ ਮੰਡੀ ਨਾਲ ਸਬੰਧਤ ਨੀਤੀ ਪੂਰੀ ਤਰਾਂ ਬਦਲ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਵੱਲੋਂ ਸਖ਼ਤ ਫ਼ੈਸਲੇ ਲੈਣ ਦੇ ਦਿੱਤੇ ਸੰਕੇਤ ਉੱਤੇ ਅਮਲ ਸ਼ੁਰੂ ਹੋ ਗਿਆ ਹੈ।

ਕੀ ਤਬਦੀਲੀ ਲਿਆਉਣਗੇ ਇਹ ਨਵੇਂ ਨਿਯਮ ?

ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ, 2020 ਅਧੀਨ 65 ਸਾਲ ਪੁਰਾਣੇ ਕਾਨੂੰਨ ਨੂੰ ਤਬਦੀਲ ਕਰਕੇ (ਕਣਕ, ਮੱਕੀ, ਦਾਲਾਂ, ਤੇਲ ਬੀਜਾਂ, ਖਾਣ ਵਾਲੇ ਤੇਲਾਂ, ਪਿਆਜ਼ ਅਤੇ ਆਲੂ ਨੂੰ ਜ਼ਰੂਰੀ ਵਸਤਾਂ ਦੀ ਸੂਚੀ ਵਿਚੋਂ ਬਾਹਰ ਕੱਢ ਦਿੱਤਾ ਹੈ।

ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰਮੋਸ਼ਨ ਐਂਡ ਫੈਸਿਲੀਟੇਸ਼ਨ) ਆਰਡੀਨੈਂਸ 2020 ਅਧੀਨ ਕਿਸਾਨਾਂ ਨੂੰ ਪ੍ਰਵਾਨਤ ਮੰਡੀਆਂ ਤੋਂ ਬਾਹਰ ਆਪਣੀ ਉਪਜ ਵੇਚਣ ਦਾ ਰਾਹ ਖੋਲਿਆ ਗਿਆ ਹੈ ਅਤੇ ਸੂਬਿਆਂ ਵਿਚਕਾਰ ਉਪਜ ਲਿਜਾਣ 'ਤੇ ਪਾਬੰਦੀਆਂ ਹਟਾਈਆਂ ਗਈਆਂ ਹਨ।

ਦਾ ਫਾਰਮਰਜ਼ (ਐਂਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ 2020 ਅਧੀਨ ਖੇਤੀਬਾੜੀ ਖੇਤਰ ਵਿਚ ਪ੍ਰਾਈਵੇਟ ਕੰਪਨੀਆਂ ਦੀ ਸਿੱਧੀ ਦਖਲ ਦਾ ਪ੍ਰਬੰਧ ਕਰਦਿਆਂ ਕਿਸਾਨਾਂ ਅਤੇ ਵੱਡੀਆਂ ਕੰਪਨੀਆਂ ਦਰਮਿਆਨ ਸੌਦੇ ਲਈ ਨਿਯਮਾਂ ਨੂੰ ਸੁਖਾਲਾ ਕੀਤਾ ਗਿਆ ਹੈ। ਇਸ ਨੂੰ ਕੰਟਰੈਕਟ ਫਾਰਮਿੰਗ ਸਥਾਪਤ ਕਰਨ ਬਤੌਰ ਲਾਗੂ ਕੀਤਾ ਜਾ ਰਿਹਾ ਹੈ, ਜਿਸ ਤਹਿਤ ਫਸਲ ਬੀਜਣ ਮੌਕੇ ਕੰਪਨੀਆਂ ਜਾਂ ਫਰਮਾਂ ਵੱਲੋਂ ਕਿਸਾਨ ਨਾਲ ਕਿਸੇ ਭਾਅ 'ਤੇ ਫਸਲ ਖਰੀਦਣ ਦਾ ਸਮਝੌਤਾ ਕੀਤਾ ਜਾਵੇਗਾ।

ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ 2020 ਮੁਤਾਬਕ ਕਿਸੇ ਵੀ ਖਰੀਦਦਾਰ ਉੱਤੇ ਆਮ ਹਾਲਤ ਵਿਚ ਕਿੰਨਾ ਜ਼ਖ਼ੀਰਾ ਰੱਖਣਾ ਹੈ, ਉਸ ਦੀ ਕੋਈ ਹੱਦ ਨਹੀਂ ਹੋਵੇਗੀ। ਦੂਸਰੇ ਦੋਵਾਂ ਆਰਡੀਨੈਂਸਾਂ ਅਧੀਨ ਝਗੜੇ ਨਿਵਾਰਨ ਦਾ ਜੋ ਤਰੀਕਾ ਦਰਜ ਕੀਤਾ ਗਿਆ ਹੈ, ਉਹ ਅਮੀਰ ਘਰਾਣਿਆਂ ਦੇ ਪੱਖ ਵਿਚ ਹੈ। ਸਬੰਧਤ ਸਬ-ਡਿਵੀਜ਼ਨ ਦਾ ਮੈਜਿਸਟ੍ਰੇਟ ਇਕ ਬੋਰਡ ਸਥਾਪਿਤ ਕਰੇਗਾ। ਜੇ ਬੋਰਡ ਦੇ ਫ਼ੈਸਲੇ ਉੱਤੇ ਕੋਈ ਸ਼ਿਕਾਇਤ ਹੋਵੇ ਤਾਂ ਐੱਸਡੀਐੱਮ ਖ਼ੁਦ ਕੇਸ ਸੁਣੇਗਾ ਅਤੇ ਅਪੀਲ ਡਿਪਟੀ ਕਮਿਸ਼ਨਰ ਜਾਂ ਉਸ ਵੱਲੋਂ ਨਾਮਜ਼ਦ ਅਧਿਕਾਰੀ ਕੋਲ ਕੀਤੀ ਜਾ ਸਕੇਗੀ।

**ਕਿਉਂ ਹੋ ਰਿਹਾ ਹੈ ਵਿਰੋਧ ?**

ਜਨਤਕ ਪਿੜ ਵਿਚ ਆ ਚੁੱਕੇ ਇਹਨਾਂ ਤਿੰਨਾਂ ਹੁਕਮਾਂ ਦਾ ਵਿਰੋਧ ਹੋ ਰਿਹਾ ਹੈ। ਵਿਰੋਧ ਕਰਨ ਵਾਲੀਆਂ ਧਿਰਾਂ ਵਿਚ ਕਿਸਾਨ ਜਥੇਬੰਦੀਆਂ ਦੇ ਨਾਲ ਸੂਬਾ ਸਰਕਾਰਾਂ ਵੀ ਸ਼ਾਮਲ ਹਨ। ਇਹਨਾਂ ਦਾ ਕਹਿਣਾ ਹੈ ਕਿ ਇਨਾਂ ਨਵੇਂ ਹੁਕਮਾਂ ਰਾਹੀਂ ਰਾਜਾਂ ਦੇ ਮੰਡੀ ਬੋਰਡਾਂ ਨੂੰ ਦਰਕਿਨਾਰ ਕਰ ਕੇ ਖੁੱਲੀ ਮੰਡੀ ਦਾ ਅਸੂਲ ਲਾਗੂ ਕਰਨ ਰਾਹੀਂ ਸੰਘੀ ਢਾਂਚੇ ਤਹਿਤ ਰਾਜਾਂ ਦੇ ਅਧਿਕਾਰਾਂ ਨੂੰ ਖੋਰਾ ਲਾਉਣ, ਸਮਰਥਨ ਮੁੱਲ ਤੋਂ ਪਿੱਛੇ ਹਟਣ ਲਈ ਵਪਾਰੀਆਂ ਅਤੇ ਕਿਸਾਨਾਂ ਦਰਮਿਆਨ ਕੰਟਰੈਕਟ ਫਾਰਮਿੰਗ ਅਤੇ ਜ਼ਖ਼ੀਰੇਬਾਜ਼ੀ ਲਈ ਰਾਹ ਤਿਆਰ ਕਰ ਦਿੱਤਾ ਗਿਆ ਹੈ। ਦੱਸ ਦਈਏ ਕਿ ਇਹਨਾਂ ਹੁਕਮਾਂ ਤੋਂ ਪਹਿਲਾਂ ਵਾਲੇ ਹਾਲਾਤਾਂ ਵਿਚ ਕੇਂਦਰ ਸਰਕਾਰ ਵੱਲੋਂ 23 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਿਆ ਜਾਂਦਾ ਸੀ ਭਾਵੇਂ ਕਿ ਸਿਰਫ ਸਰਕਾਰ ਕਣਕ ਅਤੇ ਝੋਨੇ ਦਾ ਹੀ ਇਕ ਇਕ ਦਾਣਾ ਖਰੀਦਣ ਦੀ ਗਰੰਟੀ ਦਿੰਦੀ ਸੀ। ਇਹ ਗਰੰਟੀ ਵੀ ਸਿਰਫ ਪੰਜਾਬ ਅਤੇ ਹਰਿਆਣੇ ਵਿਚ ਹੀ ਸੀ, ਕਿਉਂਕਿ ਕਿਸੇ ਸਮੇਂ ਭੁੱਖੇ ਮਰਦੇ ਭਾਰਤ ਨੂੰ ਇਹਨਾਂ ਸੂਬਿਆਂ ਨੇ ਆਤਮ-ਨਿਰਭਰ ਬਣਾਇਆ ਸੀ। ਹੁਣ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਮੁਤਾਬਕ ਦੇਸ਼ ਬਹੁਤ ਸਾਰੀਆਂ ਖੇਤੀ ਵਸਤਾਂ ਵਿਚ ਆਤਮ ਨਿਰਭਰ ਹੋ ਗਿਆ ਹੈ। ਇਸ ਲਈ ਕਣਕ ਅਤੇ ਝੋਨਾ ਸਿਰਫ਼ ਜਨਤਕ ਵੰਡ ਪ੍ਰਣਾਲੀ ਲਈ ਲੋੜੀਂਦੀ ਮਾਤਰਾ ਜਿੰਨਾ ਹੀ ਖਰੀਦਿਆ ਜਾਣਾ ਚਾਹੀਦਾ ਹੈ।

ਇਸ ਨਾਲ ਹੁਣ ਪੰਜਾਬ ਦੇ ਕਿਸਾਨਾਂ ਲਈ ਫਿਕਰ ਖੜਾ ਹੋ ਗਿਆ ਹੈ ਕਿ ਉਹਨਾਂ ਦੀ ਫਸਲ ਜਿਸਦੀ ਸ਼ਾਇਦ ਭਾਰਤ ਸਰਕਾਰ ਨੂੰ ਪਹਿਲਾਂ ਵਰਗੀ ਲੋੜ ਨਹੀਂ ਰਹੀ, ਖੇਤਾਂ ਵਿਚ ਰੁਲੇਗੀ। ਇਸ ਦੇ ਨਾਲ ਹੀ ਸਰਕਾਰ ਵੱਲੋਂ ਸਾਰੀ ਖਰੀਦ ਦਾ ਕੰਮ ਵੱਡੇ ਅਮੀਰ ਵਪਾਰੀਆਂ ਲਈ ਖੋਲਣ ਨਾਲ ਕਿਸਾਨਾਂ ਨੂੰ ਇਹਨਾਂ ਵੱਡੇ ਸਰਮਾਏਦਾਰਾਂ ਦੇ ਹੱਥਾਂ ਵਿਚ ਆਪਣੇ ਹੋਰ ਵਧੇਰੇ ਸ਼ੋਸ਼ਣ ਦਾ ਫਿਕਰ ਸਤਾਉਣ ਲੱਗਿਆ ਹੈ।

ਹੁਣ ਤਕ ਖੇਤੀ ਵਸਤਾਂ ਦਾ ਰਾਜਾਂ ਦੇ ਅੰਦਰ ਵਪਾਰ ਰਾਜ ਸੂਚੀ ਦਾ ਵਿਸ਼ਾ ਹੋਣ ਕਰਕੇ ਸੂਬਿਆਂ ਦੇ ਕੰਟਰੋਲ ਹੇਠ ਸੀ। ਖੇਤੀ ਉਤਪਾਦ ਮਾਰਕੀਟ ਕਮੇਟੀ ਕਾਨੂੰਨ (ਏਪੀਐੱਮਸੀ) ਤਹਿਤ ਕੋਈ ਵੀ ਫ਼ਸਲ ਮੰਡੀ ਬੋਰਡ ਵੱਲੋਂ ਨਾਮਜ਼ਦ ਕੀਤੀ ਮੰਡੀ ਤੋਂ ਬਾਹਰ ਵੇਚਣੀ ਗ਼ੈਰਕਾਨੂੰਨੀ ਸੀ। ਇਸ ਕਰਕੇ ਪੰਜਾਬ ਵਿਚ 14.5 ਫ਼ੀਸਦ ਅਤੇ ਹਰਿਆਣਾ ਵਿਚ 11.5 ਫ਼ੀਸਦ ਟੈਕਸ ਖਰੀਦਦਾਰ ਉੱਤੇ ਲੱਗਦੇ ਰਹੇ। ਪੰਜਾਬ ਦਾ ਪੰਜ ਫ਼ੀਸਦ ਵੈਟ ਅਤੇ ਤਿੰਨ ਫ਼ੀਸਦ ਬੁਨਿਆਦੀ ਢਾਂਚਾ ਸੈੱਸ ਭਾਵ ਅੱਠ ਫ਼ੀਸਦ ਟੈਕਸ ਜੀਐੱਸਟੀ ਨੇ ਉਡਾ ਦਿੱਤਾ ਸੀ ਕਿਉਂਕਿ 'ਇਕ ਦੇਸ਼ ਇਕ ਟੈਕਸ' ਨੇ ਰਾਜ ਸਰਕਾਰ ਦੀ ਟੈਕਸ ਲਗਾਉਣ ਦੀ ਸ਼ਕਤੀ ਖ਼ਤਮ ਕਰ ਦਿੱਤੀ ਸੀ। ਫਿਰ ਵੀ ਸੂਬੇ ਵਿਚ ਢਾਈ ਫ਼ੀਸਦ ਆੜ੍ਹਤ, ਦੋ ਫ਼ੀਸਦ ਮੰਡੀ ਫ਼ੀਸ ਅਤੇ ਦੋ ਫ਼ੀਸਦ ਦਿਹਾਤੀ ਵਿਕਾਸ ਫੰਡ ਰਹਿ ਗਿਆ। ਹੁਣ ਲਗਪਗ 24 ਹਜ਼ਾਰ ਆੜ੍ਹਤੀ ਪਰਿਵਾਰਾਂ ਦੇ ਵਿਹਲੇ ਹੋ ਜਾਣ ਦੇ ਵੀ ਆਸਾਰ ਬਣ ਰਹੇ ਹਨ।

ਮੰਡੀ ਨਾਲ ਸਬੰਧਤ ਆਰਡੀਨੈਂਸ ਦੀ ਧਾਰਾ 6 ਅਨੁਸਾਰ ਇਸ ਆਰਡੀਨੈਂਸ ਤਹਿਤ ਫ਼ਸਲ ਖਰੀਦਣ ਉੱਤੇ ਕੋਈ ਫ਼ੀਸ, ਸੈੱਸ ਜਾਂ ਲੇਵੀ ਭਾਵ ਕਿਸੇ ਵੀ ਨਾਮ ਉੱਤੇ ਕੋਈ ਟੈਕਸ ਨਹੀਂ ਵਸੂਲਿਆ ਜਾ ਸਕੇਗਾ ਭਾਵ ਐਗਰੀਕਲਚਰ ਪ੍ਰੋਡਿਊਸ ਮਾਰਕੀਟ ਕਮੇਟੀ ਕਾਨੂੰਨ ਇਸ ਉੱਤੇ ਲਾਗੂ ਨਹੀਂ ਹੋਵੇਗਾ। ਫ਼ਸਲ ਖਰੀਦਣ ਲਈ ਵੀ ਖਰੀਦਦਾਰ ਦੀ ਕਿਸੇ ਰਜਿਸਟ੍ਰੇਸ਼ਨ ਦੀ ਲੋੜ ਨਹੀਂ, ਉਸ ਕੋਲ ਪੈਨ ਨੰਬਰ ਹੋਣਾ ਹੀ ਕਾਫ਼ੀ ਹੈ। ਉਹ ਫ਼ਸਲ ਸਿੱਧੀ ਕਿਸਾਨ ਤੋਂ ਖਰੀਦ ਸਕਦਾ ਹੈ।

**ਕੈਪਟਨ ਨੇ ਇਹਨਾਂ ਸੁਧਾਰਾਂ ਨੂੰ ਸੰਘੀ ਢਾਂਚੇ 'ਤੇ ਹਮਲਾ ਦੱਸਿਆ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਐਲਾਨੇ ਅਖੌਤੀ ਸੁਧਾਰਾਂ ਨੂੰ ਮੁਲਕ ਦੇ ਸੰਘੀ ਢਾਂਚੇ ਨੂੰ ਖੋਰਾ ਲਾਉਣ ਅਤੇ ਅਸਥਿਰ ਕਰਨ ਲਈ ਢੀਠਤਾ ਵਾਲਾ ਯਤਨ ਆਖਦਿਆਂ ਰੱਦ ਕੀਤਾ ਹੈ।

ਬਾਕੀ ਸਫ਼ਾ 31 'ਤੇ



# ਤੰਬਾਕੂ ਦਾ ਸੇਵਨ ਮੌਤ ਨੂੰ ਸੱਦਾ

**- ਚਾਨਣ ਦੀਪ ਸਿੰਘ ਔਲਖ**

ਪੂਰੀ ਦੁਨੀਆਂ ਵਿੱਚ 31 ਮਈ ਨੂੰ ਕੌਮਾਂਤਰੀ ਤੰਬਾਕੂਮੁਕਤ ਦਿਵਸ ਮਨਾਇਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਵੱਲੋਂ ਇਸ ਦੀ ਘੋਸ਼ਣਾ ਕੀਤੀ ਹੋਈ ਹੈ। ਇਸ ਦਿਨ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਲੋਕਾਂ ਨੂੰ ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾਂ ਅਤੇ ਇਸ ਤੋਂ ਹੋਣ ਵਾਲੀਆਂ ਬੀਮਾਰੀਆਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ।

ਤੰਬਾਕੂਨੋਸ਼ੀ ਦੇ ਕਾਰਨ ਕਈ ਨਾਮੁਰਾਦ ਅਤੇ ਲਾਇਲਾਜ ਬੀਮਾਰੀਆਂ ਲੱਗ ਜਾਂਦੀਆਂ ਹਨ ਜਿਹਨਾਂ ਵਿੱਚ ਕੈਂਸਰ, ਦਮਾ, ਚਮੜੀ ਦੇ ਰੋਗ, ਦਿਲ ਦੀਆਂ ਬੀਮਾਰੀਆਂ, ਬੋਲਾਪਣ, ਫੇਫੜਿਆਂ ਦੇ ਰੋਗ ਆਦਿ ਅਨੇਕਾਂ ਬੀਮਾਰੀਆਂ ਸ਼ਾਮਲ ਹਨ। ਕੈਂਸਰ ਨਾਲ ਮਰਨ ਵਾਲੇ 100 ਲੋਕਾਂ ਵਿਚੋਂ 40 ਲੋਕ ਤੰਬਾਕੂ ਦੀ ਆਦਤ ਕਾਰਨ ਮਰਦੇ ਹਨ। ਤੰਬਾਕੂ ਦਾ ਸੇਵਨ ਭਾਵੇਂ ਕਿਸੇ ਵੀ ਰੂਪ ਵਿਚ ਜਾਂ ਕਿਸੇ ਵੀ ਮਾਤਰਾ ਵਿਚ ਕੀਤਾ ਜਾਵੇ ਸੁਰੱਖਿਅਤ ਨਹੀਂ ਹੈ। ਤੰਬਾਕੂ ਦਾ ਸੇਵਨ ਹਮੇਸ਼ਾ ਨੁਕਸਾਨ ਪਹੁੰਚਾਉਂਦਾ ਹੈ। ਕਿਸੇ ਹੋਰ ਦੀ ਬੀੜੀ ਜਾਂ ਸਿਗਰਟ ਤੋਂ ਆਉਣ ਵਾਲੇ ਧੂੰਏਂ ਨੂੰ ਸਹਿਣ ਕਰਨਾ ਸੈਕਿੰਡਰੀ ਸਮੋਕਿੰਗ ਕਹਾਉਂਦਾ ਹੈ।

ਸੈਕਿੰਡਰੀ ਸਮੋਕਿੰਗ ਸਿਗਰਟ, ਬੀੜੀ ਨਾ ਪੀਣ ਵਾਲੇ ਵਿਅਕਤੀਆਂ ਅਤੇ ਬੱਚਿਆਂ ਦੀ ਸਿਹਤ ਨੂੰ ਸਿਗਰਟ ਪੀਣ ਵਾਲੇ ਵਿਅਕਤੀਆਂ ਦੀ ਤਰਾਂ ਹੀ ਨੁਕਸਾਨ ਪਹੁੰਚਾਉਂਦਾ ਹੈ। ਤੰਬਾਕੂ ਸੇਵਨ ਨਾਲ ਕੈਂਸਰ ਤੋਂ ਇਲਾਵਾ ਹੋਰ ਕਈ ਖਤਰਨਾਕ ਬੀਮਾਰੀਆਂ ਜਿਵੇਂ-ਲਕਵਾ, ਦਮਾ, ਨਿਮੋਨੀਆ, ਦਿਲ ਦਾ ਦੌਰਾ, ਬੱਚਾ ਨਾ ਹੋਣਾ, ਵਾਰ-ਵਾਰ ਗਰਭਪਾਤ, ਮਰੇ ਬੱਚੇ ਦਾ ਜਨਮ ਆਦਿ ਹੋ ਸਕਦੀਆਂ ਹਨ। ਤੰਬਾਕੂਨੋਸ਼ੀ ਨੂੰ ਪੱਕਾ ਨਿਸ਼ਚਾ ਕਰਕੇ ਹੀ ਛੱਡਿਆ ਜਾ ਸਕਦਾ ਹੈ। ਬਹੁਤ ਸਾਰੇ ਦੇਸ਼ਾਂ ਵਿੱਚ ਜਨਤਕ ਥਾਵਾਂ 'ਤੇ ਤੰਬਾਕੂ ਦੀ ਵਰਤੋਂ ਕਰਨ ਤੋਂ ਰੋਕਣ ਲਈ ਕਾਨੂੰਨ ਬਣਾਇਆ ਗਿਆ ਹੈ ਤਾਂ ਕਿ ਇਸ ਮਾਰੂ ਬਿਮਾਰੀ ਤੋਂ ਬਚਿਆ ਜਾ ਸਕੇ। ਤੰਬਾਕੂ ਦੇ ਸੇਵਨ ਨੂੰ ਰੋਕਣ ਲਈ ਭਾਰਤ ਸਰਕਾਰ ਵਲੋਂ ਸਾਲ 2003 ਵਿਚ ਤੰਬਾਕੂ ਕੰਟਰੋਲ ਐਕਟ ਬਣਾਇਆ ਗਿਆ। ਇਸ ਐਕਟ ਅਧੀਨ ਜਨਤਕ ਥਾਵਾਂ 'ਤੇ ਤੰਬਾਕੂਨੋਸ਼ੀ ਕਰਨਾ ਅਪਰਾਧ ਹੈ। ਜਨਤਕ ਥਾਵਾਂ ਤੇ ਬੀੜੀ ਤੇ ਸਿਗਰਟ ਪੀਣ ਵਾਲਿਆਂ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ। ਤੰਬਾਕੂ ਵਾਲੀ ਕਿਸੇ ਵੀ ਚੀਜ਼ ਦਾ ਇਸ਼ਤਿਹਾਰ ਦੇਣਾ, 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਉਤਪਾਦ ਵੇਚਣਾ, ਸਕੂਲਾਂ-ਕਾਲਜਾਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਵੇਚਣਾ ਕਾਨੂੰਨਨ ਜੁਰਮ ਹੈ।

ਤੰਬਾਕੂ ਦਾ ਸੇਵਨ, ਮੌਤ ਨੂੰ ਸੱਦਾ ਦੇਣਾ ਹੈ, ਪ੍ਰੰਤੂ ਇਸ ਕੌੜੀ ਸਚਾਈ ਨੂੰ ਜਾਣ ਲੈਣ ਦੇ ਬਾਵਜੂਦ ਨਸ਼ੇੜੀ ਮੌਤ ਨੂੰ ਜੱਫੀ ਪਾਉਣ ਤੋਂ ਝਿਜਕਦੇ ਨਹੀਂ। ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾਂ ਤੋਂ ਬਚਾਅ ਲਈ ਜੇਕਰ ਕੋਈ ਵੀ ਵਿਅਕਤੀ ਤੰਬਾਕੂ ਦਾ ਇਸਤੇਮਾਲ ਕਰਦਾ ਹੈ ਤਾਂ ਉਸਨੂੰ ਹੋਲੀ-ਹੋਲੀ ਛੱਡ ਦੇਵੇ, ਕਿਉਂਕਿ ਇਸਦੀ ਵਰਤੋਂ ਸਿਹਤ ਲਈ ਨੁਕਸਾਨਦੇਹ ਹੈ।

ਤੰਬਾਕੂ ਇਕ ਮਿੱਠਾ ਜ਼ਹਿਰ ਹੈ, ਇਸਦੀ ਲਪੇਟ ਵਿਚ ਮਰਦ-ਔਰਤਾਂ ਤੇ ਬੱਚੇ ਵੱਡੀ ਗਿਣਤੀ ਵਿਚ ਆ ਚੁੱਕੇ ਹਨ। ਜੇਕਰ 10 ਮਰੀਜ਼ ਮੂੰਹ, ਗਲੇ ਅਤੇ ਫੇਫੜੇ ਦੇ ਕੈਂਸਰ ਤੋਂ ਪੀੜਿਤ ਹੁੰਦੇ ਹਨ ਤਾਂ ਉਹਨਾਂ ਵਿਚੋਂ 9 ਮਰੀਜ਼ਾਂ ਦੇ ਕੈਂਸਰ ਹੋਣ ਦਾ ਕਾਰਨ ਤੰਬਾਕੂ ਸੇਵਨ ਹੁੰਦਾ ਹੈ। ਲਕਵਾ ਕੈਂਸਰ ਤੇ ਹਿਰਦੇ ਰੋਗ ਦਾ ਮੁਖ ਕਾਰਨ ਤੰਬਾਕੂਨੋਸ਼ੀ ਹੈ। ਤੰਬਾਕੂ ਦੇ ਸੇਵਨ ਨਾਲ ਮੂੰਹ ਦਾ ਕੈਂਸਰ, ਫੇਫੜਿਆਂ ਦਾ ਕੈਂਸਰ, ਗਲੇ ਦਾ ਕੈਂਸਰ ਅਤੇ ਫੂਡ ਪਾਈਪ ਦਾ ਕੈਂਸਰ ਆਦਿ ਹੋਣ ਦਾ ਖ਼ਤਰਾ 4 ਗੁਣਾ ਵੱਧ ਜਾਂਦਾ ਹੈ। ਜੇਕਰ ਤੁਹਾਡੇ ਆਸਪਾਸ ਕੋਈ ਵਿਅਕਤੀ ਬੀੜੀ-ਸਿਗਰਟ ਪੀ ਰਿਹਾ ਹੈ ਤਾਂ ਉਸ ਦੇ ਧੂੰਏ ਨਾਲ ਬੱਚਿਆਂ ਦੇ ਦਿਲ ਤੇ ਦਿਮਾਗ ਤੇ ਭੈੜਾ ਅਸਰ ਹੁੰਦਾ ਹੈ। ਜ਼ਿਆਦਾ ਤੰਬਾਕੂਨੋਸ਼ੀ ਕਰਨ ਵਾਲਿਆਂ ਵਿਚ ਤੰਬਾਕੂ ਨਾ ਪੀਣ ਵਾਲਿਆਂ ਦੇ ਮੁਕਾਬਲੇ ਫੇਫੜਿਆਂ ਦੇ ਕੈਂਸਰ ਦੀ ਬਿਮਾਰੀ 15 ਤੋਂ 30 ਗੁਣਾ ਵੱਧ ਪਾਈ ਜਾਂਦੀ ਹੈ। ਤੰਬਾਕੂ ਵਿਚ ਪਾਈ ਜਾਣ ਵਾਲੀ ਨਿਕੋਟੀਨ ਨਸ਼ੇ ਦੀ ਆਦਤ ਵਿਚ ਫਸਾਉਣ ਦਾ ਕੰਮ ਕਰਦੀ ਹੈ। ਇਸ ਲਈ ਤੰਬਾਕੂ ਦੇ ਸੇਵਨ ਨੂੰ ਹਮੇਸ਼ਾ ਲਈ ਤਿਆਗ ਦੇਣਾ ਚਾਹੀਦਾ ਹੈ, ਤਾਂ ਜੋ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ।

# ਦੁਨੀਆ ਨੇ ਭਾਰਤੀ ਕਲਾਕਾਰਾਂ ਨੂੰ 'ਪਖੰਡੀ' ਕਿਉਂ ਕਿਹਾ ?

**ਅੰਮ੍ਰਿਤਸਰ ਟਾਈਮਜ਼ ਬਿਊਰੋ** : ਅਮਰੀਕਾ ਵਿਚ ਕਾਲੇ ਰੰਗ ਦੇ ਨੌਜਵਾਨ ਨੂੰ ਪੁਲਸ ਮੁਲਾਜ਼ਮਾਂ ਵੱਲੋਂ ਕਤਲ ਕਰਨ ਮਗਰੋਂ ਵਿਸ਼ਵ ਵਿਆਪੀ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ ਜਿਹਨਾਂ ਵਿਚ ਲੋਕ ਨਸਲੀ ਹਿੰਸਾ ਦਾ ਵਿਰੋਧ ਕਰਦਿਆਂ ਸੜਕਾਂ 'ਤੇ ਆਏ ਹੋਏ ਹਨ। ਭਾਰਤੀ ਫਿਲਮ ਇੰਡਸਟਰੀ ਨਾਲ ਜੁੜੇ ਕੁੱਝ ਲੋਕਾਂ ਵੱਲੋਂ ਵੀ ਇਸ ਨਸਲਵਾਦ ਵਿਰੋਧੀ ਲਹਿਰ ਦਾ ਸਮਰਥਨ ਕੀਤਾ ਗਿਆ। ਪਰ ਲੋਕ ਇਹਨਾਂ ਭਾਰਤੀ ਕਲਾਕਾਰਾਂ ਨੂੰ "ਹੀਪੋਕਰਾਈਟਸ" ਕਹਿ ਰਹੇ ਹਨ, ਜਿਸਦਾ ਪੰਜਾਬੀ ਅਰਥ "ਪਖੰਡੀ" ਬਣਦਾ ਹੈ।

ਭਾਰਤੀ ਕਲਾਕਾਰਾਂ ਨੂੰ 'ਹੀਪੋਕਰੇਟਸ' ਕਿਉਂ ਕਿਹਾ ਜਾ ਰਿਹਾ ਹੈ ? ਲੋਕਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਕਾਲੇ ਨੌਜਵਾਨ ਦੇ ਕਤਲ 'ਤੇ ਬੋਲਣ ਵਾਲੇ ਇਹ ਕਲਾਕਾਰ ਭਾਰਤ ਵਿਚ ਰੋਜ਼ ਘੱਟਗਿਣਤੀਆਂ 'ਤੇ ਹੁੰਦੇ ਕਤਲਾਂ ਬਾਰੇ ਡਰਪੋਕਾਂ ਵਾਲੀ ਚੁੱਪ ਧਾਰ ਰੱਖਦੇ ਹਨ।

ਭਾਰਤੀ ਅਦਾਕਾਰਾ ਪ੍ਰਿਯੰਕਾ ਚੋਪੜਾ ਵੱਲੋਂ ਜਦੋਂ ਆਪਣੇ ਇੰਸਟਾਗ੍ਰਾਮ ਖਾਤੇ 'ਤੇ ਕਿਹਾ ਗਿਆ ਕਿ ਸਿਰਫ ਚਮੜੀ ਦੇ ਰੰਗ ਕਰਕੇ ਕਿਸੇ ਦਾ ਕਤਲ ਨਹੀਂ ਹੋਣਾ ਚਾਹੀਦਾ ਤਾਂ ਲੋਕਾਂ ਨੇ ਉਸ ਨੂੰ ਜਵਾਬ ਦਿੰਦਿਆਂ ਟਿੱਪਣੀਆਂ ਕੀਤੀਆਂ ਕਿ ਉਹ ਖ਼ੁਦ ਚਮੜੀ ਨੂੰ ਚਿੱਟਾ ਬਣਾਉਣ ਦੀਆਂ ਮਸ਼ਹੂਰੀਆਂ ਕਰਦੀ ਹੈ। ਪ੍ਰਿਯੰਕਾ ਚੋਪੜਾ ਵੱਲੋਂ ਪੰਜਾਬ ਵਿਚ ਹਜ਼ਾਰਾਂ ਸਿੱਖ ਨੌਜਵਾਨਾਂ ਦਾ ਕਤਲ ਕਰਾਉਣ ਵਾਲੇ ਸਾਬਕਾ ਪੁਲਸ ਮੁਖੀ ਕੇਪੀਐਸ ਗਿੱਲ ਨੂੰ ਉਸਦੀ ਮੌਤ 'ਤੇ ਉਸਦੀਆਂ ਤਰੀਫਾਂ ਕਰਦਿਆਂ ਸ਼ਰਧਾਂਜਲੀ ਦਿੱਤੀ ਗਈ ਸੀ। ਲੋਕਾਂ ਨੇ ਪ੍ਰਿਯੰਕਾ ਨੂੰ ਯਾਦ ਕਰਾਇਆ ਕਿ ਜਿਸ ਕੇਪੀਐਸ ਗਿੱਲ ਦੀਆਂ ਉਹ ਤਰੀਫਾਂ ਕਰਦੀ ਸੀ, ਉਸਨੂੰ 'ਪੰਜਾਬ ਦਾ ਬੁੱਚੜ' ਕਿਹਾ ਜਾਂਦਾ ਹੈ। ਲੋਕਾਂ ਨੇ ਕਿਹਾ ਕਿ ਪ੍ਰਿਯੰਕਾ ਚੋਪੜਾ ਜੇ ਰੰਗ ਅਧਾਰਤ ਨਸਲਵਾਦ ਦਾ ਵਿਰੋਧ ਕਰਨਾ ਚਾਹੁੰਦੀ ਹੈ ਤਾਂ ਪਹਿਲਾਂ ਉਸ ਨੂੰ ਚਮੜੀ ਚਿੱਟੀ ਕਰਨ ਦੇ ਪਦਾਰਥਾਂ ਦੀਆਂ ਮਸ਼ਹੂਰੀਆਂ ਕਰਨੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ।

ਇਸੇ ਤਰਾਂ ਭਾਰਤੀ ਅਦਾਕਾਰਾ ਸੋਨਮ ਕਪੂਰ, ਦੀਪਿਕਾ ਪਾਦੂਕੋਨ ਅਤੇ ਦਿਸ਼ਾ ਪਤਾਨੀ ਦੀ ਵੀ ਸੋਸ਼ਲ ਮੀਡੀਆ 'ਤੇ ਕਾਫੀ ਨਿੰਦਾ ਹੋਈ। ਇਹ ਅਦਾਕਾਰਾਂ ਵੀ ਚਮੜੀ ਚਿੱਟੀ ਕਰਨ ਦੇ ਪਦਾਰਥਾਂ ਦੀਆਂ ਮਸ਼ਹੂਰੀਆਂ ਨਾਲ ਜੁੜੀਆਂ ਰਹੀਆਂ ਹਨ।

# ਮੁਸਲਿਮ ਮਰੀਜ਼ਾਂ ਬਾਰੇ ਡਾਕਟਰਾਂ ਦੀ ਨਫਰਤੀ ਚੈਟ ਵਾਇਰਲ ਹੋਈ

**ਅੰਮ੍ਰਿਤਸਰ ਟਾਈਮਜ਼ ਬਿਊਰੋ** : ਰਾਜਸਥਾਨ ਵਿਚ ਮੁਸਲਿਮ ਵਿਰੋਧੀ ਨਫਰਤ ਦਾ ਨਵਾਂ ਮਾਮਲਾ ਸਾਹਮਣੇ ਆਇਆ ਹੈ। ਇਸ ਵਾਰ ਮੁਸਲਮਾਨਾਂ ਪ੍ਰਤੀ ਹਿੰਦੂ ਡਾਕਟਰਾਂ ਦੀ ਨਫਰਤ ਪ੍ਰਤੱਖ ਦੇਖਣ ਨੂੰ ਮਿਲੀ ਹੈ। ਦਰਅਸਲ ਰਾਜਸਥਾਨ ਦੇ ਇਕ ਹਸਪਤਾਲ ਦੇ ਡਾਕਟਰਾਂ ਦੀ ਵਟਸਐਪ ਚੈਟ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ ਜਿਸ ਵਿਚ ਉਹ ਗੱਲ ਕਰ ਰਹੇ ਹਨ ਕਿ ਮੁਸਲਿਮ ਮਰੀਜ਼ਾਂ ਦਾ ਇਲਾਜ਼ ਨਾ ਕੀਤਾ ਜਾਵੇ।

ਸਰਦਾਰਸ਼ਹਿਰ ਵਿਚ ਸ੍ਰੀਚੰਦ ਬਾਰਾਦੀਆ ਰੋਗ ਨਿਦਾਨ ਕੇਂਦਰ ਨਾਮੀਂ ਪ੍ਰਾਈਵੇਟ ਹਸਪਤਾਲ ਚਲਾਉਂਦੇ ਡਾਕਟਰ ਸੁਨੀਲ ਚੌਧਰੀ ਅਤੇ ਉਸ ਦੇ ਸਟਾਫ ਦਰਮਿਆਨ ਹੋਈ ਇਹ ਗੱਲਬਾਤ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਇਸ ਤੋਂ ਬਾਅਦ ਡਾਕਟਰ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਮੁਆਫੀ ਮੰਗੀ ਹੈ। ਰਾਜਸਥਾਨ ਪੁਲਸ ਕੋਲ ਇਸ ਸਬੰਧੀ ਸ਼ਿਕਾਇਤ ਦਰਜ ਕਰਾਈ ਗਈ ਹੈ, ਜਿਸ ਦੀ ਪੁਲਸ ਜਾਂਚ ਕਰ ਰਹੀ ਹੈ।

ਵਾਇਰਲ ਹੋਏ ਸੁਨੇਹਿਆਂ ਵਿਚ ਇਕ ਸੁਨੇਹਾ ਹੈ, "ਕੱਲ ਤੋਂ ਮੈਂ ਮੁਸਲਿਮ ਪੇਸ਼ੈਂਟ ਕਾ ਐਕਸ-ਰੇ ਨਹੀਂ ਕਰੂੰਗਾ। ਯੇਹ ਮੇਰੀ ਸ਼ਪਤ ਹੈ।"

ਇਕ ਸੁਨੇਹਾ ਹੈ, "ਮੁਸਲਿਮ ਪੇਸ਼ੈਂਟ ਕੋ ਦੇਖਨਾ ਹੀ ਬੰਦ ਕਰਵਾ ਦੋ"

ਇਕ ਸੁਨੇਹੇ ਵਿਚ ਕਿਹਾ ਗਿਆ, "ਅਗਰ ਹਿੰਦੂ ਪੋਸੇਟਿਵ ਹੋਤੇ ਔਰ, ਮੁਸਲਿਮ ਡਾਕਟਰ ਹੋਤਾ ਤੋ ਹਿੰਦੂਓਂ ਕੋ ਕਭੀ ਨੀ ਦੇਖਤੇ। ਮੈਂ ਨਹੀਂ ਦੇਖੂੰਗੀ ਮੁਸਲਿਮ ਓਪੀਡੀ। ਬੋਲ ਦੇਨਾ ਮੈਡਮ ਹੈ ਹੀ ਨੀ ਯਹਾਂ।"

# ਮੋਦੀ ਜੀ ਦਾ ਭਾਰਤ, ਭਾਰਤੀਆਂ ਦਾ ਭਾਰਤ

**- ਗੁਰਮੀਤ ਸਿੰਘ ਪਲਾਹੀ**

ਦੇਸ਼ ਦੀ ਸੁਪਰੀਮ ਕੋਰਟ ਵਿੱਚ ਇੰਡੀਆ ਕਿ ਭਾਰਤ ਸਬੰਧੀ ਇੱਕ ਰਿੱਟ ਦਾਇਰ ਕੀਤੀ ਗਈ ਹੈ, ਜਿਸ ਦੀ ਸੁਣਵਾਈ ਦਾ ਮੁੱਖ ਮੁੱਦਾ ਇਹ ਹੈ ਕਿ ਦੇਸ਼ ਦਾ ਨਾਂਅ ਇੰਡੀਆ ਹੋਵੇ ਜਾਂ ਭਾਰਤ ਹੋਵੇ ਜਾਂ ਹਿੰਦੋਸਤਾਨ ਹੋਵੇ ? ਦੇਸ਼ ਦਾ ਸੰਵਿਧਾਨ ਦੇਸ਼ ਦੇ ਨਾਂਅ ਬਾਰੇ ਬਹੁਤ ਹੀ ਸਪਸ਼ਟ ਹੈ, ਜਿਸ ਵਿੱਚ ਇੰਡੀਆ ਅਰਥਾਤ ਭਾਰਤ ਲਿਖਿਆ ਗਿਆ ਹੈ, ਫਿਰ ਸੌੜੀ ਸੋਚ ਕਿ ਦੇਸ਼ ਦਾ ਨਾਂਅ ਕੀ ਹੋਵੇ ਦਾ ਕੀ ਅਰਥ ? ਦੇਸ਼ ਵਿੱਚ ਪਿਛਲੇ ਕੁਝ ਸਾਲਾਂ ਤੋਂ ਚੱਲ ਰਹੀ ਸੌੜੀ ਸਿਆਸਤ ਧਰਮ ਦੇ ਨਾਂਅ ਉੱਤੇ ਸਿਆਸਤ ਕਰਨ ਦਾ ਹੀ ਨਤੀਜਾ ਹੈ। ਇਸਦੇ ਪ੍ਰਤਖ ਦਰਸ਼ਨ ਨਾਗਰਿਕ ਸੋਧ ਕਾਨੂੰਨ ਭਾਵ ਸੀ.ਏ.ਏ. ਦੇ ਮੁੱਦੇ 'ਤੇ ਕੀਤੇ ਜਾ ਸਕਦੇ ਹਨ।

ਮੋਦੀ ਜੀ ਨੇ ਪਿਛਲੇ ਪੰਜ ਸਾਲ ਤੋਂ ਬਾਅਦ ਦੂਜੀ ਪਾਰੀ ਦਾ ਇੱਕ ਸਾਲ ਪੂਰਾ ਕਰ ਲਿਆ ਹੈ ਅਤੇ ਆਪਣੀ ਸਰਕਾਰ ਅਤੇ ਪਾਰਟੀ ਦਾ ਅਜੰਡਾ, ਤੀਸਰਾ ਤਲਾਕ ਲਾਗੂ ਕਰਨਾ, ਧਾਰਾ 370 ਦਾ ਖਾਤਮਾ, ਰਾਮ ਮੰਦਿਰ ਦੀ ਉਸਾਰੀ, ਨਾਗਰਿਕਤਾ ਸੋਧ ਕਾਨੂੰਨ, ਰਾਸ਼ਟਰੀ ਆਬਾਦੀ ਰਜਿਸਟਰ, ਨਾਗਰਿਕਾਂ ਬਾਰੇ ਰਾਸ਼ਟਰੀ ਰਜਿਸਟਰ ਆਦਿ ਨੂੰ ਲਾਗੂ ਕਰਨ ਲਈ ਪੂਰਾ ਟਿੱਲ ਲਾਇਆ ਹੈ। ਮੋਦੀ ਜੀ ਵਲੋਂ 50 ਕਰੋੜ ਗਰੀਬਾਂ ਨੂੰ ਇਲਾਜ ਦੇ ਬੋਝ ਤੋਂ ਮੁਕਤੀ ਦਿਵਾਉਣ ਲਈ ਆਯੁਸ਼ਮਨ ਭਾਰਤ, ਕਿਸਾਨਾਂ ਨੂੰ 6 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ, ਹਰ ਗਰੀਬ ਨੂੰ ਛੱਤ ਅਤੇ ਹਰ ਨਾਗਰਿਕ ਦੀ ਜਨ-ਧਨ ਖਾਤੇ ਰਾਹੀਂ ਬੈਂਕਾਂ ਤਕ ਪਹੁੰਚ ਅਤੇ ਆਫ਼ਤ ਸਮੇਂ ਇਹਨਾਂ ਖ਼ਾਤਿਆਂ ਵਿੱਚ 500 ਰੁਪਏ ਪਾਉਣ ਨੂੰ ਵੱਡੀ ਪ੍ਰਾਪਤੀ ਗਰਦਾਨਿਆ ਜਾ ਰਿਹਾ ਹੈ। ਸਰਕਾਰ ਵਲੋਂ 20 ਲੱਖ ਕਰੋੜ ਤੋਂ ਜ਼ਿਆਦਾ ਦੇ ਵਿਸ਼ੇਸ਼ ਆਰਥਿਕ ਪੈਕੇਜ ਦਾ ਐਲਾਨ ਕਰਕੇ ਆਤਮ ਨਿਰਭਰ ਭਾਰਤ ਦੀ ਸ਼ੁਰੂਆਤ ਦੀ ਗੱਲ ਵੀ ਕੀਤੀ ਜਾ ਰਹੀ ਹੈ। ਗਰੀਬਾਂ ਲਈ ਪੰਜ ਮਹੀਨੇ ਤਕ ਮੁਫ਼ਤ ਰਾਸ਼ਨ ਦੀ ਆਫ਼ਤ ਦੇ ਸਮੇਂ ਵਿਵਸਥਾ ਅਤੇ ਮਗਨਰੇਗਾ ਤਹਿਤ 60 ਹਜ਼ਾਰ ਕਰੋੜ ਦੀ ਵਿਵਸਥਾ ਕਰਕੇ ਮਜ਼ਦੂਰਾਂ ਲਈ ਰੁਜ਼ਗਾਰ ਪ੍ਰਾਪਤੀ ਨੂੰ ਮਜ਼ਬੂਤ ਨਿਊ ਇੰਡੀਆ ਦੇ ਸੰਕਲਪ ਨੂੰ ਸਕਾਰ ਕਰਨ ਲਈ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਪਰ ਦੇਸ਼ ਦੇ ਸਾਹਮਣੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਬੇਰੁਜ਼ਗਾਰੀ ਨੂੰ ਘਟਾਉਣ ਦੀਆਂ ਜੋ ਚੁਣੌਤੀਆਂ ਲਗਾਤਾਰ ਬਣੀਆਂ ਰਹੀਆਂ ਹਨ, ਉਹਨਾਂ ਬਾਰੇ ਮੋਦੀ ਜੀ ਦੀ ਚੁੱਪੀ ਅੱਖਰਦੀ ਹੈ। ਮੋਦੀ ਜੀ ਦੀਆਂ ਉਲਾਰ ਨੀਤੀਆਂ ਕਾਰਨ ਦੇਸ਼ ਭਰ ਵਿੱਚ ਜੋ ਫਿਰਕੂ ਹਵਾ ਝੁੱਲੀ, ਜਾਤੀਵਾਦ ਅਤੇ ਧਰਮ ਦੇ ਨਾਂਅ ਉੱਤੇ ਜੋ ਪਾੜਾ ਵਧਿਆ, ਅਸਹਿਮਤੀ ਨੂੰ 'ਦੇਸ਼ ਧਰੋਹੀ' ਕਹਿਣ ਦਾ ਜੋ ਰੁਝਾਨ ਪੈਦਾ ਹੋਇਆ, ਉਸ ਬਾਰੇ ਮੋਦੀ ਜੀ ਦਾ ਲੁਕਵਾਂ ਅਜੰਡਾ ਕੀ ਦੇਸ਼ ਲਈ ਘਾਤਕ ਸਾਬਤ ਨਹੀਂ ਹੋ ਰਿਹਾ ?

ਮੋਦੀ ਜੀ ਦੀ ਸਰਕਾਰ ਨੇ ਆਪਣਾ ਇੱਕ ਸਾਲ ਪੂਰਾ ਹੋਣ 'ਤੇ ਆਪਣੀਆਂ ਵਿਲੱਖਣ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਹੈ। ਪਰ ਦੇਸ਼ ਵਿੱਚ ਮਨੁੱਖੀ ਅਧਿਕਾਰਾਂ ਦੇ ਹਨਨ, ਭੀੜਾਂ ਵਲੋਂ ਬੰਦਿਆਂ ਦੇ ਮਾਰੇ ਜਾਣ, ਦੇਸ਼ ਦੇ ਬੁੱਧੀਜੀਵੀਆਂ ਉੱਤੇ ਵਧ ਰਹੇ ਹਮਲਿਆਂ, ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧੇ, ਪ੍ਰਵਾਸੀ ਮਜ਼ਦੂਰਾਂ ਨਾਲ ਕੋਰੋਨਾ ਆਫ਼ਤ ਸਮੇਂ ਹੋ ਰਹੇ ਵਿਤਕਰੇ ਸਬੰਧੀ ਉਹਨਾਂ ਨੇ ਕੋਈ ਅੰਕੜੇ ਪੇਸ਼ ਨਹੀਂ ਕੀਤੇ। ਪ੍ਰੈੱਸ ਦੀ ਆਜ਼ਾਦੀ ਉੱਤੇ ਹੋ ਰਹੇ ਹਮਲਿਆਂ ਬਾਰੇ ਵੀ ਕੋਈ ਸਰਕਾਰੀ ਅੰਕੜੇ ਨਹੀਂ ਲੱਭਦੇ। ਬਿਨਾਂ ਸ਼ੱਕ ਦੇਸ਼ ਦੀਆਂ ਵਿਰੋਧੀ ਪਾਰਟੀਆਂ ਨੂੰ ਨੁੱਕਰੇ ਲਾਉਣ ਦੇ ਅਜੰਡੇ ਉੱਤੇ ਉਹਨਾਂ ਵੱਡਾ ਕੰਮ ਕੀਤਾ ਹੈ। ਵੱਖੋ-ਵੱਖਰਿਆਂ ਸੂਬਿਆਂ ਵਿੱਚ ਉਹਨਾਂ ਨੇ ਵਿਰੋਧੀ ਪਾਰਟੀਆਂ ਦੀਆਂ ਸਰਕਾਰ ਨੂੰ ਅਸਥਿਰ ਕੀਤਾ ਹੈ ਜਾਂ ਡਿਗਾ ਦਿੱਤਾ ਹੈ ਤਾਂ ਕਿ ਪੂਰੇ ਦੇਸ਼ ਵਿੱਚ ਉਹਨਾਂ ਦੀ ਤੂਤੀ ਬੋਲਦੀ ਰਹੇ ਅਤੇ ਉਹ ਆਪਣੇ ਇੱਕ ਪਾਸੜ ਅਜੰਡੇ ਨੂੰ ਬਿਨਾਂ ਰੋਕ ਟੋਕ ਲਾਗੂ ਕਰ ਸਕਣ। ਇਸ ਕੰਮ ਵਿੱਚ ਦੇਸ਼ ਦਾ ਗੋਦੀ ਮੀਡੀਆ ਉਹਨਾਂ ਦੇ ਅੰਗ-ਸੰਗ ਹੈ।

ਮੋਦੀ ਜੀ ਸ਼ਾਇਦ ਉਸ ਵੱਡੀ ਪ੍ਰਾਪਤੀ ਨੂੰ ਵੀ ਦੱਸਣਾ ਭੁੱਲ ਗਏ ਹਨ, ਜਿਸ ਤਹਿਤ ਉਹਨਾਂ ਨੇ ਕੋਰੋਨਾ ਆਫ਼ਤ ਦੇ ਸਮੇਂ ਸੂਬਿਆਂ ਤੋਂ ਲਗਭਗ ਸਾਰੇ ਅਧਿਕਾਰ ਖੋਹ ਲਏ ਹਨ। ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਦੀਆਂ ਸਰਕਾਰਾਂ, ਜਿਹਨਾਂ ਨੇ ਆਪਣੇ ਤੌਰ 'ਤੇ ਆਫ਼ਤ ਨਾਲ ਨਜਿੱਠਣ ਦਾ ਯਤਨ ਕੀਤਾ, ਉਹਨਾਂ ਦੇ ਕੰਮ ਵਿੱਚ ਸਿੱਧਾ ਜਾਂ ਅਸਿੱਧਾ ਦਖ਼ਲ ਦੇ ਕੇ ਉਹਨਾਂ ਨੂੰ ਪ੍ਰੇਸ਼ਾਨ ਕਰਨ ਦਾ ਯਤਨ ਕੀਤਾ ਹੈ। ਆਮ ਤੌਰ 'ਤੇ ਕਲਿਆਣਕਾਰੀ ਸਰਕਾਰਾਂ ਲੋਕ ਭਲੇ ਹਿਤ ਲੋਕਾਂ ਨੂੰ ਸਹੂਲਤ ਦੇਣ ਦਾ ਯਤਨ ਕਰਦੀਆਂ ਹਨ ਅਤੇ ਆਪਣੇ ਬੋਝੇ ਨਹੀਂ ਭਰਦੀਆਂ। ਪਰ ਮੋਦੀ ਜੀ ਦੀ ਸਰਕਾਰ ਕੋਲ ਇਸ ਗੱਲ ਦਾ ਕੋਈ ਜਵਾਬ ਹੈ ਕਿ ਜਦੋਂ ਵਿਸ਼ਵ ਪੱਧਰ ਉੱਤੇ ਕੱਚੇ ਤੇਲ-ਡੀਜ਼ਲ ਦੀਆਂ ਕੀਮਤਾਂ ਵਿੱਚ ਵੱਡੀ ਕਮੀ ਆਈ ਹੈ ਤਾਂ ਭਾਰਤ ਦੇ ਲੋਕਾਂ ਨੂੰ ਮਹਿੰਗੇ ਭਾਅ ਤੇਲ-ਡੀਜ਼ਲ ਕਿਉਂ ਦਿੱਤਾ ਗਿਆ ? ਕੋਈ ਰਾਹਤ ਕਿਉਂ ਨਹੀਂ ਦਿੱਤੀ ? ਉਲਟਾ ਜੀ.ਐੱਸ. ਟੀ. ਵਧਾ ਕੇ ਮੌਜੂਦਾ ਕੀਮਤਾਂ ਨੂੰ ਸਥਿਰ ਰੱਖਿਆ ਗਿਆ ਜਾਂ 4-5 ਰੁਪਏ ਪ੍ਰਤੀ ਲਿਟਰ ਦਾ ਵਾਧਾ ਕੀਤਾ ਜਾ ਰਿਹਾ ਹੈ।

ਪ੍ਰਵਾਸੀ ਮਜ਼ਦੂਰ ਡਰ-ਭੈਅ, ਦਹਿਸ਼ਤ, ਬੇਰੁਜ਼ਗਾਰੀ, ਭੁੱਖਮਰੀ ਵਾਲੀ ਹਾਲਤ ਦਾ ਜਦੋਂ ਸਾਹਮਣਾ ਕਰ ਰਹੇ ਸਨ ਜਾਂ ਹਨ ਤਾਂ ਉਸ ਵੇਲੇ ਉਹਨਾਂ ਨੂੰ ਪੈਰੀਂ ਤੁਰਕੇ ਆਪਣੇ ਪਿਤਰੀ ਰਾਜਾਂ ਵਾਲੇ ਘਰਾਂ ਵੱਲ ਜਾਣ ਲਈ ਮਜਬੂਰ ਕਿਉਂ ਕੀਤਾ ਗਿਆ ? ਕਿਉਂ ਨਾ ਉਹਨਾਂ ਦਾ ਖਾਣ-ਪੀਣ ਅਤੇ ਰਹਿਣ ਵਸੇਰੇ ਦਾ ਇਸ ਆਫ਼ਤ ਮੌਕੇ ਤਸੱਲੀਬਖ਼ਸ਼ ਪ੍ਰਬੰਧ ਕੀਤਾ ਗਿਆ ? ਜੇਕਰ ਬਾਅਦ ਵਿੱਚ ਉਹਨਾਂ ਲਈ ਰੇਲ ਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਗਿਆ ਤਾਂ ਕਿਰਾਇਆ ਕੇਂਦਰ ਸਰਕਾਰ ਦੇ ਰੇਲ ਵਿਭਾਗ ਵਲੋਂ ਚੁਕਤਾ ਕਰਨ ਦੀ ਥਾਂ, ਜਾਂ ਤਾਂ ਮਜ਼ਦੂਰਾਂ ਤੋਂ ਵਸੂਲਿਆ ਗਿਆ ਜਾਂ ਸੂਬਾ ਸਰਕਾਰਾਂ ਨੇ ਦਿੱਤਾ। ਜਦਕਿ ਪ੍ਰਧਾਨ ਮੰਤਰੀ ਕੇਅਰ ਫੰਡ, ਜੋ ਨਵਾਂ ਬਣਾਇਆ ਗਿਆ, ਜਿਸ ਵਿੱਚ ਕਾਰਪੋਰੇਟ ਜਗਤ ਦੇ ਲੋਕਾਂ ਅਤੇ ਦਾਨੀਆਂ ਤੋਂ ਅਰਬਾਂ ਰੁਪਏ ਇਕੱਠੇ ਕੀਤੇ ਗਏ, ਇਸ ਕੰਮ ਲਈ ਕਿਉਂ ਨਾ ਵਰਤਿਆ ਗਿਆ ? ਹੁਣ ਜਦਕਿ ਸੁਪਰੀਮ ਕੋਰਟ ਨੇ ਆਪਣੇ ਹੁਕਮਾਂ ਵਿੱਚ ਇਹ ਗੱਲ ਕਹੀ ਹੈ ਕਿ ਮਜ਼ਦੂਰਾਂ ਤੋਂ ਬੱਸਾਂ, ਰੇਲ ਗੱਡੀ ਦਾ ਕਿਰਾਇਆ ਨਹੀਂ ਲਿਆ ਜਾਏਗਾ, ਤਾਂ ਮੋਦੀ ਜੀ ਦੀ ਸਰਕਾਰ ਨੇ ਇਸ ਮਾਮਲੇ ਵਿੱਚ ਆਪਣੀ ਕਾਰਜਸ਼ੀਲ ਯੋਜਨਾ ਦਾ ਐਲਾਨ ਕਿਉਂ ਨਹੀਂ ਕੀਤਾ ? ਮੋਦੀ ਜੀ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਦਿਆਂ ਅਸੁਵਿਧਾ ਕਿਤੇ ਆਫ਼ਤ ਵਿੱਚ ਨਾ ਬਦਲ ਜਾਵੇ, ਧਿਆਨ ਰੱਖਣਾ ਹੋਵੇਗਾ ਦੀਆਂ ਗੱਲਾਂ ਕਰਦੇ ਹਨ। ਮੋਦੀ ਜੀ ਭੁੱਲ ਗਏ ਹਨ ਕਿ ਆਫ਼ਤ ਵੇਲੇ ਸਰਕਾਰਾਂ ਦਾ ਫਰਜ਼ ਹੁੰਦਾ ਹੈ ਲੋਕਾਂ ਦਾ ਧਿਆਨ ਰੱਖਣਾ, ਉਹਨਾਂ ਲਈ ਰੋਟੀ-ਪਾਣੀ, ਨਕਦੀ, ਰੁਜ਼ਗਾਰ ਦਾ ਪ੍ਰਬੰਧ ਕਰਨਾ। ਅੱਜ ਜਦੋਂ ਦੇਸ਼ ਦੇ 4 ਕਰੋੜ ਮਜ਼ਦੂਰ ਆਪਣੇ ਪਿੱਤਰੀ ਰਾਜਾਂ ਵਿੱਚ ਜਾਣ ਲਈ ਕਾਹਲੇ ਹਨ, ਸਿਰਫ਼ 90 ਲੱਖ ਲੋਕਾਂ ਨੂੰ ਹੀ ਘਰ ਪਹੁੰਚਾਇਆ ਜਾ ਸਕਿਆ ਹੈ, ਜਿਵੇਂ ਕਿ ਕੇਂਦਰ ਸਰਕਾਰ ਨੇ ਸੁਮਰੀਮ ਕੋਰਟ ਵਿੱਚ ਆਖਿਆ ਹੈ। ਬਾਕੀਆਂ ਦਾ ਕੀ ਬਣੇਗਾ ? ਇਸੇ ਲਈ ਸ਼ਾਇਦ ਵਿਰੋਧੀ ਧਿਰ, ਜਿਸ ਵਿੱਚ ਮੁੱਖ ਤੌਰ 'ਤੇ ਕਾਂਗਰਸ ਸ਼ਾਮਲ ਹੈ ਅਤੇ ਜਿਸਦੀ ਲੀਡਰਸ਼ਿੱਪ ਆਫ਼ਤ ਵੇਲੇ ਦੋ ਮਹੀਨੇ ਛੁੱਟੀਆਂ 'ਤੇ ਰਹੀ, ਹੁਣ ਸ਼ਬਦੀ ਜੰਗ ਵਿੱਚ ਭਾਜਪਾ ਅਤੇ ਸਰਕਾਰ ਨਾਲ ਭੇੜ ਕਰਦੀ ਆਖ ਰਹੀ ਹੈ ਕਿ ਕਿ ਲੋਕ ਬੇਵੱਸ ਹਨ ਅਤੇ ਕੇਂਦਰ ਦੀ ਸਰਕਾਰ ਬੇਰਹਿਮ ਹੈ।

ਸਰਕਾਰ ਦੀ ਅਸੰਵੇਦਨਸ਼ੀਲਤਾ ਤੇ ਬੇਰਹਿਮੀ ਦੀ ਇੱਕ ਮਿਸਾਲ ਲੇਬਰ ਕਾਨੂੰਨਾਂ ਵਿੱਚ ਭੰਨ ਤੋੜ ਹੈ। ਸਰਕਾਰ ਵਲੋਂ ਨਾ ਸਿਰਫ਼ ਮੌਜੂਦਾ ਕਿਰਤ ਕਾਨੂੰਨਾਂ ਵਿੱਚ ਤਬਦੀਲੀਆਂ ਕੀਤੀਆਂ ਗਈਆਂ ਹਨ, ਸਗੋਂ ਭਾਜਪਾ ਸ਼ਾਸਤ ਪ੍ਰਦੇਸ਼ਾਂ ਉੱਤਰਪ੍ਰਦੇਸ਼, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿੱਚ ਤਿੰਨ ਸਾਲਾਂ ਤੋਂ ਵੀ ਵੱਧ ਸਮੇਂ ਲਈ ਕਈ ਲੇਬਰ ਕਾਨੂੰਨਾਂ ਨੂੰ ਮੁਅੱਤਲ ਕਿਤਾ ਗਿਆ ਹੈ। ਇਹਨਾਂ ਕਾਨੂੰਨਾਂ ਵਿੱਚ ਟ੍ਰੇਡ ਯੂਨੀਅਨ ਐਕਟ 1926 ਵੀ ਸ਼ਾਮਲ ਹੈ, ਜਿਸ ਵਿੱਚ ਕਾਮਿਆਂ ਨੂੰ ਇੱਕ ਜੁੱਟ ਹੋਣ, ਯੂਨੀਅਨ ਬਣਾਉਣ, ਦੇ ਨਾਲ-ਨਾਲ ਸਮੂਹਿਕ ਸੌਦੇਬਾਜ਼ੀ ਦਾ ਕਾਨੂੰਨ ਵੀ ਸ਼ਾਮਲ ਹੈ, ਜੋ ਯੂਨੀਅਨਾਂ ਨੂੰ ਸਰਕਾਰ ਨਾਲ ਗੱਲਬਾਤ ਕਰਨ ਜਾਂ ਉਹਨਾਂ ਦੇ ਅਧਿਕਾਰਾਂ ਲਈ ਸੰਘਰਸ਼ ਦੀ ਆਗਿਆ ਦਿੰਦਾ ਹੈ। ਕੀ ਇਹ ਕਾਰਪੋਰੇਟ ਜਗਤ ਕੋਲ ਲੋਕਾਂ ਦੇ ਹਿਤ ਵੇਚਣ ਦਾ ਅਜੰਡਾ ਨਹੀਂ ? ਕੀ ਇਹ ਸਰਕਾਰ ਦੀਆਂ ਡਿਕਟੇਟਰਾਨਾ ਰੁਚੀਆਂ ਦਾ ਪ੍ਰਤੀਕ ਨਹੀਂ ? ਕੀ ਇਹ ਹਕੂਮਤੀ ਏਕਾਅਧਿਕਾਰ ਦਾ ਐਲਾਨ ਤਾਂ ਨਹੀਂ ? ਕੀ ਇਹ ਦੇਸ਼ ਨੂੰ ਸਰਬੀਆ ਦੇ ਰਾਸ਼ਟਰਪਤੀ ਅਲੈਕਸੈਂਡਰ ਵਿਉਦਕ ਵਲੋਂ ਦੇਸ਼ ਵਿੱਚ ਲਗਾਈ ਐਮਰਜੈਂਸੀ ਦੇ ਕਦਮਾਂ ਤੁਲ ਤਾਂ ਨਹੀਂ, ਜਿਸਦੀ ਹਕੂਮਤ ਆਪਣੀ ਮਰਜ਼ੀ ਨਾਲ ਲੋਕਤੰਤਰਿਕ ਬੂਹੇ ਬੰਦ ਕਰਨ ਵੱਲ ਲਗਾਤਾਰ ਅੱਗੇ ਵਧ ਰਹੀ ਹੈ। ਆਫ਼ਤ ਦੇ ਸਮੇਂ ਪਾਰਲੀਮੈਂਟ ਸੈਸ਼ਨ ਨਾ ਬੁਲਾਉਣਾ ਕੀ ਦਰਸਾਉਂਦਾ ਹੈ ?

ਬਾਕੀ ਸਫ਼ਾ 31 'ਤੇ

# ਇੰਡੀਆ ਦਾ ਨਾਂ ਬਦਲਣ ਦਾ ਇੱਕ ਨਵਾਂ ਭਗਵਾਂ ਫਿਰਕੂ ਘਚੋਲਾ

**- ਜੰਗ ਸਿੰਘ**

ਪਿਛਲੇ ਕੁਝ ਸਮੇਂ ਤੋਂ ਦੇਸ ਵਿੱਚ ਨਵੇਂ ਨਵੇਂ ਵਿਵਾਦ ਖੜੇ ਕਰਕੇ ਲੋਕਾਂ ਦੇ ਮਨਾਂ ਵਿੱਚ ਕਈ ਪ੍ਰਕਾਰ ਦੇ ਘਚੋਲੇ ਖੜੇ ਕੀਤੇ ਜਾ ਰਹੇ ਹਨ। ਹੁਣ ਇੱਕ ਨਵਾਂ ਮੁੱਦਾ ਖੜਾ ਕਰਵਾ ਦਿੱਤਾ ਗਿਆ ਹੈ ਕਿ ਇੰਡੀਆ ਸ਼ਬਦ ਗੁਲਾਮੀ ਦਾ ਪ੍ਰਗਟਾਵਾ ਕਰਦਾ ਹੈ ਇਸ ਕਰਕੇ ਇਸਦਾ ਨਾਂ ਬਦਲ ਕੇ ਭਾਰਤ ਰੱਖ ਦਿੱਤਾ ਜਾਵੇ। ਇਸ ਸਬੰਧ ਵਿੱਚ ਉਸ ਵਿਅਕਤੀ ਵਲੋਂ ਭਾਰਤ ਦੀ ਸਰਬ ਉੱਚ ਅਦਾਲਤ ਵਿੱਚ ਅਰਜੀ ਵੀ ਦਾਖਲ ਕਰਵਾ ਦਿੱਤੀ ਗਈ ਹੈ। ਜਦੋਂ ਦੇਸ਼ ਵਿੱਚ ਕਾਂਗਰਸ ਪਾਰਟੀ ਤੋਂ ਬਾਦ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ 2014 ਵਿੱਚ ਗਠਨ ਹੋਇਆ ਤਾਂ ਲੋਕਾਂ ਦਾ ਵਿਸ਼ਵਾਸ ਬਣਿਆ ਸੀ ਕਿ ਦੇਸ਼ ਵਿੱਚ ਨਵੀਂ ਬਣੀ ਸਰਕਾਰ ਜਿਸ ਨੇ ਦੇਸ਼ ਦੇ ਲੋਕਾਂ ਦੀਆਂ ਮੁਸ਼ਕਲਾਂ ਦੀ ਨਬਜ਼ 'ਤੇ ਹੱਥ ਰੱਖ ਕੇ ਵਾਅਦੇ ਕੀਤੇ ਸਨ ਕਿ ਦੇਸ਼ ਨੂੰ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੋਂ ਮੁਕਤ ਕੀਤਾ ਜਾਵੇਗਾ। ਕਿਸਾਨਾਂ ਦੀ ਆਮਦਨ ਦੁਗੱਣੀ ਕਰਕੇ ਉਨਾਂ ਨੂੰ ਰੋਜ਼ਮਰਾ ਦੀਆਂ ਖੁਦਕਸ਼ੀਆਂ ਤੋਂ ਨਿਜਾਤ ਦੁਆਈ ਜਾਵੇਗੀ। ਭਾਰਤ ਦੇ ਸਰਮਾਏਦਾਰਾਂ ਦਾ ਬਿਦੇਸ਼ਾਂ ਵਿੱਚ ਪਿਆ ਕਾਲਾ ਧੰਨ ਦੇਸ਼ ਵਿੱਚ ਲਿਆਂਦਾ ਜਾਵੇਗਾ। ਹਰੇਕ ਪਰਿਵਾਰ ਦੇ ਖਾਤੇ ਵਿੱਚ 15-15 ਲੱਖ ਰੁਪਏ ਵਿੱਚ ਪਾਏ ਜਾਣਗੇ।

ਦੇਸ ਦੇ ਇੱਕ ਵਪਾਰੀ ਕਿਸਮ ਦੇ ਬਾਬੇ ਨੇ ਵੀ ਇਸਦੀ ਰੱਜ ਕੇ ਵਕਾਲਤ ਕੀਤੀ, ਜਿਸ ਨੇ ਅੱਜ ਅਪਣਾ ਕਾਰੋਬਾਰ ਦਸ ਗੁਣਾ ਤੋਂ ਵਧੇਰੇ ਕਰ ਲਿਆ ਹੈ। ਹੋਰ ਤਾਂ ਹੋਰ, ਦੇਸ਼ ਦੀ ਵਾਂਗ ਡੋਰ ਸਾਂਭਣ ਵਾਲੇ ਇਸ ਫਿਰਕਾਪ੍ਰਸਤ ਆਗੂ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ 'ਮੁਝੇ ਪ੍ਰਧਾਨ ਮੰਤਰੀ ਮਤ ਬਨਾਈਏ, ਮੁਝੇ ਚੌਕੀਦਾਰ ਬਨਾਈਏ'। ਲੋਕਾਂ ਨੇ ਵਿਸ਼ਵਾਸ ਕੀਤਾ ਪਰ ਸਰਕਾਰ ਬਣਨ ਦੇ ਝੱਟ ਬਾਦ ਜੋ ਕੁਝ ਵੇਖਣ ਨੂੰ ਮਿਲ ਰਿਹਾ ਹੈ ਕਿ ਲੋਕਾਂ ਦੇ ਮਸਲੇ ਤਾਂ ਜੁਮਲਿਆਂ ਵਿੱਚ ਤਬਦੀਲ ਹੋ ਗਏ ਤੇ ਕਈ ਛਾਈਂ ਮਾਈਂ ਹੀ ਹੋ ਗਏ। ਉਨਾਂ ਦੀ ਥਾਂ 'ਤੇ ਹਿੰਦੂ-ਮੁਸਲਿਮ ਮੁੱਦਾ ਇੰਨਾ ਭਖਾ ਦਿੱਤਾ ਗਿਆ ਕਿ ਲੋਕਾਂ ਦੇ ਅਸਲ ਮਸਲੇ ਭੁਲਾ ਦਿੱਤੇ ਤੇ ਬਹੁ ਗਿਣਤੀ ਦੇ ਲੋਕਾਂ ਨੂੰ ਸ਼ਹਿ ਦੇ ਕੇ ਵੱਡੀ ਗਿਣਤੀ ਵਿੱਚ ਮੁਸਲਿਮ ਧਰਮ ਦੇ ਲੋਕਾਂ ਨੂੰ ਗਊਆਂ ਦੇ ਨਾਂ 'ਤੇ ਕੋਹ ਕੋਹ ਕੇ ਮਾਰਿਆ ਕੁੱਟਿਆ ਗਿਆ। ਕਦੇ ਮਸਜਿਦ-ਮੰਦਰ ਦਾ ਮੁੱਦਾ ਖੜਾ ਕਰਵਾ ਦਿੱਤਾ ਜਾਂਦਾ, ਕਦੇ ਐੱਨ ਆਰ ਸੀ, ਕਦੇ ਜੰਮੂ ਕਸ਼ਮੀਰ ਦੀ ਧਾਰਾ 370 ਤੇ 35 ਏ ਹਟਾਉਣ, ਕਦੇ ਗੁਰਦੁਆਰੇ ਮੰਦਰਾਂ ਵਿੱਚ ਤਬਦੀਲ ਕੀਤੇ ਜਾਂਦੇ ਹਨ, ਕਦੇ ਪੰਜਾਬੀ ਕਿਸਾਨਾਂ ਨੂੰ ਗੁਜਰਾਤ, ਮਹਾਰਾਸ਼ਟਰ, ਹਰਿਆਣਾ, ਛੱਤੀਸਗੜ ਆਦਿ ਪ੍ਰਾਤਾਂ ਵਿੱਚੋਂ ਉਜਾੜਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਤੇ ਕਦੇ ਗੈਰ ਵਿਗਿਆਨਿਕ ਤੇ ਅੰਧਵਿਸ਼ਵਾਸ ਫੈਲਾਉਣ ਵਾਲੀਆਂ ਗੱਲਾਂ ਕਰਕੇ ਬਿਮਾਰੀਆਂ ਦੇ ਇਲਾਜ ਗੋਬਰ, ਮੂਤਰ ਦੱਸੇ ਜਾਂਦੇ ਹਨ।

ਅੱਜ ਹਰ ਇਨਸਾਨ ਇਹ ਸੋਚ ਕੇ ਚਕਰਾ ਰਿਹਾ ਹੈ ਕਿ ਆਖਰ ਇਸ ਦੇਸ ਵਿੱਚ ਹੋ ਕੀ ਰਿਹਾ ਹੈ ? ਇੱਕ ਮੁੱਦਾ ਹਾਲੇ ਜਿਉਂ ਦਾ ਤਿਉਂ ਹੀ ਹੁੰਦਾ ਹੈ ਕਿ ਇੱਕ ਹੋਰ ਨਵਾਂ ਮੁੱਦਾ ਖੜਾ ਕਰ ਦਿੱਤਾ ਜਾਂਦਾ ਹੈ। ਹੁਣ ਇੱਕ ਬੇਥੱਵਾ ਜਿਹਾ ਨਵਾਂ ਮੁੱਦਾ ਸੁਪਰੀਮ ਕੋਰਟ ਵਿੱਚ ਮੁਕੱਦਮਾ ਦਰਜ ਕਰਕੇ ਖੜਾ ਕਰਵਾ ਦਿੱਤਾ ਗਿਆ ਹੈ। ਹੈਰਾਨੀ ਹੋ ਰਹੀ ਹੈ ਕਿ ਜਿਸ ਮਨੁੱਖ ਨੇ ਇਹ ਮੁਕੱਦਮਾ ਦਰਜ ਕੀਤਾ ਹੈ, ਉਹ ਸ਼ਾਇਦ ਦਿਮਾਗੋਂ, ਕੰਨਾ ਤੋਂ ਕੰਮਜੋਰ ਤੇ ਥੋਥਾ-ਮੋਥਾ ਹੈ ਜਿਸ ਨੂੰ ਇਹ ਵੀ ਨਹੀਂ ਪਤਾ ਕਿ 'ਇੰਡੀਆ' ਦੇ ਨਾਂ 'ਤੇ ਤਾਂ ਸਾਡੇ ਦੇਸ਼ ਦਾ ਸੰਵਿਧਾਨ ਬਣਾਇਆ ਗਿਆ ਹੈ, ਜਿਸ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਇੰਡੀਆ ਜਿਸਦਾ ਨਾਂ ਭਾਰਤ ਦੇਸ਼ ਹੈ, ਇਹ ਬਹੁਤ ਸਾਰੇ ਪ੍ਰਾਂਤਾਂ ਦਾ ਸੰਗ੍ਰਹਿ ਹੈ। ਅਦਾਲਤ ਵਿੱਚ ਅਰਜੀ ਦਾਇਰ ਕਰਨ ਵਾਲੇ ਇਸ ਭੱਦਰਪੁਰਸ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਦੇਸ਼ ਨੂੰ 'ਇੰਡੀਆ' 'ਭਾਰਤ 'ਤੇ 'ਹਿੰਦੁਸਤਾਨ' ਤਿੰਨ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇਸ਼ ਨੂੰ ਹਿੰਦੂਸਤਾਨ ਬਣਾਉਣ ਜਿਹੀਆਂ ਮੂਰਖ ਮੱਤੀਆਂ ਕੀਤੀਆਂ ਜਾ ਰਹੀਆਂ ਹਨ। ਇਸ ਰਿੱਟ ਦਾਖਲ ਕਰਨ ਵਾਲੇ ਨੂੰ ਪਹਿਲਾਂ ਇਹ ਵਾਚ ਲੈਣਾ ਚਾਹੀਦਾ ਸੀ ਕਿ ਇੰਡੀਆ ਦਾ ਨਾਂ ਬਦਲਣ ਦੇ ਨਾਲ ਫਿਰ ਦੇਸ਼ ਦੇ ਸੰਵਿਧਾਨ ਦਾ ਕੀ ਕਰੋਗੇ ? ਲਗਦਾ ਹੈ ਅੱਕੀਂ ਪਲਾਹੀਂ ਹੱਥ ਮਾਰੇ ਜਾ ਰਹੇ ਹਨ ਕਿ ਲੋਕਾਂ ਦਾ ਧਿਆਨ ਹੁਣ ਇਸ ਨਵੇਂ ਪਾਸੇ ਵੱਲ ਲਾ ਦਿਉ ਤਾਂ ਕਿ ਉਹ ਫਿਰ ਨਾ ਤਾਂ ਮਹਿੰਗਾਈ ਦੀ ਗੱਲ ਕਰਨਗੇ, ਨਾ ਹੀ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਆਦਿ ਵਰਗੀਆਂ ਦੇਸ਼ ਦੀਆਂ ਹੋਰ ਗੰਭੀਰ ਸਮੱਸਿਆਵਾਂ ਬਾਰੇ ਦੇਸ਼ ਦੇ ਰਾਜ ਕਰ ਰਹੇ ਹਾਕਮਾਂ ਨੂੰ ਪੁੱਛਣ ਵਾਲੇ ਹੋਣਗੇ !

ਦੇਸ਼ ਦੇ ਚਿੰਤਕ ਲੋਕ ਇਹ ਸੋਚਣ ਲਈ ਮਜਬੂਰ ਹੋ ਕੇ ਮੂੰਹੋਂ ਮੂੰਹੀਂ ਇਹ ਕਹਿਣ ਲੱਗ ਪਏ ਹਨ ਕਿ ਇਸ ਪਿੱਛੇ ਜਿਵੇਂ ਕਿਸੇ ਦੀ ਰਾਜਸੀ ਚਾਲ ਹੋਵੇ ? ਚਿੰਤਕਾਂ ਦੀ ਗੱਲ ਵਿੱਚ ਕਾਫੀ ਦਮ ਵੀ ਲਗਦਾ ਹੈ ਕਿ ਜਦੋਂ ਉਹ ਪਿਛੋਕੜ ਦੇ ਸਮੇਂ ਵੱਲ ਝਾਤ ਮਾਰਦੇ ਹਨ ਕਿ ਗੱਦੀ ਤੇ ਬੈਠਣ ਸਮੇਂ ਹਾਕਮਾਂ ਨੇ ਲੋਕਾਂ ਨਾਲ ਕਿਹੜੇ ਕਿਹੜੇ ਅਹਿਦ ਕੀਤੇ ਸਨ, ਉਨਾਂ ਵਿੱਚੋਂ ਤਾਂ ਕੋਈ ਵੀ ਹੱਲ ਨਹੀਂ ਹੋਇਆ। ਉਨਾਂ ਦੀ ਥਾਂ 'ਤੇ ਉਹ ਮੁੱਦੇ ਲਿਆਂਦੇ ਗਏ, ਜਾਂ ਲਿਆਏ ਜਾ ਰਹੇ ਹਨ, ਜਿਨਾਂ ਨਾਲ ਲੋਕਾਂ ਦਾ ਕੋਈ ਵਾਹ ਵਾਸਤਾ ਹੀ ਨਹੀਂ।

ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਬਿਰਾਜਮਾਨ ਹੋਇਆ ਛੇ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ। ਭਾਵ ਦੂਸਰੀ ਪਾਰੀ ਤੋਂ ਵੀ ਇੱਕ ਸਾਲ ਦਾ ਸਮਾਂ ਵੱਧ ਹੋ ਗਿਆ ਹੈ ਤੇ ਸਰਕਾਰ ਨੇ ਲੋਕ ਹਿਤ ਵਿੱਚ ਸਿਵਾਏ ਫਿਰਕਾਪ੍ਰਸਤੀ ਫੈਲਾਉਣ ਤੋਂ ਬਿਨਾਂ ਕੁਝ ਨਹੀਂ ਕੀਤਾ। ਚੇਤੇ ਹੋਵੇਗਾ ਕਿ ਜਦੋਂ 2014 ਵਿੱਚ ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੀ ਗੱਦੀ ਹਥਿਆਉਣੀ ਸੀ ਤਾਂ ਉਸ ਵੇਲੇ ਲੋਕਾਂ ਨੂੰ ਕਿਹੜੇ ਕਿਹੜੇ ਸਬਜ਼ਬਾਗ ਵਿਖਾਏ ਗਏ। ਪਰ ਜਦੋਂ ਦੂਸਰੀ ਵਾਰ ਚੋਣਾਂ ਲੜੀਆਂ ਗਈਆਂ ਤਾਂ ਪਹਿਲੇ ਕਿਸੇ ਵੀ ਮਸਲੇ ਦੀ ਗੱਲ ਨਹੀਂ ਕੀਤੀ ਗਈ। ਇਸ ਵਾਰ ਨਵੇਂ ਮਸਲੇ ਉਭਾਰੇ ਗਏ ਜਿਨਾਂ ਵਿੱਚ ਕਿਹਾ ਗਿਆ ਕਿ ਅਯੋਧਿਆ ਵਿਖੇ ਰਾਮ ਮੰਦਰ ਉਸਾਰਿਆ ਜਾਵੇਗਾ। ਜੰਮੂ ਕਸ਼ਮੀਰ ਦੀ ਧਾਰਾ 370 ਤੇ 35 ਏ ਨੂੰ ਦੇਸ ਵਿੱਚੋਂ ਖਤਮ ਕਰਨਾ, ਐੱਨ ਆਰ ਸੀ ਲਿਆਉਣਾ ਆਦਿ ਮਸਲੇ ਉਜਾਗਰ ਕਰਕੇ ਦੇਸ਼ ਦੇ ਲੋਕਾਂ ਦੀ ਆਪਸੀ ਸਾਂਝ ਤਾਰ ਤਾਰ ਕੀਤੀ ਗਈ। ਉਨਾਂ ਵਿੱਚ ਦੁਫੇੜ ਦੀਆਂ ਇੰਨੀਆਂ ਪੀਡੀਆਂ ਗੰਢਾਂ ਪਾਈਆਂ ਗਈਆਂ ਹਨ ਤੇ ਅੱਗੋਂ ਜਾਰੀ ਵੀ ਹਨ ਤਾਂ ਕਿ ਉਹ ਕਦੇ ਵੀ ਸਿਰ ਜੋੜ ਕੇ ,ਆਪਸ ਵਿੱਚ ਰਲਮਿਲ ਕੇ ਬੈਠ ਹੀ ਨਾ ਸਕਣ।

ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਅੰਗਰੇਜ਼ ਪਾੜੋ ਤੇ ਰਾਜ ਕਰੋ ਕਰਦੇ ਸਨ। ਉਸ ਨੂੰ ਬਾਦ ਵਿੱਚ ਕਾਂਗਰਸ ਪਾਰਟੀ ਨੇ ਸਾਂਭ ਲਿਆ ਤੇ ਹੁਣ ਉਨਾਂ ਕਦਮਾਂ 'ਤੇ ਮੌਜੂਦਾ ਰਾਜ ਕਰ ਰਹੀ ਪਾਰਟੀ ਚੱਲ ਰਹੀ ਹੈ। ਦੇਸ਼ ਦੇ ਲੋਕਾਂ ਨੂੰ ਖ਼ੁਸ਼ਹਾਲ ਕਰਨ ਦੀ ਥਾਂ 'ਤੇ ਉਸ ਨੂੰ ਨਿਘਾਰ ਵਲ ਲਿਜਾ ਰਹੀ ਹੈ। ਇਸ ਸਰਕਾਰ ਦਾ ਮੰਤਵ ਬੜਾ ਸਪਸ਼ਟ ਹੈ ਕਿ ਲੋਕਾਂ ਵਿੱਚ ਇੰਨੀਆ ਦੂਰੀਆਂ ਬਣਾ ਦਿਉ ਕਿ ਕਦੇ ਵੀ ਲੋਕ ਇਕਠੇ ਹੋ ਕੇ ਰੋਟੀ ਰੋਜ਼ੀ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ ਦੀ ਗੱਲ ਨਾ ਕਰ ਸਕਣ। ਇਸ ਸਰਕਾਰ ਦਾ ਮੰਤਵ ਇੱਕੋ ਹੈ ਕਿ ਬਹੁਗਿਣਤੀ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਦੁਰਉਪਯੋਗ ਕਰਕੇ ਦੇਸ਼ ਵਿੱਚ ਵਿਉਪਾਰੀਆਂ ਦੇ ਰਾਜ ਨੂੰ ਸਥਿਰ ਕਰਨਾ ਹੈ। ਇਹ ਵਿਉਪਾਰੀ ਆਮ ਜਨਤਾ, ਕਿਰਸਾਨਾਂ ਸਭ ਦੀ ਲੁੱਟ ਕਰ ਰਹੇ ਹਨ ਕਿਉਂਕਿ ਮਨੁੱਖ ਨੂੰ ਜਿਸ ਚੀਜ਼ ਦੀ ਲੋੜ ਹੁੰਦੀ ਹੈ, ਉਨਾਂ ਸਾਰੀਆਂ ਚੀਜ਼ਾਂ ਉੱਤੇ ਇਨਾਂ ਵਿਉਪਾਰੀਆ ਦਾ ਕਬਜ਼ਾ ਹੈ। ਇਸ ਸਮੇਂ ਦੇਸ਼ ਦੇ ਕੁਲ ਸਰਮਾਏ ਦਾ 90% ਦੌਲਤ 'ਤੇ ਇਹਨਾਂ ਅਜਾਰੇਦਾਰਾਂ ਦਾ ਕਬਜ਼ਾ ਹੈ। ਆਮ ਮਨੁੱਖ ਚਾਹੇ ਉਹ ਹਿੰਦੂ ਹੀ ਹਨ, ਉਨਾਂ ਸਭ ਦੀ ਹਾਲਤ ਦਿਨ ਬਦਿਨ ਆਰਥਿਕ ਪੱਖੋਂ ਗੰਭੀਰ ਤੋਂ ਹੋਰ ਗੰਭੀਰ ਹੋ ਰਹੀ ਹੈ। ਬਹੁ ਗਿਣਤੀ ਵਰਗ ਭੋਲਾਭਾਲਾ ਹੋਣ ਕਰਕੇ ਵਿਉਪਾਰੀਆਂ ਦੀ ਇਸ ਡੂੰਘੀ ਚਾਲ ਨੂੰ ਸਮਝਣ ਤੋਂ ਅਸਮਰੱਥ ਹੈ। ਇਸ ਕਰਕੇ ਸਰਕਾਰੀ ਏਜੰਸੀਆਂ ਵਲੋਂ ਰੋਜ਼ਾਨਾ ਨਵੇਂ ਨਵੇਂ ਮਸਲੇ ਖੜੇ ਕੀਤੇ ਜਾ ਰਹੇ ਹਨ। ਦੇਸ਼ ਦੇ ਬਹੁ ਗਿਣਤੀ ਵਰਗ ਨੂੰ ਸਮਝਣ ਦੀ ਜ਼ਰੂਰਤ ਹੈ ਕਿ ਉਹ ਕੱਟੜਵਾਦ ਦੇ ਇਸ ਗੋਰਖ ਧੰਦੇ ਤੋਂ ਬਾਹਰ ਨਿਕਲਣ। ਜਦੋਂ ਉਸ ਨੇ ਇਨਾਂ ਵਿਉਪਾਰੀਆਂ ਦੀ ਚਾਲ ਨੂੰ ਸਮਝ ਲਿਆ ਤਾਂ ਇਹ ਹੀ ਭਾਰਤ, ਜਿਹੜਾ ਕਿਸੇ ਸਮੇਂ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ, ਜਿਸ ਨੂੰ ਇਸ ਵਰਗ ਨੇ ਚੂੰਡ ਚੂੰਡ ਕੇ 'ਮਿੱਟੀ ਦੀ ਚਿੜੀ' ਬਣਾ ਦਿੱਤਾ ਹੈ, ਉਹ ਫਿਰ 'ਸੋਨੇ ਦੀ ਚਿੜੀ' ਬਣ ਜਾਵੇਗਾ ਜਿਸ ਵਿੱਚ ਦੇਸ਼ ਦਾ ਹਰ ਵਰਗ, ਜਿਸਦਾ ਧਰਮ, ਮਜ਼ਹਬ, ਨਸਲ, ਜਾਤ ਭਾਵੇਂ ਕੁਝ ਵੀ ਹੋਵੇ, ਖ਼ੁਸ਼ਹਾਲ ਜੀਵਨ ਜੀਊਣ ਦੇ ਸਮਰੱਥ ਹੋ ਜਾਵੇਗਾ। ਫਿਰ ਆਪਣੇ ਆਪ ਹੀ ਹਰ ਇਨਸਾਨ ਗੂੰਜ ਉੱਠੇਗਾ, ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ। ਆਉ, ਆਪਾਂ ਸਾਰੇ ਰਲ ਕੇ ਇਸ ਭਾਰਤ ਨੂੰ ਖ਼ੁਸ਼ਹਾਲ ਬਣਾਉਣ ਦਾ ਉਪਰਾਲਾ ਕਰੀਏ।

# ਇੰਦਰਾ ਨੇ ਤਾਂ ਗਜ਼ਨਵੀ ਨੂੰ ਮਾਤ ਪਾ ਦਿੱਤੀ

ਪਿਆਰੇ ਰਾਸ਼ਟਰਪਤੀ ਜ਼ੈਲ ਸਿੰਘ ਜੀ ,

ਪੰਜਾਬ ਅੰਦਰ ਵਾਪਰੀਆਂ ਤਾਜ਼ਾ ਘਟਨਾਵਾਂ , ਖਾਸ ਕਰ ਹਰਿਮੰਦਰ ਸਾਹਿਬ ਅਤੇ 37 ਹੋਰ ਗੁਰਦੁਆਰਿਆਂ ' ਤੇ ਫੌਜ ਚਾੜਕੇ ਇਹਨਾਂ ਪਵਿੱਤਰ ਅਸਥਾਨਾਂ ਦੀ ਬੇਹੁਰਮਤੀ ਕਰਨ , ਧਰਮੀ ਬੰਦਿਆਂ ਨੂੰ ਮਾਰਨ , ਸਿੱਖਾਂ ਲਈ ਜਾਨ ਤੋਂ ਵੱਧ ਪਿਆਰੀਆਂ ਥਾਵਾਂ ਤੇ ਵਸਤੂਆਂ ਨੂੰ ਲੁੱਟਣ ਅਤੇ ਤਬਾਹ ਕਰਨ ਬਾਰੇ ਆਪਣੀਆਂ ਭਾਵਨਾਵਾਂ ਨੂੰ ਸ਼ਬਦਾਂ ਵਿੱਚ ਪ੍ਰਗਟ ਕਰਨਾ ਮੇਰੇ ਲਈ ਮੁਸ਼ਕਲ ਹੈ । ਭਾਰਤੀ ਫੌਜ ਦੀਆਂ ਚਾਰ ਕੋਰਾਂ , 24 ਟੈਂਕਾਂ ਅਤੇ 130 ਮਿ.ਮੀ. ਦੀਆਂ ਤੋਪਾਂ ਦੀ ਮਦਦ ਨਾਲ ਪਾਵਨ ਪ੍ਰੀਕਰਮਾ ਵਿੱਚ ਦਾਖਲ ਹੋ ਗਈਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ 3.7 ਇੰਚ ਦੇ ਰਾਕਟ ਲਾਂਚਰਾਂ ਨਾਲ ਢਾਹ - ਢੇਰੀ ਕਰ ਦਿੱਤਾ । ਇਸੇ ਤਰਾਂ ਹੀ 37 ਹੋਰ ਗੁਰਦੁਆਰਿਆਂ ਦੀ ਬੇਅਦਬੀ ਕੀਤੀ ਗਈ ।

ਇੱਕ ਸਿੱਖ ਹੋਣ ਦੇ ਨਾਤੇ ਤੁਹਾਨੂੰ ਪਤਾ ਹੈ ਕਿ ਗੁਰਦੁਆਰਿਆਂ ਦੇ ਦਰ ਹਰ ਪ੍ਰਾਣੀ - ਮਾਤਰ ਲਈ ਖੁੱਲੇ ਹਨ ਚਾਹੇ ਉਹ ਕਿਸੇ ਵੀ ਵਿਸ਼ਵਾਸ ਜਾਂ ਧਰਮ ਦਾ ਧਾਰਨੀ ਹੋਵੇ ਪਰ ਸਿੱਖਾਂ ਨੇ ਕਿਸੇ ਸਰਕਾਰੀ ਧਾੜ ਨੂੰ ਕਦੇ ਅੰਦਰ ਨਹੀਂ ਲੰਘਣ ਦਿੱਤਾ । ਨਾਂ ਮੁਗਲਾਂ ਨੂੰ , ਨਾਂ ਅਫਗਾਨਾਂ ਨੂੰ ਅਤੇ ਨਾਂ ਹੀ ਅੰਗਰੇਜ਼ਾਂ ਨੂੰ । ਹਰ ਸਰਕਾਰੀ ਧਾੜ ਦਾ ਡਟ ਕੇ ਮੁਕਾਬਲਾ ਕੀਤਾ । ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਨੇ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨੂੰ ਕਰਾਰੀ ਟੱਕਰ ਦਿੱਤੀ ਜਦੋਂ ਉਸਨੇ ਹਰਿਮੰਦਰ ਸਾਹਿਬ ਨੂੰ ਉਡਾ ਦਿੱਤਾ ਸੀ ਅਤੇ ਪਵਿੱਤਰ ਸਰੋਵਰ ਨੂੰ ਗਾਵਾਂ ਦੀਆਂ ਲਾਸ਼ਾਂ ਨਾਲ ਭਰ ਦਿੱਤਾ ਸੀ । ਇਸੇ ਹੀ ਟਕਸਾਲ ਦੇ ਚੌਦਵੇਂ ਜਥੇਦਾਰ ਅਤੇ ਮਹਾਨ ਮਿਸ਼ਨਰੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਹੁਣ ਹਰਿਮੰਦਰ ਸਾਹਿਬ ਦੇ ਸਨਮਾਨ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਹੈ । 1919 ਵਿੱਚ ਵਾਪਰੇ ਜਲਿਆਂਵਾਲਾ ਬਾਗ ਗੋਲੀਕਾਂਡ ਸਮੇਂ ਲੈਫਟੀਨੈਂਟ ਕਰਨਲ ਸਮਿੱਥ ਸ਼ਹਿਰ ' ਤੇ ਹਵਾਈ ਬੰਬਾਰੀ ਕਰਨ ਦੇ ਪੱਖ ਵਿੱਚ ਸੀ ਪਰ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਜੀ.ਏ. ਵਾਥਨ ਨੇ ਅਜਿਹਾ ਕਰੜਾ ਕਦਮ ਚੁੱਕਣ ਦੇ ਖਿਲਾਫ ਅੰਗਰੇਜ਼ਾਂ ਨੂੰ ਖਬਰਦਾਰ ਕੀਤਾ ਸੀ । ਉਸਨੇ ਦਲੀਲ ਦਿੱਤੀ ਸੀ ਕਿ ਜੇ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਪੁੱਜ ਗਿਆ ਤਾਂ ਸਿੱਖ ਸਦਾ ਸਦਾ ਲਈ ਅੰਗਰੇਜ਼ਾਂ ਤੋਂ ਦੂਰ ਹੋ ਜਾਣਗੇ । ਫੌਜੀ ਭਰਤੀ ਦਾ ਵੱਡਾ ਹਿੱਸਾ ਸਿੱਖਾਂ ਵਿੱਚੋਂ ਹੀ ਆਉਂਦਾ ਹੈ । ਮੈਂ ਵੀ ਲਗਾਤਾਰ ਸਰਕਾਰ ਨੂੰ ਅਜਿਹਾ ਕਦਮ ਚੁੱਕਣ ਦੇ ਖਿਲਾਫ ਸੁਚੇਤ ਕਰਦਾ ਰਿਹਾ ਹਾਂ । ਸਭ ਤੋਂ ਦੁਖਦਾਈ ਗੱਲ ਤਾਂ ਇਹ ਹੈ ਕਿ ਭਾਰਤੀ ਫੌਜ ਨੇ ਮਹਾਨ ਕੌਮੀ ਯੋਧੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਮਾਰਨ ਤੋਂ ਬਾਅਦ ਉਹਨਾਂ ਦੀ ਦੇਹ ਨੂੰ ਜਨਰਲ ਸੁਬੇਗ ਸਿੰਘ , ਭਾਈ ਅਮਰੀਕ ਸਿੰਘ ਅਤੇ ਬਾਬਾ ਥਾਰਾ ਸਿੰਘ ਦੀਆਂ ਮ੍ਰਿਤਕ ਦੇਹਾਂ ਦੇ ਨਾਲ ਦਰਸ਼ਨੀ ਡਿਊਢੀ ਦੇ ਮੂਹਰੇ ਹਿੰਦੂਆਂ ਦੇ ਦੇਖਣ ਲਈ ਰੱਖ ਦਿੱਤਾ ਜੋ ਖੁਸ਼ੀ ਨਾਲ ਪਾਗਲ ਹੋ ਗਏ । ਉਹਨਾਂ ਨੇ ਇਸ ਮਹਾਨ ਜਿੱਤ ਦੇ ਜਸ਼ਨ ਮਨਾਉਣ ਲਈ ਫੌਜੀਆਂ ਨੂੰ ਮਠਿਆਈਆਂ ਪੇਸ਼ ਕੀਤੀਆਂ । ਇਹ ਅਫਸੋਸਨਾਕ ਹੈ ਕਿ ਫੌਜੀਆਂ ਨੇ ਮਠਿਆਈਆਂ ਪ੍ਰਵਾਨ ਕਰ ਲਈਆਂ ਅਤੇ ਅਜਿਹਾ ਕਰਕੇ ਸਿੱਖ ਕੌਮ ਨੂੰ ਹੋਰ ਅਪਮਾਨਤ ਕੀਤਾ ।

ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ' ਤੇ ਕਬਜ਼ਾ ਕਰਕੇ ਸੈਂਕੜੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਬਾਅਦ ਵਿੱਚ ਗੋਲੀਆਂ ਨਾਲ ਉਡਾ ਦਿੱਤਾ ( ਜੋ ਕਿ ਜਨੇਵਾ ਕਾਨਫਰੰਸ ਦੇ ਨਿਯਮਾਂ ਦੇ ਉਲਟ ਹੈ ) ਤੋਸ਼ੇਖਾਨਾ ਲੁੱਟ ਲਿਆ ਗਿਆ । ਸਫਾਈ ਦੀ ਮੁਹਿੰਮ ਪੂਰੀ ਕਰਨ ਤੋਂ ਪਿੱਛੋਂ ਉੱਥੇ ਕਈ ਤਰਾਂ ਦੇ ਹਥਿਆਰ ਰੱਖ ਦਿੱਤੇ ਗਏ , ਤਾਂਕਿ ਇਹ ਸਾਬਤ ਕੀਤਾ ਜਾ ਸਕੇ ਕਿ ਸਿੱਖਾਂ ਕੋਲ ਅਤਿ ਆਧੁਨਿਕ ਹਥਿਆਰ ਸਨ ਅਤੇ ਉਹ ਸਰਕਾਰ ਦੇ ਖਿਲਾਫ ਜੰਗ ਛੇੜਣ ਦੀਆਂ ਤਿਆਰੀਆਂ ਕਰ ਰਹੇ ਸਨ ਤਾਂ ਕਿ ਆਪਣਾ ਆਜ਼ਾਦ ਅਤੇ ਖੁਦ - ਮੁਖਤਿਆਰ ਰਾਜ ਦਾ ਸੁਪਨਾ ਹਾਸਲ ਕਰ ਸਕਣ । ਇਸ ਚਿੱਠੀ ਦੀ ਤੀਜੀ ਅੰਤਿਕਾ ਜਿਸ ਵਿੱਚ ਹਥਿਆਰਾਂ ਦੀ ਨੁਮਾਇਸ਼ ਲਗਾਈ ਹੋਈ ਹੈ ਅਤੇ ਫੌਜੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਬੂਟ ਪਾਈ ਦਿੱਸ ਰਹੇ ਹਨ । ਤੁਹਾਨੂੰ ਯਾਦ ਹੋਵੇਗਾ ਕਿ 1919 ਵਿੱਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਨੇ ਜਨਰਲ ਡਾਇਰ ਦੀ ਕਾਰਵਾਈ ਦਾ ਪੱਖ ਲੈਂਦਿਆਂ ਇਹੋ ਜਿਹੀਆਂ ਹੀ ਦਲੀਲਾਂ ਦਿੱਤੀਆਂ ਸਨ । ਉਸਨੇ ਕਿਹਾ ਸੀ ਕਿ ਫੌਜੀ ਕਾਰਵਾਈ ਅਟੱਲ ਸੀ ਕਿਉਂਕਿ ਲੋਕ 1857 ਵਾਂਗ ਬਗਾਵਤ ਤੇ ਉੱਤਰ ਆਏ ਸਨ । ਕਿਉਂਕਿ ਤੁਸੀਂ ਫੌਜਾਂ ਦੇ ਸੁਪਰੀਮ ਕਮਾਂਡਰ ਹੋ , ਮੇਰਾ ਫਰਜ਼ ਬਣਦਾ ਹੈ ਕਿ ਮੈਂ ਤੁਹਾਨੂੰ ਦੱਸਾਂ ਕਿ ਥੋੜੇ ਜਿਹੇ ਹਥਿਆਰਾਂ ਨਾਲ ਲੈਸ ਸਿੱਖ ਭਾਰਤ ਸਰਕਾਰ ਦੇ ਖਿਲਾਫ ਜੰਗ ਨਹੀਂ ਲੜ ਸਕਦੇ ਅਤੇ ਉਹਨਾਂ ' ਤੇ ਏਨੇ ਵਹਿਸ਼ਿਆਨਾ ਢੰਗ ਨਾਲ ਕੀਤੇ ਗਏ ਹਮਲੇ ਨੇ ਸਾਡੇ ਇਸ ਡਰ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਸਰਕਾਰ ਸਿੱਖਾਂ ਦੀ ਨਸਲਕੁਸ਼ੀ ਕਰਨ ' ਤੇ ਤੁਲੀ ਹੋਈ ਹੈ । ਭਾਰਤ ਸਰਕਾਰ ਦੇ ਇਸ ਜ਼ਹਿਰੀਲੇ ਪ੍ਰਚਾਰ ਦੇ ਹੱਕ ਵਿੱਚ ਤੁਹਾਡੇ ਵੱਲੋਂ ਜਾਰੀ ਕੀਤੇ ਗਏ ਬਿਆਨ ਨੇ ਹਰ ਸਿੱਖ ਦੇ ਜ਼ਖਮਾਂ ਤੇ ਲੂਣ ਛਿੜਕਿਆ ਹੈ । ਸਿੱਖ ਭਾਰਤ ਦੇ ਵਫਾਦਾਰ ਅਤੇ ਦੇਸ਼ ਭਗਤ ਰਹੇ ਹਨ ਪਰ ਬਹੁ - ਗਿਣਤੀ ਭਾਈਚਾਰੇ ਦੀ ਹੈਂਕੜ ਨੇ ਉਹਨਾਂ ਨੂੰ ਪੂਰੀ ਤਰਾਂ ਓਪਰਾ ਬਣਾ ਦਿੱਤਾ ਹੈ ।

ਜੇ ਭਾਰਤ ਸਰਕਾਰ ਗੱਲਬਾਤ ਰਾਹੀਂ ਹੱਲ ਕੱਢਣ ਲਈ ਗੰਭੀਰ ਹੁੰਦੀ ਤਾਂ ਫੌਜੀ ਕਾਰਵਾਈ ਤੋਂ ਬਚਿਆ ਜਾ ਸਕਦਾ ਸੀ । ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰੀ ਨੇ ਯਕੀਨ ਦਿਵਾਇਆ ਸੀ ਕਿ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਭੰਗ ਨਹੀਂ ਕੀਤੀ ਜਾਵੇਗੀ । ਬਦਕਿਸਮਤੀ ਇਹ ਹੈ ਕਿ ਦੋਵੇਂ ਹੀ ਝੂਠ ਬੋਲ ਰਹੇ ਸਨ । ਤੁਹਾਡੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਹ ਜਾਲਮਾਨਾ ਕਾਰਵਾਈ ਕਰਕੇ ਮਹਿਮੂਦ ਗਜਨਵੀ ਨੂੰ ਵੀ ਮਾਤ ਪਾ ਦਿੱਤੀ ਹੈ । ਉਸਨੇ ਸ਼ੰਕਰ ਅਚਾਰੀਆ , ਜਿਸ ਨੇ ਭਾਰਤ ਅੰਦਰੋਂ ਬੁੱਧ ਧਰਮ ਦਾ ਸਫਾਇਆ ਕਰ ਦਿੱਤਾ ਸੀ , ਤੋਂ ਬਾਅਦ ਦੀ ਸਭ ਤੋਂ ਵੱਡੀ ਹਿੰਦੂ ਲੀਡਰ ਹੋਣ ਦਾ ਰੁਤਬਾ ਹਾਸਲ ਕਰ ਲਿਆ ਹੈ ।

ਪੰਜਾਬ ਅੰਦਰ ਫੌਜੀ ਕਾਰਵਾਈ ਸਿਰਫ ਇੱਕ ਦਾਅਪੇਚਕ ਜਿੱਤ ਹੈ । ਇਸ ਲਈ ਹਿੰਦੂ ਬਹੁ - ਗਿਣਤੀ ਉਸਨੂੰ ਆ ਰਹੀਆਂ ਪਾਰਲੀਮੈਂਟ ਚੋਣਾਂ ਵਿੱਚ ਇੱਕ ਵਾਰ ਫਿਰ ਗੱਦੀ ' ਤੇ ਬਿਠਾ ਦੇਵੇਗੀ । ਪਰ ਦੇਸ਼ ਦੇ ਰਾਸ਼ਟਰਪਤੀ ਹੋਣ ਦੇ ਨਾਤੇ ਅਤੇ ਸਿੱਖ ਇਤਿਹਾਸ ਦਾ ਗਿਆਨ ਰੱਖਦੇ ਹੋਣ ਕਰਕੇ ਤੁਸੀਂ ਆਪਣੀ ਪ੍ਰਧਾਨ ਮੰਤਰੀ ਨੂੰ ਵਰਜ ਸਕਦੇ ਸੀ ਅਤੇ ਉਸਨੂੰ ਆਪਣੇ ਹੀ ਲੋਕਾਂ ਖਿਲਾਫ ਛੇੜੀ ਗਈ ਇਸ ਜਾਲਮਾਨਾ ਮੁਹਿੰਮ ਦੀ ਨਿਰਾਰਥਕਤਾ ਦਿਖਾ ਸਕਦੇ ਸੀ । ਭਾਰਤ ਸਰਕਾਰ ਬਹੁਤ ਤਾਕਤਵਰ ਹੈ ਅਤੇ ਸਿਰਫ ਸਵੈ ਭਰਮੀ ਜ਼ਿਹਨੀ ਤੌਰ ' ਤੇ ਬੀਮਾਰ ਅਤੇ ਧੋਖੇਬਾਜ ਹਿੰਦੂ ਹੀ ਇਹ ਵਿਸ਼ਵਾਸ ਕਰਨਗੇ ਕਿ ਸਿੱਖ ਭਾਰਤ ਸਰਕਾਰ ਦੇ ਖਿਲਾਫ ਜੰਗ ਛੇੜਨ ਵਾਲੇ ਸਨ ।



ਜਲਿਆਂਵਾਲੇ ਬਾਗ ਦੀ ਤਰਾਸਦੀ ਸਮੇਂ ਆਪਣੇ ਸਰ ਦੇ ਖਿਤਾਬ ਨੂੰ ਵਾਪਸ ਕਰਦਿਆਂ ਨੋਬਲ ਇਨਾਮ ਜੇਤੂ ਰਾਬਿੰਦਰ ਨਾਥ ਟੈਗੋਰ ਨੇ ਵਾਇਸਰਾਇ ਨੂੰ ਲਿਖਿਆ ਸੀ , ' ਸਰਕਾਰ ਵਲੋਂ ਪੰਜਾਬ ਅੰਦਰ ਇੱਕ ਸਥਾਨਕ ਗੜਬੜ ਨੂੰ ਰੋਕਣ ਲਈ ਕੀਤੀ ਗਈ ਦੁਸ਼ਟ ਕਾਰਵਾਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਅੰਦਰ ਬਰਤਾਨਵੀ ਹਕੂਮਤ ਦੀ ਪਰਜਾ ਹੋਣ ਕਾਰਨ ਅਸੀਂ ਕਿੰਨੇ ਲਾਚਾਰ ਹਾਂ । '

ਉਹਨਾਂ ਵੱਲੋਂ ਲਿਖੀ ਗਈ ਚਿੱਠੀ ਦੇ 65 ਸਾਲ ਬਾਅਦ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਮੇਰੇ ਕੋਲ ਇਸ ਤੋਂ ਵੱਖਰੇ ਹੋਰ ਕੋਈ ਸ਼ਬਦ ਨਹੀਂ ਹਨ । ਰਾਸ਼ਟਰਪਤੀ ਸਾਹਿਬ , ਕਿੰਨਾ ਵੱਡਾ ਕਤਲੇਆਮ ਹੋਇਆ ਹੈ ਅਤੇ ਕਿੰਨੀ ਬੇਦਰਦੀ ਨਾਲ ਹੋਇਆ ਹੈ ? ਭਾਰਤੀ ਫੌਜ ਦੇ ਜਿਹੜੇ ਫੌਜੀ ਮਾਰੇ ਗਏ ਉਹਨਾਂ ਦੇ ਵਾਰਸਾਂ ਨੂੰ ਇੱਕ ਇੱਕ ਲੱਖ ਰੁਪਿਆ ਅਤੇ ਇਸ ਤੋਂ ਇਲਾਵਾ ਹਰ ਕਿਸਮ ਦੇ ਪੈਨਸ਼ਨ ਲਾਭ ਦਿੱਤੇ ਜਾ ਰਹੇ ਹਨ । ਜਿਹੜੇ ਫੌਜੀ 1962 , 1965 ਅਤੇ 1971 ਦੀਆਂ ਲੜਾਈਆਂ ਵਿੱਚ ਮਾਰੇ ਗਏ ਸਨ ਉਹਨਾਂ ਨੂੰ ਤਾਂ ਅਜਿਹੀਆਂ ਸਹੂਲਤਾਂ ਨਹੀਂ ਦਿੱਤੀਆਂ ਗਈਆਂ ਸਨ । ਹੁਣ ਜਿਹੜੀ ਕੁਝ ਜ਼ਿਆਦਾ ਹੀ ਉਦਾਰਤਾ ਦਿਖਾਈ ਜਾ ਰਹੀ ਹੈ ਇਹ ਸਪਸ਼ਟ ਕਰਦੀ ਹੈ ਕਿ ਭਾਰਤ ਸਰਕਾਰ ਲਈ ਸਿੱਖ ਹੁਣ ਸਭ ਤੋਂ ਵੱਡੇ ਦੁਸ਼ਮਣ ਹਨ ।

ਪਾਕਿਸਤਾਨ ਅਤੇ ਚੀਨ ਦੂਜੇ ਅਤੇ ਤੀਜੇ ਦਰਜੇ ' ਤੇ ਚਲੇ ਗਏ ਹਨ । ਤੁਸੀਂ ਹੁਣੇ ਹੀ ਅਰਜਨਟਾਈਨਾ ਤੋਂ ਹੋ ਕੇ ਆਏ ਹੋ ਜਿਸ ਨੂੰ ਬਰਤਾਨੀਆਂ ਨੇ ਫਾਕਲੈਂਡ ਦੀ ਜੰਗ ਵਿੱਚ ਸ਼ਰਮਨਾਕ ਹਾਰ ਦਿੱਤੀ ਹੈ । ਅਰਜਨਟਾਈਨਾ ਦੀ ਫੌਜ ਵੱਲੋਂ ਬੇਦਿਲੀ ਨਾਲ ਕੀਤੇ ਮੁਕਾਬਲੇ ਦਾ ਕਾਰਨ ਇਹ ਸੀ ਕਿ ਉਸ ਦੇਸ਼ ਦੇ ਜਰਨੈਲਾਂ ਨੇ ਆਪਣੇ ਹੀ 6000 ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਦਿੱਤਾ ਸੀ । ਤੁਸੀਂ ਦੇਖਿਆ ਹੀ ਹੋਵੇਗਾ ਇਹ ਜਰਨੈਲ ਹੁਣ ਜੇਲਾਂ ਦੀਆਂ ਸੀਖਾਂ ਪਿੱਛੇ ਬੰਦ ਹਨ । ਜਲਦੀ ਹੀ ਇਹਨਾਂ ਨੂੰ ਸਜ਼ਾ ਹੋਣ ਵਾਲੀ ਹੈ । ਇਹ ਸਜ਼ਾ ਫਾਂਸੀ ਦੇ ਰੂਪ ਵਿੱਚ ਵੀ ਹੋ ਸਕਦੀ ਹੈ । ਪੰਜਾਬ ਅੰਦਰ ਕੀਤੀ ਗਈ ਜਾਲਮਾਨਾ ਅਤੇ ਮੂਰਖਤਾ ਭਰੀ ਕਾਰਵਾਈ ਇੰਦਰਾ ਗਾਂਧੀ ਨੂੰ ਮੁੜ ਕੁਰਸੀ ਤੇ ਤਾਂ ਬੈਠਾ ਦੇਵੇਗੀ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਜੇ ਜੰਗ ਛਿੜ ਪਈ ਤਾਂ ਜੋ ਕੁੱਝ ਤੁਹਾਡੀ ਸਰਕਾਰ ਅਤੇ ਹਥਿਆਰਬੰਦ ਫੌਜਾਂ ਨੇ ਪੰਜਾਬ ਅੰਦਰ ਕੀਤਾ ਹੈ ਅਤੇ ਅਜੇ ਵੀ ਪੂਰੇ ਜੋਸ਼ੋ ਖਰੋਸ਼ ਨਾਲ ਕਰ ਰਹੀਆਂ ਹਨ , ਉਸਨੂੰ ਦੇਖਦਿਆਂ ਹੋਇਆਂ ਸਿੱਖ ਸਰਕਾਰ ਦੀ ਜੰਗ ਵਿੱਚ ਮਦਦ ਨਹੀਂ ਕਰਨਗੇ ।

ਸਿੱਖ ਫੌਜੀ , ਜੋ ਦੁਸ਼ਮਣ ਦਾ ਦਲੇਰੀ ਨਾਲ ਟਾਕਰਾ ਕਰਨ ਲਈ ਦੁਨੀਆਂ ਭਰ ਅੰਦਰ ਮਸ਼ਹੂਰ ਹਨ , ਉਹੋ ਜਿਹੀ ਡੀਫੈਂਸ ਨਹੀਂ ਕਰਨਗੇ ਜਿਸ ਨੇ ਸਦਾ ਹੀ ਦੇਸ਼ ਦੀ ਅਖੰਡਤਾ ਨੂੰ ਬਚਾ ਕੇ ਰੱਖਿਆ ਹੈ । ਫੌਜ ਪਹਿਲਾਂ ਹੀ ਸਾਡੇ 20000 ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਚੁੱਕੀ ਹੈ ਅਤੇ 50000 ਹੋਰਾਂ ਦਾ ਪਤਾ ਨਹੀਂ ਲੱਗ ਰਿਹਾ ਕਿ ਉਹ ਕਿੱਥੇ ਹਨ । ਤੁਹਾਡੀ ਪ੍ਰਧਾਨ ਮੰਤਰੀ ਅਤੇ ਤੁਹਾਡੇ ਜਰਨੈਲ ਜਿਹੋ ਜਿਹੀ ਨੀਤੀ ਲਾਗੂ ਕਰ ਰਹੇ ਹਨ ਉਸ ਦੇ ਸਾਹਵੇਂ ਤਾਂ ਜਨਰਲ ਡਾਇਰ ਵੀ ਨਰਮ ਲੱਗਣ ਲੱਗ ਜਾਂਦਾ ਹੈ ।

ਕਿਉਂਕਿ ਮੈਂ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਸਾਡੇ ਗੁਰਦੁਆਰਿਆਂ ਅੰਦਰ ਕੀਤੀ ਗਈ ਫੌਜੀ ਕਾਰਵਾਈ ਅਤੇ ਸਿੱਖ ਭਰਾਵਾਂ ਦੇ ਕੀਤੇ ਗਏ ਅੰਨੇਵਾਹ ਕਤਲੇਆਮ ਦਾ ਜੋਰਦਾਰ ਵਿਰੋਧੀ ਹਾਂ , ਇਸ ਲਈ ਮੈਂ ਇੰਡੀਅਨ ਪੁਲਿਸ ਸਰਵਿਸ ਤੋਂ ਫੌਰੀ ਅਸਤੀਫਾ ਦੇਂਦਾ ਹਾਂ । ਹੁਣ ਤੋਂ ਬਾਅਦ ਮੈਂ ਉਹਨਾਂ ਸਿੱਖ ਪਰਿਵਾਰਾਂ ਦੇ ਮੁੜ - ਵਸੇਬੇ ਲਈ ਕੰਮ ਕਰਾਂਗਾ ਜੋ ਇਸ ਵਹਿਸ਼ੀਆਨਾ ਕਾਰਵਾਈ ਵਿੱਚ ਮਾਰੇ ਗਏ ਹਨ । ਪਰਮਾਤਮਾ ਮੈਨੂੰ ਸਫਲਤਾ ਬਖਸ਼ੇ । ਇਹ ਅਸਤੀਫਾ ਦੇਣ ਸਮੇਂ ਮੇਰੇ ਮਨ ਵਿੱਚ ਕਿਸੇ ਦੇ ਖਿਲਾਫ ਕੋਈ ਮੰਦਭਾਵਨਾ ਨਹੀਂ ਕਿਉਂਕਿ ਅਜਿਹਾ ਕਰਨਾ ਸਾਡੇ ਧਾਰਮਿਕ ਅਸੂਲਾਂ ਦੇ ਉਲਟ ਹੈ । ਅੰਤ ਵਿੱਚ ਮੈਂ ਸਾਰੇ ਸਿੱਖ ਭਰਾਵਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਹਰ ਮਹੀਨੇ ਦੀ 6 ਤਰੀਕ ਸ਼ਹੀਦੀ ਦਿਵਸ ਵਜੋਂ ਮਨਾਇਆ ਕਰਨ ਅਤੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ' ਤੇ ਜਾ ਕੇ ਆਪਣੇ ਸਿਰ ਪੇਸ਼ ਕਰਿਆ ਕਰਨ ਤਾਂ ਕਿ ਉਹ ਸਿੱਖਾਂ ਦੇ ਖੂਨ ਦੀ ਆਪਣੀ ਪਿਆਸ ਮਿਟਾ ਲਿਆ ਕਰੇ । ਪਰਮਾਤਮਾ ਦੀ ਮਿਹਰ ਸਦਕਾ ਮੈਂ 6 ਜੁਲਾਈ 1984 ਨੂੰ ਆਪਣੇ ਆਪ ਨੂੰ ਉਸ ਦੇ ਸਾਹਮਣੇ ਪੇਸ਼ ਕਰਾਂਗਾ । ਸੂਬਾਈ ਰਾਜਧਾਨੀਆਂ ਵਿੱਚ ਰਹਿ ਰਹੇ ਸਿੱਖ ਵੀ ਏਸੇ ਤਰਾਂ ਆਪਣੇ ਆਪ ਨੂੰ ਰਾਜ ਭਵਨਾਂ ਦੇ ਸਾਹਮਣੇ ਪੇਸ਼ ਕਰਿਆ ਕਰਨ ਤਾਂ ਕਿ ਗਵਰਨਰ ਉਨਾਂ ਦੇ ਸਿਰ ਕੱਟਕੇ ਪ੍ਰਧਾਨ ਮੰਤਰੀ ਨੂੰ ਭੇਜ ਦਿਆ ਕਰਨ । ਵਿਦੇਸ਼ਾਂ ਵਿੱਚ ਰਹਿ ਰਹੇ ਸਿੱਖ ਭਾਰਤੀ ਹਾਈ ਕਮਿਸ਼ਨਾਂ ਅਤੇ ਰਾਜਦੂਤ ਘਰਾਂ ਦੇ ਸਾਹਮਣੇ ਜਾਇਆ ਕਰਨ ਅਤੇ ਇਹੋ ਜਿਹੀਆਂ ਕੁਰਬਾਨੀਆਂ ਲਈ ਰਾਜਦੂਤਾਂ ਸਾਹਮਣੇ ਆਪਣੇ ਆਪ ਨੂੰ ਪੇਸ਼ ਕਰਿਆ ਕਰਨ । ਇਸ ਔਰਤ ਦੀ ਸਿੱਖਾਂ ਦੇ ਖੂਨ ਦੀ ਪਿਆਸ ਨੂੰ ਮਿਟਾ ਕੇ ਹੀ ਅਸੀਂ ਆਪਣੀ ਵਿਲੱਖਣ ਧਾਰਮਿਕ ਹਸਤੀ ਨੂੰ ਬਰਕਰਾਰ ਰੱਖ ਸਕਦੇ ਹਾਂ ।

ਸਤਿਕਾਰ ਨਾਲ ,

ਤੁਹਾਡਾ ਸ਼ੁਭਚਿੰਤਕ

**ਸਿਮਰਨਜੀਤ ਸਿੰਘ ਮਾਨ (ਆਈ.ਪੀ.ਐਸ.)**

(ਗਰੁੱਪ ਕਮਾਂਡੈਂਟ ਸੈਂਟਰਲ ਇੰਡਸਟਰੀਅਲ ਸਕਿਊਰਟੀ ਫੋਰਸ ਬੰਬਈ)

# ਭਾਰਤ ਸਰਕਾਰ ਵਲੋਂ ਸਿੱਖ ਮੀਡੀਏ ਦੀਆਂ ਸੋਸ਼ਲ ਸਾਈਟਾਂ ਨੂੰ ਬੰਦ ਕਰਨਾ ਸ਼ਰਮਨਾਕ ਵਰਤਾਰਾ :ਯੂਨਾਈਟਿਡ ਖਾਲਸਾ ਦਲ ਯੂ ਕੇ

## ਸਿੱਖਾਂ ਨੂੰ ਘੱਲੂਘਾਰੇ ਦੀ ਯਾਦ ਮਨਾਉਣ ਤੋਂ ਰੋਕ ਕੇ ਕੈਪਟਨ ਨੇ ਮੁਗਲੀਆ ਹਕੂਮਤਾਂ ਦਾ ਜ਼ੁਲਮ ਦੁਹਰਾਇਆ

**ਲੰਡਨ/ਏ.ਟੀ.ਨਿਊਜ਼ :** ਬਰਤਾਨੀਆ ਵਿੱਚ ਚੱਲ ਰਹੇ ਸਿੱਖਾਂ ਦੇ ਚੈਨਲ ਕੇ.ਟੀ.ਵੀ ਅਤੇ ਅਕਾਲ ਚੈਨਲ ਦੀਆਂ ਸੋਸ਼ਲ ਸਾਈਟਾਂ ਨੂੰ ਭਾਰਤ ਵਿੱਚ ਬੰਦ ਕਰਨ ਤੇ ਸਮੁੱਚੇ ਸਿੱਖ ਭਾਈਚਾਰੇ ਵਿੱਚ ਸਖਤ ਰੋਸ ਹੈ । ਜਿਕਰਯੋਗ ਹੈ ਕਿ ਅਕਾਲ ਚੈਨਲ ਦਾ ਯੂ ਟਿਊਬ ਚੈਨਲ ਭਾਰਤੀ ਸਰਕਾਰ ਨੇ ਭਾਰਤ ਵਿੱਚ ਬੰਦ ਕਰ ਦਿੱਤਾ ਹੈ ਜਦਕਿ ਕੇ.ਟੀ.ਵੀ ਦਾ ਯੂ ਟਿਊਬ ਚੈਨਲ ਅਤੇ ਫੇਸ ਬੁੱਕ ਪੇਜ਼ ਵੀ ਬੰਦ ਕਰ ਦਿੱਤਾ ਗਿਆ ਹੈ । ਇਹ ਦੋਵੇਂ ਚੈਨਲਾਂ ਦਾ ਪ੍ਰਸਾਰਨ ਹੁਣ ਭਾਰਤ ਵਿੱਚ ਕੋਈ ਵੀ ਦੇਖ ਨਹੀਂ ਸਕਦਾ । ਜੋ ਕਿ ਪੈੱਸ ਦੀ ਅਜਾਦੀ ਤੇ ਭਾਰਤ ਸਰਕਾਰ ਦਾ ਵੱਡਾ ਹਮਲਾ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਭਾਰਤ ਸਰਕਾਰ ਦੇ ਇਸ ਸਿੱਖ ਵਿਰੋਧੀ ਵਰਤਾਰੇ ਦੀ ਸਖਤ ਨਿਖੇਧੀ ਕੀਤੀ ਗਈ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਭਾਰਤ ਸਰਕਾਰ ਦੇ ਇਸ ਕਾਰੇ ਨੂੰ ਬੇਹੱਦ ਘਿਨਾਉਣਾ ਅਤੇ ਸ਼ਰਮਨਾਕ ਕਰਾਰ ਦਿੱਤਾ ਹੈ । ਬਰਤਾਨੀਆਂ ਵਿੱਚ ਸਿੱਖਾਂ ਦੇ ਇਸ ਵਕਤ ਚਾਰ ਚੈਨਲ ਹਨ ਜੋ ਕਿ ਸਕਾਈ ਰਾਹੀਂ ਘਰ ਘਰ ਦੇਖੇ ਜਾਂਦੇ ਹਨ ਅਤੇ ਇਹ ਸਿੱਖ ਸੰਗਤਾਂ ਦੀ ਸਹਾਇਤਾ ਨਾਲ ਚੱਲਦੇ ਹਨ । ਇਹਨਾਂ ਚੈਨਲਾਂ ਖਾਸ ਕਰ ਕੇ.ਟੀ.ਵੀ ਅਤੇ ਅਕਾਲ ਚੈਨਲ ਤੇ ਸਿੱਖ ਕਮ ਤੇ ਹੋ ਰਹੇ ਜ਼ੁਲਮਾਂ ਨੂੰ ਬੇਨਕਾਬ ਕੀਤਾ ਜਾਂਦਾ ਹੈ । ਉੱਥੇ ਕੇ.ਟੀ.ਵੀ ਚੈਨਲ ਸਿੱਖ ਹੱਕਾਂ ਹਿੱਤਾਂ ਅਤੇ ਕੌਮੀ ਅਜਾਦੀ ਨੂੰ ਪੂਰੀ ਤਰਾਂ ਸਮਰਪਿਤ ਹੈ । ਜਿਸ ਤੇ ਬਰਤਾਨਵੀ ਸਿੱਖ ਜਥੇਬੰਦੀਆਂ ਦੇ ਆਗੂ ਅਕਸਰ ਹੀ ਖਾਲਿਸਤਾਨ ਪੱਖੀ ਵਿਚਾਰਾਂ ਦੀ ਸਾਂਝ ਪਾਉਂਦੇ ਰਹਿੰਦੇ ਹਨ ।ਖਾਲਿਸਤਾਨ ਸਿੱਖਾਂ ਦਾ ਬੁਨਿਆਦੀ ਹੱਕ ਜਿਸ ਵਾਸਤੇ ਹਰ ਸਿੱਖ ਯਤਨੰਸ਼ੀਲ ਹੈ । ਭਾਰਤ ਵਿੱਚ ਚੱਲਣ ਵਾਲੇ ਚੈਨਲਾਂ ਤੇ ਜਿਆਦਾਤਰ ਸਿੱਖ ਵਿਰੋਧੀ ਪ੍ਰਚਾਰ ਨਸ਼ਰ ਕੀਤਾ ਜਾਂਦਾ ਹੈ ਅਤੇ ਉਸ ਸਿੱਖ ਵਿਰੋਧੀ ਪ੍ਰਚਾਰ ਨੂੰ ਬਰਤਾਨੀਆ ਵਿੱਚ ਚੱਲਦੇ ਉਕਤ ਚੈਨਲ ਬੇਨਕਾਬ ਕਰਕੇ ਸਹੀ ਤਸਵੀਰ ਦੁਨੀਆਂ ਸਾਹਮਣੇ ਪੇਸ਼ ਕਰਦੇ ਹਨ ਜੋ ਕਿ ਸਿੱਖ ਕੌਮ ਵਾਸਤੇ ਮਾਣ ਵਾਲੀ ਗੱਲ ਹੈ । ਯੂਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸਿੱਖ ਕੌਮ ਦੇ ਅਜਾਦ ਘਰ ਖਾਲਿਸਤਾਨ ਪ੍ਰਤੀ ਪ੍ਰਗਟਾਏ ਗਏ ਵਿਚਾਰਾਂ ਦਾ ਹਾਰਦਿਕ ਸਵਾਗਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ ਸ੍ਰੀ ਦਰਬਾਰ ਸਾਹਿਬ ਜਾਣ ਤੋਂ ਸਿੱਖਾਂ ਨੂੰ ਰੋਕ ਕੇ ਮੁਗਲੀਆ ਹਕੂਮਤ ਦੇ ਜ਼ੁਲਮਾਂ ਦੀ ਯਾਦ ਤਾਜਾ ਕਰਵਾਈ ਗਈ ਹੈ। ਕੈਪਟਨ ਅਮਰਇੰਦਰ ਸਿੰਘ ਦੀ ਸਰਕਾਰ ਦੀ ਇਹ ਕਾਰਵਾਈ ਸਿੱਖ ਇਤਿਹਾਸ ਵਿੱਚ ਕਾਲੇ ਅੱਖਰਾਂ ਨਾਲ ਲਿਖੀ ਜਾਵੇਗੀ । ਮੁਗਲੀਆ ਹਕੂਮਤ ਦੀਆਂ ਫੌਜਾਂਾਂ ਵੀ ਸਿੰਘਾਂ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨੱਤਮਸਤਕ ਹੋਣ ਤੋਂ ਰੋਕਦੀਆਂ ਰਹੀਆਂ ਸਨ ਇਹੀ ਕਮੀਨਾ ਕੰਮ ਕੈਪਟਨ ਸਰਕਾਰ ਦੀ ਪੁਲਿਸ ਨੇ ਕੀਤਾ ਹੈ ।

# ਅਕਾਲ ਤਖ਼ਤ ਸਾਹਿਬ ਤੋਂ ਖਾਲਿਸਤਾਨ ਦੀ ਹਮਾਇਤ



**- ਬਘੇਲ ਸਿੰਘ ਧਾਲੀਵਾਲ**

ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੀਤੀ ਖਾਲਿਸਤਾਨ ਦੀ ਗੱਲ ਭਾਂਵੇਂ ਬਹੁਤ ਸਾਰੇ ਸਿੱਖ ਬੁੱਧੀਜੀਵੀਆਂ ਦੇ ਗਲੇ ਤੋਂ ਨਹੀ ਉੱਤਰ ਰਹੀ, ਕਿਉਂਕਿ ਉਹਨਾਂ ਦਾ ਤਰਕ ਹੈ ਕਿ,ਜਿੰਨਾਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰੀ ਦਾ ਤਾਜ ਪਹਿਨਾਇਆ ਹੈ, ਇਹ ਉਹਨਾਂ ਦੇ ਸਿਆਸੀ ਪੈਂਤੜੇ ਤੋਂ ਵੱਧ ਕੁੱਝ ਵੀ ਨਹੀ ਹੈ। ਫਿਰ ਵੀ ਸ੍ਰੀ ਅਕਾਲ ਤਖਤ ਸਾਹਿਬ ਤੋ ਹੋਈ ਖਾਲਿਸਤਾਨ ਦੀ ਹਮਾਇਤ ਨੇ ਜਿੱਥੇ ਸਾਰਥਿਕ ਚਰਚਾ ਨੂੰ ਜਨਮ ਦਿੱਤਾ ਹੈ, ਉੱਥੇ ਉਹਨਾਂ ਤਾਕਤਾਂ ਦੀ ਨਜ਼ਰ ਇੱਕ ਵਾਰ ਫਿਰ ਅਕਾਲ ਤਖਤ ਸਾਹਿਬ ਨੂੰ ਅਜਾਦ ਸਿੱਖ ਪ੍ਰਭੂ ਸੱਤਾ ਦੇ ਪਰਤੀਕ ਵਜੋਂ ਢਾਹ ਲਾਉਣ ਤੇ ਕੇਂਦਰਿਤ ਹੋਵੇਗੀ। ਇਹ ਮੁੱਦਾ ਸ਼ੋਸ਼ਲ ਮੀਡੀਏ ਤੇ ਵੀ ਮੁੱਖ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦਰਬਾਰ ਸਾਹਿਬ ਤੇ ਹੋਏ ਹਮਲੇ ਦੀ 36ਵੀਂ ਸਾਲਾਨਾ ਯਾਦ ਚ ਹਰ ਸਾਲ ਦੀ ਤਰਾਂ ਇਸ ਵਾਰ ਵੀ ਛੇ ਜੂਨ ਨੂੰ ਅਕਾਲ ਤਖਤ ਸਾਹਿਬ ਤੇ ਅਰਦਾਸ ਕੀਤੀ ਗਈ। ਹਰ ਸਾਲ ਹੀ ਸਿੱਖ ਸੰਗਤਾਂ ਤੇ ਪੰਥਕ ਜਥੇਬੰਦੀਆਂ ਇਸ ਦਿਨ ਤੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਲਈ ਪੁੱਜਦੀਆਂ ਹਨ। ਹਰ ਸਾਲ ਹੀ ਸਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਵਿਚਾਲੇ ਤਕਰਾਰ ਦੀਆਂ ਖਬਰਾਂ ਵੀ ਛਪਦੀਆਂ ਹਨ। ਇੱਥੋ ਤੱਕ ਕਿ ਸਿੱਖ ਆਪਸ ਵਿੱਚ ਉਲਝ ਕੇ ਇੱਕ ਦੂਸਰੇ ਦੀਆਂ ਦਸਤਾਰਾਂ ਉਤਾਰਨ ਤੋ ਵੀ ਗੁਰੇਜ ਨਹੀ ਕਰਦੇ,ਜਿਸ ਦੀ ਚੁਫੇਰਿਉਂ ਨਿੰਦਾ ਵੀ ਹੁੰਦੀ ਹੈ, ਪ੍ਰੰਤੂ ਇਸ ਦੇ ਬਾਵਜੂਦ ਦੋਨੋ ਹੀ ਧਿਰਾਂ ਇਸ ਘੱਲੂਘਾਰੇ ਤੇ ਕਦੇ ਵੀ ਇੱਕ ਮੱਤ ਹੋ ਕੇ ਇਹ ਦਿਹਾੜਾ ਮਨਾਉਣ ਚ ਸਫਲ ਨਹੀ ਹੋਈਆਂ। ਇਸ ਦਾ ਇੱਕ ਕਾਰਨ ਤਾਂ ਇਹ ਹੈ ਕਿ ਸਰੋਮਣੀ ਕਮੇਟੀ ਤੇ ਕਾਬਜ ਉਹ ਲੋਕ ਰਹੇ ਹਨ, ਜਿੰਨਾਂ ਨੇ ਕੇਂਦਰ ਨਾਲ ਸਾਂਝ ਭਿਆਲੀ ਪਾਈ ਹੋਈ ਹੈ ਤੇ ਉਹਨਾਂ ਨੂੰ ਸਿੱਖ ਭਾਵਨਾਵਾਂ ਨਾਲੋਂ ਦਿੱਲੀ ਦੀ ਵਫਾਦਾਰੀ ਦਾ ਜਿਆਦਾ ਫਿਕਰ ਰਹਿੰਦਾ ਹੈ, ਦੂਜਾ ਕਾਰਨ ਇਹ ਹੈ ਕਿ ਪੰਥਕ ਧਿਰਾਂ ਵਿੱਚ ਵੀ ਕੁੱਝ ਉਹ ਸ਼ਰਾਰਤੀ ਲੋਕ ਸ਼ਾਮਲ ਹੁੰਦੇ ਹਨ, ਜਿਹੜੇ ਕਿਸੇ ਵੀ ਤਰਾਂ ਇਸ ਦਿਹਾੜੇ ਦੀ ਮਹਾਂਨਤਾ ਨੂੰ ਛੁਟਿਆਉਣ ਲਈ ਅਜਿਹੀਆਂ ਹਰਕਤਾਂ




ਕਰਨ ਤੋ ਬਾਜ ਨਹੀ ਆਉਂਦੇ, ਜਿਹੜੀਆਂ ਸਿੱਧੇ ਰੂਪ ਚ ਕੌਂਮ ਨੂੰ ਨੀਂਵਾਂ ਦਿਖਾਉਣ ਲਈ ਜ਼ਿੰਮੇਵਾਰ ਬਣ ਜਾਂਦੀਆਂ ਹਨ ਤੇ ਪੰਥਕ ਧਿਰਾਂ ਇਮਾਨਦਾਰ ਹੋਣ ਦੇ ਬਾਵਜੂਦ ਵੀ ਬਦਨਾਮ ਹੋ ਜਾਂਦੀਆਂ ਹਨ। ਸੋ ਇਹ ਵਰਤਾਰਾ ਲਗਾਤਾਰ ਹੀ ਚੱਲਦਾ ਆ ਰਿਹਾ ਹੈ। ਜੇਕਰ ਗੱਲ ਲੰਘੀ ਛੇ ਜੂਨ ਦੀ ਕੀਤੀ ਜਾਵੇ ਤਾਂ ਇਸ ਵਾਰ ਕਈ ਘਟਨਾਵਾਂ ਦਾ ਜ਼ਿਕਰ ਕਰਨਾ ਬਣਦਾ ਹੈ, ਜਿਹੜੀਆਂ ਕੁੱਝ ਸ਼ੱਕੀ ਹੋਣ ਦੇ ਬਾਵਜੂਦ ਵੀ ਸ਼ੁਭ ਅਤੇ ਕੁਝ ਅਸ਼ੁਭ ਮੰਨੀਆਂ ਜਾ ਰਹੀਆਂ ਹਨ। ਭਾਵੇਂ ਹਰ ਵਾਰੀ ਹੀ ਸਰੋਮਣੀ ਕਮੇਟੀ ਤੇ ਕਾਬਜ ਧਿਰ ਦੀ ਇਹ ਇੱਛਾ ਹੁੰਦੀ ਹੈ ਕਿ ਇਸ ਦਿਹਾੜੇ ਤੇ ਕੋਈ ਪੰਥਕ ਗੱਲਬਾਤ ਨਾ ਕੀਤੀ ਜਾਵੇ ਅਤੇ ਬਗੈਰ ਇਕੱਠ ਕੀਤਿਆਂ ਹੀ ਸਵੇਰੇ ਸਵੇਰੇ ਅਰਦਾਸ ਕਰਕੇ ਰਸਮ ਪੂਰੀ ਕਰ ਦਿੱਤੀ ਜਾਵੇ,ਪ੍ਰੰਤੂ ਇਸ ਵਾਰ ਕਰੋਨਾ ਦੀ ਮਹਾਂਮਾਰੀ ਕਾਰਨ ਸਰਕਾਰੀ ਹਦਾਇਤਾਂ ਦਾ ਪਾਲਣ ਕਰਨ ਦੀ ਆੜ ਹੇਠ ਜਿਸ ਤਰਾਂ ਸ਼ਰੋਮਣੀ ਕਮੇਟੀ ਵੱਲੋਂ ਮੀਡੀਆ ਅਤੇ ਪੰਥਕ ਧਿਰਾਂ ਦੇ ਦਰਬਾਰ ਸਾਹਿਬ ਦੇ ਅੰਦਰ ਦਾਖਲੇ ਤੇ ਰੋਕਾਂ ਲਾਉਣ ਲਈ ਖੁੱਲੇ ਰੂਪ ਵਿੱਚ ਪੰਜਾਬ ਪੁਲਿਸ ਦੀ ਸਹਾਇਤਾ ਲਈ ਗਈ ਤੇ ਇਸ ਦਿਹਾੜੇ 'ਤੇ ਪਹੁੰਚੇ ਪੰਥਕ ਧਿਰਾਂ ਦੇ ਨੁਮਾਇੰਦਿਆਂ ਨੂੰ ਜਿਸ ਤਰਾਂ ਦਰਬਾਰ ਸਾਹਿਬ ਦੇ ਬਾਹਰ ਪੰਜਾਬ ਪੁਲਿਸ ਵੱਲੋਂ ਰੋਕਿਆ ਗਿਆ, ਉਹ ਬੇਹੱਦ ਹੀ ਨਿੰਦਣਯੋਗ ਤੇ ਸ਼੍ਰੋਮਣੀ ਕਮੇਟੀ ਤੇ ਕਾਬਜ ਧਿਰ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਿਹਾ ਜਾ ਸਕਦਾ ਹੈ, ਜਿਸ ਨੇ ਇੱਕ ਵਾਰ ਫਿਰ 36 ਸਾਲ ਦੀ ਬੇਇਨਸਾਫੀ ਅਤੇ ਧੱਕੇਸ਼ਾਹੀ ਦੀ ਅਮਿੱਟ ਯਾਦ ਨੂੰ ਸੀਨੇ ਵਿਚ ਸਮੋਈ ਬੈਠੇ ਖਾਲਸਾ ਪੰਥ ਦੇ ਹਿਰਦਿਆਂ ਨੂੰ ਡੂੰਘੀ ਸੱਟ ਮਾਰੀ ਹੈ। ਦੂਜਾ ਜਿਹੜੀ ਪਰਮੁੱਖ ਘਟਨਾ ਮੰਨੀ ਜਾ ਰਹੀ ਹੈ, ਉਹ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੱਤਰਕਾਰਾਂ ਦੇ ਸੁਆਲਾਂ ਦਾ ਜਵਾਬ ਦਿੰਦਿਆ ਖਾਲਿਸਤਾਨ ਲੈਣ ਦੀ ਇੱਛਾ ਜਾਹਰ ਕਰਨਾ ਹੈ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦਾ ਇਹ ਬਿਆਨ ਇਸ ਕਰਕੇ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ, ਕਿਉਕਿ ਇਸ ਤੋਂ ਪਹਿਲਾਂ ਕਦੇ ਵੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਖਾਲਿਸਤਾਨ ਦੀ ਖੁੱਲੇਆਮ ਹਮਾਇਤ ਨਹੀ ਕੀਤੀ ਗਈ। ਖਾਲਿਸਤਾਨ ਦੇ ਮੁੱਦੇ ਤੇ ਉਹਨਾਂ ਵੱਲੋਂ ਦਿੱਤੇ ਬਿਆਨ ਨੂੰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਕਹੇ ਬਚਨਾਂ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ,ਪ੍ਰੰਤੂ ਇਸ ਮੌਕੇ ਪੰਥਕ ਧਿਰਾਂ ਵੱਲੋਂ ਇਹ ਕਿਹਾ ਜਾਣਾ ਕਿ "ਅਸੀ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਨਹੀ ਮੰਨਦੇ" ਵੀ ਕਾਹਲੀ ਵਿੱਚ ਦਿੱਤਾ ਗਿਆ ਬੇਲੋੜਾ ਬਿਆਨ ਹੈ ਜਿਹੜਾ ਉਹਨਾਂ ਦੇ ਆਪਸੀ ਤਾਲਮੇਲ ਤੇ ਸੁਆਲੀਆ ਚਿੰਨ ਲਾਉਂਣ ਵਾਲਾ ਸਮਝਿਆ ਜਾ ਰਿਹਾ ਹੈ, ਕਿਉਕਿ ਅਜੇ ਕੁੱਝ ਸਮਾ ਪਹਿਲਾਂ ਹੀ ਸਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਕੌਂਮ ਦੇ ਤਿੰਨੋ ਜਥੇਦਾਰਾਂ ਭਾਈ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ, ਗਿਆਨੀ ਹਰਪ੍ਰੀਤ ਸਿੰਘ ਅਤੇ ਧਿਆਨ ਸਿੰਘ ਮੰਡ ਨੂੰ ਮਿਲ ਬੈਠ ਕੇ ਕੌਂਮੀ ਅਗਵਾਈ ਦੀ ਸਲਾਹ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਦੀ ਕਾਰਜਸ਼ੈਲੀ ਤੇ ਤਸੱਲੀ ਪਰਗਟ ਕੀਤੀ ਜਾ ਚੁੱਕੀ ਹੈ।

ਉਧਰ ਪੱਤਰਕਾਰਾਂ ਵੱਲੋਂ ਸਿੰਘ ਸਾਹਿਬ ਦੇ ਖਾਲਿਸਤਾਨ ਦੇ ਮੁੱਦੇ ਤੇ ਦਿੱਤੇ ਬਿਆਨ ਤੇ ਪ੍ਰਤੀਕਰਮ ਦੇਣ ਲਈ ਪੁੱਛੇ ਜਾਣ ਤੇ ਸਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਜਥੇਦਾਰ ਸਾਹਿਬ ਦੇ ਖਾਲਿਸਤਾਨ ਪ੍ਰਤੀ ਜਵਾਬ ਦੀ ਪੁਸ਼ਟੀ ਕੀਤੀ ਹੈ ਅਤੇ ਉਹਨਾਂ ਇਹ ਵੀ ਕਿਹਾ ਕੋਈ ਵੀ ਸਿੱਖ ਖਾਲਿਸਤਾਨ ਤੋ ਕਿਵੇਂ ਇਨਕਾਰ ਕਰ ਸਕਦਾ ਹੈ,ਪ੍ਰੰਤੂ ਇਸ ਦੇ ਬਾਵਜੂਦ ਵੀ ਉਹਨਾਂ ਦਾ ਕਿਰਦਾਰ ਸੱਚਾ ਸੁੱਚਾ ਤੇ ਸਪੱਸ਼ਟ ਨਜਰ ਨਹੀ ਆਉਂਦਾ, ਕਿਉਕਿ ਇੱਕ ਪਾਸੇ ਉਹ ਖਾਲਿਸਤਾਨ ਦੇ ਮੁੱਦੇ ਤੇ ਜਥੇਦਾਰ ਸਾਹਿਬ ਦੇ ਬਿਆਨ ਦੀ ਤਾਈਦ ਕਰਦੇ ਸਾਫ ਸੁਣੇ ਜਾ ਸਕਦੇ ਹਨ ਤੇ ਦੂਜੇ ਪਾਸੇ ਖਲਿਸਤਾਨ ਦੀ ਗੱਲ ਕਰਨ ਵਾਲੀਆਂ ਪੰਥਕ ਧਿਰਾਂ ਲਈ ਸ੍ਰੀ ਦਰਬਾਰ ਸਾਹਿਬ ਦੇ ਦਰਵਾਜੇ ਟਾਸਕ ਫੋਰਸ ਅਤੇ ਪੁਲਿਸ ਦੀ ਮਦਦ ਨਾਲ ਬੰਦ ਕਰਵਾ ਦਿੰਦੇ ਹਨ।

ਬਾਕੀ ਸਫ਼ਾ 30 'ਤੇ

Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H

(Ex Homeopathic Medical officer Punjab Govt.)

# ਅਕਾਲ ਤਖ਼ਤ ਤੋਂ ਖਾਲਿਸਤਾਨ ਦੀ ਹਮਾਇਤ ਨਾਲ ਕਾਂਗਰਸ, ਭਾਜਪਾ ਤੇ 'ਆਪ' ਔਖੀ

- ਜੇ ਸਰਕਾਰ ਖਾਲਿਸਤਾਨ ਦਿੰਦੀ ਹੈ ਤਾਂ ਸਿੱਖ ਇਸ ਨੂੰ ਖੁਸ਼ੀ ਨਾਲ ਸਵੀਕਾਰ ਕਰਨਗੇ: ਅਕਾਲ ਤਖਤ ਦੇ ਜਥੇਦਾਰ
- ਪੁਲੀਸ ਨੇ ਮੀਡੀਆ ਅਤੇ ਸੰਗਤ 'ਤੇ ਲਗਾਈ ਰੋਕ
- ਸ਼ੋਸ਼ਲ ਮੀਡੀਆ ਤੇ ਖਾਲਿਸਤਾਨੀ ਜਥੇਦਾਰ ਦੇ ਹੱਕ 'ਚ ਹੋਏ ਸਰਗਰਮ
- ਸੰਤਾਂ ਦੀ ਸੋਚ ਨੂੰ ਜ਼ਿੰਦਾ ਰੱਖਣ ਲਈ ਸਾਕਾ ਨੀਲਾ ਤਾਰਾ ਦੇ ਇਤਿਹਾਸ ਸਬੰਧੀ ਤਿਆਰ ਕਰਵਾਇਆ ਜਾਵੇਗਾ ਵੱਡਾ ਦਸਤਾਵੇਜ਼

**ਅੰਮ੍ਰਿਤਸਰ/ਏ.ਟੀ.ਨਿਊਜ਼ :** ਘੱਲੂਘਾਰਾ ਜੂਨ '84 ਦੀ 36 ਵੀਂ ਬਰਸੀ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਖਾਲਿਸਤਾਨ ਦੀ ਹਮਾਇਤ ਕਰਕੇ ਸਿੱਖ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ। ਜਥੇਦਾਰ ਨੇ ਕਿਹਾ ਕਿ ਜੇ ਸਰਕਾਰ ਸਿੱਖਾਂ ਨੂੰ ਖਾਲਿਸਤਾਨ ਦਿੰਦੀ ਹੈ ਤਾਂ ਉਹ ਇਸ ਨੂੰ ਖੁਸ਼ੀ ਨਾਲ ਸਵੀਕਾਰ ਕਰਨਗੇ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਸਾਰੇ ਸਿੱਖ ਖਾਲਿਸਤਾਨ ਚਾਹੁੰਦੇ ਹਨ। ਜਦੋਂ ਉਨ੍ਹਾਂ ਨੂੰ ਅਕਾਲ ਤਖ਼ਤ 'ਤੇ ਖਾਲਿਸਤਾਨ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਵਿੱਚ ਕੁਝ ਵੀ ਗਲਤ ਨਹੀਂ ਹੈ। ਪਰ ਜਦੋਂ ਜੂਨ '84 ਦੌਰਾਨ ਸਮਾਗਮ ਚਲਦੇ ਹੋਣ ਤਾਂ ਸਿੱਖ ਨੌਜਵਾਨਾਂ ਨੂੰ ਅਜਿਹੇ ਨਾਅਰੇ ਲਗਾਉਣੇ ਠੀਕ ਨਹੀਂ ਹਨ। ਉਨ੍ਹਾਂ ਆਖਿਆ ਕਿ ਜੂਨ 1984 ਵਿਚ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਖ਼ਾਤਰ ਸ਼ਹੀਦ ਹੋਏ ਸਾਡੇ ਕੌਮੀ ਜਰਨੈਲਾਂ ਨੇ ਜਿਨਾਂ ਟੀਚਿਆਂ ਲਈ ਆਪਣੀਆਂ ਜਾਨਾਂ ਵਾਰੀਆਂ ਸਨ, ਅੱਜ ਉਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਸਮੁੱਚੀ ਸਿੱਖ ਕੌਮ ਨੂੰ ਰਾਜਨੀਤਕ ਧੜੇਬੰਦੀਆਂ ਤੋਂ ਉੱਪਰ ਉਠਦਿਆਂ ਸਿਰ ਜੋੜ ਕੇ ਬੈਠਣ ਤੇ ਨੀਤੀ ਘੜਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਅਜੋਕੇ ਸਮੇਂ ਵਿਚ ਸਾਡੀਆਂ ਸਾਰੀਆਂ ਚੁਣੌਤੀਆਂ ਦਾ ਹੱਲ ਕੌਮੀ ਇੱਕਜੁੱਟਤਾ ਨਾਲ ਹੀ ਸੰਭਵ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੀ ਸੋਚ ਨੂੰ ਜ਼ਿੰਦਾ ਰੱਖਣ ਲਈ ਘੱਲੂਘਾਰਾ ਸਬੰਧੀ ਇਤਿਹਾਸ ਕਲਮਬੰਦ ਕਰਨਾ ਚਾਹੀਦਾ ਹੈ ਤੇ ਇਸ ਲਈ ਸ਼੍ਰੋਮਣੀ ਕਮੇਟੀ ਨੂੰ ਕਿਹਾ ਜਾਵੇਗਾ ਕਿ ਸਿੱਖ ਵਿਦਵਾਨਾਂ ਦਾ ਇਕ ਪੈਨਲ ਬਣਾ ਕੇ ਤੇ ਇਸ ਸਾਕੇ ਨੂੰ ਹੰਢਾਉਣ ਵਾਲਿਆਂ ਨਾਲ ਸੰਪਰਕ ਕਰਕੇ ਇਕ ਵੱਡਾ ਦਸਤਾਵੇਜ਼ ਤਿਆਰ ਕਰਵਾਇਆ ਜਾਵੇ ਤੇ ਇਸ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਕੇ ਵੰਡਿਆ ਜਾਵੇ।

ਇਸ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜਥੇਦਾਰ ਦੀ ਹਮਾਇਤ ਕਰਦਿਆਂ ਕਿਹਾ ਕਿ ਜੇਕਰ ਭਾਰਤ ਸਰਕਾਰ ਸਾਨੂੰ ਖਾਲਿਸਤਾਨ ਦੇਵੇਗੀ ਤਾਂ ਅਸੀਂ ਲੈਣ ਤੋਂ ਇਨਕਾਰ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਇਸ ਫ਼ੌਜੀ ਹਮਲੇ ਤੋਂ ਬਾਅਦ ਆਜ਼ਾਦ ਭਾਰਤ ਵਿਚ ਸਿੱਖ ਬੇਗਾਨਗੀ ਦਾ ਅਹਿਸਾਸ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਵਲੋਂ ਘੱਲੂਘਾਰਾ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਲਈ ਇਕ ਹਜ਼ਾਰ ਕਰੋੜ ਰੁਪਏ ਦੇ ਦਾਅਵੇ ਦਾ ਕੇਸ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਹੋਇਆ ਹੈ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀ ਸਲਾਹ ਨਾਲ ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਚੁਣਿਆ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਕਾਰਜਕਾਲ ਵਿੱਚ ਪਹਿਲੀ ਵਾਰ ਖਾਲਿਸਤਾਨ ਦੀ ਖੁੱਲ ਕੇ ਵਕਾਲਤ ਕੀਤੀ ਹੈ।

ਇਸ ਮੌਕੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ ਵੀ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਦੌਰਾਨ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਰਘਬੀਰ ਸਿੰਘ ਤੇ ਭਾਈ ਗੋਬਿੰਦ ਸਿੰਘ ਲਾਗੋਂਵਾਲ ਨੇ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਦੇ ਪਾਵਨ ਪ੍ਰਕਾਸ਼ ਦਿਹਾੜੇ ਦੀ ਮੁਬਾਰਕਬਾਦ ਦਿੰਦਿਆਂ ਗੁਰੂ ਸਾਹਿਬ ਦੇ ਜੀਵਨ ਤੇ ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਬਣਨ ਦੀ ਸੰਗਤ ਨੂੰ ਅਪੀਲ ਕੀਤੀ।

**ਖਾਲਿਸਤਾਨ ਬਾਰੇ ਬਾਦਲ ਪਰਿਵਾਰ ਨੇ ਚੁੱਪੀ ਧਾਰੀ**

ਹੈਰਾਨੀ ਇਸ ਗੱਲ ਦੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਘੱਲੂਘਾਰਾ ਜੂਨ '84 ਨਾਲ ਜੁੜੇ ਇਸ ਮਾਮਲੇ ਬਾਰੇ ਪੂਰੀ ਤਰਾਂ ਚੁੱਪ ਹਨ। ਕੁਝ ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸੁਖਬੀਰ ਸਿੰਘ ਬਾਦਲ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੀ ਤਰਾਂ ਜਥੇਦਾਰ ਅਕਾਲ ਤਖ਼ਤ ਕੋਲੋਂ ਇਹ ਬਿਆਨ ਜਾਰੀ ਕਰਵਾ ਕੇ ਜਿੱਥੇ ਪੰਥ ਨੂੰ ਖੁਸ਼ ਕਰ ਗਿਆ, ਉੱਥੇ ਕੇਂਦਰ ਸਰਕਾਰ ਨੂੰ ਵੀ ਇਸ ਨੀਤੀ ਰਾਹੀਂ ਧਮਕਾ ਗਿਆ ਕਿ ਜੇਕਰ ਤੁਸੀਂ ਸਾਡੀ ਪੰਜਾਬ ਵਿਚ ਬਾਂਹ ਨਾ ਫੜੀ ਤਾਂ ਅਸੀਂ ਤੁਹਾਡੇ ਅਨੁਸਾਰ ਨਹੀਂ ਚੱਲਾਂਗੇ। ਪੰਥਕ ਮਾਹਿਰਾਂ ਨੇ ਇਹ ਵੀ ਮੁੱਦਾ ਉਠਾਇਆ ਹੈ ਕਿ ਕੀ ਤੁਸੀਂ ਕਦੇ ਗੋਬਿੰਦ ਸਿੰਘ ਲੌਂਗੋਵਾਲ ਤੋਂ ਆਸ ਕਰ ਸਕਦੇ ਹੋ ਕਿ ਉਹ ਬਾਦਲਾਂ ਦੇ ਹੁਕਮ ਤੋਂ ਬਾਹਰ ਬੋਲੇਗਾ ਜਾਂ ਜਥੇਦਾਰ। ਉਨ੍ਹਾਂ ਦਾ ਮੰਨਣਾ ਹੈ ਕਿ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਇਹਨਾਂ ਬਿਆਨਾਂ ਪਿੱਛੇ ਲੁਕੇ ਰਾਜਨੀਤਕ ਅਰਥਾਂ ਨੂੰ ਸਮਝਣ ਦੀ ਲੋੜ ਹੈ ਕਿ ਇਹ ਬਾਦਲ ਦੀ ਰਾਜਨੀਤੀ ਵਿਚੋਂ ਨਿਕਲੇ ਹਨ। ਇਹ ਬਿਆਨ ਕੇਂਦਰ ਨੂੰ ਧਮਕੀ ਨੇ ਕਿ ਪੰਜਾਬ ਵਿਚ ਸਾਡੇ ਅਨੁਸਾਰ ਚਲੋ। ਸਾਡੇ ਨਾਲ ਸਮਝੌਤਾ ਜਾਰੀ ਰਖੋ। ਸਾਡੇ ਹਥ ਵਿਚ ਹੈ ਪੰਥ ਦੀ ਵਾਗਡੋਰ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸਾਨੂੰ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਸੌਦਾ ਸਾਧ, ਨਿਰੰਕਾਰੀ ਕਾਂਡ ਦੇ ਪਿੱਛੇ ਲੁਕੀ ਬਾਦਲਾਂ ਦੀ ਰਾਜਨੀਤੀ ਦੀ ਪਰਖ ਕਰਨ ਦੀ ਲੋੜ ਹੈ। ਪੰਥਕ ਏਕਤਾ ਦੇ ਨਾਮ ਤੇ ਜਲਦੀ ਬਾਦਲ ਬੋਲਬਾਲੇ ਦੀ ਸਿਆਸਤ ਦਾ ਸੱਪ ਕਢਿਆ ਜਾ ਰਿਹਾ ਜੋ ਦੁਬਾਰਾ ਪੰਥ ਨੂੰ ਡੰਗ ਸਕਦਾ ਹੈ। ਜੇ ਤੁਸੀਂ ਪੰਜਾਬ ਤੇ ਸਮੂਹ ਪੰਜਾਬੀਆਂ ਲਈ ਨਰੇਟਿਵ ਤੇ ਸੰਗਤ ਸੰਗਠਨ ਗੁਰੂ ਗਰੰਥ ਸਾਹਿਬ ਦੇ ਬੇਗਮਪੁਰਾ ਤੇ ਹਲੇਮੀ ਰਾਜ ਅਨੁਸਾਰ ਨਹੀਂ ਸਿਰਜਦੇ ਤਾਂ ਤੁਹਾਡਾ ਕੋਈ ਭਵਿੱਖ ਨਹੀ। ਧਨਾਢਾਂ ਦੀ ਪੰਥ ਤੇ ਪੰਜਾਬ ਵਿਰੋਧੀ ਸਤਾ ਲਾਲਸਾ ਵਾਲੀ ਸਿਆਸਤ ਨੇ ਪੰਥ ਦਾ ਬਹੁਤ ਨੁਕਸਾਨ ਕੀਤਾ ਹੈ।

ਬਾਦਲ ਵਿਰੋਧੀ ਖਾਲਿਸਤਾਨੀ ਸਿੱਖ ਜੱਥੇਬੰਦੀਆਂ ਨੇ ਗਿਆਨੀ ਹਰਪ੍ਰੀਤ ਸਿੰਘ ਦੇ ਇਸ ਬਿਆਨ ਨੂੰ ਪਖੰਡ ਦੱਸਿਆ ਹੈ। ਪਰ ਦਲ ਖਾਲਸਾ ਨੇ ਜਥੇਦਾਰ ਦੀ ਹਮਾਇਤ ਕੀਤੀ ਹੈ। ਦਲ ਖ਼ਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੰਘ ਸਾਹਿਬ ਵਲੋਂ ਦਿੱਤੇ ਬਿਆਨ ਨੇ ਸੰਤ ਭਿੰਡਰਾਂਵਾਲਿਆਂ ਵਲੋਂ ਖ਼ਾਲਿਸਤਾਨ ਪ੍ਰਤੀ ਦਿੱਤਾ ਬਿਆਨ ਚੇਤੇ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ 6 ਜੂਨ ਨੂੰ ਪਹਿਲਾਂ ਹੀ ਖ਼ਾਲਿਸਤਾਨ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਿਸ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਨੂੰ ਹੁਣ ਇਸ ਉੱਪਰ ਅਮਲੀ ਤੌਰ 'ਤੇ ਵਿਉਂਤਬੰਦੀ ਘੜਨ ਦੀ ਲੋੜ ਹੈ। ਉਨ੍ਹਾਂ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤਿਆਂ 'ਤੇ ਪੁਲਿਸ ਵਲੋਂ ਸੰਗਤਾਂ ਨੂੰ ਜਾਣ ਤੋਂ ਰੋਕੇ ਜਾਣ ਦੀ ਨਿੰਦਾ ਕੀਤੀ।

**ਪੁਲਿਸ ਤੇ ਖਾਲਿਸਤਾਨੀਆਂ ਵਿਚਾਲੇ ਝੜਪਾਂ**

ਜੂਨ '84 ਘੱਲੂਘਾਰੇ ਦੇ ਸਾਲਾਨਾ ਸਮਾਗਮ ਦੌਰਾਨ ਦਰਬਾਰ ਸਾਹਿਬ ਜਾ ਰਹੇ ਖਾਲਿਸਤਾਨੀ ਧਿਰਾਂ ਤੇ ਪੁਲਿਸ ਦਰਮਿਆਨ ਤਿੱਖੀ ਬਹਿਸ ਹੋਈ, ਕਿਉਂਕਿ ਪੁਲੀਸ ਦਰਬਾਰ ਸਾਹਿਬ ਦੇ ਗੇਟ ਅੱਗੇ ਪਹਿਰਾ ਲਾ ਕੇ ਬੈਠੀ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਦੇ ਅਹਾਤੇ ਦੇ ਬਾਹਰ ਰੋਕ ਰਹੀ ਸੀ। ਅੰਮ੍ਰਿਤਸਰ ਅਕਾਲੀ ਦਲ ਨਾਲ ਸਬੰਧਿਤ ਲੋਕ ਇਮਾਨ ਸਿੰਘ ਮਾਨ (ਸਿਮਰਨਜੀਤ ਸਿੰਘ ਮਾਨ ਦੇ ਪੁੱਤਰ) ਤੇ ਸਿੱਖ ਯੂਥ ਫੈਡਰੇਸ਼ਨ (ਭਿੰਡਰਾਂਵਾਲੇ), ਬਲਵੰਤ ਸਿੰਘ ਗੋਪਾਲਾ ਦੀ ਅਗਵਾਈ ਹੇਠ ਪੁਲੀਸ ਦਾ ਸਖ਼ਤ ਵਿਰੋਧ ਕਰ ਰਹੇ ਸਨ। ਇਸ ਝੜਪ ਵਿੱਚ ਇਮਾਨ ਸਿੰਘ ਦੀ ਲੱਤ ਵਿੱਚ ਸੱਟ ਲੱਗੀ ਹੈ।

ਇਨਾਂ ਸਮੁੱਚੀ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਤੇ ਬਾਦਲ ਅਕਾਲੀ ਦਲ ਖ਼ਿਲਾਫ਼ ਸਖ਼ਤ ਨਾਅਰੇਬਾਜ਼ੀ ਕੀਤੀ। ਇਹ ਪਹਿਲਾ ਮੌਕਾ ਸੀ ਜਦੋਂ ਅਕਾਲੀ ਦਲ (ਅ) ਦੇ ਸੁਪਰੀਮੋ ਸਿਮਰਨਜੀਤ ਸਿੰਘ ਮਾਨ ਘੱਲੂਘਾਰਾ ਜੂਨ 84 ਦੀ ਬਰਸੀ ਮੌਕੇ ਹਰਿਮੰਦਰ ਸਾਹਿਬ ਨਹੀਂ ਪਹੁੰਚੇ ਸਨ। ਸ੍ਰੀ ਅਕਾਲ ਤਖਤ ਸਾਹਿਬ ਦੇ ਸਮਾਨਾਂਤਰ ਜਥੇਦਾਰ ਭਾਈ ਧਿਆਨ ਸਿੰਘ ਮੰਡ ਨਾਲ ਵੀ ਪੁਲਿਸ ਝੜਪ ਹੋਈ। ਪੁਲਿਸ ਦੁਆਰਾ ਉਸਨੂੰ ਸ਼ਹਿਰ ਦੇ ਬਾਹਰਲੇ ਬਲਾਕਾਂ ਤੇ ਰੋਕਿਆ ਗਿਆ। ਜ਼ਬਰਦਸਤ ਵਿਰੋਧ ਦੇ ਬਾਅਦ ਭਾਈ ਧਿਆਨ ਸਿੰਘ ਮੰਡ ਤੇ ਉਨ੍ਹਾਂ ਦੇ ਸਾਥੀਆਂ ਨੂੰ ਜਾਣ ਦੀ ਆਗਿਆ ਮਿਲੀ। ਪੁਲਿਸ ਨੇ ਮੀਡੀਆ ਨੂੰ ਜਾਣ ਤੋਂ ਵੀ ਰੋਕਿਆ। ਪੱਤਰਕਾਰ ਭਾਈਚਾਰੇ ਨੂੰ ਪਹਿਲਾਂ ਤਾਂ ਸ੍ਰੀ ਹਰਿਮੰਦਰ ਸਾਹਿਬ ਤੱਕ ਪੁੱਜਣ ਸਮੇਂ ਪੁਲਿਸ ਵਲੋਂ ਨਾਕਿਆਂ 'ਤੇ ਪ੍ਰੇਸ਼ਾਨ ਕੀਤਾ ਗਿਆ ਤੇ ਬਾਅਦ ਵਿਚ ਸ਼੍ਰੋਮਣੀ ਕਮੇਟੀ ਵਲੋਂ ਵੀ ਅਕਾਲ ਤਖ਼ਤ ਸਾਹਿਬ ਵਿਖੇ ਕਵਰੇਜ ਕਰਨ ਤੋਂ ਮਨਾ ਕੀਤਾ ਗਿਆ।

ਭਾਈ ਬਲਵੰਤ ਸਿੰਘ ਗੋਪਾਲਾ ਨੇ ਕਿਹਾ ਕਿ ਸਿੱਖ ਭਾਈਚਾਰਾ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਨਹੀਂ ਮੰਨਦਾ ਬਲਕਿ ਜਗਤਾਰ ਸਿੰਘ ਹਵਾਰਾ ਹੈ। ਗੋਪਾਲਾ ਨੇ ਦੋਸ਼ ਲਾਇਆ ਕਿ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਉਸ ਨੂੰ ਅਤੇ ਇਮਾਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਨਾ ਜਾਣ ਦੀ ਯੋਜਨਾ ਬਣਾਈ ਸੀ।



ਇੱਥੇ ਜ਼ਿਕਰਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਅੰਦਰ ਤੇ ਬਾਹਰ ਭਾਵੇਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਤੇ ਸ਼ਰਧਾਲੂਆਂ ਨੂੰ ਇਸ ਪਾਵਨ ਅਸਥਾਨ ਦੇ ਬਾਹਰ ਪੁਲਿਸ ਵਲੋਂ ਥਾਂ-ਥਾਂ 'ਤੇ ਬੈਰੀਕੇਡ ਲਗਾ ਕੇ ਹਰਿਮੰਦਰ ਸਾਹਿਬ ਦਰਸ਼ਨ ਕਰਨ ਜਾਣ ਤੋਂ ਰੋਕਿਆ ਜਾ ਰਿਹਾ ਸੀ, ਪਰ ਗਰਮ ਖ਼ਿਆਲੀ ਸਿੱਖ ਜਥੇਬੰਦੀਆਂ ਦੇ ਕਈ ਆਗੂ ਸਮਾਗਮ ਵਿਚ ਪੁੱਜਣ ਵਿਚ ਸਫ਼ਲ ਰਹੇ ?

**ਬਾਦਲਾਂ 'ਤੇ ਸਵਾਲ ਉਠੇ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ ਸਿੱਧੇ ਤੌਰ ਤੇ ਬਾਦਲ ਦਲ ਦੇ ਹੱਥ ਵਿੱਚ ਹੈ। ਇਹੀ ਕਾਰਨ ਹੈ ਕਿ ਕਾਂਗਰਸ, ਭਾਜਪਾ ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਖਾਲਿਸਤਾਨ ਦੀ ਖੁੱਲੀ ਹਮਾਇਤ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਿਆ ਹੈ।

ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਸ਼੍ਰੋਮਣੀ ਅਕਾਲੀ ਦਲ ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਖਾਲਿਸਤਾਨ ਦੀ ਮੰਗ ਕਰਨ ਨਾਲ ਉਨ੍ਹਾਂ ਦਾ ਦੋਗਲਾ ਚਿਹਰਾ ਦੁਨੀਆਂ ਦੇ ਸਾਹਮਣੇ ਆ ਗਿਆ ਹੈ। ਇਕ ਪਾਸੇ ਜਿਥੇ ਭਾਜਪਾ ਖਾਲਿਸਤਾਨ ਦੀ ਮੰਗ ਦਾ ਵਿਰੋਧ ਕਰਦੀ ਹੈ, ਉੱਥੇ ਹੀ ਅਕਾਲੀ ਇਸ ਦਾ ਸਮਰਥਨ ਕਰਦੇ ਹਨ। ਅਮਨ ਅਰੋੜਾ ਨੇ ਕਿਹਾ ਕਿ ਇਹ ਦੋਵੇਂ ਪਾਰਟੀਆਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਰਹੀਆਂ ਹਨ। ਐਸਜੀਪੀਸੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਅਕਾਲੀਆਂ ਵੱਲੋਂ ਖਾਲਿਸਤਾਨ ਦੀ ਮੰਗ ਕਰਨਾ ਗਲਤ ਹੈ।

ਅਕਾਲੀਆਂ ਦੀ ਗੱਠਜੋੜ ਦੀ ਭਾਈਵਾਲ ਭਾਜਪਾ ਨੇ ਵੀ ਜੱਥੇਦਾਰ ਦੀ ਖੁੱਲ ਕੇ ਅਲੋਚਨਾ ਕੀਤੀ ਹੈ। ਹਾਲਾਂਕਿ, ਬਾਦਲ ਅਕਾਲੀ ਦਲ ਦੇ ਆਗੂ ਇਸ ਸੰਬੰਧੀ ਚੁੱਪ ਹਨ।

ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਖਾਲਿਸਤਾਨ ਦਾ ਸਮਰਥਨ ਕਰਨ ਵਾਲੇ ਗਿਆਨੀ ਹਰਪ੍ਰੀਤ ਸਿੰਘ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਖਾਲਿਸਤਾਨ ਬਾਰੇ ਬਿਆਨ ਮੰਦਭਾਗਾ ਹੈ। ਸ੍ਰੀ ਅਕਾਲ ਤਖਤ ਸਾਹਿਬ ਨਾਲ ਨਾ ਸਿਰਫ ਪੰਜਾਬੀਆਂ ਬਲਕਿ ਭਾਰਤ ਦੇ ਕਰੋੜਾਂ ਲੋਕਾਂ ਦੀ ਆਸਥਾ ਜੁੜੀ ਹੋਈ ਹੈ। ਇਸ ਕਰ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਮਹਾਨ ਤਖ਼ਤ ਦੇ ਜੱਥੇਦਾਰ ਹੋਣ ਦੇ ਨਾਤੇ ਅਜਿਹਾ ਕੋਈ ਬਿਆਨ ਨਹੀਂ ਦੇਣਾ ਚਾਹੀਦਾ ਸੀ ਜੋ ਏਕਤਾ ਤੇ ਭਾਈਚਾਰੇ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੋਵੇ। ਜੱਥੇਦਾਰ ਦੇ ਇਸ ਬਿਆਨ ਨਾਲ ਵੱਡੀ ਗਿਣਤੀ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਲੁਧਿਆਣਾ ਤੋਂ ਕਾਂਗਰਸ ਦੇ ਸਾਂਸਦ ਰਵਨੀਤ ਬਿੱਟੂ ਨੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਣੇ ਅਕਾਲੀ ਦਲ ਤੇ ਸਵਾਲ ਚੁੱਕੇ ਹਨ। ਬਿੱਟੂ ਨੇ ਕਿਹਾ ਹੈ ਕਿ "ਇਸ ਮੁੱਦੇ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਬਾਦਲ ਨੂੰ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਇਹ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।" ਰਵਨੀਤ ਬਿੱਟੂ ਨੇ ਕਿਹਾ ਕਿ ਜੇਕਰ ਪੰਜਾਬ ਦਾ ਹਰ ਵਿਅਕਤੀ ਖ਼ਾਲਿਸਤਾਨ ਚਾਹੁੰਦਾ ਹੈ ਤਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਮੋਦੀ ਸਰਕਾਰ ਦੇ ਕੋਲ ਜਾ ਕੇ ਇਹ ਮਤਾ ਕਿਉਂ ਨਹੀਂ ਰੱਖਦੀ। ਐੱਮਪੀ ਰਵਨੀਤ ਬਿੱਟੂ ਨੇ ਜੰਮ ਕੇ ਅਕਾਲੀ ਦਲ ਤੇ ਸ਼ਬਦੀ ਨਿਸ਼ਾਨੇ ਵਿੰਨੇ ਅਤੇ ਕਿਹਾ ਕਿ ਹੁਣ ਮੋਦੀ ਸਰਕਾਰ ਨੂੰ ਇਸ ਤੇ ਕੁਝ ਦਾ ਫ਼ੈਸਲਾ ਲੈਣਾ ਚਾਹੀਦਾ ਹੈ।

**ਖ਼ਾਲਿਸਤਾਨ ਪੱਖੀ ਨਾਅਰੇਬਾਜ਼ੀ**

ਸ਼ਹੀਦੀ ਸਮਾਗਮ ਉਪਰੰਤ ਯੂਨਾਈਟਡ ਅਕਾਲੀ ਦਲ ਅਤੇ ਹੋਰਨਾਂ ਆਗੂਆਂ ਵਲੋਂ ਅਕਾਲ ਤਖ਼ਤ ਸਾਹਿਬ ਨੇੜੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਉਸਾਰੀ ਗਈ ਸ਼ਹੀਦੀ ਯਾਦਗਾਰ 'ਤੇ ਮੱਥਾ ਟੇਕਣ ਉਪਰੰਤ ਪੌੜੀਆਂ ਵਿਚ ਖੜੇ ਹੋ ਕੇ ਖ਼ਾਲਿਸਤਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੱਖੀ ਨਾਅਰੇਬਾਜ਼ੀ ਕੀਤੀ ਅਤੇ ਖ਼ਾਲਿਸਤਾਨ ਦੇ ਝੰਡੇ ਲਹਿਰਾਏ। ਇਸ ਦੌਰਾਨ ਯੂਨਾਈਟਡ ਅਕਾਲੀ ਦਲ ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨਸਿੰਘ ਵਾਲਾ ਵਲੋਂ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਸੰਦੇਸ਼ ਪੜ੍ਹਿਆ ਗਿਆ।

**ਅਮਨ ਅਮਾਨ ਨਾਲ ਨੇਪਰੇ ਚੜ੍ਹਿਆ**

ਇਸ ਵਾਰ ਘੱਲੂਘਾਰਾ ਦਿਵਸ ਸਮਾਗਮ ਅਮਨ-ਅਮਾਨ ਨਾਲ ਹੋਇਆ। ਭਾਵੇਂ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ (ਮਾਨ) ਤੋਂ ਇਲਾਵਾ ਕੁਝ ਗਰਮ ਖ਼ਿਆਲੀ ਜਥੇਬੰਦੀਆਂ ਦੇ ਆਗੂ ਵੀ ਸਮਾਗਮ ਵਿਚ ਸ਼ਾਮਿਲ ਸਨ, ਪਰ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਜਾਂ ਜਥੇਦਾਰ ਵਲੋਂ ਸੰਬੋਧਨ ਕਰਨ ਮੌਕੇ ਪਿਛਲੇ ਸਮਾਗਮਾਂ ਵਾਂਗ ਕਿਸੇ ਨੇ ਵੀ ਕੋਈ ਨਾਅਰੇਬਾਜ਼ੀ ਨਹੀਂ ਕੀਤੀ। ਜਦੋਂ ਗਿਆਨੀ ਹਰਪ੍ਰੀਤ ਸਿੰਘ ਸੰਬੋਧਨ ਕਰਨ ਲਈ ਉੱਠੇ ਤਾਂ ਦਲ ਖ਼ਾਲਸਾ ਤੇ ਅਕਾਲੀ ਦਲ ਮਾਨ ਦੇ ਕੁਝ ਆਗੂ ਚੁੱਪ ਚਾਪ ਉਠ ਕੇ ਬਾਹਰ ਆ ਗਏ।

**ਸ਼ੋਸ਼ਲ ਮੀਡੀਆ 'ਤੇ ਖਾਲਿਸਤਾਨੀ ਸਰਗਰਮ**

ਦੂਜੇ ਪਾਸੇ ਖਾਲਿਸਤਾਨ ਦੀ ਹਮਾਇਤ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੋਂ ਬਾਅਦ ਵੱਖਵਾਦੀ-ਖਾਲਿਸਤਾਨੀ ਕਾਰਕੁਨ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਸਰਗਰਮ ਹੋ ਗਏ ਹਨ। ਬਹੁਗਿਣਤੀ ਖਾਲਿਸਤਾਨੀ ਜਥੇਦਾਰ ਦੇ ਬਿਆਨਾਂ ਦੀ ਹਮਾਇਤ ਕਰ ਰਹੇ ਹਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੇਸਾਂ ਅਤੇ ਬਰਗਾੜੀ ਕਾਂਡ ਕਾਰਨ ਸਿੱਖ ਵੋਟਰਾਂ ਦਾ ਇੱਕ ਵੱਡਾ ਹਿੱਸਾ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਗਿਆ ਹੈ। ਅਜਿਹੀ ਸਥਿਤੀ ਵਿਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਬਾਦਲ ਖਾਲਿਸਤਾਨ ਬਾਰੇ ਕੀ ਕਹਿੰਦੇ ਹਨ ਤੇ ਖਾਲਿਸਤਾਨੀ ਉਨ੍ਹਾਂ ਬਾਰੇ ਕੀ ਸੋਚਦੇ ਹਨ।

**ਕੌਣ ਕੌਣ ਸਮਾਗਮ 'ਚ ਪਹੁੰਚੇ**

ਇਨਾਂ ਸਮਾਗਮਾਂ ਵਿਚ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਰਘਬੀਰ ਸਿੰਘ ਕਾਰਜਕਾਰੀ ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ, ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੋਂ ਇਲਾਵਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸਪੁੱਤਰ ਭਾਈ ਈਸ਼ਰ ਸਿੰਘ, ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਮੇਤ ਹੋਰ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਆਗੂ, ਕੁਝ ਸ਼ਹੀਦਾਂ ਦੇ ਪਰਿਵਾਰਕ ਮੈਂਬਰ ਤੇ ਸੰਗਤਾਂ ਸ਼ਾਮਿਲ ਹੋਈਆਂ।

**ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ**

ਇਸ ਮੌਕੇ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਪਤਨੀ ਬੀਬੀ ਹਰਮੀਤ ਕੌਰ ਤੇ ਬੇਟੀ ਬੀਬੀ ਸਤਵੰਤ ਕੌਰ, ਭਰਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ, ਜਨਰਲ ਸੁਬੇਗ ਸਿੰਘ ਦੇ ਭਰਾ ਭਾਈ ਬੇਅੰਤ ਸਿੰਘ ਸਮੇਤ ਹੋਰ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਨੂੰ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਜਗਤਾਰ ਸਿੰਘ, ਗਿਆਨੀ ਰਘਬੀਰ ਸਿੰਘ ਅਤੇ ਭਾਈ ਲੌਂਗੋਵਾਲ ਨੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।

# ਚੌਗਿਰਦੇ ਲਈ ਖ਼ਤਰਾ ਬਣੇ ਵਿਕਸਤ ਦੇਸ਼

**- ਵਿਨੈ ਜਾਇਸਵਾਲ**

ਕੋਰੋਨਾ ਵਾਇਰਸ ਤੋਂ ਉਪਜੀ ਕੋਵਿਡ-19 ਮਹਾਮਾਰੀ ਨੇ ਜਿਸ ਤਰਾਂ ਪੂਰੀ ਦੁਨੀਆ ਦੀਆਂ ਜ਼ਰੂਰੀ ਸਰਗਰਮੀਆਂ ਦੇ ਨਾਲ-ਨਾਲ ਮਨੁੱਖੀ ਅਤੇ ਸਮਾਜਿਕ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਕੀਤਾ ਹੈ, ਉਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਪਰ ਇਹ ਸੰਕਟ ਇਹ ਸੁਨੇਹਾ ਵੀ ਲੈ ਕੇ ਆਇਆ ਹੈ ਕਿ ਕੁਦਰਤੀ ਸਰੋਤਾਂ ਦੀ ਜ਼ਰੂਰਤ ਤੋਂ ਜ਼ਿਆਦਾ ਵਰਤੋਂ ਕਰ ਕੇ ਅਸੀਂ ਧਰਤੀ ਅਤੇ ਉਸ 'ਤੇ ਆਸ਼ਰਿਤ ਜੀਵਨ ਨਾਲ ਖਿਲਵਾੜ ਕਰ ਰਹੇ ਹਾਂ। ਕੁਝ ਦਿਨ ਦੇ ਲਾਕਡਾਊਨ ਨੇ ਸਿਖਾ ਦਿੱਤਾ ਹੈ ਕਿ ਸਾਨੂੰ ਆਪਣੀਆਂ ਇੱਛਾਵਾਂ 'ਤੇ ਲਗਾਮ ਲਗਾਉਣੀ ਹੋਵੇਗੀ ਕਿਉਂਕਿ ਤਦ ਹੀ ਅਸੀਂ ਸਾਫ਼ ਆਕਾਸ਼, ਸ਼ੁੱਧ ਹਵਾ, ਸਾਫ਼ ਪਾਣੀ, ਘਣੇ ਅਤੇ ਹਰੇ-ਭਰੇ ਜੰਗਲ ਅਤੇ ਜੀਵ-ਜੰਤੂਆਂ ਦੀ ਦੁਨੀਆ ਵਿਚ ਰਹਿ ਸਕਾਂਗੇ। ਜੇਕਰ ਇਹ ਨਹੀਂ ਬਚ ਸਕੇ ਤਾਂ ਸਾਡਾ ਜੀਵਨ ਵੀ ਨਾਮੁਮਕਿਨ ਹੋਵੇਗਾ। ਅਸੀਂ ਵਾਤਾਵਰਨ ਸੰਭਾਲ ਅਤੇ ਪੌਣ-ਪਾਣੀ ਬਦਲਾਅ ਦੇ ਨਾਂ 'ਤੇ ਸਾਲਾਂ ਤੋਂ ਜੋ ਲੜਾਈ ਲੜ ਰਹੇ ਹਾਂ, ਉਹ ਕਾਗਜ਼ਾਂ ਵਿਚ ਰਹਿ ਜਾਵੇਗੀ।

ਇਸ ਲੜਾਈ ਨੂੰ ਇਕ ਸਫਲਤਾ ਉਦੋਂ ਮਿਲੀ ਸੀ ਜਦ 2015 ਵਿਚ ਸੰਯੁਕਤ ਰਾਸ਼ਟਰ ਪੌਣ-ਪਾਣੀ ਤਬਦੀਲੀ ਫਰੇਮਵਰਕ ਤਹਿਤ ਪੈਰਿਸ ਜਲਵਾਯੂ ਪਰਿਵਰਤਨ ਸਮਝੌਤੇ 'ਤੇ 195 ਦੇਸ਼ਾਂ ਨੇ ਹਸਤਾਖਰ ਕੀਤੇ ਸਨ। ਇਸ ਤਹਿਤ ਵਿਸ਼ਵ ਪੱਧਰ 'ਤੇ ਤਾਪਮਾਨ ਵਿਚ ਵਾਧੇ ਨੂੰ 2 ਡਿਗਰੀ ਸੈਲਸੀਅਸ ਤਕ ਹੇਠਾਂ ਲਿਆਉਣ ਅਤੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਲਈ ਸਹਿਮਤੀ ਬਣੀ ਸੀ। ਇਸ ਸੰਧੀ ਤਹਿਤ ਵਿਕਸਤ ਦੇਸ਼ਾਂ ਵੱਲੋਂ ਵਿਕਾਸਸ਼ੀਲ ਦੇਸ਼ਾਂ ਦੀ ਮਦਦ ਲਈ 100 ਅਰਬ ਡਾਲਰ ਦੀ ਗੱਲ ਹੋਈ ਸੀ ਪਰ ਇਸ ਫੰਡ ਵਿਚ ਅਜੇ ਨਾਮਾਤਰ ਪੈਸਾ ਜਮਾ ਹੋਇਆ ਹੈ। ਪੈਰਿਸ ਸਮਝੌਤੇ ਵਿਚ 2030 ਤਕ ਕਾਰਬਨ ਨਿਕਾਸੀ ਨੂੰ 56 ਗੀਗਾਟਨ ਤਕ ਘੱਟ ਕਰਨ ਦੀ ਗੱਲ ਹੈ। ਕਾਬਿਲੇਗੌਰ ਹੈ ਕਿ ਜੇਕਰ ਕਾਰਬਨ ਨਿਕਾਸੀ ਵਿਚ ਕੋਈ ਕਟੌਤੀ ਨਾ ਕੀਤੀ ਜਾਵੇ ਤਾਂ 2030 ਤਕ ਨਿਕਾਸੀ ਦੀ ਮਾਤਰਾ ਲਗਪਗ 70 ਗੀਗਾਟਨ ਤਕ ਹੋ ਜਾਵੇਗੀ।

ਮੋਰਾਕੋ ਵਿਚ 2016 ਵਿਚ ਹੋਏ ਜਲਵਾਯੂ ਪਰਿਵਰਤਨ ਸੰਮੇਲਨ ਵਿਚ ਫ਼ੈਸਲਾ ਲਿਆ ਗਿਆ ਸੀ ਕਿ ਪੈਰਿਸ ਸਮਝੌਤੇ ਨੂੰ ਲਾਗੂ ਕਰਨ ਲਈ ਨਿਯਮਾਵਲੀ ਬਣਾ ਲਈ ਜਾਵੇਗੀ ਅਤੇ ਇਸ ਵਿਚ ਪਾਰਦਰਸ਼ਿਤਾ ਵਰਤੀ ਜਾਵੇਗੀ ਪਰ ਦੁਨੀਆ ਦੇ ਵੱਡੇ ਮੁਲਕਾਂ ਦੇ ਸਵਾਰਥ ਕਾਰਨ ਵਿਸ਼ਵ ਪੱਧਰ 'ਤੇ ਵਾਤਾਵਰਨ ਦੀ ਸੁਰੱਖਿਆ ਦੀ ਲੜਾਈ ਟੀਚੇ ਤੋਂ ਪਿੱਛੇ-ਬਹੁਤ ਪਿੱਛੇ ਚੱਲ ਰਹੀ ਹੈ। ਕੋਰੋਨਾ ਸੰਕਟ ਵਿਚਾਲੇ ਪੌਣ-ਪਾਣੀ ਤਬਦੀਲੀ ਹੋਰ ਵੱਡਾ ਮੁੱਦਾ ਬਣ ਕੇ ਉੱਭਰਿਆ ਹੈ। ਇਸ ਸੰਕਟ ਕਾਲ ਵਿਚ ਹਵਾ ਅਤੇ ਪਾਣੀ ਪ੍ਰਦੂਸ਼ਣ ਵਿਚ ਉਹ ਸੁਧਾਰ ਦੇਖਣ ਨੂੰ ਮਿਲਿਆ ਜੋ ਬੀਤੇ ਕਈ ਦਹਾਕਿਆਂ ਵਿਚ ਕਰੋੜਾਂ ਦੇ ਪ੍ਰਾਜੈਕਟਾਂ ਜ਼ਰੀਏ ਵੀ ਹਾਸਲ ਨਹੀਂ ਕੀਤਾ ਜਾ ਸਕਿਆ ਸੀ। ਸਭ ਤੋਂ ਵੱਡਾ ਅਸਰ ਗਰੀਨ ਹਾਊਸ ਗੈਸਾਂ ਦੀ ਪਰਤ ਦੇ ਘੱਟ ਹੋਣ ਦੇ ਰੂਪ ਵਿਚ ਦੇਖਿਆ ਗਿਆ ਜੋ ਆਲਮੀ ਤਪਸ਼ ਦਾ ਸਭ ਤੋਂ ਵੱਡਾ ਕਾਰਨ ਹਨ। ਗਰੀਨ ਹਾਊਸ ਗੈਸਾਂ ਵਿਚ ਸਭ ਤੋਂ ਖ਼ਤਰਨਾਕ ਹੈ ਕਾਰਬਨ ਡਾਈਆਕਸਾਈਡ। ਇਹ ਕੁੱਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦੇ ਤਿੰਨ-ਚੌਥਾਈ ਦੇ ਕਰੀਬ ਹੈ। ਇਸ ਦੇ ਇਲਾਵਾ ਕੁੱਲ ਨਿਕਾਸੀ ਦਾ 14 ਫ਼ੀਸਦੀ ਹਿੱਸਾ ਮੀਥੇਨ, 8 ਫ਼ੀਸਦੀ ਨਾਈਟ੍ਰਸ ਆਕਸਾਈਡ ਅਤੇ ਇਕ ਪ੍ਰਤੀਸ਼ਤ ਫਲੋਰੀਨੇਟਿਡ ਗੈਸਾਂ ਦੇ ਰੂਪ ਵਿਚ ਹੈ। ਉਦਯੋਗਾਂ, ਖੇਤੀ ਅਤੇ ਨਗਰਾਂ ਦੇ ਵਿਕਾਸ ਲਈ ਜੰਗਲਾਂ ਦੀ ਕਟਾਈ ਨੇ ਇਸ ਸਮੱਸਿਆ ਨੂੰ ਹੋਰ ਵਧਾਇਆ ਹੈ। ਜੋ ਕਾਰਬਨ ਡਾਈਆਕਸਾਈਡ ਪੇੜ-ਪੌਦੇ ਜਜ਼ਬ ਕਰਦੇ ਸਨ, ਉਹ ਹੁਣ ਵਾਤਾਵਰਨ ਵਿਚ ਘੁਲ ਰਹੀ ਹੈ। ਇਕ ਮੁਲਾਂਕਣ ਅਨੁਸਾਰ 1750 ਦੀ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਕਾਰਬਨ ਡਾਈਆਕਸਾਈਡ ਦਾ ਪੱਧਰ 30 ਫ਼ੀਸਦੀ ਤੋਂ ਵੱਧ ਵਧਿਆ ਹੈ। ਮੀਥੇਨ ਦਾ ਪੱਧਰ 140 ਫ਼ੀਸਦੀ ਤੋਂ ਵੱਧ ਵਧਿਆ ਹੈ। ਹੋਰ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ ਜੋ ਖ਼ਤਰਨਾਕ ਹਾਲਾਤ ਸਿਰਜ ਰਹੀ ਹੈ।

ਇਹ ਗੈਸਾਂ ਉਸ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ ਜਿਸ ਦਾ ਕੰਮ ਧਰਤੀ ਨੂੰ ਨੁਕਸਾਨਦਾਇਕ ਕਿਰਨਾਂ ਤੋਂ ਬਚਾਉਣਾ ਹੈ। ਓਜ਼ੋਨ ਪਰਤ ਨੂੰ ਖੋਰਾ ਲੱਗਣ ਕਾਰਨ ਹਾਨੀਕਾਰਕ ਅਲਟਰਾ ਵਾਇਲੈਟ ਸੂਰਜ ਦੀਆਂ ਕਿਰਨਾਂ ਜੀਵ-ਮੰਡਲ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ ਅਤੇ ਗਰੀਨ ਹਾਊਸ ਗੈਸਾਂ ਦੁਆਰਾ ਉਨਾਂ ਨੂੰ ਸੋਖ ਲਿਆ ਜਾਂਦਾ ਹੈ ਜਿਸ ਕਾਰਨ ਆਲਮੀ ਤਪਸ਼ ਵਿਚ ਵਾਧਾ ਹੁੰਦਾ ਹੈ। ਇਹ ਸਹੀ ਹੈ ਕਿ ਕੋਰੋਨਾ ਸੰਕਟ ਨੇ ਵਾਤਾਵਰਨ ਨੂੰ ਰਾਹਤ ਦਿੱਤੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਪੌਣ-ਪਾਣੀ ਤਬਦੀਲੀ ਦਾ ਖ਼ਤਰਾ ਘੱਟ ਹੋ ਗਿਆ ਹੈ। ਪੌਣ-ਪਾਣੀ ਤਬਦੀਲੀ ਨੂੰ ਲੈ ਕੇ ਦੁਨੀਆ ਨੂੰ ਸੰਜੀਦਾ ਹੋਣਾ ਹੀ ਹੋਵੇਗਾ ਕਿਉਂਕਿ ਅਜਿਹੇ ਤੱਥ ਸਾਹਮਣੇ ਆ ਰਹੇ ਹਨ ਕਿ ਬਿਮਾਰੀਆਂ ਦਾ ਆਗਮਨ ਕੁਦਰਤ ਅਤੇ ਮਨੁੱਖ ਵਿਚਾਲੇ ਸੰਤੁਲਨ ਵਿਗੜਨ ਦਾ ਵੀ ਨਤੀਜਾ ਹੈ। ਤ੍ਰਾਸਦੀ ਇਹ ਹੈ ਕਿ ਅਮਰੀਕਾ ਕਯੋਟੋ-ਪ੍ਰੋਟੋਕਾਲ ਤਹਿਤ ਕੀਤੇ ਗਏ ਵਾਅਦਿਆਂ ਤੋਂ ਪਿੱਛੇ ਹਟ ਚੁੱਕਾ ਹੈ ਅਤੇ ਹੁਣ ਪੈਰਿਸ ਸਮਝੌਤੇ ਤੋਂ ਵੀ ਲਗਪਗ ਅਲੱਗ ਹੋ ਗਿਆ ਹੈ। ਚੀਨ ਨੇ 2030 ਤਕ ਆਪਣੀ ਕਾਰਬਨ ਨਿਕਾਸੀ 2005 ਦੇ ਪ੍ਰਤੀ ਯੂਨਿਟ ਜੀਡੀਪੀ ਨਿਕਾਸੀ ਦੇ ਮੁਕਾਬਲੇ 60 ਤੋਂ 65 ਫ਼ੀਸਦੀ ਘੱਟ ਕਰਨ ਦਾ ਵਾਅਦਾ ਕੀਤਾ ਹੈ। ਭਾਰਤ ਨੇ ਵੀ ਇਸੇ ਅਰਸੇ ਦੌਰਾਨ ਆਪਣੀ ਨਿਕਾਸੀ ਵਿਚ 30-35 ਫ਼ੀਸਦੀ ਕਟੌਤੀ ਕਰਨ ਦੀ ਗੱਲ ਕਹੀ ਹੈ ਜਦਕਿ ਭਾਰਤ ਦੀ ਜੀਡੀਪੀ ਅਮਰੀਕਾ ਅਤੇ ਚੀਨ ਤੋਂ ਕਾਫ਼ੀ ਘੱਟ ਹੈ। ਅਮਰੀਕਾ ਦਾ ਦੋਸ਼ ਹੈ ਕਿ ਪੈਰਿਸ ਸਮਝੌਤੇ ਜ਼ਰੀਏ ਚੀਨ ਅਤੇ ਭਾਰਤ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਦਾ ਜਲਵਾਯੂ ਤਬਦੀਲੀ ਨਾਲ ਕੋਈ ਸਬੰਧ ਨਹੀਂ ਹੈ। ਅਮਰੀਕਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਪੈਰਿਸ ਸਮਝੌਤੇ ਦੀ ਪਾਲਣਾ ਨਾਲ ਅਮਰੀਕੀ ਜੀਡੀਪੀ ਘੱਟ ਜਾਵੇਗੀ।

ਦੁਨੀਆ ਦੇ ਪਹਿਲੇ ਚਾਰ ਸਭ ਤੋਂ ਵੱਡੇ ਕਾਰਬਨ ਨਿਕਾਸੀ ਕਰਨ ਵਾਲੇ ਦੇਸ਼ਾਂ ਵਿਚ ਕ੍ਰਮਵਾਰ ਚੀਨ, ਅਮਰੀਕਾ, ਭਾਰਤ ਅਤੇ ਰੂਸ ਦੀ ਗਿਣਤੀ ਕੀਤੀ ਜਾਂਦੀ ਹੈ। ਜਿੰਨੀ ਕਾਰਬਨ ਨਿਕਾਸੀ ਇਕੱਲਾ ਚੀਨ ਕਰਦਾ ਹੈ, ਓਨੀ ਅਮਰੀਕਾ, ਭਾਰਤ ਅਤੇ ਰੂਸ ਮਿਲ ਕੇ ਕਰਦੇ ਹਨ। ਕਿਉਂਕਿ ਅਮਰੀਕਾ ਭਾਰਤ ਤੋਂ ਲਗਪਗ ਤਿੰਨ ਗੁਣਾ ਅਤੇ ਚੀਨ ਤੋਂ ਕਰੀਬ ਅੱਧੀ ਕਾਰਬਨ ਨਿਕਾਸੀ ਕਰਦਾ ਹੈ, ਇਸ ਲਈ ਅਮਰੀਕਾ ਦੇ ਚੀਨ ਪ੍ਰਤੀ ਸਖ਼ਤ ਰੁਖ਼ ਦਾ ਮਤਲਬ ਤਾਂ ਸਮਝਿਆ ਜਾ ਸਕਦਾ ਹੈ ਪਰ ਭਾਰਤ ਅਤੇ ਰੂਸ ਪ੍ਰਤੀ ਉਸ ਦੀ ਤਿਰਛੀ ਨਜ਼ਰ ਹੈਰਾਨ ਕਰਦੀ ਹੈ। ਵਿਕਸਤ ਦੇਸ਼ ਪੌਣ-ਪਾਣੀ ਤਬਦੀਲੀ ਦੇ ਖ਼ਤਰੇ ਨੂੰ ਟਾਲਣ ਦੀ ਥਾਂ ਉਸ ਨੂੰ ਵਿਕਾਸਸ਼ੀਲ, ਅਲਪ-ਵਿਕਸਤ ਅਤੇ ਗ਼ੈਰ-ਵਿਕਸਤ ਦੇਸ਼ਾਂ ਵੱਲ ਖਿਸਕਾਉਣਾ ਚਾਹੁੰਦੇ ਹਨ। ਇਹ ਉਨਾਂ ਦੀ ਸ਼ਾਤਰ ਸੋਚ ਨਹੀਂ ਤਾਂ ਹੋਰ ਕੀ ਹੈ ?

ਵਿਕਸਤ ਦੇਸ਼ ਨਾ ਸਿਰਫ਼ ਕੁਦਰਤੀ ਸਰੋਤਾਂ ਦੀ ਵਰਤੋਂ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਬਲਕਿ ਆਪਣੇ ਗ਼ੈਰ-ਜ਼ਰੂਰੀ ਹਿੱਤਾਂ ਲਈ ਚੌਗਿਰਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਬਚੇ ਰਹਿਣਾ ਵੀ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਉਨਾਂ ਦੀਆਂ ਵਿਕਾਸ ਸਰਗਰਮੀਆਂ ਤੇ ਅਰਥਚਾਰੇ 'ਤੇ ਕੋਈ ਪ੍ਰਭਾਵ ਨਾ ਪਵੇ ਪਰ ਕੋਰੋਨਾ ਸੰਕਟ ਨੇ ਉਨਾਂ ਨੂੰ ਚੰਗੀ ਤਰਾਂ ਸਮਝਾ ਦਿੱਤਾ ਹੈ ਕਿ ਬੇਕਾਬੂ ਇੱਛਾਵਾਂ ਵਾਲੇ ਵਿਕਾਸ ਦੀ ਸਭ ਤੋਂ ਵੱਡੀ ਕੀਮਤ ਵੀ ਉਨਾਂ ਨੂੰ ਹੀ ਅਦਾ ਕਰਨੀ ਪਵੇਗੀ। ਕਿਉਂਕਿ ਇਸ ਦਾ ਖਮਿਆਜ਼ਾ ਧਰਤੀ ਤੇ ਮਨੁੱਖਤਾ ਨੂੰ ਵੀ ਭੁਗਤਣਾ ਪਵੇਗਾ, ਇਸ ਲਈ ਇਹ ਸਹੀ ਸਮਾਂ ਹੈ ਕਿ ਅਸੀਂ ਧਰਤੀ ਨੂੰ ਅਤੇ ਉਸ ਜ਼ਰੀਏ ਜੀਵਨ ਬਚਾਉਣ ਵਿਚ ਇਮਾਨਦਾਰੀ ਨਾਲ ਰੁੱਝ ਜਾਈਏ।

---

## 5 ਜੂਨ ਨੂੰ ਵਾਤਾਵਰਣ ਦਿਵਸ 'ਤੇ ਵਿਸ਼ੇਸ

# ਜੈਵ ਵਿਭਿੰਨਤਾ ਦੀ ਵਾਪਸੀ ਲਈ ਯਤਨ

**- ਜਸਵੀਰ ਸਿੰਘ**

5 ਜੂਨ ਦਾ ਦਿਨ ਦੁਨੀਆਂ ਪੱਧਰ 'ਤੇ ਵਾਤਾਵਰਣ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਵਲੋਂ ਮਨੁੱਖੀ ਸਰਗਰਮੀਆਂ ਕਾਰਣ ਪੈਦਾ ਹੋ ਰਹੀਆਂ ਵਾਤਾਵਰਣਿਕ ਤਬਦੀਲੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਇਹ ਦਿਨ 1974 ਵਿਚ ਮਨਾਉਣਾ ਸ਼ੁਰੂ ਕੀਤਾ ਗਿਆ।

ਖ਼ੁਦ ਵਾਤਾਵਰਣ ਦੀ ਲਹਿਰ ਅਤੇ ਇਸ ਨਾਲ ਸੰਬੰਧਤ ਮਸਲਿਆਂ/ਕਾਨਫਰੰਸਾਂ ਨੇ ਅੱਧੀ ਕੁ ਸਦੀ ਪਹਿਲਾਂ ਹੀ ਉਭਰਨਾ ਸ਼ੁਰੂ ਕੀਤਾ ਹੈ। ਵਾਤਾਵਰਣ ਦੇ ਮੱਦੇ 'ਤੇ ਪਹਿਲੀ ਕਾਨਫਰੰਸ ਜੂਨ 1972 ਵਿਚ ਸਵੀਡਨ ਦੇ ਸ਼ਹਿਰ ਸਟਾਕਹੋਮ ਵਿਚ ਹੋਈ ਸੀ। ਇਸ ਕਾਨਫਰੰਸ ਨੂੰ ਆਯੋਜਿਤ ਕਰਨ ਵਿਚ ਕੈਨੇਡੀਅਨ ਡਿਪਲੋਮੈਟ ਮੌਰਿਸ ਸਟਰੌਂਗ ਨੇ ਮਹੱਤਵਪੂਰਣ ਭੂਮਿਕਾ ਨਿਭਾਈ ਸੀ। ਯੂਨਾਈਟਿਡ ਨੇਸ਼ਨਜ਼ ਇਨਵਇਰਮੈਂਟ ਪ੍ਰੋਗਰਾਮ ਇਸੇ ਕਾਨਫਰੰਸ ਦੀ ਦੇਣ ਸੀ ਜਿਸ ਨੇ ਬਾਅਦ ਵਿਚ ਸੰਸਾਰ ਵਿਚ ਵਾਤਾਵਰਣਿਕ ਮੁੱਦਿਆਂ 'ਤੇ ਚੇਤਨਾ ਫੈਲਾਉਣ ਵਿਚ ਵੱਡੀ ਭੂਮਿਕਾ ਅਦਾ ਕੀਤੀ। 5 ਤੋਂ 16 ਜੂਨ ਤੱਕ ਹੋਈ ਇਸ ਕਾਨਫਰੰਸ ਦੇ ਅਖੀਰ ਵਿਚ 26 ਅਸੂਲਾਂ 'ਤੇ ਅਧਾਰਤ ਇਕ ਐਲਾਨਨਾਮਾ ਜਾਰੀ ਕੀਤਾ ਗਿਆ ਸੀ ਜਿਸ ਵਿਚ ਸਮੂਹਿਕ ਤਬਾਹੀ ਵਾਲੇ ਹਥਿਆਰਾਂ ਦੇ ਖਾਤਮੇ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਸਮੇਤ ਵਾਤਾਵਰਣ ਦੀ ਸੁਰੱਖਿਆ ਲਈ ਕਈ ਕੁਝ ਕਿਹਾ ਗਿਆ ਸੀ।ਇਸ ਐਲਾਨਨਾਮੇ ਵਿਚ ਵਾਤਾਵਰਣ ਅਤੇ ਆਰਥਕ ਵਿਕਾਸ ਵਿਚ ਸੰਤੁਲਨ ਕਾਇਮ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ ਅਤੇ ਇਹ ਵੀ ਕਿਹਾ ਗਿਆ ਸੀ ਕਿ ਵਿਕਾਸ ਵਾਤਾਵਰਣ(ਕਦਰਤ) ਨੂੰ ਮਜ਼ਬੂਤ ਕਰਨ ਲਈ ਹੋਣਾ ਚਾਹੀਦਾ ਹੈ।ਵਿਕਾਸ ਅਤੇ ਵਾਤਾਵਰਣ ਵਿਚਾਲੇ ਵਿਰੋਧ ਨੂੰ ਤਰਕਪੂਰਨ ਪਲਾਨਿੰਗ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ।ਪਰ ਬਹੁਤ ਹੀ ਅਫਸੋਸਨਾਕ ਹਕੀਕਤ ਇਹ ਹੈ ਕਿ ਤਕਰੀਬਨ 48 ਸਾਲਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਵੀ ਵਾਤਾਵਰਣ ਅਤੇ ਵਿਕਾਸ ਵਿਚਾਲੇ ਇਹ ਗੁੰਝਲ ਹਾਲੇ ਤੱਕ ਹੱਲ ਨਹੀਂ ਕੀਤੀ ਜਾ ਸਕੀ।।

ਸਟਾਕਹੋਮ ਕਾਨਫਰੰਸ ਤੋਂ ਬਾਅਦ ਬਰਾਜ਼ੀਲ ਦੇ ਰੀਓ ਡੀ ਜੈਨੇਰੀਓ ਵਿਖੇ ਦੂਜੀ ਪ੍ਰੱਮੁਖ ਵਾਤਾਵਰਣ ਕਾਨਫਰੰਸ ਬੁਲਾਈ ਗਈ।ਇਹ ਕਾਨਫਰੰਸ ਮੁਖ ਤੌਰ 'ਤੇ ਵਾਤਾਵਰਣ ਅਤੇ ਵਿਕਾਸ ਦੇ ਮੁੱਦੇ 'ਤੇ ਸੱਦੀ ਗਈ। ਇਸੇ ਤਰਾਂ 2002 ਵਿਚ ਜੋਹਾਨਸਬਰਗ ਵਿਚ ਟਿਕਾਊ ਵਿਕਾਸ 'ਤੇ ਇਕ ਕਾਨਫਰੰਸ ਬੁਲਾਈ ਗਈ। ਇਸ ਮੁੱਦੇ ਨੂੰ ਲੈ ਕੇ 2012 ਰਿਓ ਵਿਚ ਸੰਯੁਕਤ ਰਾਸ਼ਟਰ ਵਲੋਂ ਕਾਨਫਰੰਸ ਬੁਲਾਈ ਗਈ। ਇਸ ਤੋਂ ਇਲਾਵਾ ਯੂ ਐਨ ਓ ਵਲੋਂ ਕਲਾਈਮੇਟ ਚੇਂਜ ਬਾਰੇ 11 ਦਸੰਬਰ 1997 ਨੂੰ ਇਕ ਮਹੱਤਵਪੂਰਣ ਕਾਨਫਰੰਸ ਬੁਲਾਈ ਗਈ ਜਿਸ ਵਿਚ ਮਨੁੱਖੀ ਸਰਗਰਮੀ ਕਰਕੇ ਧਰਤੀ ਦੇ ਵਧ ਰਹੇ ਤਾਪਮਾਨ ਨੂੰ ਪੂਰਬ ਸਨਅਤੀ ਯੁੱਗ ਦੀ ਪੱਧਰ 'ਤੇ ਲਿਆਉਣ ਦਾ ਅਹਿਦ ਕੀਤਾ ਗਿਆ। ਕਾਨਫਰੰਸ ਦੌਰਾਨ ਇਸ ਸਮਝੌਤੇ 'ਤੇ 55 ਮੁਲਕਾਂ ਨੇ ਦਸਤਖਤ ਕੀਤੇ ਅਤੇ ਬਾਅਦ ਵਿਚ ਇਸ ਸਮਝੌਤੇ 'ਤੇ ਦਸਤਖਤ ਕਰਨ ਵਾਲੇ ਮੁਲਕਾਂ ਦੀ ਗਿਣਤੀ 192 ਹੋ ਗਈ।ਇਸ ਕਾਨਫਰੰਸ ਵਿਚ ਯੂਰਪ ਨੇ ਸੁਝਾਅ ਦਿੱਤਾ ਕਿ 1990 ਦੇ ਮੁਕਾਬਲੇ 2030 ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਚਾਲੀ ਫੀਸਦੀ ਘੱਟ ਕੀਤੀ ਜਾਵੇ। ਪਰ ਇਸ ਦੌਰਾਨ ਕਾਰਬਨ ਨਿਕਾਸੀ ਘੱਟ ਕਰਨ ਲਈ ਹਰ ਮੁਲਕ ਸਾਹਮਣੇ ਕੋਈ ਖਾਸ ਸਮਾਂ ਹੱਦ ਨਹੀਂ ਰੱਖੀ ਗਈ।

ਜਦੋਂਕਿ ਵਾਤਾਵਰਣ ਵਿਗਾੜਾਂ ਦੇ ਖਰਨਾਕ ਭਵਿੱਖ ਨੂੰ ਵੇਖਦਿਆਂ ਚੀਨ ਭਾਰਤ ਅਤੇ ਯੂਰਪ ਸਮੇਤ 192 ਮੁਲਕ ਪੈਰਿਸ ਐਗਰੀਮੈਂਟ ਦੀਆਂ ਸਿਫਰਸ਼ਾਂ ਨੂੰ ਲਾਗੂ ਕਰਨ ਲਈ ਸਹਿਮਤ ਹੋ ਗਏ ਤਾਂ ਡੋਨਾਲਡ ਟਰੰਪ ਦੀ ਅਗਵਾਈ ਵਿਚ ਅਮਰੀਕਾ ਇਸ ਸਮਝੌਤੇ ਤੋਂ ਇਹ ਬਹਾਨਾ ਬਣਾ ਕਿ ਬਾਹਰ ਹੋ ਗਿਆ ਕਿ ਇਹ ਸਮਝੌਤਾ ਚੀਨ ਅਤੇ ਭਾਰਤ ਦਾ ਪੱਖ ਪੂਰਦਾ ਹੈ। ਅਸਲ ਵਿਚ ਅਮਰੀਕਾ ਨੇ ਵਾਤਾਵਰਣ ਨਾਲੋਂ ਆਪਣੇ ਆਰਥਕ ਵਿਕਾਸ ਨੂੰ ਪਹਿਲ ਦਿੱਤੀ। ਇਨਾਂ ਕਾਨਫਰੰਸਾਂ ਦੌਰਾਨ ਵਿਕਾਸਸ਼ੀਲ ਮੁਲਕਾਂ ਲਈ ਟੈਕਨੌਲੋਜੀ ਟਰਾਂਸਫਰ ਅਤੇ 100 ਅਰਬ ਡਾਲਰ ਦਾ ਫੰਡ ਕਾਇਮ ਕਰਨ ਦਾ ਅਹਿਦ ਵੀ ਕੀਤਾ ਗਿਆ ਪਰ ਇਸ ਦਿਸ਼ਾ ਵਿਚ ਹਾਲੇ ਬਹੁਤੀ ਪ੍ਰਗਤੀ ਨਹੀਂ ਹੋਈ ਜਦੋਂ ਕਿ ਵਾਤਾਵਰਣ ਅਤੇ ਮੌਸਮੀ ਤਬਦੀਲੀਆਂ ਨਾਲ ਜੁੜੇ ਵਿਗਿਆਨੀ ਵਾਰ-ਵਾਰ ਆਖ ਰਹੇ ਹਨ ਧਰਤੀ ਦੀ ਵਿਗੜ ਰਹੀ ਵਾਤਾਵਰਣਿਕ ਸਥਿਤੀ ਨੂੰ ਵਾਪਸ ਮੋੜਨ ਦੇ ਮਾਮਲੇ ਵਿਚ ਸਮਾਂ ਤੇਜ਼ੀ ਨਾਲ ਹੱਥੋਂ ਨਿਕਲਦਾ ਜਾ ਰਿਹਾ ਹੈ। ਜੇ ਮਨੁੱਖਤਾ ਨੇ ਸਹੀ ਕਦਮ ਨਾ ਚੁੱਕੇ ਤਾਂ ਇਕ ਸਮਾਂ ਆ ਜਾਵੇਗਾ ਜਦੋਂ ਧਰਤੀ 'ਤੇ ਜੀਵਨ ਦੀ ਤਬਾਹੀ ਨੂੰ ਰੋਕਣਾ ਅਮੋੜ ਹੋ ਜਾਵੇਗਾ।

ਸੰਯੁਕਤ ਰਾਸ਼ਟਰ ਦੇ ਵਾਤਾਵਰਣ ਪ੍ਰੋਗਰਾਮ ਵਲੋਂ 20 11 ਤੋਂ 2020 ਤੱਕ ਦੇ ਦਹਾਕੇ ਨੂੰ 'ਸੈਲੀਬਰੇਟ ਬਾਇਓਡਾਈਵਰਸਿਟੀ' ਦਾ ਥੀਮ ਦਿੱਤਾ ਗਿਆ ਹੈ। ਇਸ ਇਸ ਵਾਰ ਵੀ ਵਾਤਵਰਣ ਦਿਵਸ ਬਾਇਓਡਾਈਵਰਸਿਟੀ (ਜੈਵ ਵਿਭਿੰਨਤਾ) ਨੂੰ ਉਤਸ਼ਾਹਿਤ ਕਰਨ ਦੇ ਹਿੱਤ ਵਿਚ ਹੀ ਮਨਾਇਆ ਜਾ ਰਿਹਾ ਹੈ। ਭਾਵ ਵਾਤਾਵਰਣ ਦਿਵਸ ਮਨਾਉਂਦਿਆਂ ਦੁਨੀਆਂ ਭਰ ਦੇ ਲੋਕਾਂ ਨੂੰ ਜੈਵ ਵਿਭਿੰਨਤਾ, (ਬਨਸਪਤੀ,ਜੀਵਾਂ,ਅਤੇ ਮਨੁੱਖੀ ਪੱਧਰ ਤੋਂ ਇਲਾਵਾ ਜਿਨੈਟਿਕ ਵਿਭਿੰਨਤਾ ਵੀ ਇਸ ਵਿਚ ਸ਼ਾਮਲ ਹੈ) 'ਤੇ ਚਰਚਾ ਕਰਨੀ ਹੋਵੇਗੀ। ਧਰਤੀ 'ਤੇ ਜੈਵਿਕ ਵਿਭਿੰਨਤਾ ਹਰ ਥਾਂ ਇਕੋ ਜਿਹੀ ਨਹੀਂ ਹੈ। ਭੂ-ਮੱਧ ਰੇਖਾ ਦੇ ਨਜ਼ਦੀਕ ਪੈਂਦੇ ਮੁਲਕ ਅਤੇ ਟਰੌਪੀਕਲ ਜੰਗਲਾਂ ਵਿਚ ਬਹੁਤ ਜ਼ਿਆਦਾ ਜੈਵ ਵਿਭਿੰਨਤਾ ਪਾਈ ਜਾਂਦੀ ਹੈ। ਭਾਰਤ ਜੈਵਿਕ ਵਿਭਿੰਨਤਾ ਨਾਲ ਭਰਪੂਰ ਮੁਲਕ ਹੈ।ਇਸ ਦਾ ਕਾਰਨ ਇਥੋਂ ਦਾ ਜੀਵਨ ਦੇ ਅਨਕੂਲ ਵਾਤਾਵਰਣ ਹੋਣਾ ਹੈ।

ਜਿਥੋਂ ਤੱਕ ਸਮੁੰਦਰੀ ਖੇਤਰ ਦਾ ਸੰਬੰਧ ਹੈ,ਧਰੁਵੀ ਖੇਤਰਾਂ ਨਾਲੋਂ ਤੱਟੀ ਖੇਤਰਾਂ ਅਤੇ ਅੰਦਰੂਨੀ ਸਮੁੰਦਰ ਵਿਚ ਵਧੇਰੇ ਜੈਵ ਵਿਭਿੰਨਤਾ ਮਿਲਦੀ। ਸਾਡੇ ਮੁਲਕ,ਖਾਸ ਕਰਕੇ ਪੰਜਾਬ ਵਿਚ ਵਾਤਾਵਰਣ ਬਚਾਉ ਦੇ ਮਾਮਲੇ ਵਿਚ ਭਾਵੇਂ ਕਾਫੀ ਚੇਤਨਾ ਦਾ ਪਸਾਰਾ ਹੋਇਆ ਹੈ ਪਰ ਜੈਵਿਕ ਵੰਨਸਵੰਨਤਾ ਬਾਰੇ ਅਤੇ ਇਸ ਦੇ ਬਚਾਓ ਬਾਰੇ ਹਾਲੇ ਉਸ ਪੱਧਰ ਦੀ ਚੇਤਨਾ ਨਹੀਂ ਪਾਈ ਜਾਂਦੀ। ਇਸ ਮੁਦੇ 'ਤੇ ਹਾਲੇ ਕਾਫੀ ਜ਼ਿਆਦਾ ਕੰਮ ਕੀਤਾ ਜਾਣਾ ਬਾਕੀ ਹੈ। ਪਿਛਲੇ ਕੁਝ ਹੀ ਸਮੇਂ ਵਿਚ ਅਸੀਂ ਦੋ ਫਸਲੀ ਚੱਕਰ ਨੂੰ ਅਪਣਾ ਕੇ ਆਪਣੀਆਂ ਬਹੁਤ ਸਾਰੀਆਂ ਫਸਲਾਂ ਗੁਆ ਲਈਆਂ ਹਨ। ਇਸ ਤੋਂ ਇਲਾਵਾ ਕਈ ਫਸਲਾਂ ਦੇ ਤਾਂ ਅਸੀਂ ਬੀਜ ਵੀ ਗੁਆ ਲਏ ਹਨ। ਇਸ ਤਰਾਂ ਸਾਡਾ ਜੰਗਲੀ ਖੇਤਰਾ ਬਹੁਤ ਸਿਮਟ ਗਿਆ ਹੈ ਜਿਸ ਨਾਲ ਇਨਾਂ ਜੰਗਲਾਂ ਵਿਚ ਪਾਏ ਜਾਂਦੇ ਬਹੁਤ ਸਾਰੇ ਜੀਵ ਜੰਤੂ,ਹਜਾਂਰਾਂ ਕਿਸਮ ਦੇ ਪੌਦੇ ਅਤੇ ਪਰਿੰਦੇ ਵੀ ਅਲੋਪ ਹੋ ਗਏ ਹਨ।

ਇਸ ਸਥਿਤੀ ਨੂੰ ਵੇਖਦਿਆਂ ਪਦਮ ਸ੍ਰੀ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਕਾਰ ਸੇਵਾ ਖਡੂਰ ਸਾਹਿਬ ਨੇ ਵੱਡੇ ਛੋਟੇ ਜੰਗਲ ਲਾਉਣ ਦਾ ਉਪਰਾਲਾ ਸ਼ੁਰੂ ਕੀਤਾ ਹੈ। ਇਹ ਜੰਗਲ ਇਸੇ ਮਕਸਦ ਨਾਲ ਸ਼ੁਰੂ ਕੀਤੇ ਗਏ ਹਨ ਕਿ ਇਨਾਂ ਵਿਚ ਇਸ ਖੇਤਰ ਵਿਚ ਵੱਸਣ ਵਾਲੇ ਅਨੇਕਾ ਜੀਵ ਜੰਤੂਆਂ ਨੂੰ ਠਾਹਰ ਮਿਲੇਗੀ ਅਤੇ ਖੇਤਰ ਵਿਚੋਂ ਗੁਆਚ ਗਏ ਰੁਖਾਂ ਦੀਆਂ ਨਸਲਾਂ, ਜੜੀਆਂ ਬੂਟੀਆਂ ਆਦਿ ਵੀ ਵਾਪਸ ਪਰਤ ਆਉਣਗੀਆਂ।ਮੁਢਲੇ ਤੌਰ 'ਤੇ ਉਂਝ ਵੀ ਇਨਾਂ ਜੰਗਲਾਂ ਵਿਚ ਦੇਸੀ ਰੁੱਖ ਲਗਾਏ ਜਾ ਰਹੇ ਹਨ ਅਤੇ ਫਿਰ ਆਪਣੇ ਆਪ ਹੀ ਇਨਾਂ ਅੰਦਰ ਹੋਰ ਬਨਸਪਤੀ ਉੱਗ ਆਉਂਦੀ ਹੈ।ਕਾਰ ਸੇਵਾ ਖਡੂਰ ਸਾਵਿਬ ਵਲੋਂ ਇਸ ਮੁਹਿਮ ਦੇ ਤਹਿਤ ਹੁਣ ਤੱਕ 41 ਜੰਗਲ ਲਗਾਏ ਗਏ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 550 ਜੰਗਲ ਲਗਾਏ ਜਾਣੇ ਹਨ। ਪੰਜਾਬ ਵਿਚ ਜੈਵਿਕ ਵਿਭਿੰਨਤਾ ਨੂੰ ਮੁੜ ਪ੍ਰਤਾਉਣ, ਸਾਂਭ ਕੇ ਰੱਖਣ ਅਤੇ ਆਰਥਕ ਵਿਕਾਸ ਦੇ ਨਾਲ ਇਸ ਦੀ ਸਹਿਹੋਂਦ ਬਿਠਾਉਣ ਲਈ ਸਰਕਾਰ ਸਮੇਤ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਨੂੰ ਯਤਨ ਕਰਨ ਦੀ ਲੋੜ ਹੈ। ਪੰਜਾਬ ਦੀ ਇਹ ਸੰਸਾਰ ਜੈਵਿਕ ਵਿਭੰਨਤਾ ਲਹਿਰ ਨੂੰ ਵੱਡੀ ਦੇਣ ਹੋਵੇਗੀ।



MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

## ਪ੍ਰਕਾਸ਼ ਦਿਹਾੜੇ ਉਪਰ ਵਿਸ਼ੇਸ਼

# ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ

**- ਪਰਮਿੰਦਰ ਪਾਲ ਸਿੰਘ ਖਾਲਸਾ**

ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਸਤਿਗੁਰੂ ਦਾ ਪ੍ਰਕਾਸ਼ ਅੰਮ੍ਰਿਤਸਰ ਨੇੜੇ ਵਡਾਲੀ ਗੁਰੂ ਵਿਚ 19 ਜੂਨ 1595 ਵਿਚ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਪ੍ਰਿਥੀਏ ਦੀਆਂ ਕੁਟਿਲ ਚਾਲਾਂ ਕਾਰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਾਲ ਅਵਸਥਾ ਕਾਫ਼ੀ ਕਸ਼ਟਾਂ 'ਚ ਗੁਜਰੀ। ਆਪ ਜੀ ਦਾ ਤਾਇਆ (ਪ੍ਰਿਥੀਚੰਦ) ਤੇ ਉਨਾਂ ਦੀ ਪਤਨੀ ਬੀਬੀ ਕਰਮੋ ਆਪ ਜੀ ਦੇ ਜਨਮ ਤੋਂ ਹੀ ਦੁੱਖੀ ਸਨ ਕਿਉਂਕਿ ਉਹ ਗੁਰੂ ਘਰ ਦੀ ਗੁਰਗੱਦੀ ਦਾ ਅਸਲ ਵਾਰਸ ਆਪਣੇ ਪੁੱਤਰ (ਮਿਹਰਬਾਨ) ਨੂੰ ਮੰਨੀ ਬੈਠੇ ਸੀ। ਉਹ ਲਾਲਚ ਤੇ ਈਰਖਾ 'ਚ ਅੰਨੇ ਤੇ ਪਾਗਲ ਹੋ ਕੇ ਬਾਲਕ ਹਰਿਗੋਬਿੰਦ ਸਾਹਿਬ ਨੂੰ ਮਾਰਨ-ਮਰਵਾਉਣ ਦੇ ਜਤਨ ਕਰਦੇ ਰਹੇ। ਪਹਿਲਾਂ ਉਨਾਂ ਨੇ ਦਾਈ-ਖਿਡਾਵੀ ਨੂੰ ਲਾਲਚ ਦੇ ਕੇ ਉਸ ਦੀਆਂ ਦੁਧੀਆਂ ਉੱਪਰ ਜ਼ਹਿਰ ਲਵਾ ਕੇ ਭੇਜਿਆ। ਉਸ ਨੇ ਆਪ ਜੀ ਨੂੰ ਦੁੱਧ ਚੁੰਗਾਉਣਾ ਚਾਹਿਆ, ਪਰ ਆਪ ਨੇ ਨਾ ਚੁੰਗਿਆ। ਦਾਈ ਆਪ ਹੀ ਜ਼ਹਿਰ ਦੇ ਅਸਰ ਨਾਲ ਮਰ ਗਈ। ਫੇਰ ਇਕ ਸਪੇਰੇ ਜੋਗੀ ਪਾਸੋਂ ਬਾਲਕ ਵਾਲੇ ਕਮਰੇ 'ਚ ਜ਼ਹਿਰੀਲਾ ਸੱਪ ਛੁਡਾ ਦਿੱਤਾ, ਜਿਸ ਨੂੰ ਸੇਵਾਦਾਰਾਂ ਨੇ ਵੇਖ ਕੇ ਮਾਰ ਦਿੱਤਾ। ਤੀਸਰੀ ਵਾਰ ਹਰਿਗੋਬਿੰਦ ਸਾਹਿਬ ਜੀ ਦੇ ਖਿਡਾਵੇ ਬ੍ਰਾਹਮਣ ਨੂੰ ਲਾਲਚ ਦੇ ਕੇ ਕਿਹਾ ਕਿ ਬੱਚੇ ਨੂੰ ਦਹੀਂ 'ਚ ਜ਼ਹਿਰ ਪਾ ਕੇ ਦੇ ਦੇਵੇ ਪਰ ਜਦ ਉਹ ਦਹੀਂ ਪਿਆਉਣ ਲੱਗਾ ਤਾਂ ਬਾਲਕ ਰੋਣ ਲੱਗ ਪਿਆ। ਬਾਲਕ ਦਹੀਂ ਨੂੰ ਮੂੰਹ ਨਾ ਲਾਵੇ ਤਾਂ ਗੁਰੂ ਅਰਜਨ ਦੇਵ ਜੀ ਨੇ ਆਪ ਦਹੀਂ ਇਕ ਕੁੱਤੇ ਨੂੰ ਪਾ ਦਿੱਤੀ, ਜੋ ਥੋੜੇ ਦੇਰ ਬਾਅਦ ਹੀ ਮਰ ਗਿਆ। ਬ੍ਰਾਹਮਣ ਨੇ ਡਰ ਕੇ ਸਭ ਕੁਝ ਸੱਚ-ਸੱਚ ਦੱਸ ਦਿੱਤਾ। ਪ੍ਰਿਥੀਏ ਦੀ ਸਾਰੇ ਸ਼ਹਿਰ 'ਚ ਬਦਨਾਮੀ ਹੋਈ। ਦੂਜੇ ਦਿਨ ਬ੍ਰਾਹਮਣ ਵੀ ਸੂਲ (ਦਰਦ) ਨਾਲ ਮਰ ਗਿਆ: "ਲੇਪੁ ਨ ਲਾਗੋ, ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ, ਹੋਇ ਕੈ ਸੂਲ ॥" (ਮ: ੫/੧੧੩੭) ਗੁਰੂ ਅਰਜਨ ਦੇਵ ਜੀ ਨੇ ਸਾਹਿਬਜ਼ਾਦੇ ਦੀ ਰੱਖਿਆ ਬਾਰੇ ਵਾਹਿਗੁਰੂ ਦਾ ਧੰਨਵਾਦ ਕੀਤਾ।

ਆਪ ਜੀ ਨੂੰ ਬੜੀ ਭਿਆਨਕ ਚੇਚਕ ਬਿਮਾਰੀ ਨਿਕਲੀ ਪਰ ਕਰਤਾਰ ਨੇ ਮਿਹਰ ਕੀਤੀ ਆਪ ਰਾਜੀ ਹੋ ਗਏ। ਗੁਰੂ ਅਰਜਨ ਸਾਹਿਬ ਜੀ ਨੇ ਕਰਤਾਰ ਦੇ ਧੰਨਵਾਦ ਲਈ ਸ਼ਬਦ ਉਚਾਰਨ ਕੀਤਾ: "ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥" (ਮ: ੫/੨੦੦)ਬਚਪਨ ਵਿਚ ਗੁਰਬਾਣੀ, ਤੀਰ ਤੇ ਤਲਵਾਰ ਚਲਾਉਣ ਦੀ ਸਿਖਲਾਈ ਬਾਬਾ ਬੁੱਢਾ ਜੀ ਨੇ ਦਿੱਤੀ। ਉਹ ਵਧੀਆ ਘੋੜ ਸਵਾਰ ਸਨ। ਜਹਾਂਗੀਰ ਬਾਦਸ਼ਾਹ ਨੇ ਆਪਣੀ ਮਜਬੀ ਈਰਖਾ ਦੇ ਸਾੜੇ ਕਾਰਨ ਗੁਰੂ ਅਰਜਨ ਦੇਵ ਜੀ ਵਿਰੁਧ ਮਿਲੀਆਂ ਝੂਠੀਆਂ ਤੇ ਮਨ-ਘੜਤ ਖ਼ਬਰਾਂ ਦੇ ਆਧਾਰ 'ਤੇ ਆਪ ਜੀ ਨੂੰ ਗ੍ਰਿਫਤਾਰ ਕਰਕੇ ਲਹੌਰ ਲਿਆਂਦੇ ਜਾਨ ਦਾ ਹੁਕਮ ਦਿੱਤਾ। ਲਹੌਰ ਨੂੰ ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਆਪਣੇ ਸਾਹਿਬਜ਼ਾਦੇ ਬਾਲਕ ਹਰਿਗੋਬਿੰਦ ਸਾਹਿਬ ਜੀ ਦੇ ਸਪੁਰਦ ਕਰ ਦਿੱਤੀ ਕਿਉਂਕਿ ਆਪ ਜੀ ਅਗਲੇ ਹਾਲਾਤਾਂ ਬਾਰੇ ਪੂਰਨ ਜਾਣਕਾਰੀ ਸੀ। ਗੁਰੂ ਜੀ ਨੇ ਜਾਣ ਤੋਂ ਪਹਿਲਾਂ ਆਪਣੇ ਸਿੱਖਾ ਨੂੰ ਹੁਕਮ ਦਿੱਤਾ ਕਿ ਬਦਲਦੇ ਹਾਲਾਤਾਂ ਅਨੁਸਾਰ ਨਿਡਰ ਹੋ ਕੇ ਰਹਿਣਾ, ਪ੍ਰਭੂ ਉੱਤੇ ਭਰੋਸਾ ਰੱਖਣਾ, ਏਕਤਾ ਦਾ ਸਬੂਤ ਦੇਂਦਿਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮਾ ਅਨੁਸਾਰ ਤਨ ਮਨ ਕੁਰਬਾਨ ਕਰਨ ਲਈ ਤਿਆਰ ਰਹਿਣਾ। ਉਸ ਸਮੇਂ ਆਪ ਜੀ ਦੀ ਉਮਰ ਕੇਵਲ 11 ਕੁ ਸਾਲ ਦੀ ਸੀ। ਗੁਰੂ ਅਰਜਨ ਦੇਵ ਲਾਹੌਰ ਜਾਣ ਤੋਂ ਪਹਿਲਾਂ ਉਨਾਂ ਨੂੰ ਇਹ ਸਿਖਿਆ ਦੇ ਗਏ ਸਨ ਕਿ ਸ਼ਸਤਰਾਂ ਤੋਂ ਬਿਨਾ ਉਨਾਂ ਦੇ ਸੇਵਕਾਂ ਦੀ ਰੱਖਿਆ ਸੰਭਵ ਨਹੀਂ ਹੈ। ਇਸ ਲਈ ਗੱਦੀ 'ਤੇ ਬੈਠਣ ਸਮੇਂ ਉਹ ਸ਼ਸਤਰ ਪਹਿਨ ਕੇ ਬੈਠਣ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਵੱਡੀ ਫੌਜ ਵੀ ਤਿਆਰ ਕਰਨ।

ਬਾਬਾ ਬੁੱਢਾ ਜੀ ਦੀ ਰਾਹੀਂ ਗੁਰਿਆਈ ਰਸਮ ਦੌਰਾਨ ਪੁਰਾਤਨ ਚੱਲੀ ਆ ਰਹੀ ਸੇਲੀ ਟੋਪੀ ਪਹਿਨਣ ਦੀ ਰੀਤ ਹਟਾ ਕੇ ਸੀਸ ਉੱਤੇ ਕਲਗੀ ਸਜਾਈ ਗਈ ਤੇ ਦੋ ਤਲਵਾਰਾਂ ਪਹਿਨੀਆਂ ਗਈਆਂ ਇਕ ਮੀਰੀ ਦੀ ਤੇ ਦੂਜੀ ਪੀਰੀ ਦੀ। ਗੁਰਗਦੀ 'ਤੇ ਵਿਰਾਜਮਾਨ ਹੋਣ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੇ ਮਸੰਦਾਂ ਰਾਹੀਂ ਥਾਂ-ਥਾਂ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਅਗਾਂਹ ਲਈ ਚੰਗੇ ਸ਼ਸਤਰ ਵੀ ਜ਼ਰੂਰ ਲੈ ਕੇ ਆਉਣੇ ਤੇ ਆਪ ਵੀ ਘੋੜ-ਸਵਾਰੀ ਤੇ ਸ਼ਸ਼ਤਰ ਚਲਾਉਣਾ ਸਿਖੋ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੰਮ੍ਰਿਤਸਰ ਦੀ ਸੁਰੱਖਿਆ ਲਈ ਉੱਥੇ ਇਕ ਕਿਲਾ ਬਣਵਾਇਆ, ਜਿਸ ਦਾ ਨਾਂ ਲੋਹਗੜ ਰੱਖਿਆ ਗਿਆ। ਇਸ ਤੋਂ ਬਾਅਦ ਸੰਮਤ 1666 (ਸੰਨ 1609) 'ਚ ਦੇਸ਼-ਪਿਆਰ, ਸੂਰਬੀਰਤਾ ਤੇ ਕੌਮੀ ਸਿਧਾਂਤ ਦੇ ਪ੍ਰਚਾਰ, ਵਿਕਾਸ ਲਈ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਦਿੱਤੀ। ਸਵੇਰੇ ਵੇਲੇ ਸੰਗਤਾਂ ਦਰਬਾਰ ਸਾਹਿਬ 'ਚ ਜੁੜਦੀਆਂ, ਜਿੱਥੇ ਗੁਰਬਾਣੀ ਦੇ ਪ੍ਰਵਾਹ ਚੱਲਦੇ ਤੇ ਢਾਡੀ ਗੁਰਬਾਣੀ 'ਚ ਦਰਜ ਵਾਰਾਂ ਨੂੰ ਗਾਉਂਦੇ। ਗੁਰੂ ਹਰਿਗੋਬਿੰਦ ਸਾਹਿਬ ਜੀ ਸੰਗਤਾਂ ਨੂੰ ਉਪਦੇਸ਼ ਦੇਂਦੇ, ਧਾਰਮਿਕ ਵੀਚਾਰਾਂ ਕਰਦੇ। ਦੁਪਹਿਰ ਮਗਰੋਂ ਸੰਗਤਾਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕੱਤਰ ਹੁੰਦੀਆਂ, ਜਿੱਥੇ ਸਰੀਰਕ ਕਸਰਤਾਂ ਰਾਹੀਂ ਸਰੀਰਕ ਬਲ ਪੈਦਾ ਕੀਤਾ ਜਾਂਦਾ ਤੇ ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ। ਗੁਰੂ ਜੀ ਬਾਹਰੋਂ ਆਈ ਸੰਗਤ ਨੂੰ ਮਿਲਦੇ, ਉਨਾਂ ਦਾ ਹਾਲ-ਚਾਲ ਪੁੱਛਦੇ ਤੇ ਉਨਾਂ ਦਾ ਨਿਪਟਾਰਾ ਕਰਦੇ। ਸਿੱਖਾਂ ਨੂੰ ਪ੍ਰੇਰਨਾ ਕੀਤੀ ਜਾਂਦੀ ਕਿ ਤੁਸੀਂ ਆਪੋ ਵਿਚਲੇ ਝਗੜਿਆ ਨੂੰ ਸਰਕਾਰੇ ਦਰਬਾਰੇ ਲੈ ਜਾਣ ਦੀ ਬਜਾਏ ਆਪਸ 'ਚ ਬੈਠ ਕੇ ਹੀ ਨਿਪਟਾ ਲਿਆ ਕਰੋ। ਉਨਾਂ ਪੰਜ ਸੌ ਹਥਿਆਰਬੰਦਾਂ ਦੀ ਫੌਜ ਤਿਆਰ ਕੀਤੀ। ਭਾਈ ਬਿਧੀ ਚੰਦ ਜੀ, ਪੈੜਾ ਜੀ, ਧੁਮਣਾ ਜੀ, ਜੇਠਾ ਜੀ ਤੇ ਭਾਈ ਲੰਗਾਹ ਜੀ ਸੌ ਸੌ ਸਵਾਰਾਂ ਦੇ ਸਰਦਾਰ ਥਾਪੇ ਗਏ। ਗੁਰੂ ਜੀ ਨੇ 52 ਹਥਿਆਰਬੰਦ ਸਿੱਖਾਂ ਦੀ ਟੁਕੜੀ ਆਪਣੀ ਰੱਖਿਆ ਲਈ ਰੱਖੀ ਹੋਈ ਸੀ। ਅੰਮ੍ਰਿਤਸਰ ਦੀ ਸੁਰੱਖਿਆ ਲਈ ਉਨਾਂ 1609 ਵਿਚ ਲੋਹਗੜ ਦਾ ਕਿਲਾ ਬਣਾਇਆ।

ਇਸ ਤੋਂ ਪਹਿਲਾਂ ਉਨਾਂ ਨੇ ਜੂਨ 1606 ਵਿਚ ਅਕਾਲ ਤਖਤ ਬਣਵਾਇਆ। ਇਹ ਕਾਰਜ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਮੁਕੰਮਲ ਕੀਤਾ। ਉਹ ਅਕਾਲ ਤਖਤ ਅੱਗੇ ਜਿਸਮਾਨੀ ਮੁਕਾਬਲੇ ਕਰਵਾਉਂਦੇ, ਸੰਗਤਾਂ ਤੋਂ ਘੋੜੇ ਅਤੇ ਹਥਿਆਰਾਂ ਦੇ ਤੋਹਫੇ ਲੈਂਦੇ ਤੇ ਸੰਗਤਾਂ ਵੀ ਇਥੇ ਆ ਕੇ ਹੀ ਭੇਟਾ ਕਰਦੀਆਂ। ਇਥੇ ਹੀ ਢਾਡੀ ਅਬਦੁੱਲਾ ਤੇ ਨੱਥਾ ਯੋਧਿਆਂ ਦੀਆਂ ਬੀਰ-ਰਸੀ ਵਾਰਾਂ ਗਾਉਂਦੇ। ਅੰਮ੍ਰਿਤਸਰ ਸ਼ਹਿਰ ਵਿਚ ਰੌਣਕਾਂ ਵਧਣ ਲੱਗੀਆਂ ਤੇ ਇਹ ਸ਼ਹਿਰ ਰਾਜ ਅੰਦਰ ਰਾਜ ਬਣ ਗਿਆ। ਸੂਰਬੀਰਤਾ ਦੀ ਨਵੀਂ ਤਰੰਗ ਸਾਰੇ ਪੰਜਾਬ ਵਿਚ ਨਜ਼ਰ ਆਉਣ ਲਗ ਪਈ।

ਗੁਰੂ ਸਾਹਿਬ ਬਨਾਮ ਜਹਾਂਗੀਰ: ਚੰਦੂ ਵਰਗੇ ਗੁਰੂ ਘਰ ਦੇ ਪੁਰਾਣੇ ਦੋਖੀ ਤੇ ਇਰਖਾਲੂਆਂ ਨੇ ਗੁਰੂ ਜੀ ਵੱਲੋਂ ਕੀਤੀਆਂ ਜਾ ਰਹੀਆਂ ਇਨਾਂ ਤਿਆਰੀਆਂ ਬਾਰੇ ਵਧਾ-ਚੜਾ ਕੇ ਜਹਾਂਗੀਰ ਬਾਦਸ਼ਾਹ ਕੋਲ ਖ਼ਬਰਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਿਹਾ ਕਿ ਇਹ ਸਭ ਕੁਝ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਹੋ ਰਿਹਾ ਹੈ। ਇਹ ਸੁਣ ਕੇ ਕੰਨਾਂ ਦੇ ਕੱਚੇ ਜਹਾਂਗੀਰ ਨੇ 1612 ਨੂੰ ਆਗਰੇ ਤੋਂ ਗੁਪਤ ਹੁਕਮ ਦੇਕੇ ਗੁਰੂ ਸਾਹਿਬ ਨੂੰ ਗਵਾਲੀਆਂਰ ਦੇ ਕਿਲੇ ਵਿਚ ਕੈਦ ਕਰਨ ਦਾ ਹੁਕਮ ਦੇ ਦਿਤਾ ਜਿਥੇ ਹੋਰ ਰਾਜਸੀ ਕੈਦੀ ਰੱਖੇ ਹੋਏ ਸਨ। ਗੁਰੂ ਸਾਹਿਬ ਜੀ ਦੇ ਦਰਸ਼ਨਾ ਲਈ ਸਿੱਖ ਦੂਰੋਂ ਨੇੜਿਉਂ ਗਵਾਲੀਅਰ ਪਹੁੰਚਦੇ ਪਰ ਉਹਨਾਂ ਨੂੰ ਗੁਰੂ ਸਾਹਿਬ ਜੀ ਦੇ ਦਰਸ਼ਨ ਨਾ ਕਰਨ ਦਿੱਤੇ ਜਾਂਦੇ ਅਤੇ ਸਿੱਖ ਕਿਲੇ ਦੀਆਂ ਦਿਵਾਰਾਂ ਨੂੰ ਚੁੰਮ ਕੇ ਹੀ ਵਾਪਸ ਆ ਜਾਂਦੇ। ਬਾਬਾ ਬੁਢਾ ਜੀ ਨੇ ਇਸੇ ਸਮੇਂ ਹਰਮੰਦਰ ਸਾਹਿਬ ਵਿਚ ਸ਼ਾਮ ਨੂੰ ਹਰ ਰੋਜ਼ ਕੀਰਤਨ ਦੀ ਚੌਂਕੀ ਕੱਢਣ ਦਾ ਫੈਸਲਾ ਕੀਤਾ ਸੀ। ਗਵਾਲੀਅਰ ਦੇ ਕਿਲੇ ਵਿਚ ਮਹੌਲ ਸਤਿਸੰਗ ਵਾਲਾ ਬਣ ਗਿਆ।

ਗੁਰੂ ਜੀ ਦੀ ਕੈਦ ਦੀ ਖ਼ਬਰ ਸੁਣ ਕੇ ਸਿੱਖਾਂ ਵਿਚ ਬੇਚੈਨੀ ਵਧ ਗਈ। ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਖ਼ਬਰ ਲੈਣ ਲਈ ਭੇਜਿਆ। ਗੁਰੂ ਜੀ ਨੇ ਉਨਾਂ ਨੂੰ ਧੀਰਜ ਦਿੱਤਾ ਤੇ ਕਿਹਾ ਅਸੀਂ ਬੜੇ ਅਨੰਦ 'ਚ ਹਾਂ ਤੇ ਜੇਲ 'ਚ ਕੈਦੀਆਂ ਨੂੰ ਸਾਡੀ ਜ਼ਰੂਰਤ ਹੈ, ਅਸੀਂ ਛੇਤੀ ਹੀ ਬਾਹਰ ਆ ਜਾਵਾਂਗੇ, ਕਰਤਾਰ ਨੂੰ ਚੇਤੇ ਰੱਖੋ।

ਅਖੀਰ ਮੀਆਂ ਮੀਰ, ਬਾਦਸ਼ਾਹ ਦੀ ਬੇਗਮ ਨੂਰਜਹਾਂ ਤੇ ਵਜ਼ੀਰ ਖਾਂ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ।ਇਹ ਹੁਕਮ ਲੈ ਕੇ ਵਜ਼ੀਰ ਖਾਨ ਗਵਾਲੀਅਰ ਦੇ ਕਿਲੇ 'ਚ ਪਹੁੰਚਿਆ ਪਰ ਗੁਰੂ ਜੀ ਨੇ ਵਜ਼ੀਰ ਖਾਨ ਨੂੰ ਕਹਿ ਦਿੱਤਾ ਕਿ ਅਸੀਂ ਇਕੱਲੇ ਬਾਹਰ ਨਹੀਂ ਜਾਵਾਂਗੇ ਬਲਕਿ 52 ਰਾਜਿਆਂ ਨੂੰ ਨਾਲ ਲੈ ਕੇ ਜਾਵਾਂਗੇ। ਵਜ਼ੀਰ ਖਾਨ ਨੇ ਇਹ ਗੱਲ ਦਿੱਲੀ ਆ ਕੇ ਬਾਦਸ਼ਾਹ ਨੂੰ ਸੁਣਾ ਦਿੱਤੀ। ਬਾਦਸ਼ਾਹ ਨੇ ਕਿਹਾ ਕਿ ਜਿੰਨੇ ਰਾਜੇ ਗੁਰੂ ਜੀ ਦਾ ਹੱਥ ਜਾਂ ਪੱਲਾ ਫੜ ਕੇ ਬਾਹਰ ਆ ਸਕਣ ਉਹ ਤਮਾਮ ਛੱਡ ਦਿੱਤੇ ਜਾਣ। ਉਸ ਸਮੇਂ ਗੁਰੂ ਜੀ 52 ਕਲੀਆਂ ਵਾਲਾ ਜਾਮਾ ਪਹਿਨਦੇ ਸਨ, ਜਿਨਾਂ ਲੜੀਆਂ ਨੂੰ ਫੜ ਕੇ 52 ਰਾਜੇ ਵੀ ਜੇਲ 'ਚੋਂ ਰਿਹਾ ਹੋ ਗਏ। ਉਸ ਦਿਨ ਤੋਂ ਆਪ ਜੀ ਦਾ ਨਾਂ 'ਬੰਦੀ ਛੋੜ' ਪੈ ਗਿਆ। ਉਸ ਕਿਲੇ 'ਚ ਇਕ ਤਾਲ ਦੇ ਕੰਢੇ ਲੋਹੇ ਦੀ ਫੱਟੀ ਉੱਪਰ ਅੱਜ ਵੀ 'ਬੰਦੀ ਛੋੜ ਦਾਤਾ' ਸ਼ਬਦ ਲਿਖੇ ਹੋਏ ਹਨ। ਗੁਰੂ ਜੀ ਗਵਾਲੀਅਰ ਦੇ ਕਿਲੇ ਤੋਂ ਦਿੱਲੀ ਪੁੱਜੇ ਅਤੇ ਮਜਨੂੰ ਦੇ ਟਿਲੇ 'ਤੇ ਜਾ ਕੇ ਠਹਿਰੇ। ਬਾਦਸ਼ਾਹ ਆਪ ਜੀ ਦੇ ਦਰਸ਼ਨਾਂ ਲਈ ਆਇਆ। ਵਜ਼ੀਰ ਖਾਂ ਦੇ ਸਾਰੀ ਗੱਲ ਦੱਸਣ 'ਤੇ ਬਾਦਸ਼ਾਹ ਜਹਾਂਗੀਰ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਬਾਰੇ ਉਸ ਨੂੰ ਗਲਤ ਖ਼ਬਰ ਦਿੱਤੀ ਗਈ ਸੀ। ਬਾਦਸ਼ਾਹ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਕਸ਼ਟ, ਤਸੀਹੇ ਦੇ ਕੇ ਸ਼ਹੀਦ ਕਰਨ ਦਾ ਸਾਰਾ ਦੋਸ਼ ਚੰਦੂ ਦੇ ਸਿਰ ਲਾਇਆ ਤੇ ਉਸ ਨੂੰ ਗੁਰੂ ਜੀ ਦੇ ਹਵਾਲੇ ਕਰ ਕੇ ਕਿਹਾ: ਤੁਸੀਂ ਇਸ ਤੋਂ ਬਦਲਾ ਲੈਣ ਲਈ ਜਿਵੇਂ ਚਾਹੋ ਇਸ ਨਾਲ ਸਲੂਕ ਕਰੋ। ਚੰਦੂ ਨੂੰ ਮੁਸ਼ਕਾਂ ਦੇ ਕੇ ਦਿੱਲੀ ਤੋਂ ਲਹੌਰ ਲਿਆ ਕੇ ਬਾਜ਼ਾਰਾਂ 'ਚ ਫਿਰਾਇਆ ਗਿਆ। ਚਾਰੋਂ ਤਰਫ਼ ਉਸ ਪ੍ਰਤੀ ਨਫ਼ਰਤ ਪੈਦਾ ਹੋ ਗਈ। ਗੁਰਦਿੱਤਾ ਭੜਭੂੰਜਾ, ਜਿਸ ਨੇ ਚੰਦੂ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਉੱਤੇ ਤੱਤੀ ਰੇਤ ਪਾਈ ਸੀ, ਉਸ ਨੇ ਇਸ ਪਾਪੀ ਨੂੰ ਉਹੀ ਰੇਤ ਪਾਉਣ ਵਾਲੇ ਕੜਛੇ ਨਾਲ ਕੁੱਟ ਕੁੱਟ ਕੇ ਮਾਰ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਨੇ ਲੋਹਗੜ, ਸ੍ਰੀ ਅਕਾਲ ਤਖਤ ਸਾਹਿਬ, ਡੇਹਰਾ ਸਾਹਿਬ ਲਾਹੌਰ, ਕੀਰਤਪੁਰ ਮਹਿਰਾਜ, ਕੌਲਸਰ, ਬਿਬੇਕਸਰ ਤੇ ਗੁਰੂਸਰ ਆਦਿ ਸਥਾਨ ਬਣਾਏ। ਉਨਾਂ ਮਨੁੱਖਤਾ ਦੀ ਆਜ਼ਾਦੀ ਅਤੇ ਸਵੈਮਾਣ ਲਈ ਜਬਰ ਤੇ ਜ਼ੁਲਮ ਵਿਰੁਧ ਚਾਰ ਯੁੱਧ ਲੜੇ।

ਜਹਾਂਗੀਰ ਦੀ ਮੌਤ ਪਿਛੋਂ ਫਰਵਰੀ 1628 ਵਿਚ ਸ਼ਾਹ ਜਹਾਨ ਦਿੱਲੀ ਦੇ ਤਖਤ 'ਤੇ ਬੈਠਾ। ਇਕ ਵਾਰ ਸ਼ਾਹ ਜਹਾਨ ਅੰਮ੍ਰਿਤਸਰ ਨੇੜੇ ਸ਼ਿਕਾਰ ਖੇਡ ਰਿਹਾ ਸੀ ਕਿ ਉਸ ਦਾ ਬਾਜ ਸਿੱਖਾਂ ਦੇ ਹੱਥ ਲੱਗ ਗਿਆ। ਬਾਦਸ਼ਾਹ ਨੇ ਸਿੱਖਾਂ ਕੋਲ ਬਾਜ ਵਾਪਸ ਕਰਨ ਲਈ ਆਪਣੇ ਬੰਦੇ ਭੇਜੇ ਪਰ ਸਿੱਖਾਂ ਨੇ ਨਾਂਹ ਕਰ ਦਿੱਤੀ। ਸ਼ਾਹ ਜਹਾਨ ਬਹੁਤ ਨਿਰਾਸ਼ ਹੋਇਆ ਤੇ ਲਾਹੌਰ ਦੇ ਫੌਜਦਾਰ ਮੁਖਲਿਸ ਖਾਂ ਨੂੰ 7000 ਫੌਜ ਦੇ ਕੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ। ਮੁਖਲਿਸ ਖਾਂ ਜੰਗ ਵਿਚ ਮਾਰਿਆ ਗਿਆ ਤੇ ਸ਼ਾਹੀ ਫੌਜ ਲਾਹੌਰ ਵੱਲ ਭੱਜ ਗਈ। ਇਹ ਲੜਾਈ 1631 ਵਿਚ ਹੋਈ। ਲੜਾਈ ਤੋਂ ਕੁਝ ਦੇਰ ਬਾਅਦ ਗੁਰੂ ਜੀ ਨੇ ਅੰਮ੍ਰਿਤਸਰ ਛੱਡਣ ਵਿਚ ਸਿਆਣਪ ਸਮਝੀ ਅਤੇ ਕਦੇ ਵਾਪਸ ਨਹੀਂ ਆਏ। ਉਹ ਆਦਿ ਗ੍ਰੰਥ ਪਹਿਲੀ ਵਾਰ ਆਪਣੇ ਨਾਲ ਲੈ ਗਏ ਤੇ ਪਰਿਵਾਰ ਸਮੇਤ ਕਰਤਾਰਪੁਰ ਚਲੇ ਗਏ।

ਗੁਰੂ ਸਾਹਿਬ ਜਦੋਂ ਕਰਤਾਰਪੁਰ ਸਨ ਤਾਂ ਇਕ ਦਿਨ ਸ਼ਿਕਾਰ ਖੇਡਦੇ ਬਿਆਸ ਦਰਿਆ ਦੇ ਕੰਢੇ ਰਮਣੀਕ ਸਥਾਨਕ ਪੁਰਾਤਨ ਪਿੰਡ ਰੁਹੇਲਾ ਪਹੁੰਚੇ। ਗੁਰੂ ਜੀ ਨੇ ਇਸ ਸਥਾਨ 'ਤੇ ਹਰਗੋਬਿੰਦਪੁਰ ਨਗਰ ਵਸਾਉਣਾ ਚਾਹਿਆ। ਪਿੰਡ ਦੇ ਵਸਨੀਕ ਖੁਸ਼ ਸਨ ਪਰ ਮੁਖੀਆ ਭਗਵਾਨ ਦਾਸ ਘੇਰੜ ਖੁਸ਼ ਨਹੀਂ ਸੀ। ਉਸ ਨੇ ਗੁਰੂ ਜੀ ਦੀ ਸ਼ਾਨ ਵਿਚ ਕੁਝ ਅਪਮਾਨਜਨਕ ਸ਼ਬਦ ਕਹੇ। ਸਿੱਖਾਂ ਨੇ ਬਰਦਾਸ਼ਤ ਨਾ ਕੀਤਾ ਤੇ ਭਗਵਾਨ ਦਾਸ ਨੂੰ ਮਾਰ ਕੇ ਦਰਿਆ ਵਿਚ ਸੁੱਟ ਦਿੱਤਾ। ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਖਾਂ ਨਾਲ ਗੁਰੂ ਜੀ ਨੂੰ ਜ਼ਿੰਦਾ ਫੜਨ ਅਤੇ ਮਾਰਨ ਦੀ ਸਾਜ਼ਿਸ਼ ਕੀਤੀ। ਅਬਦੁੱਲਾ ਖਾਂ ਨੇ ਚਾਰ ਹਜ਼ਾਰ ਸ਼ਾਹੀ ਫੌਜੀ ਲੈ ਕੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਘਮਸਾਣ ਦੀ ਲੜਾਈ ਹੋਈ। ਭਾਈ ਬਿਧੀ ਚੰਦ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਮੁਗਲ ਫੌਜਾਂ ਨੂੰ ਭਾਜੜਾਂ ਪੈ ਗਈਆਂ। ਸੂਬੇਦਾਰ ਅਬਦੁੱਲਾ ਖਾਂ, ਉਸ ਦੇ ਦੋ ਪੁੱਤਰ ਤੇ ਪੈਰੋਕਾਰ ਮਾਰੇ ਗਏ। ਮੁਗਲ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਇਹ ਸਤੰਬਰ 1630 ਦੀ ਗੱਲ ਹੈ।

ਕਾਬਲ ਤੋਂ ਦੋ ਮਸੰਦ-ਬਖਤ ਮੱਲ ਤੇ ਤਾਰਾ ਚੰਦ ਗੁਰੂ ਜੀ ਲਈ ਵਧੀਆ ਨਸਲ ਦੇ ਦੋ ਘੋੜੇ-ਦਿਲਬਾਗ ਤੇ ਗੁਲਬਾਗ ਤੋਹਫੇ ਵਜੋਂ ਲਿਆਏ। ਇਹ ਘੋੜੇ ਬੜੇ ਦੁਰਲੱਭ ਤੇ ਫੁਰਤੀਲੇ ਸਨ। ਮੁਗਲਾਂ ਨੇ ਘੋੜੇ ਮਸੰਦਾਂ ਤੋਂ ਖੋਹ ਕੇ ਲਾਹੌਰ ਸ਼ਾਹੀ ਅਸਤਬਲ ਵਿਚ ਭੇਜ ਦਿੱਤੇ। ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਅਤੇ ਲਾਹੌਰੋਂ ਘੋੜੇ ਵਾਪਸ ਲਿਆਉਣ ਲਈ ਤੋਰ ਦਿਤਾ। ਭਾਈ ਬਿਧੀ ਚੰਦ ਦੋਵੇਂ ਘੋੜੇ ਲਾਹੌਰ ਦੇ ਅਸਤਬਲ ਵਿਚੋਂ ਲਿਜਾਣ ਵਿਚ ਸਫਲ ਹੋ ਗਿਆ। ਸੂਬੇਦਾਰ ਨੇ ਘੋੜਿਆਂ ਦੀ ਸੂਹ ਮਿਲਣ 'ਤੇ ਲੱਲਾ ਬੇਗ ਤੇ ਕਮਰ ਬੇਗ ਨੂੰ ਦਸ ਹਜ਼ਾਰ ਫੌਜ ਦੇ ਕੇ ਗੁਰੂ ਜੀ ਪਾਸੋਂ ਘੋੜੇ ਵਾਪਸ ਲਿਆਉਣ ਲਈ ਭੇਜ ਦਿੱਤਾ। ਸ਼ਾਹੀ ਫੌਜ ਦੇ ਆਉਣ ਬਾਰੇ ਪਤਾ ਲੱਗਣ 'ਤੇ ਗੁਰੂ ਜੀ ਨੇ ਪਿੰਡ ਨਿਥਾਣੇ ਨੇੜੇ ਪਾਣੀ ਦੀ ਢਾਬ ਕੋਲ ਮੋਰਚੇ ਲਾ ਲਏ। ਦੋਵੇਂ ਪਾਸੇ ਬਹੁਤ ਨੁਕਸਾਨ ਹੋਇਆ। ਲੱਲਾ ਬੇਗ ਤੇ ਕਮਰ ਬੇਗ ਜੰਗ ਵਿਚ ਮਾਰੇ ਗਏ ਤੇ ਸ਼ਾਹੀ ਫੌਜ ਲਾਹੌਰ ਵੱਲ ਭੱਜ ਗਈ।

ਕੁਝ ਸਮਾਂ ਸ਼ਾਂਤੀ ਨਾਲ ਬੀਤਿਆ। ਤਿੰਨ ਸਾਲ ਬਾਅਦ ਸਿੱਖਾਂ ਤੇ ਮੁਗਲ ਫੌਜਾਂ ਵਿਚਕਾਰ ਫਿਰ ਲੜਾਈ ਸ਼ੁਰੂ ਹੋ ਗਈ। ਇਹ ਲੜਾਈ ਗੁਰੂ ਘਰ ਦੇ ਧੋਖੇਬਾਜ਼ ਪੈਂਦੇ ਖਾਂ ਕਾਰਨ ਹੋਈ। ਪੈਂਦੇ ਖਾਂ ਬਹੁਤ ਲੰਮਾ, ਸੁਹਣਾ ਤੇ ਸਕਤੀਸ਼ਾਲੀ ਸੈਨਿਕ ਸੀ। ਉਸ ਦਾ ਗੁਰੂ ਜੀ ਨਾਲ ਝਗੜਾ ਸ਼ਾਹੀ ਬਾਜ਼ ਕਾਰਨ ਹੋਇਆ। ਗੁਰੂ ਜੀ ਨੇ ਉਸ ਦੀਆਂ ਸੇਵਾਵਾਂ ਖਤਮ ਕਰ ਕੇ ਦਰਬਾਰ ਵਿਚੋਂ ਕੱਢ ਦਿੱਤਾ। ਉਹ ਸ਼ਾਹੀ ਫੌਜ ਵਿਚ ਭਰਤੀ ਹੋ ਗਿਆ। ਪੈਂਦੇ ਖਾਂ ਨੇ ਬਾਦਸ਼ਾਹ ਨੂੰ ਭੜਕਾਇਆ। ਬਾਦਸ਼ਾਹ ਨੇ ਬਹੁਤ ਵੱਡੀ ਮੁਹਿੰਮ ਪੈਂਦੇ ਖਾਂ ਤੇ ਕਾਲੇ ਖਾਂ ਦੀ ਕਮਾਂਡ ਹੇਠ ਗੁਰੂ ਜੀ ਵਿਰੁਧ ਕਰਤਾਰਪੁਰ ਭੇਜੀ। ਪੈਂਦੇ ਖਾਂ ਤੇ ਕਾਲੇ ਖਾਂ ਨੇ ਕਰਤਾਰਪੁਰ ਨੂੰ ਘੇਰ ਲਿਆ। ਭਾਈ ਬਿਧੀ ਚੰਦ ਤੇ ਭਾਈ ਗੁਰਦਿੱਤਾ ਨੇ ਮੁਗਲ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਜੰਗ ਬੜੀ ਭਿਆਨਕ ਤੇ ਖੁੱਲੀ ਸੀ। ਪੈਂਦੇ ਖਾਂ ਤੇ ਕਾਲੇ ਖਾਂ ਗੁਰੂ ਜੀ ਹੱਥੋਂ ਮਾਰੇ ਗਏ। ਸ਼ਾਹੀ ਫੌਜ ਜਿਧਰੋਂ ਆਈ ਸੀ, ਹਾਰ ਕੇ ਉਧਰ ਭੱਜ ਗਈ। ਇਸ ਤਰਾਂ ਮੁਗਲ ਕੋਈ ਵੀ ਫੈਸਲਾਕੁਨ ਜਿੱਤ ਪ੍ਰਾਪਤ ਨਹੀਂ ਕਰ ਸਕੇ। ਗੁਰੂ ਹਰਿਗੋਬਿੰਦ ਸਾਹਿਬ ਇਨਾਂ ਲੜਾਈਆਂ ਕਾਰਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵੱਲ ਵਧੇਰੇ ਧਿਆਨ ਨਾ ਦੇ ਸਕੇ। ਉਨਾਂ ਆਪਣੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਸ਼ਾਂਤਮਈ ਸਥਾਨ 'ਤੇ ਜਾਣਾ ਠੀਕ ਸਮਝਿਆ। ਕਹਿਲੂਰ ਦਾ ਰਾਜਾ ਉਨਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਗੁਰੂ ਜੀ ਨੂੰ ਚੋਖੀ ਜਮੀਨ ਦੇ ਦਿੱਤੀ। ਇਸ ਸਥਾਨ 'ਤੇ ਉਨਾਂ ਕੀਰਤਪੁਰ ਸਾਹਿਬ ਵਸਾਇਆ। ਉਨਾਂ ਦੇ ਪੁੱਤਰ ਭਾਈ ਗੁਰਦਿੱਤਾ ਦਾ ਇਹ ਨਗਰ ਵਸਾਉਣ ਵਿਚ ਬਹੁਤ ਯੋਗਦਾਨ ਹੈ। ਉਨਾਂ ਨੇ ਜੰਗੀ ਨੀਤੀ ਤਿਆਗ ਕੇ ਸਿੱਖੀ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਨਾਂ ਨੇ 1636 ਵਿਚ ਬਾਬਾ ਗੁਰਦਿੱਤਾ ਨੂੰ ਵੱਖ ਵੱਖ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਫੂਲ, ਅਲਮਸਤ, ਗੋਂਦਾ ਤੇ ਬਲੂ ਹਸਨ ਪ੍ਰਚਾਰਕ ਨਿਯੁਕਤ ਕੀਤੇ।

ਪਰਿਵਾਰਿਕ ਰਿਸ਼ਤੇ: ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਡੱਲਾ ਨਿਵਾਸੀ ਸ੍ਰੀ ਨਰਾਇਣ ਦਾਸ ਦੀ ਸਪੁੱਤਰੀ ਮਾਤਾ ਦਮੋਦਰੀ ਜੀ ਨਾਲ ਸੰਮਤ 1661 (ਸੰਨ 1604) ਵਿੱਚ ਹੋਇਆ, ਜਿਨਾਂ ਦੀ ਕੁੱਖੋਂ ਹੇਠ ਲਿਖੀ ਸੰਤਾਨ ਨੇ ਜਨਮ ਲਿਆ :

(1). ਬਾਬਾ ਗੁਰਦਿੱਤਾ ਜੀ: ਇਹ ਗੁਰੂ ਸਾਹਿਬ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। ਇਨਾਂ ਦਾ ਜਨਮ ਕੱਤਕ ਸੁਦੀ 15, ਸੰਮਤ 1670 (ਸੰਨ 1613) ਨੂੰ ਇਨਾਂ ਦੇ ਮਾਸੀ ਜੀ ਦੇ ਪਿੰਡ ਡਰੋਲੀ, ਜ਼ਿਲਾ ਫਿਰੋਜਪੁਰ 'ਚ ਹੋਇਆ। ਬਾਬਾ ਗੁਰਦਿੱਤਾ ਜੀ ਧਾਰਮਿਕ ਅਤੇ ਸ਼ਸਤਰ ਵਿਦਿਆ 'ਚ ਬੜੇ ਨਿਪੁੰਨ ਸਨ। ਗੁਰੂ ਸਾਹਿਬ ਜੀ ਦੇ ਨਾਲ ਜੁੱਧਾਂ 'ਚ ਆਪ ਨੂੰ ਵੀਰਤਾ ਵਿਖਾਉਣ ਦਾ ਮੌਕਾ ਮਿਲਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਬਾਬਾ ਗੁਰਦਿੱਤਾ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਸੇਵਾ ਲਈ ਸਪੁਰਦ ਕੀਤਾ ਗਿਆ। ਆਪ ਜੀ ਦਾ ਵਿਆਹ 21 ਵੈਸਾਖ ਸੰਮਤ 1681 ਵਿੱਚ ਸ੍ਰੀ ਨਿਹਾਲ ਕੌਰ (ਅਨੰਤੀ) ਜੀ ਨਾਲ ਹੋਇਆ। ਇਨਾਂ ਦੀ ਕੁੱਖ ਤੋਂ ਦੋ ਸਪੁੱਤਰ ਬਾਬਾ ਧੀਰਮੱਲ ਤੇ (ਗੁਰੂ) ਹਰਿਰਾਇ ਸਾਹਿਬ ਜੀ ਨੇ ਜਨਮ ਲਿਆ। ਬਾਬਾ ਜੀ ਦਾ ਦੇਹਾਂਤ ਚੇਤ ਸੁਦੀ 10 ਸੰਮਤ 1695 (ਸੰਨ 1638) 'ਚ ਕੀਰਤਪੁਰ ਵਿੱਚ ਹੋਇਆ।

(2). ਬੀਬੀ ਵੀਰੋ ਜੀ: ਇਨਾਂ ਦਾ ਜਨਮ ਸੰਮਤ 1672 (ਸੰਨ 1615) 'ਚ ਅੰਮ੍ਰਿਤਸਰ ਵਿਖੇ ਹੋਇਆ। ਜਦ ਬੀਬੀ ਜੁਆਨ ਹੋਈ ਤਾਂ ਮਾਤਾ ਗੰਗਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਬੀਬੀ ਵੀਰੋ ਲਈ ਨੇਕ ਵਰ ਦੀ ਭਾਲ ਕਰਨੀ ਚਾਹੀਦੀ ਹੈ। ਗੁਰੂ ਜੀ ਨੇ ਕਿਹਾ : 'ਮਾਤਾ ਜੀ, ਕਰਤਾਰ ਸਭ ਕੰਮ ਸਵਾਰੇਗਾ।' ਕੁਝ ਦਿਨਾਂ ਮਗਰੋਂ ਮੈਲੇ ਜਿਹੇ ਕੱਪੜੇ ਪਾਈ ਤੇ ਆਪਣੇ ਜਵਾਨ ਪੁੱਤ ਨੂੰ ਨਾਲ ਲਾਈ ਬੈਠਾ ਇਕ ਬੰਦਾ ਗੁਰੂ ਜੀ ਦੀ ਨਜ਼ਰ ਪਿਆ। ਉਸ ਬੰਦੇ ਦਾ ਨਾਂ 'ਧਰਮਾ' ਤੇ ਮੁੰਡੇ ਦਾ ਨਾਂ 'ਸਾਧੂ' ਸੀ। ਗੁਰੂ ਜੀ ਨੇ ਬੀਬੀ ਵੀਰੋ ਦੀ ਮੰਗਣੀ 'ਸਾਧੂ' ਨਾਲ ਕਰ ਦਿੱਤੀ। ਬੀਬੀ ਜੀ ਦਾ ਵਿਆਹ 26 ਜੇਠ ਸੰਮਤ 1686 (ਸੰਨ 1629) 'ਚ ਹੋਇਆ।

ਬਾਕੀ ਸਫ਼ਾ 32 'ਤੇ

# ਦਰਬਾਰ ਸਾਹਿਬ ਹਮਲੇ ਬਾਰੇ ਜਾਂਚ ਦੀ ਲੋੜ

**- ਪ੍ਰੀਤਮ ਸਿੰਘ,**
**ਸਾਬਕਾ ਆਈ . ਏ . ਐਸ**

ਕੀ ਅਪਰੇਸ਼ਨ ਬਲਿਊ ਸਟਾਰ ਨੂੰ ਸਿੱਖ ਕੌਮ ਕਦੇ ਭੁਲਾ ਸਕੇਗੀ ? ਭਾਵੇਂ ਹਰ ਕੋਈ ਇਸਦਾ ਉੱਤਰ ਨਾਂਹ ਵਿੱਚ ਹੀ ਦੇਵੇਗਾ ਪਰ ਸਿੱਖ ਸਿਆਸਤਦਾਨਾਂ ਦਾ ਇਹ ਮਤ ਜਾਪਦਾ ਹੈ ਕਿ ਸਿੱਖ ਕੌਮ ਨੂੰ ਬਲੂ ਸਟਾਰ ਉਪਰੇਸ਼ਨ ਨੂੰ ਭੁਲਾ ਦੇਣਾ ਚਾਹੀਦਾ ਹੈ ਪਰ ਜਦੋਂ ਸਿੱਖ ਨੇਤਾਵਾਂ ਨੂੰ ਲੋੜ ਪਵੇ ਤਾਂ ਇਸ ਦੁਰਘਟਨਾ ਨੂੰ ਜ਼ਰੂਰ ਚੇਤੇ ਕਰ ਲੈਣਾ ਚਾਹੀਦਾ ਹੈ । ਇਸ ਵਿੱਚ ਸਿੱਖ ਕੌਮ ਦਾ ਭਲਾ ਹੈ । ਉਪਰੇਸ਼ਨ ਬਲਿਊ ਸਟਾਰ ਨੂੰ ਭੁੱਲ ਜਾਣ ਦੇ ਹੱਕ ਵਿੱਚ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਸ ਨਾਲ ਜ਼ਖ਼ਮ ਮੁੜ ਹਰੇ ਹੋ ਜਾਣਗੇ ਅਤੇ ਪ੍ਰਾਂਤ ਵਿੱਚ ਜੋ ਅਮਨ ਚੈਨ ਦਾ ਮਾਹੌਲ ਬਣਿਆ ਹੋਇਆ ਹੈ ਉਹ ਤਬਾਹ ਹੋ ਜਾਵੇਗਾ । ਜਦੋਂ ਜਲਿਆਂਵਾਲਾ ਬਾਗ ਦਾ ਸਾਕਾ ਹੋਇਆ ਸੀ ਅਤੇ ਹਰ ਪਾਸਿਓਂ ਇਹ ਮੰਗ ਉੱਠੀ ਸੀ ਕਿ ਇਸ ਕਤਲੇਆਮ ਦੀ ਪੜਤਾਲ ਹੋਣੀ ਚਾਹੀਦੀ ਹੈ ਤਾਂ ਅੰਗਰੇਜ਼ ਸਰਕਾਰ ਵਲੋਂ ਵੀ ਇਹੋ ਦਲੀਲ ਦਿੱਤੀ ਗਈ ਸੀ ਪਰ ਪਿੱਛੋਂ ਮਜਬੂਰ ਹੋ ਕੇ ਹੰਟਰ ਕਮਿਸ਼ਨ ਨਿਯੁਕਤ ਕਰਨਾ ਪਿਆ ਸੀ । ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਅਕਾਲੀ ਪਾਰਟੀ ਜਿਸਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਲੋਕਾਂ ਨਾਲ ਇਹ ਵਚਨ ਕੀਤਾ ਸੀ ਕਿ ਜੇ ਸੱਤਾ ਉਸਦੇ ਹੱਥ ਆਈ ਤਾਂ ਉਹ ਇੱਕ ਪੜਤਾਲੀਆ ਕਮਿਸ਼ਨ ਨਿਯੁਕਤ ਕਰਕੇ ਇਸ ਸਾਰੇ ਮਾਮਲੇ ਦੀ ਪੜਤਾਲ ਕਰਵਾਏਗੀ , ਇਸ ਵਚਨ ਨੂੰ ਭੁੱਲ ਗਈ ਅਤੇ ਪੜਤਾਲ ਨਾ ਕਰਵਾਉਣ ਦੇ ਹੱਕ ਵਿੱਚ ਓਹੋ ਦਲੀਲ ਦੇਣ ਲੱਗ ਪਈ ਜੋ ਅੰਗਰੇਜ਼ ਨੇ ਦਿੱਤੀ ਸੀ ਪਰ ਜਦੋਂ ਚੋਣਾਂ ਲਾਗੇ ਆ ਗਈਆਂ ਤਾਂ ਵਿਧਾਨ ਸਭਾ ਸਮਾਗਮ ਵਿੱਚ ਬਲਿਊ ਸਟਾਰ ਉਪਰੇਸ਼ਨ ਦੀ ਨਿਖੇਧੀ ਦਾ ਮਤਾ ਪਾਸ ਕਰਵਾ ਦਿੱਤਾ ਪਰ ਜਾਂਚ ਕਮਿਸ਼ਨ ਦੀ ਨਿਯੁਕਤੀ ਦੇ ਵਚਨ ਨੂੰ ਇੱਕ ਵਾਰ ਫਿਰ ਵਿਸਾਰ ਦਿੱਤਾ ।

ਬਲਿਊ ਸਟਾਰ ਉਪਰੇਸ਼ਨ ਕਿਨਾਂ ਕਾਰਨਾਂ ਕਰਕੇ ਹੋਇਆ ਸੀ ਇਸ ਪ੍ਰਸ਼ਨ ਦਾ ਉੱਤਰ ਸਰਕਾਰ ਨੇ 10 ਜੁਲਾਈ 1984 ਨੂੰ ਇੱਕ ਵਾਈਟ ਪੇਪਰ ਜਾਰੀ ਕਰਕੇ ਦਿੱਤਾ ਸੀ । ਪਰ ਅਕਾਲੀ ਪਾਰਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਇੱਕ ਝੂਠ ਦਾ ਪੁਲੰਦਾ ਗਰਦਾਨ ਕੇ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੇ ਵਲੋਂ ਇਕ ਵਾਈਟ ਪੇਪਰ ਜਾਰੀ ਕਰਕੇ ਅਸਲ ਹਾਲਾਤ ਤੋਂ ਲੋਕਾਂ ਨੂੰ ਜਾਣੂੰ ਕਰਵਾਏਗੀ । ਸਰਕਾਰੀ ਵਾਈਟ ਪੇਪਰ ਦੇ ਜਾਰੀ ਹੋਣ ਤੋਂ 12 ਸਾਲ ਬਾਅਦ ਯਾਨੀ 1996 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਵਾਈਟ ਪੇਪਰ ਪ੍ਰਕਾਸ਼ਿਤ ਹੋਇਆ । ਸਰਕਾਰੀ ਵਾਈਟ ਪੇਪਰ ਕੁਲ 165 ਪੰਨੇ ਦਾ ਸੀ ਪਰ ਸ਼੍ਰੋਮਣੀ ਕਮੇਟੀ ਦਾ ਵਾਈਟ ਪੇਪਰ 451 ਪੰਨਿਆਂ ਦਾ ਸੀ । ਐਡੇ ਲੰਬੇ ਚੌੜੇ ਵਾਈਟ ਪੇਪਰ ਦੇ ਪ੍ਰਕਾਸ਼ਿਤ ਹੋਣ ਦੇ ਬਾਵਜੂਦ ਅੱਜ ਤੱਕ ਲੋਕਾਂ ਨੂੰ ਅਸਲ ਹਾਲਾਤ ਦੀ ਜਾਣਕਾਰੀ ਨਹੀਂ ਮਿਲੀ । ਇਸ ਵਾਈਟ ਪੇਪਰ ਵਿਚ ਕੁਝ ਵੀ ਅਜਿਹਾ ਨਹੀਂ ਸੀ ਜੋ ਕਿ ਪਹਿਲਾਂ ਅਖ਼ਬਾਰਾਂ ਵਿਚ ਨਹੀਂ ਛਪ ਚੁੱਕਾ ਸੀ । ਬਹੁਤਾ ਕੁਝ ਡਾ . ਗੁਰਦਰਸ਼ਨ ਸਿੰਘ ਢਿੱਲੋਂ ਦੀ ਕਿਤਾਬ ' ਭਾਰਤ ਦੀ ਆਤਮ ਹੱਤਿਆ ਵਿਚੋਂ ਹੀ ਇਨ ਬਿਨ ਨਕਲ ਕੀਤਾ ਗਿਆ ਸੀ । ਇਸ ਲਈ ਪਰਨਾਲਾ ਉੱਥੇ ਦਾ ਉੱਥੇ ਹੀ ਰਹਿ ਗਿਆ ।

ਸ਼੍ਰੋਮਣੀ ਕਮੇਟੀ ਦੇ ਵਾਈਟ ਪੇਪਰ ' ਪੰਜਾਬ ਸਬੰਧੀ ਸੱਚ ਦੀ ਭੂਮਿਕਾ ਵਿੱਚ ਸ਼੍ਰੋਮਣੀ ਕਮੇਟੀ ਦੇ ਉਦੋਂ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਲਿਖਿਆ , ' ਜਨਤਾ ਦੀ ਜਾਣਕਾਰੀ ਲਈ ਅਤੇ ਆਉਣ ਵਾਲੀਆਂ ਪੀੜੀਆਂ ਲਈ ਸਹੀ ਤੱਥ ਪ੍ਰਸਤੁਤ ਕਰਨੇ ਹੀ ਪੈਣੇ ਹਨ ਪਰ ਉਸ ਲੰਬੇ ਇਤਿਹਾਸ ਦਾ ਪੂਰਾ ਚਿੱਠੀ ਲਿਖਣ ਲਈ ਕਈ ਗ੍ਰੰਥ ਲਿਖਣ ਦੀ ਲੋੜ ਹੈ ਜਿਸ ਵਿੱਚ ਦਗਾ , ਵਿਤਕਰਾ , ਸਿਆਸੀ ਚਾਲਬਾਜ਼ੀ , ਅੰਧਕਾਰਮਈ ਸਾਜਿਸ਼ , ਖੋਖਲੀ ਸੁਲਾ ਸਫਾਈ ਅਤੇ ਜਬਰ ਤੋਂ ਕੰਮ ਲਿਆ ਗਿਆ । ਜਿਸਦਾ ਨਤੀਜਾ ਸਿੱਖਾਂ ਨੂੰ ਪੰਜ ਦਹਾਕੇ ਤੋਂ ਵੀ ਵੱਧ ਸਮੇਂ ਲਈ ਲਹੂ , ਹੰਝੂ , ਮਾਨਸਿਕ ਪੀੜਾ ਅਤੇ ਤਸ਼ੱਦਦ ਦੀ ਸੂਰਤ ਵਿੱਚ ਝੱਲਣਾ ਪਿਆ । ਇਸ ਤੋਂ ਵੀ ਵੱਧ ਅੜਚਨ ਇਹ ਹੈ ਕਿ ਜਿੰਨਾ ਪੂਰੀ - ਪੂਰੀ ਜਾਣਕਾਰੀ ਇਕੱਤਰ ਕਰਨਾ ਸੰਭਵ ਨਹੀਂ ਜਾਪਦਾ । ਇਹ ਦਸਤਾਵੇਜ਼ ਸਬੰਧਤ ਸਬੂਤਾਂ ਦੇ ਆਧਾਰ ' ਤੇ ਤਿਆਰ ਕੀਤਾ ਗਿਆ ਹੈ ਤਾਂ ਜੋ ਉਨਾਂ ਸਾਰੀਆਂ ਅਵਾਜ਼ਾਂ ਨੂੰ ਜਾਗਰੁਕ ਕੀਤਾ ਜਾ ਸਕੇ ਜਿਹੜੀਆਂ ਹੱਕ ਅਤੇ ਇਨਸਾਫ ਲਈ ਸੰਘਰਸ਼ ਕਰ ਰਹੀਆਂ ਹਨ । ਪਰ ਇਹ ਦੇਖ ਕੇ ਬੜਾ ਅਫਸੋਸ ਹੁੰਦਾ ਹੈ ਕਿ ਜਦੋਂ ਫਰਵਰੀ 1997 ਵਿਚ ਰਾਜ ਸੱਤਾ ਅਕਾਲੀਆਂ ਦੇ ਹੱਥ ਆ ਗਈ , ਜੇ ਉਹ ਉਪਰੇਸ਼ਨ ਬਲਿਊ ਸਟਾਰ ਸਬੰਧੀ ਸਹੀ ਹਾਲਾਤ ਜਾਨਣ ਦੇ ਇੱਛੁਕ ਹੁੰਦੇ ਤਾਂ ਉਸ ' ਸਰਕਾਰੀ ਰਿਕਾਰਡ ਤੱਕ ਉਨਾਂ ਦੀ ਰਸਾਈ ਹੋ ਗਈ ਸੀ । ਜਿਸਦੇ ਅਭਾਵ ਦਾ ਰੋਣਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣੀ ਭੂਮਿਕਾ ਵਿੱਚ ਰੋਇਆ ਹੈ । ਉਸ ਸਰਕਾਰੀ ਰਿਕਾਰਡ ਦੇ ਆਧਾਰ ' ਤੇ ਉਹ ਲੋਕਾਂ ਨੂੰ ਸਹੀ ਤੱਥਾਂ ਤੋਂ ਜਾਣੂ ਕਰਵਾ ਸਕਦੇ ਸਨ । ਜਦੋਂ 1917 ਵਿੱਚ ਰੂਸ ਵਿਚ ਸੋਵੀਅਤ ਇਨਕਲਾਬ ਆਇਆ ਸੀ ਤਾਂ ਲੈਨਿਨ ਨੇ ਆਪਣੀ ਪਹਿਲੀ ਫੁਰਸਤ ਵਿੱਚ ਉਨਾਂ ਸਭ ਗੁਪਤ ਸਮਝੌਤਿਆਂ ਨੂੰ ਪ੍ਰਕਾਸ਼ਿਤ ਕਰਨ ਦਾ ਕਾਰਜ ਕੀਤਾ ਸੀ ਜੋ ਜ਼ਾਰ ਸ਼ਾਹੀ ਨੇ ਰੂਸੀ ਲੋਕਾਂ ਦੇ ਹਿੱਤ ਵਿਰੁੱਧ ਗਵਾਂਢੀ ਰਾਜਾਂ ਨਾਲ ਕੀਤੇ ਹੋਏ ਸਨ । ਇਸ ਤਰਾਂ ਲੈਨਿਨ ਨੇ ਜ਼ਾਰ ਸ਼ਾਹੀ ਦੀਆਂ ਲੋਕ ਦੁਸ਼ਮਣ ਪਾਲਿਸੀਆਂ ਨੂੰ ਨੰਗਾ ਕੀਤਾ ਸੀ । ਇੱਕ ਹੋਰ ਸੱਜਰੀ ਮਿਸਾਲ ਨੈਲਸਨ ਮੰਡੇਲਾ ਦੀ ਹੈ । ਦੱਖਣੀ ਅਫਰੀਕਾ ਦੀ ਨਸਲ ਪ੍ਰਸਤ ਸਰਕਾਰ ਨੇ ਕਾਲੇ ਲੋਕਾਂ ਤੇ ਅਥਾਹ ਜ਼ੁਲਮ ਢਾਹੇ ਸਨ । ਨੈਲਸਨ ਮੰਡੇਲਾ ਨੇ ਆਪ ਵੀ ਤਿੰਨ ਦਹਾਕਿਆਂ ਤੋਂ ਵੀ ਵੱਧ ਜੇਲ ਵਿੱਚ ਤਸੀਹੇ ਝੱਲੇ ਸਨ । ਉਸਨੇ ਸੱਤਾ ਸੰਭਾਲਦਿਆਂ ਹੀ ਇਕ ਪੜਤਾਲੀਆ ਕਮਿਸ਼ਨ ਸਥਾਪਿਤ ਕਰ ਦਿੱਤਾ । ਇਸ ਕਮਿਸ਼ਨ ਦਾ ਨਾਂ ਸੀ ' ਟਰੁੱਥ ਐਂਡ ਰੀਕਾਂਸੀਲੀਏਸ਼ਨ ਕਮਿਸ਼ਨ ' ਨੈਲਸਨ ਮੰਡੇਲਾ ਦਾ ਮੱਤ ਸੀ ਕਿ ਜਿਸ ਨੌਕਰ ਸ਼ਾਹੀ ਅਤੇ ਰਾਜ ਸੱਤਾ ਨੇ ਉਸ ' ਤੇ ਅਤੇ ਉਸਦੇ ਲੋਕਾਂ ' ਤੇ ਜ਼ੁਲਮ ਢਾਹੇ ਹਨ , ਉਸ ਤੋਂ ਲੋਕਾਂ ਨੂੰ ਜਾਣੂ ਕਰਵਾਉਣਾ ਅਤਿ ਜ਼ਰੂਰੀ ਹੈ ਤਾਂ ਜੋ ਮੁੜ ਕੇ ਅਜਿਹਾ ਦੁਖਾਂਤ ਨਾ ਵਾਪਰੇ । ਲੋਕਾਂ ਨੂੰ ਸਹੀ ਹਾਲਾਤ ਦਾ ਪਤਾ ਜ਼ਰੂਰ ਲੱਗਣਾ ਚਾਹੀਦਾ ਹੈ ਅਤੇ ਜ਼ੁਲਮ ਜਬਰ ਨੂੰ ਨੰਗਾ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਜਿਨਾਂ ਨੇ ਪਾਪ ਕਮਾਏ ਹਨ ਉਹ ਆਪ ਹੀ ਸ਼ਰਮਸ਼ਾਰ ਜ਼ਰੂਰ ਹੋਣ ਭਾਵੇਂ ਉਨਾਂ ਵਿਰੁੱਧ ਬਦਲੇ ਦੀ ਕੋਈ ਕਾਰਵਾਈ ਨਾ ਹੀ ਕੀਤੀ ਜਾਵੇ । ਦੁਖਾਂਤ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਅਜਿਹਾ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਜ਼ਾਲਮ ਸਮਾਜ ਵਿਚ ਇੱਜ਼ਤਦਾਰ ਚੌਧਰੀ ਬਣ ਕੇ ਆਪਣੀ ਚੌਧਰ ਨਾ ਚਲਾਉਂਦੇ ਰਹਿਣ । ਪਰ ਪੰਜਾਬ ਵਿੱਚ ਰਾਜ ਸੱਤਾ ਅਕਾਲੀਆਂ ਦੇ ਹੱਥ ਆ ਜਾਣ ਦੇ ਬਾਵਜੂਦ ਅਜਿਹਾ ਕੁਝ ਨਹੀਂ ਵਾਪਰਿਆ ਅਤੇ ਜਿਨਾਂ ਲੋਕਾਂ ਨੇ ਬਲਿਊ ਸਟਾਰ ਦੀ ਪੀੜਾ ਆਪਣੇ ਪਿੰਡੇ ' ਤੇ ਹੰਢਾਈ ਹੈ ਉਹ ਚੁੱਪ ਕਰਕੇ ਅਜੇ ਤੱਕ ਖੂਨ ਦੇ ਹੰਝੂ ਰੋ ਰਹੇ ਹਨ ।

ਜੇਕਰ ਸਰਕਾਰ ਨੇ ਕੋਈ ਪੜਤਾਲੀਆ ਕਮਿਸ਼ਨ ਸਥਾਪਤ ਨਹੀਂ ਸੀ ਕਰਨਾ ਅਤੇ ਨਾ ਹੀ ਸਰਕਾਰੀ ਦਸਤਾਵੇਜ਼ਾਂ ਨੂੰ ਲੋਕਾਂ ਦੇ ਸਨਮੁੱਖ ਪ੍ਰਸਤੁਤ ਕਰਨਾ ਸੀ ਤਾਂ ਸ਼੍ਰੋਮਣੀ ਕਮੇਟੀ ਆਪਣੇ ਤੌਰ ' ਤੇ ਇੱਕ ' ਟਰੁੱਥ ਕਮਿਸ਼ਨ ਸਥਾਪਤ ਕਰ ਸਕਦੀ ਸੀ ਜੋ ਪਿੰਡ - ਪਿੰਡ ਜਾ ਕੇ ਉਨਾਂ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕਰਦਾ ਜਿਨਾਂ ਨੇ ਕਿ ਇਹ ਸਾਕਾ ਆਪਣੇ ਅੱਖੀਂ ਡਿੱਠਾ ਸੀ ਅਤੇ ਇਸ ਦੇ ਜ਼ੁਲਮ ਸਹਾਰੇ ਸਨ । ਪਰ ਅਜਿਹਾ ਵੀ ਨਹੀਂ ਹੋਇਆ । ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਵੇਂ ਸਿੱਖ ਕੌਮ ਦੇ ਸਾਹਮਣੇ ਮੁਲਜ਼ਮਾਂ ਦੇ ਕਟਹਿਰੇ ਵਿਚ ਖੜੇ ਸਨ । ਅਕਾਲੀ ਸਿੱਖ ਮਸਲੇ ਉਦੋਂ ਹੀ ਉਭਾਰਦੇ ਹਨ ਜਦੋਂ ਉਨਾਂ ਨੇ ਰਾਜ ਸੱਤਾ ਤੇ ਕਬਜ਼ਾ ਕਰਨਾ ਹੋਵੇ । ਜਦੋਂ ਇਹ ਮਤਲਬ ਪੂਰਾ ਹੋ ਜਾਂਦਾ ਹੈ ਤਾਂ ਸਾਰੇ ਮਸਲੇ ਭੁੱਲ ਜਾਂਦੇ ਹਨ ਅਤੇ ਜਨਤਾ ਦੇ ਦੁੱਖ ਵੀ ਵਿਸਰ ਜਾਂਦੇ ਹਨ ।

ਭਾਰਤ ਸਰਕਾਰ ਨੇ ਆਪਣੇ ਵਾਈਟ ਪੇਪਰ ਵਿੱਚ ਉਪਰੇਸ਼ਨ ਬਲਿਊ ਸਟਾਰ ਨੂੰ ਜਾਇਜ਼ ਠਹਿਰਾਉਣ ਲਈ ਜੋ ਮੁੱਖ ਕਾਰਨ ਦਿੱਤੇ ਹਨ । ਉਨਾਂ ਵਿਚੋਂ ਪਹਿਲੇ ਨੰਬਰ ' ਤੇ ਅਕਾਲ ਤਖ਼ਤ ਦੀ ਦੁਰਵਰਤੋਂ ਹੈ । ਹੁਣ ਇਹ ਸਵਾਲ ਪੈਦਾ ਹੋਣਾ ਕੁਦਰਤੀ ਹੈ ਕਿ ਜੇਕਰ ਸੰਤ ਭਿੰਡਰਾਂਵਾਲਿਆਂ ਦੀਆਂ ਸਰਗਰਮੀਆਂ ਹੀ ਉਪਰੇਸ਼ਨ ਬਲਿਊ ਸਟਾਰ ਦਾ ਮੁੱਖ ਕਾਰਨ ਸਨ ਤਾਂ ਕੀ ਉਨਾਂ ' ਤੇ ਕਾਬੂ ਪਾਉਣ ਲਈ ਅਪਰੇਸ਼ਨ ਬਲਿਊ ਸਟਾਰ ਤੋਂ ਬਗੈਰ ਹੋਰ ਵੀ ਕੋਈ ਕਾਰਵਾਈ ਹੋ ਸਕਦੀ ਸੀ ਜਾਂ ਨਹੀਂ ? ਇਸ ਪ੍ਰਸ਼ਨ ਦਾ ਉੱਤਰ ਸਰਦਾਰ ਗੁਰਦੇਵ ਸਿੰਘ ਤਦੋਂ ਕੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਬਿਆਨ ਤੋਂ ਮਿਲ ਜਾਂਦਾ ਹੈ । ਸ . ਗੁਰਦੇਵ ਸਿੰਘ ਜੁਲਾਈ 1983 ਤੋਂ 1984 ਤਕ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਹੇ । ' ਮੈਂ ਚੰਡੀਗੜ ਵਿਖੇ ਮੁੱਖ ਅਫਸਰਾਂ ਨੂੰ ਦੱਸ ਦਿੱਤਾ ਸੀ ਕਿ ਜੇ ਉਹ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਹੋਣ ਤਾਂ ਇਸ ਵਿੱਚ ਕੋਈ ਵੱਡੀ ਔਕੜ ਨਹੀਂ ਆਵੇਗੀ । ਮੇਰੇ ਸੂਹੀਆਂ ਨੇ ਇਹ ਦੱਸ ਦਿੱਤਾ ਸੀ ਕਿ ਦਰਬਾਰ ਸਾਹਿਬ ਵਿਚਲੇ ਖਾੜਕੂਆਂ ਕੋਲ ਦੋ ਤਿੰਨ ਸੌ ਤੋਂ ਵੱਧ ਬੰਦੂਕਾਂ ਨਹੀਂ ਸਨ । ਉਨਾਂ ਦੀਆਂ ਬੰਦੂਕਾਂ ਕੋਈ ਬਹੁਤੀਆਂ ਆਧੁਨਿਕ ਵੀ ਨਹੀਂ ਸਨ । ਬਾਅਦ ਵਿੱਚ ਫੌਜ ਨੇ ਸ਼ਿਕਾਇਤ ਕੀਤੀ ਕਿ ਉਨਾਂ ਨੂੰ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਸੀ । ਮੈਨੂੰ ਨਹੀਂ ਪਤਾ ਕਿ ਉਨਾਂ ਨੇ ਕਿਸ ਸੂਚਨਾ ਦੇ ਆਧਾਰ ' ਤੇ ਕਾਰਵਾਈ ਕੀਤੀ । ਉਸ ਵੇਲੇ ਦਰਬਾਰ ਸਾਹਿਬ ਅੰਦਰ ਅੱਧੀ ਦਰਜਨ ਤੋਂ ਵੱਧ ਸੂਹੀਆ ਏਜੰਸੀਆਂ ਸਰਗਰਮ ਸਨ ਅਤੇ ਬਹੁਤੀ ਵਾਰੀ ਇੱਕ ਦੂਜੇ ਨੂੰ ਕੱਟਣ ਵਿੱਚ ਰੁੱਝ ਜਾਂਦੀਆਂ ਸਨ । ਮੈਨੂੰ ਆਪਣੀ ਸੀ . ਆਈ . ਡੀ . ' ਤੇ ਵਿਸ਼ਵਾਸ ਸੀ । ਜੇ ਮੈਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਜਾਂਦੀਆਂ ਤਾਂ ਮੈਂ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਲਈ ਇੱਕ ਉਪਰੇਸ਼ਨ ਦਾ ਪ੍ਰਬੰਧ ਕਰ ਸਕਦਾ ਸੀ । ਪਰ ਮੁੱਖ ਮੰਤਰੀ ਦਰਬਾਰਾ ਸਿੰਘ , ਪੰਜਾਬ ਦਾ ਗਵਰਨਰ ਪਾਂਡੇ ਅਤੇ ਪੰਜਾਬ ਦੇ ਮੁੱਖ ਸਕੱਤਰ ਕੇ . ਡੀ . ਵਾਸੁਦੇਵਾ ਨੇ ਮੈਨੂੰ ਸਪੱਸ਼ਟ ਸ਼ਬਦਾਂ ਵਿੱਚ ਦੱਸ ਦਿੱਤਾ ਸੀ ਕਿ ਭਿੰਡਰਾਂਵਾਲੇ ਵਿਰੁੱਧ ਕਾਰਵਾਈ ਕਰਨ ਦੀ ਪਹਿਲ ਦਾ ਹੁਕਮ ਚੰਡੀਗੜ ਤੋਂ ਜਾਰੀ ਕੀਤਾ ਜਾਵੇਗਾ ਅਤੇ ਚੰਡੀਗੜ ਨੂੰ ਆਦੇਸ਼ ਦਿੱਲੀ ਤੋਂ ਪ੍ਰਾਪਤ ਹੁੰਦੇ ਹਨ । ਮੈਂ ਇਸ ਤਜਵੀਜ਼ ਦੀ ਮੁਖ਼ਾਲਫਤ ਕੀਤੀ ਕਿ ਫੌਜ ਬੁਲਾਈ ਜਾਵੇ । ਮੇਰੇ ਪਾਸ ਅਜਿਹਾ ਕਰਨ ਦੇ ਕਾਰਨ ਬਹੁਤ ਸਨ । ਜੇ ਦਰਬਾਰ ਸਾਹਿਬ ' ਤੇ ਛਾਪਾ ਮਾਰਿਆ ਜਾਣਾ ਸੀ ਤਾਂ ਉਸਦੀ ਸਫਲਤਾ ਲਈ ਸਥਾਨਕ ਪੁਲਿਸ ਦਾ ਸਹਿਯੋਗ ਨਿਰਣਾਇਕ ਸੀ । ਅੰਮ੍ਰਿਤਸਰ ਦੇ ਪੁਰਾਣੇ ਸ਼ਹਿਰ ਤੋਂ ਦਰਬਾਰ ਸਾਹਿਬ ਕੰਪਲੈਕਸ ਨੂੰ ਕਈ ਰਸਤੇ ਜਾਂਦੇ ਸਨ । ਇਸ ਔਕੜ ਤੋਂ ਇਲਾਵਾ ਇਕ ਵੱਡੀ ਸਮੱਸਿਆ ਇਹ ਸੀ ਕਿ ਦਰਬਾਰ ਸਾਹਿਬ ਪਰਿਸਰ ਪੁਰਾਣੇ ਸ਼ਹਿਰ ਨਾਲ ਉਨਾਂ ਮਕਾਨਾਂ ਦੀਆਂ ਭੁੱਲ ਭੁਲਈਆਂ ਸਦਕਾ ਜੁੜਿਆ ਹੋਇਆ ਸੀ ਜਿਨਾਂ ਦੀਆਂ ਪਿੱਠਾਂ ਆਪਸ ਵਿਚ ਮਿਲੀਆਂ ਹੋਈਆਂ ਸਨ । ਪੁਰਾਣੇ ਸ਼ਹਿਰ ਦੀ ਬਾਹਰਲੀ ਦੀਵਾਰ ਦੇ ਕਿਸੇ ਥਾਂ ਤੋਂ ਛੱਤਾਂ ਟੱਪ - ਟੱਪ ਕੇ ਦਰਬਾਰ ਸਾਹਿਬ ਤੱਕ ਪਹੁੰਚਿਆ ਜਾ ਸਕਦਾ ਸੀ ਅਤੇ ਇਸੇ ਤਰਾਂ ਦਰਬਾਰ ਸਾਹਿਬ ਵਿੱਚੋਂ ਫਰਾਰ ਹੋਇਆ ਜਾ ਸਕਦਾ ਸੀ । ਫੌਜ ਅਤੇ ਹੋਰ ਨੀਮ ਫੌਜੀ ਦਲ ਕਿਉਂਕਿ ਸ਼ਹਿਰ ਦੇ ਗਲੀ ਕੂਚਿਆਂ ਤੋਂ ਵਾਕਿਫ ਨਹੀਂ ਸਨ , ਇਸ ਲਈ ਉਹ ਖਾੜਕੂਆਂ ਨੂੰ ਦਰਬਾਰ ਸਾਹਿਬ ਵਿੱਚ ਬਾਹਰੋਂ ਪਹੁੰਚਣ ਅਤੇ ਫਿਰ ਉਥੋਂ ਫਰਾਰ ਹੋ ਜਾਣ ਤੋਂ ਰੋਕ ਨਹੀਂ ਸਨ ਸਕਦੇ । ਮੈਂ ਸਰਕਾਰ ਨੂੰ ਇਹ ਵੀ ਦੱਸ ਦਿੱਤਾ ਸੀ ਕਿ ਪੰਜਾਬ ਦੇ ਸਿੱਖ ਪੁਲਿਸ ਕਾਰਵਾਈ ਦੀ ਤੁਲਨਾ ਵਿੱਚ ਫੌਜੀ ਹਮਲੇ ਦਾ ਬਹੁਤ ਰੋਸ ਮਨਾਉਣਗੇ । ਜੇ ਦਰਬਾਰ ਸਾਹਿਬ ਵਿੱਚ ਫੌਜ ਦਾਖਲ ਹੋਈ ਤਾਂ ਦਰਬਾਰ ਸਾਹਿਬ ਉੱਤੇ ਵਿਦੇਸ਼ੀ ਧਾੜਵੀਆਂ ਦੇ ਹਮਲਿਆਂ ਦੀਆਂ ਯਾਦਾਂ ਫੇਰ ਹਰੀਆਂ ਹੋ ਜਾਣਗੀਆਂ । ਮੈਂ ਜਦੋਂ ਇਸ ਨੁਕਤੇ ' ਤੇ ਚਰਚਾ ਕੀਤੀ ਤਾਂ ਉਨਾਂ ਮੈਨੂੰ ਕਿਹਾ ' ਗੁਰਦੇਵ ਦੇਖੋ ਸਰਕਾਰ ਦੀ ਅਜਿਹੀ ਕੋਈ ਯੋਜਨਾ ਨਹੀਂ ' । ਮੈਂ ਗਵਰਨਰ ਨਾਲ ਇਸ ਮੁੱਦੇ ' ਤੇ ਬਹੁਤ ਵਾਰ ਚਰਚਾ ਕੀਤੀ ਪਰ ਫੇਰ ਮੈਨੂੰ ਜ਼ਰਾ ਮੁਹਤਾਤ ਹੋਣਾ ਪਿਆ ਜਦੋਂ ਮੈਨੂੰ ਇਹ ਚੇਤਾਵਨੀ ਦਿੱਤੀ ਗਈ ਕਿ ਏਨੀ ਵਾਰੀ ਇਸ ਮੁੱਦੇ ਨੂੰ ਦੁਹਰਾਉਣ ਨਾਲ ਗਲਤਫਹਿਮੀ ਪੈਦਾ ਹੋ ਸਕਦੀ ਹੈ ।

ਭਾਵੇਂ ਸਰਕਾਰ ਵਾਰ - ਵਾਰ ਐਲਾਨ ਕਰ ਰਹੀ ਸੀ ਉਸਦਾ ਦਰਬਾਰ ਸਾਹਿਬ ਵਿੱਚ ਫੌਜੀ ਕਾਰਵਾਈ ਕਰਨ ਦਾ ਕੋਈ ਇਰਾਦਾ ਨਹੀਂ ਪਰ ਵਿੱਚੋਂ ਵਿੱਚ ਇਸਦੀ ਤਿਆਰੀ ਵੀ ਚੱਲ ਰਹੀ ਸੀ । ਗੁਰਦੇਵ ਸਿੰਘ ਨੂੰ ਕਾਰਵਾਈ ਸਬੰਧੀ ਜਾਣਕਾਰੀ 3 ਜੂਨ ਨੂੰ ਮਿਲੀ ਜਦੋਂ ਉਸਨੇ ਅੰਮ੍ਰਿਤਸਰ ਛਾਉਣੀ ਵਿਖੇ ਫੌਜੀ ਜਰਨੈਲਾਂ ਦੀ ਇੱਕ ਮੀਟਿੰਗ ਵਿਚ ਸ਼ਮੂਲੀਅਤ ਕੀਤੀ । ਹੁਣ ਇਸ ਤੋਂ ਅੱਗੇ ਦੀ ਕਥਾ ਵਾਰਤਾ ਗੁਰਦੇਵ ਸਿੰਘ ਦੀ ਜ਼ੁਬਾਨੀ ਸੁਣੋ । ' 2 ਜੂਨ ਸਵੇਰੇ ਮੈਨੂੰ ਮੀਟਿੰਗ ਵਿਚ ਸ਼ਾਮਲ ਹੋਣ ਦਾ ਸੱਦਾ ਮਿਲਿਆ । ਇਸ ਤੋਂ ਪਹਿਲਾਂ ਫੌਜੀ ਜਰਨੈਲਾਂ ਨੇ ਸਿਵਲ ਪ੍ਰਸ਼ਾਸ਼ਨ ਨੂੰ ਵਿਸ਼ਵਾਸ ਵਿੱਚ ਲੈ ਕੇ ਇਹ ਦੱਸਣ ਦੀ ਖੇਚਲ ਨਹੀਂ ਸੀ ਕੀਤੀ ਕਿ ਬਲਿਊ ਸਟਾਰ ਅਪਰੇਸ਼ਨ ਹੋਣ ਵਾਲਾ ਹੈ ਪਰ ਮੈਂ ਆਪ ਇਹ ਭਾਂਪ ਗਿਆ ਸੀ ਕਿ ਕੁਝ ਬਹੁਤ ਹੀ ਭਿਆਨਕ ਵਾਪਰਨ ਵਾਲਾ ਹੈ । ਦਸੰਬਰ 1983 ਦੇ ਆਰੰਭ ਵਿੱਚ ਹੀ ਮੈਂ ਜ਼ਿਲੇ ਦੇ ਆਪਣੇ ਸਰਕਾਰੀ ਦੌਰਿਆਂ ਸਮੇਂ ਇਹ ਗੱਲ ਨੋਟ ਕੀਤੀ ਸੀ ਕਿ ਫੌਜੀ ਕਾਰਵਾਈ ਲਈ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ । ਸੇਵਾ ਨਿਭਾ ਰਹੇ ਕਈ ਫੌਜੀ ਅਫਸਰਾਂ ਨਾਲ ਮੇਰੀ ਜਾਣ ਪਛਾਣ ਸੀ । ਇਹ ਵੀ ਆਮ ਅਫਵਾਹ ਸੀ ਕਿ ਦਰਬਾਰ ਸਾਹਿਬ ' ਤੇ ਹਮਲਾ ਕਰਨ ਲਈ ਫੌਜ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ । ਉਪਰੇਸ਼ਨ ਤੋਂ ਪਹਿਲਾਂ ਜਨਰਲ ਵੈਦਿਆ ਆਪ ਵੀ ਤਿੰਨ ਚਾਰ ਮਹੀਨੇ ਪਹਿਲਾਂ ਅੰਮ੍ਰਿਤਸਰ ਆਇਆ ਸੀ । ਇਸ ਫੌਜੀ ਕਾਰਵਾਈ ਨੂੰ ਨੇਪਰੇ ਚਾੜਨ ਲਈ ਸਾਰੇ ਚੋਟੀ ਦੇ ਜਰਨੈਲ ਅੰਮ੍ਰਿਤਸਰ ਪੁੱਜੇ ਹੋਏ ਸਨ । ਮੈਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਏਡੀ ਭਾਰੀ ਗਿਣਤੀ ਵਿੱਚ ਉਹ ਅੰਮ੍ਰਿਤਸਰ ਵਿਖੇ ਕੀ ਕਰ ਰਹੇ ਹਨ ਪਰ ਇਸ ਗੱਲ ਦੀ ਆਮ ਜਾਣਕਾਰੀ ਸੀ ਕਿ ਉਹ ਅੰਮ੍ਰਿਤਸਰ ਵਿਖੇ ਕਿਸੇ ਕਠੋਰ ਕਾਰਵਾਈ ਦੀ ਯੋਜਨਾ ਬਣਾ ਰਹੇ ਸਨ । ਪਿਛਲੇ ਕਈ ਮਹੀਨਿਆਂ ਤੋਂ ਜਰਨਲ ਬਰਾੜ , ਜਿਸਦਾ ਹੈਡ ਕਵਾਟਰ ਮੇਰਠ ਵਿਖੇ ਸੀ ਅਤੇ ਉਹ 9ਵੀਂ ਡਵੀਜ਼ਨ ਦਾ ਕਮਾਂਡਰ ਸੀ , ਅੰਮ੍ਰਿਤਸਰ ਦੇ ਬਹੁਤ ਚੱਕਰ ਲਗਾ ਰਿਹਾ ਸੀ । ਮੇਰੀ ਉਸ ਨਾਲ ਇਕ ਮੁਲਾਕਾਤ ਮੇਜਰ ਜਨਰਲ ਜਮਵਾਲ ਦੀ ਕੋਠੀ ' ਤੇ ਹੋਈ ਸੀ । ਜਮਵਾਲ ਅੰਮ੍ਰਿਤਸਰ ਵਿਚ ਫੌਜ ਦਾ ਮੁਖੀ ਸੀ । ਛਾਉਣੀ ਵਿੱਚ ਇੱਕ ਕੰਟਰੋਲ ਰੂਮ ਸਥਾਪਤ ਕਰ ਦਿੱਤਾ ਗਿਆ ਸੀ । ਜਦੋਂ ਉਥੇ ਮੀਟਿੰਗ ਵਿੱਚ ਸ਼ਾਮਲ ਹੋਣ ਦਾ ਮੈਨੂੰ ਸੱਦਾ ਮਿਲਿਆ ਤਾਂ ਮੈਂ ਗਵਰਨਰ ਪੰਜਾਬ ਨੂੰ ਟੈਲੀਫੋਨ ਕੀਤਾ । ਮੈਂ ਉਨਾਂ ਨੂੰ ਬੇਨਤੀ ਕੀਤੀ ਕਿ ਮੇਰਾ ਜ਼ਮੀਰ ਮੈਨੂੰ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਕਿ ਮੈਂ ਦਰਬਾਰ ਸਾਹਿਬ ' ਤੇ ਫੌਜੀ ਹਮਲੇ ਦੀ ਕਾਰਵਾਈ ਵਿੱਚ ਸ਼ਾਮਲ ਹੋਵਾਂ । ਮੈਂ ਇਸ ਗੱਲੋਂ ਉਨਾਂ ਦਾ ਸ਼ੁਕਰ ਗੁਜ਼ਾਰ ਹਾਂ ਕਿ ਮੇਰੀ ਅੰਮ੍ਰਿਤਸਰ ਦੀ ਨਿਯੁਕਤੀ ਤੋਂ ਉਨਾਂ ਝੱਟ - ਪੱਟ ਫਾਰਗ ਕਰ ਦਿੱਤਾ । ਮੈਨੂੰ ਚਾਰ ਮਹੀਨੇ ਦੀ ਛੁੱਟੀ ਇਸ ਸ਼ਰਤ ਉੱਤੇ ਦਿੱਤੀ ਗਈ ਕਿ ਮੈਂ ਤੁਰੰਤ ਵਿਦੇਸ਼ ਚਲਿਆ ਜਾਵਾਂਗਾ ਅਤੇ ਪ੍ਰੈੱਸ ਵਿਚ ਕੋਈ ਗਲਬਾਤ ਨਹੀਂ ਕਰਾਂਗਾ । ਮੇਰੀ ਥਾਂ ' ਤੇ ਰਮੇਸ਼ ਇੰਦਰ ਸਿੰਘ 3 ਜੂਨ ਨੂੰ ਸਵੇਰੇ ਅੰਮ੍ਰਿਤਸਰ ਪੁੱਜੇ । ਉਸ ਵੇਲੇ ਤਕ ਉਪਰੇਸ਼ਨ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ । ਮੈਂ ਫੌਜੀ ਜਰਨੈਲਾਂ ਨਾਲ ਹੋਣ ਵਾਲੀ ਮੀਟਿੰਗ ਤੋਂ ਬਚਣਾ ਚਾਹੁੰਦਾ ਸੀ । ਪਰ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੇ ਮੈਨੂੰ ਹਦਾਇਤ ਕੀਤੀ ਸੀ ਕਿ ਮੈਂ ਮੀਟਿੰਗ ਵਿੱਚ ਜ਼ਰੂਰ ਸ਼ਾਮਿਲ ਹੋਵਾਂ ਇਸ ਕਰਕੇ ਮੈਂ ਆਪਣੇ ਉੱਤਰ ਅਧਿਕਾਰੀ ਨਾਲ ਇਸ ਮੀਟਿੰਗ ਵਿੱਚ ਸ਼ਾਮਿਲ ਹੋ ਗਿਆ । ਮੈਂ ਜਦੋਂ ਕਾਨਫਰੰਸ ਹਾਲ ਵੱਲ ਜਾ ਰਿਹਾ ਸਾਂ ਤਾਂ ਜਨਰਲ ਬਰਾੜ ਵੀ ਆ ਗਿਆ । ਅਸੀਂ ਕਾਨਫਰੰਸ ਲਈ ਬੈਠ ਗਏ । ਉਥੇ ਪੁਲਿਸ , ਸੀਮਾ ਸੁਰੱਕਸ਼ਾ ਦਲ ਅਤੇ ਗੁਪਤਚਰ ਵਿਭਾਗਾਂ ਦੇ ਵੀ ਅਫਸਰ ਸਨ । ਕਈ ਨਕਸ਼ੇ ਅਤੇ ਚਾਰਟ ਦੀਵਾਰ ' ਤੇ ਟੰਗੇ ਹੋਏ ਸਨ । ਜਨਰਲ ਬਰਾੜ ਨੇ ਕਾਨਫਰੰਸ ਨੂੰ ਸੰਬੋਧਨ ਕਰਨਾ ਸ਼ੁਰੂ ਕੀਤਾ , ' ਤੁਸੀਂ ਜਾਣਦੇ ਹੋ ਕਿ ਅਸੀਂ ਕੁਝ ਗਿਣਤੀ ਦੇ ਬਦਮਾਸ਼ਾਂ ਨੂੰ ਭਾਰਤ ਸਰਕਾਰ ਯਰਗਮਾਲ ਬਣਾਉਣ ਦੀ ਆਗਿਆ ਨਹੀਂ ਦੇ ਸਕਦੇ । ਅਸੀਂ ਅਜਿਹੇ ਮੱਕੂ ਠੱਪਾਂਗੇ ਕਿ ਉਹ ਦੋ ਘੰਟੇ ਵਿੱਚ ਹੀ ਗੋਡੇ ਟੇਕ ਦੇਣ । ਉਹ ਇਸ ਸੁਰ ਵਿਚ ਗੱਲਾਂ ਬਾਤਾਂ ਕਰਦਾ ਰਿਹਾ । ਜਦੋਂ ਉਸਨੇ ਆਪਣਾ ਭਾਸ਼ਨ ਸਮਾਪਤ ਕੀਤਾ ਤਾਂ ਮੈਨੂੰ ਪੁੱਛਣ ਲੱਗਾ , ' ਸਰਦਾਰ ਸਾਹਿਬ ਤੁਹਾਡੀ ਕੀ ਰਾਏ ਹੈ ? ' ਮੈਂ ਉਸਨੂੰ ਕਿਹਾ ਕਿ ਮੇਰੇ ਵਿਚਾਰ ਅਨੁਸਾਰ ਭਿੰਡਰਾਂਵਾਲਾ ਆਤਮ ਸਮਰਪਣ ਨਹੀਂ ਕਰੇਗਾ । ' ਮੇਰੇ ਗੱਲ ਮੁਕਾਉਣ ਤੋਂ ਪਹਿਲਾਂ ਹੀ ਜਨਰਲ ਬਰਾੜ ਗਰਜਣ ਲੱਗ ਪਿਆ , ' ਜਦੋਂ ਟੈਂਕ ਗੜ - ਗੜ ਕਰਦੇ ਹਨ , ਹਵਾਈ ਜਹਾਜ਼ ਗੁੰਜਾਰ ਪਾਉਂਦੇ ਹਨ , ਤੋਪਾਂ ਅੱਗ ਉਗਲਦੀਆਂ ਹਨ , ਤਾਂ ਵੱਡਿਆਂ ਵਡੇਰਿਆਂ ਦਾ ਪਿੱਤਾ ਪਾਣੀ ਹੋ ਜਾਂਦਾ ਹੈ , ਉਨਾਂ ਨੂੰ ਕਾਂਬਾ ਛਿੜ ਜਾਂਦਾ ਹੈ , ਇਹ ਬੰਦਾ ਤਾਂ ਘੰਟੇ ਤੋਂ ਘੱਟ ਸਮੇਂ ਵਿਚ ਆਪਣੇ ਗੋਡੇ ਟੇਕ ਦੇਵੇਗਾ ' ਗੁਰਦੇਵ ਸਿੰਘ ਨੇ ਉੱਤਰ ਦਿੱਤਾ , ' ਜਨਰਲ ਸਾਹਿਬ ਇਹ ਤਾਂ ਤੁਹਾਡੀ ਆਪਣੀ ਰਾਏ ਹੈ ਪਰ ਤੁਸੀਂ ਤਾਂ ਮੈਨੂੰ ਆਪਣੇ ਵਿਚਾਰ ਦੱਸਣ ਲਈ ਕਿਹਾ ਸੀ ਸੋ ਮੈਂ ਦੱਸ ਦਿੱਤੇ ' ।

ਜਗਦੀਸ਼ ਚੰਦਰ ਵੈਦਿਆ ਮੇਰੇ ਗੂਹੜੇ ਮਿੱਤਰ ਸਨ , ਉਸ ਵੇਲੇ ਦੂਰ ਦਰਸ਼ਨ ਜਲੰਧਰ ਦੇ ਸਮਾਚਾਰ ਵਿਭਾਗ ਦੇ ਇੰਚਾਰਜ ਸਨ । ਉਨਾਂ ਨੂੰ ਹੁਕਮ ਹੋਇਆ ਕਿ ਉਹ ਆਪਣੇ ਸਾਰੇ ਅਮਲੇ ਸਮੇਤ ਅੰਮ੍ਰਿਤਸਰ ਪਹੁੰਚ ਜਾਣ । ਜਦੋਂ ਕਾਰਵਾਈ ਸ਼ੁਰੂ ਹੋਈ ਤਾਂ ਦੂਰਦਰਸ਼ਨ ਵਾਲੇ ਆਪਣੇ ਕੈਮਰੇ ਫਿੱਟ ਕਰਕੇ ਤਸਵੀਰਾਂ ਲੈਣ ਵਿੱਚ ਰੁੱਝ ਗਏ ਪਰ ਕੁਝ ਦੇਰ ਵਿੱਚ ਹੀ ਫੌਜੀ ਜਰਨੈਲਾਂ ਨੂੰ ਇਹ ਚਾਨਣ ਹੋ ਗਿਆ ਕਿ ਜਿਵੇਂ ਉਨਾਂ ਨੇ ਸੋਚਿਆ ਸੀ ਕਿ ਅਪਰੇਸ਼ਨ ਅੱਧੇ ਘੰਟੇ ਵਿੱਚ ਹੀ ਸਮਾਪਤ ਹੋ ਜਾਵੇਗਾ ਅਤੇ ਦਰਬਾਰ ਸਾਹਿਬ ਵਿੱਚ ਮੋਰਚਾ ਬੰਦੀ ਕਰਕੇ ਬੈਠੇ ਲੋਕ ਹੱਥ ਖੜੇ ਕਰਕੇ ਬਾਹਰ ਆ ਜਾਣਗੇ , ਉਹ ਦਰੁਸਤ ਨਹੀਂ ਸੀ । ਹੁਕਮ ਹੋਇਆ ਕਿ ਦੂਰਦਰਸ਼ਨ ਦਾ ਸਾਰਾ ਅਮਲਾ ਵਾਪਸ ਸਰਕਟ ਹਾਊਸ ਚਲਾ ਜਾਵੇ । ਉਥੇ ਫੌਜੀ ਅਫਸਰਾਂ ਨੇ ਕੈਮਰੇ ਆਪਣੇ ਕਬਜ਼ੇ ਵਿੱਚ ਕਰ ਲਏ ਅਤੇ ਫਿਲਮਾਂ ਵੀ ਕੱਢ ਲਈਆਂ । ਵੈਦਿਆ ਨੇ ਬੜਾ ਕਿਹਾ ਕਿ ਸਾਡਾ ਵਿਭਾਗ ਵੀ ਭਾਰਤ ਸਰਕਾਰ ਦਾ ਹੈ , ਇਹ ਜ਼ਬਤੀ ਕਿਸੇ ਤਰਾਂ ਵੀ ਜਾਇਜ਼ ਨਹੀਂ ਪਰ ਫੌਜ ਨੇ ਇੱਕ ਨਾ ਸੁਣੀ । ਵੈਦਿਆ ਦੇ ਦੱਸਣ ਅਨੁਸਾਰ ਫੌਜ ਨੇ ਖ਼ਬਰਾਂ ਪਹੁੰਚਾਉਣ ਦਾ ਕੰਮ ਉਨਾਂ ਨੂੰ ਸੌਂਪ ਦਿੱਤਾ । ਪਹਿਲਾਂ ਇਹ ਖ਼ਬਰ ਦਿੱਤੀ ਗਈ ਕਿ ਦਰਬਾਰ ਸਾਹਿਬ ਵਿਚੋਂ ਬੜੇ ਸਾਰੇ ਪਾਕਿਸਤਾਨੀ ਪਕੜੇ ਗਏ ਪਰ ਜਦੋਂ ਇਹ ਖ਼ਬਰ ਟੈਲੀ ਪਰਿੰਟਰ ' ਤੇ ਅਜੇ ਭੇਜੀ ਹੀ ਜਾ ਰਹੀ ਸੀ ਤਾਂ ਹੁਕਮ ਹੋਇਆ , ' ਕਿਲ ਦਿਸ ਨਿਊਜ਼ । ਇਸ ਤਰਾਂ ਦਰਬਾਰ ਸਾਹਿਬ ਸਬੰਧੀ ਕਈ ਖ਼ਬਰਾਂ ਉਡਾਈਆਂ ਗਈਆਂ ਜਿਨਾਂ ਵਿੱਚੋਂ ਇੱਕ ਇਹ ਵੀ ਸੀ ਕਿ ਦਰਬਾਰ ਸਾਹਿਬ ਪਰਿਸਰ ਵਿੱਚੋਂ ਬਹੁਤ ਸਾਰੀਆਂ ਗਰਭਵਤੀ ਔਰਤਾਂ ਪਕੜੀਆਂ ਗਈਆਂ ਹਨ ਜੋ ਕਿ ਦਹਿਸ਼ਤ ਗਰਦਾਂ ਦੀ ਹਵਸ ਦਾ ਸ਼ਿਕਾਰ ਹੋਈਆਂ ਹਨ । ਫਿਰ ਇਸ ਖ਼ਬਰ ਦਾ ਵੀ ਖੰਡਨ ਕੀਤਾ ਗਿਆ ।

ਬਾਕੀ ਸਫ਼ਾ 31 'ਤੇ

# ਜੂਨ '84 ਦਾ ਘੱਲੂਘਾਰਾ, ਫਿਰਕੂ ਰਾਜਨੀਤੀ ਅਤੇ ਸਿੱਖ ਪੰਥ

**- ਰਜਿੰਦਰ ਸਿੰਘ**

ਜੂਨ 1984 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਕੰਪਲੈਕਸ ਅਤੇ ਦਰਜਨਾਂ ਹੋਰ ਧਾਰਮਿਕ ਸਥਾਨਾਂ ਉੱਤੇ ਕੀਤਾ ਗਿਆ ਫੌਜੀ ਹਮਲਾ ਸਿੱਖ ਮਾਨਸਿਕਤਾ ਵਿਚ ਡੂੰਘੇ ਅਤੇ ਅਮਿੱਟ ਜ਼ਖਮ ਲਗਾ ਗਿਆ ਹੈ। ਇਸ ਦੀ ਤੁਲਨਾ ਦੂਜੇ ਸੰਸਾਰ ਯੁੱਧ ਸਮੇਂ ਨਾਜ਼ੀਆਂ ਵਲੋਂ ਯਹੂਦੀਆਂ ਨਾਲ ਕੀਤੇ ਹੋਲੋਕਾਸਟ ਨਾਲ ਕੀਤੀ ਜਾ ਸਕਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਦ੍ਰਿਸ਼ ਜਲਿਆਂਵਾਲੇ ਤੋਂ ਵੱਖਰਾ ਨਹੀਂ ਸੀ। 3 ਜੂਨ 1984 ਨੂੰ ਗੁਰੂ ਅਰਜਨ ਪਾਤਸ਼ਾਹ ਦਾ ਸ਼ਹੀਦੀ ਪੁਰਬ ਸੀ ਇਹ ਦਿਹਾੜਾ ਮਨਾਉਣ ਖ਼ਾਤਰ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਦਰਬਾਰ ਸਾਹਿਬ ਇਕੱਠੀਆਂ ਹੁੰਦੀਆਂ ਆਈਆਂ ਸਨ ਤੇ 3 ਜੂਨ '84 ਨੂੰ ਵੀ ਆਈਆਂ। ਜਿਨਾਂ ਵਿਚੋਂ ਵਧੇਰੇ ਗਿਣਤੀ ਵਿੱਚ ਦੂਰ-ਦੁਰਾਡਿਓਂ ਆਉਣ ਵਾਲੀਆਂ ਸੰਗਤਾਂ ਹੁੰਦੀਆਂ ਸਨ ਤੇ ਉਹ ਰਾਤ ਵੀ ਦਰਬਾਰ ਸਾਹਿਬ ਵਿੱਚ ਹੀ ਬਿਤਾਉਂਦੀਆਂ ਆਈਆਂ ਸਨ। 3 ਜੂਨ ਸ਼ਾਮ ਨੂੰ ਕਰਫਿਊ ਲੱਗ ਗਿਆ ਜਿਸ ਕਰਕੇ ਸਾਰੀਆਂ ਸੰਗਤਾਂ ਇੱਥੇ ਹੀ ਘਿਰ ਗਈਆਂ। ਇਸ ਗੱਲ ਦਾ ਫੌਜ, ਖੂਫ਼ੀਆ ਏਜੰਸੀਆਂ ਤੇ ਸਰਕਾਰ ਸਮੇਤ ਸਭ ਨੂੰ ਇਲਮ ਸੀ ਕਿ ਇਸ ਦਿਨ ਕੀਤੇ ਗਏ ਫੌਜੀ ਹਮਲੇ ਵਿੱਚ ਹਜ਼ਾਰਾਂ ਬੇਗੁਨਾਹ ਬੱਚੇ, ਬੁੱਢੇ ਤੇ ਔਰਤਾਂ ਮਾਰੇ ਜਾ ਸਕਦੇ ਹਨ। ਇਸ ਦੇ ਬਾਵਜੂਦ ਵੀ ਇਹ ਦਿਨ ਜਾਣ ਬੁੱਝ ਕੇ ਚੁਣਿਆ ਗਿਆ। ਸਰਕਾਰ ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦੇ ਸਕੀ ਕਿ ਇਹ ਦਿਨ ਕਿਉਂ ਚੁਣਿਆ ਗਿਆ? ਇਸ ਦਾ ਸਾਫ ਅਰਥ ਸੀ ਕਿ ਇੰਦਰਾ ਸਰਕਾਰ ਵਲੋਂ ਸਿੱਖਾਂ ਨੂੰ ਵੱਡੀ ਪੱਧਰ 'ਤੇ ਜਲੀਲ ਕਰਨਾ ਤੇ ਗੁਲਾਮੀ ਦਾ ਅਹਿਸਾਸ ਕਰਵਾਉਣਾ ਸੀ। ਜੂਨ '84 ਦੇ ਫੌਜੀ ਹਮਲੇ ਸਮੇਂ ਭਾਰਤ ਦੀ ਕੇਂਦਰੀ ਸਰਕਾਰ ਕਾਂਗਰਸ ਪਾਰਟੀ ਦੇ ਹੱਥਾਂ ਵਿਚ ਸੀ ਅਤੇ ਇਸ ਤਰਾਂ ਇਹ ਪਾਰਟੀ ਇਸ ਸਾਕੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਇੰਦਰਾ ਸਰਕਾਰ ਦਾ ਮੁੱਖ ਉਦੇਸ਼ ਅਜਿਹਾ ਘੱਲੂਘਾਰਾ ਵਰਤਾ ਕੇ ਬਹੁਗਿਣਤੀ ਵੋਟ-ਬੈਂਕ 'ਤੇ ਕਬਜ਼ਾ ਕਰਨਾ ਤੇ ਭਾਜਪਾ ਨੂੰ ਲਤਾੜਨਾ ਸੀ।

ਹੈਰਾਨੀ ਇਸ ਗੱਲ ਦੀ ਹੈ ਕਿ ਖੱਬੇ ਪੱਖੀਆਂ, ਭਾਜਪਾ ਤੇ ਹੋਰ ਨੈਸ਼ਨਲ ਪਾਰਟੀਆਂ ਇਸ ਖਤਰਨਾਕ ਕਾਂਡ ਦੇ ਹੱਕ ਵਿਚ ਭੁਗਤੀਆਂ ਤੇ ਪੀੜਤ ਧਿਰ ਸਿੱਖ ਪੰਥ ਦੇ ਵਿਰੁਧ ਭੁਗਤੀਆਂ। ਭਾਜਪਾ ਦੇ ਦੋ ਪ੍ਰਮੁੱਖ ਨੇਤਾਵਾਂ ਅਟੱਲ ਬਿਹਾਰੀ ਵਾਜਪਾਈ ਅਤੇ ਐਲ.ਕੇ. ਅਡਵਾਨੀ ਨੇ ਇਸ ਫੌਜੀ ਕਾਰਵਾਈ ਨੂੰ ਬਿਲਕੁਲ ਜਾਇਜ਼ ਠਹਿਰਾਇਆ ਸੀ। ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਕਾਂਗਰਸ ਦੋਸ਼ੀ ਹੈ, ਉੱਥੇ ਸਾਰੀਆਂ ਨੈਸ਼ਨਲ ਪਾਰਟੀਆਂ ਵੀ ਦੋਸ਼ੀ ਹਨ, ਜਿਨਾਂ ਨੇ ਇਸ ਮਨੁੱਖਤਾ ਵਿਰੋਧੀ ਅਪਰਾਧ ਵਿਚ ਹਿੱਸਾ ਪਾਇਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਭਾਵੇਂ ਸਿਧਾਂਤ ਤੋਂ ਥਿੜਕਿਆ ਪਰ ਉਹ ਲਗਾਤਾਰ ਕਾਂਗਰਸ ਸਰਕਾਰ ਦੇ ਇਸ ਅਪਰਾਧ ਵਿਰੁਧ ਸੰਘਰਸ਼ਸ਼ੀਲ ਰਿਹਾ ਤੇ ਡੱਟ ਕੇ ਵਿਰੋਧਤਾ ਕੀਤੀ। ਪ੍ਰੰਤੂ ਸਮੇਂ ਦੇ ਲੰਘਣ ਨਾਲ ਸ਼੍ਰੋਮਣੀ ਅਕਾਲੀ ਦਲ ਸੱਤਾ ਦੀ ਲਾਲਸਾ ਕਾਰਨ ਸਾਕੇ ਨੂੰ ਸਿਧਾਂਤਕ ਤੌਰ 'ਤੇ ਭੁੱਲ ਗਿਆ। ਇਸ ਨੂੰ ਵੀ ਇਹ ਸਾਕਾ ਕੇਵਲ ਚੋਣਾਂ ਵੇਲੇ ਤੇ ਕਾਂਗਰਸ ਨੂੰ ਭੰਡਣ ਵੇਲੇ ਹੀ ਯਾਦ ਆਉਂਦਾ ਹੈ। ਇੱਥੋਂ ਤੱਕ ਉਹ ਭਾਜਪਾ ਨਾਲ ਸਾਂਝ ਪਾਉਂਦਾ ਭਾਜਪਾ ਨੂੰ ਨਾਇਕ ਵਜੋਂ ਉਭਾਰਦਾ ਰਿਹਾ। ਅੱਜ ਭਾਜਪਾ ਤਖ਼ਤ 'ਤੇ ਹੈ, ਪਰ ਅਕਾਲੀ ਦਲ ਜ਼ਮੀਨ ਦੇ ਹੇਠਾਂ ਹੈ। ਉਸ ਦੀ ਆਪਣੇ ਭਾਈਚਾਰੇ ਵਿਚ ਵੀ ਹੋਂਦ ਨਹੀਂ ਦਿਖਾਈ ਦੇ ਰਹੀ। ਜਿਸ ਪਾਰਟੀ ਨੂੰ ਉਭਾਰਨ ਦੇ ਲਈ ਤੇ ਭਾਰਤ ਵਿਚ ਖੜਾ ਕਰਨ ਦੇ ਲਈ ਸ. ਪ੍ਰਕਾਸ਼ ਸਿੰਘ ਬਾਦਲ ਸੁਪਰੀਮੋ ਸ਼੍ਰੋਮਣੀ ਅਕਾਲੀ ਦਲ ਨੇ ਹਿੱਸਾ ਪਾਇਆ ਅੱਜ ਉਹ ਸ਼੍ਰੋਮਣੀ ਅਕਾਲੀ ਦਲ ਦੀ ਕੋਈ ਕਦਰ ਨਹੀਂ ਕਰ ਰਹੀ। ਅਜੇ ਤੱਕ ਫੌਜੀ ਹਮਲੇ ਦੌਰਾਨ ਜੋ ਲਾਇਬਰੇਰੀ ਲੁੱਟੀ ਗਈ ਸੀ, ਉਸ ਨੂੰ ਵਾਪਿਸ ਨਹੀਂ ਲਿਆਂਦਾ ਗਿਆ ਤੇ ਨਾ ਹੀ ਸ਼੍ਰੋਮਣੀ ਕਮੇਟੀ ਰਾਹੀਂ ਕਾਨੂੰਨੀ ਤੌਰ 'ਤੇ ਯੋਗ ਪੈਰਵਾਈ ਕੀਤੀ ਗਈ।

ਅੰਗਰੇਜ਼ਾਂ ਦੇ ਰਾਜ ਸਮੇਂ 1919 ਈ: ਵਿਖੇ ਜਲਿਆਂਵਾਲੇ ਬਾਗ ਦੀ ਘਟਨਾ ਹੋਈ ਜਿਸ ਦੌਰਾਨ ਸੈਂਕੜੇ ਲੋਕ ਮਾਰੇ ਗਏ ਅਤੇ ਉਸ ਅਹਾਤੇ ਵਿਚ ਸੈਂਕੜੇ ਗੋਲੀਆਂ ਦੇ ਨਿਸ਼ਾਨ ਲਗ ਗਏ ਸਨ। ਪ੍ਰੰਤੂ ਉਨਾਂ ਨੂੰ ਅੱਜ ਤੱਕ ਨਹੀਂ ਮਿਟਾਇਆ ਗਿਆ। ਪ੍ਰੰਤੂ ਘੱਲੂਘਾਰੇ '84 ਤੋਂ ਬਾਅਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਹਾਜ਼ਰੀ ਵਿਚ ਇਹ ਨਿਸ਼ਾਨ ਕਿਉਂ ਮਿਟਾਏ ਗਏ? ਇਹ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਪੰਥ ਵਿਰੁਧ ਵੱਡਾ ਅਪਰਾਧ ਕੀਤਾ ਹੈ। ਸਮੁੱਚੀਆਂ ਰਾਜਨੀਤਕ ਧਿਰਾਂ ਘੱਲੂਘਾਰਾ ਜੂਨ '84 ਬਾਰੇ ਆਪਣੀ ਸਿਆਸਤ ਖੇਡਦੀਆਂ ਰਹੀਆਂ, ਪਰ ਇਸ ਦਾ ਨੁਕਸਾਨ ਖਾਲਸਾ ਪੰਥ ਨੂੰ ਹੋਇਆ। ਇੱਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਨੇ ਜਨਤਕ ਪੱਧਰ 'ਤੇ ਇੰਦਰਾ ਸਰਕਾਰ ਦਾ ਜੁਆਬ ਦੇਣ ਲਈ ਵਾਈਟ ਪੇਪਰ ਨਹੀਂ ਕੱਢਿਆ ਗਿਆ।

ਸ਼੍ਰੋਮਣੀ ਅਕਾਲੀ ਦਲ ਦਾ ਰਾਜ ਕਈ ਵਾਰ ਆਇਆ, ਪਰ ਉਸ ਵੱਲੋਂ ਜਾਂ ਸ਼੍ਰੋਮਣੀ ਕਮੇਟੀ ਵਲੋਂ ਇਸ ਬਾਰੇ ਕੋਈ ਜਾਂਚ ਨਹੀਂ ਕਰਵਾਈ ਗਈ ਤੇ ਨਾ ਹੀ ਸਾਂਸਦ ਵਿਚ ਮਾਫੀ ਮੰਗਵਾਉਣ ਦਾ ਮਤਾ ਵੀ ਪੇਸ਼ ਕੀਤਾ ਗਿਆ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਸੀ ਕਿ ਇਸ ਘੱਲੂਘਾਰੇ ਵਿਚ ਸ਼ਹੀਦ ਹੋਏ ਜੁਝਾਰੂਆਂ, ਸ਼ਰਧਾਲੂਆਂ ਅਤੇ ਯਾਤਰੂਆਂ ਦੀ ਗਿਣਤੀ ਬਾਰੇ ਪ੍ਰਮਾਣਿਕ ਅੰਕੜੇ ਸਾਹਮਣੇ ਲਿਆਉਂਦੀ ਪਰ ਉਹ ਹਾਲੇ ਤੱਕ ਨਹੀਂ ਲਿਆਂਦੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿਖੇ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੇ ਸ਼ਹੀਦਾਂ ਦੀ ਸੂਚੀ ਵਿਚ 743 ਨਾਂਅ ਸ਼ਾਮਿਲ ਹਨ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਵੇਲੇ 350 ਇਨਫੈਂਟਰੀ ਬ੍ਰਿਗੇਡ ਦੇ ਕਮਾਂਡਰ ਰਹੇ ਭਾਰਤੀ ਫ਼ੌਜ ਦੇ ਸੇਵਾ-ਮੁਕਤ ਬ੍ਰਿਗੇਡੀਅਰ ਡੀ.ਵੀ. ਰਾਓ ਨੇ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤੇ ਹਲਫ਼ੀਆ ਬਿਆਨ ਵਿਚ ਹਮਲੇ ਦੌਰਾਨ ਮ੍ਰਿਤਕਾਂ ਦੀ ਗਿਣਤੀ 492 ਦੱਸੀ ਸੀ, ਜਦੋਂ ਕਿ ਮੌਕੇ 'ਤੇ ਹਾਜ਼ਰ ਲੋਕ ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਅਤੇ ਆਸ-ਪਾਸ ਮਾਰੇ ਗਏ ਵਿਅਕਤੀਆਂ ਦੀ ਗਿਣਤੀ 8 ਹਜ਼ਾਰ ਦੇ ਲਗਪਗ ਦੱਸਦੇ ਹਨ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਇੰਦਰਜੀਤ ਸਿੰਘ ਜੇਜੀ ਵਲੋਂ ਤਿਆਰ ਕੀਤੀ ਇਕ ਰਿਪੋਰਟ ਅਨੁਸਾਰ ਸ੍ਰੀ ਦਰਬਾਰ ਸਾਹਿਬ 'ਤੇ ਕੀਤੀ ਗਈ ਫ਼ੌਜੀ ਕਾਰਵਾਈ ਵਿਚ, ਸ੍ਰੀ ਮਰਵਾਹਾ ਦੇ ਹਵਾਲੇ ਤਹਿਤ 4712 ਸਿੱਖਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਮ੍ਰਿਤਕਾਂ ਦੇ ਸਸਕਾਰ ਦੀ ਗਿਣਤੀ ਸ਼ਮਸ਼ਾਨਘਾਟ ਮੁਤਾਬਿਕ ਲਗਪਗ 3300 ਦੱਸੀ ਗਈ ਹੈ। ਦਲ ਖ਼ਾਲਸਾ ਵਲੋਂ ਆਪਣੇ ਪੱਧਰ 'ਤੇ ਪੰਜ ਸਾਲ ਦੀ ਖੋਜ ਅਤੇ ਯਤਨਾਂ ਤੋਂ ਬਾਅਦ ਦਰਬਾਰ ਸਾਹਿਬ ਸਮੂਹ ਵਿਚ ਸ਼ਹੀਦ ਹੋਏ 222 ਜੁਝਾਰੂਆਂ ਦੇ ਵੇਰਵੇ ਦੀ ਇਕ ਡਾਇਰੀ ਬਣਾਈ ਗਈ ਹੈ। ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਗਏ 'ਸਫ਼ੈਦ ਪੱਤਰ' ਅਨੁਸਾਰ ਹਮਲੇ ਦੌਰਾਨ ਚਾਰ ਫ਼ੌਜੀ ਅਫ਼ਸਰਾਂ ਸਣੇ 83 ਜਵਾਨ ਮਾਰੇ ਗਏ, ਜਦੋਂ ਕਿ 12 ਅਫ਼ਸਰ ਤੇ 237 ਜਵਾਨ ਜ਼ਖ਼ਮੀ ਹੋਏ ਸਨ। ਸਰਕਾਰੀ 'ਸਫ਼ੈਦ ਪੱਤਰ' ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ 493 ਲੋਕਾਂ ਦੇ ਮਾਰੇ ਜਾਣ ਦੀ ਜਾਣਕਾਰੀ ਦਿੰਦਾ ਹੈ, ਪਰ 20 ਮਈ, 2001 ਨੂੰ 'ਦ ਟ੍ਰਿਬਿਊਨ' ਵਿਚ ਸ੍ਰੀ ਦਰਬਾਰ ਸਾਹਿਬ ਵਿਚ ਹੋਈ ਫ਼ੌਜੀ ਕਾਰਵਾਈ ਦੇ ਚਸ਼ਮਦੀਦ ਗਵਾਹ ਪੰਜਾਬ ਪੁਲਿਸ ਦੇ ਇਕ ਸਾਬਕਾ ਐਸ.ਪੀ. ਨੇ ਖੁਲਾਸਾ ਕੀਤਾ ਸੀ ਕਿ ਇਕੱਲੇ ਸ੍ਰੀ ਦਰਬਾਰ ਸਾਹਿਬ ਇਲਾਕੇ ਵਿਚੋਂ 800 ਲਾਸ਼ਾਂ ਦਾ ਸਸਕਾਰ ਕੀਤਾ ਗਿਆ ਸੀ। ਬੀ.ਬੀ.ਸੀ. ਲੰਡਨ ਖ਼ਬਰ ਏਜੰਸੀ ਦੇ ਪੱਤਰਕਾਰ ਮਾਰਕ ਟੱਲੀ ਅਤੇ ਸਤੀਸ਼ ਜੈਕਬ ਆਪਣੀ ਪੁਸਤਕ 'ਅੰਮ੍ਰਿਤਸਰ : ਸ੍ਰੀਮਤੀ ਇੰਦਰਾ ਗਾਂਧੀ ਦੀ ਆਖ਼ਰੀ ਲੜਾਈ' ਵਿਚ ਲਿਖਦੇ ਹਨ ਕਿ, 'ਜੂਨ '84 ਦੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੌਰਾਨ 1600 ਦੇ ਕਰੀਬ ਸ਼ਰਧਾਲੂਆਂ ਦਾ ਕੋਈ ਥਹੁ-ਪਤਾ ਹੀ ਨਹੀਂ ਲੱਗਾ। ਲਿਹਾਜ਼ਾ ਉਹ ਹਮਲੇ ਦੌਰਾਨ ਫ਼ੌਜ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਮਾਰੇ ਗਏ ਹੋਣਗੇ, ਜਾਂ ਫ਼ਿਰ ਫ਼ੌਜ ਨੇ ਤਸ਼ੱਦਦ ਤੋਂ ਬਾਅਦ ਮਾਰ-ਖਪਾਏ ਹੋਣਗੇ'। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਸੰਬੰਧ ਵਿਚ ਕੋਈ ਉਪਰਾਲਾ ਨਹੀਂ ਕੀਤਾ ਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਨੇ ਇਸ ਬਾਰੇ ਕੋਈ ਇਤਿਹਾਸਕ ਭੂਮਿਕਾ ਨਿਭਾਈ ਹੈ।

ਅੱਜ ਸਾਨੂੰ ਸ੍ਰੀ ਦਰਬਾਰ ਸਾਹਿਬ 'ਤੇ 1984 ਦੇ ਹੋਏ ਹਮਲੇ ਦੇ ਸਦਮੇ ਵਿਚੋਂ ਬਾਹਰ ਨਿਕਲ ਕੇ ਭਵਿੱਖ ਦੀ ਦਸ਼ਾ ਤੇ ਦਿਸ਼ਾ ਵੱਲ ਤੁਰਨਾ ਪਵੇਗਾ ਤੇ ਆਪਣੇ ਜ਼ਖ਼ਮਾਂ ਨੂੰ ਭਵਿੱਖ ਦਾ ਸੂਰਜ ਬਣਾਉਣਾ ਹੋਵੇਗਾ। ਅਜੋਕੇ ਵਿਸ਼ਵ ਪ੍ਰਸੰਗ ਵਿਚ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਦੁਨੀਆ ਦੇ ਸਾਹਮਣੇ ਸਰਬੱਤ ਦੇ ਭਲੇ ਤੇ ਹਲੇਮੀ ਰਾਜ ਵਜੋਂ ਪੇਸ਼ ਕਰਨ ਦੇ ਲਈ ਅਹਿਮ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ।

# ਯਾਦਾਂ ਦੇ ਝਰੋਖੇ ਚੋ

**- ਨਿਰਮਲ ਕੌਰ ਕੋਟਲਾ**

ਜਿੰਦਗੀ ਚ ਸੁਨਹਿਰੀ ਭੱਵਿਖ ਲਿਆਉਣ ਲਈ ਲੱਖਾਂ ਪਾਪੜ ਵੇਲਣੇ ਪੈਂਦੇ ਨੇ ਕਿਰਤ ਕਰਨਾ ਵੰਡ ਛੱਕਣਾ ਨਾਮ ਜੱਪਣਾ ਤਾਹੀਂ ਚੌਰਾਸੀ ਕੱਟੀ ਜਾਂਦੀ ਹੈ । ਸ਼ਾਇਦ ਏਸੇ ਕਰਕੇ ਹੀ ਗੁਰੂ ਘਰ ਵਿੱਚ ਸ਼ਰਧਾ ਭਾਵਨਾ ਨਾਲ ਜੋ ਸ਼ਹੀਦੀ ਦਿਹਾੜੇ ਤੇ ਇੱਕਤਰ ਹੋਈਆਂ ਸੰਗਤਾਂ ਦਾ ਠਾਠਾਂ ਮਾਰਦਾ ਇੱਕਠ ਨੂੰ ਇਹ ਕਦੇ ਨਹੀ ਸੀ ਪਤਾ ਕਿ ਜੇਠ ਮਹੀਨੇ ਦੀ ਤਪਦੀ ਲੋਅ ਦੇ ਵਿੱਚ ਸ਼ਹੀਦੀ ਦਿਹਾੜੇ ਤੇ ਜਿੰਦਗੀ ਕੁਝ ਪਲਾ ਦੀ ਪਰਾਉਣੀ ਹੈ ।ਇਹ ਭਾਣਾ ਵਰਤ ਜਾਊ ਇਹ ਕਦੇ ਕਿਸੇ ਸੁਪਨੇ ਵਿੱਚ ਵੀ ਨਹੀ ਸੀ ਸੋਚਿਆ।ਅੱਜ ਵੀ ਚੜਦੇ ਜੂਨ ਦੀਆਂ ਆਹ ਤਰੀਕਾਂ ਤੇ ਸੰਨ 1984 ਦਾ ਸਾਲ ਕਦੇ ਵੀ ਨਹੀ ਭੁੱਲਣਾ। ਜਿੰਨਾ ਮਾਵਾਂ ਦੀਆਂ ਉੱਜੜੀਆਂ ਕੁੱਖਾਂ ਉੱਜੜੇ ਸੁਹਾਗ ਮਸੂਮਾਂ ਦੀਆਂ ਕਿਲਕਾਰੀਆਂ ਤੇ ਬੁੰਗਾ ਰਾਮਗੜੀਆ ਸ੍ਰੀ ਹਰਿਮੰਦਰ ਸਾਹਿਬ ਦੇ ਗੁੰਬਦ ਤੇ ਸ੍ਰੀ ਅਕਾਲ ਤਖ਼ਤ ਦਾ ਢਹਿ ਢੇਰੀ ਹੋਣਾ ਕਦੇ ਵੀ ਮਨਾਂ 'ਚੋ ਕਦੇ ਨੀ ਵਿਸਾਰਿਆ ਜਾ ਸਕਦਾ।

ਸ੍ਰੀ ਹਰਿਮੰਦਰ ਸਾਹਿਬ ਜਿਸਦੀ ਨੀਹ ਗੁਰੂ ਰਾਮਦਾਸ ਜੀ ਨੇ ਸਾਂਈ ਮੀਆਂ ਮੀਰ ਤੋ ਰੱਖਵਾ ਕੇ ਚਾਰ ਦਰਵਾਜੇ ਰੱਖਣ ਦਾ ਇੱਕ ਹੀ ਮਕਸਦ ਸੀ ਕਿ ਸਭ ਧਰਮਾਂ ਦਾ ਸਾਂਝਾ ਤੀਰਥ ਅਸਥਾਨ ਬਣਾਇਆ ਜਾਵੇ।ਅਮੀਰ ਗਰੀਬ ਹਿੰਦੂ ਮਸਲਿਮ ਸਿੱਖ ਇਸਾਈ ਸ਼ਰਧਾ ਨਾਲ ਨਤਮਸਤਕ ਹੁੰਦੇ ਹਨ। ਉਹ ਅਦੁੱਤੀ ਅਮ੍ਰਿਤਮਈ ਬਾਣੀ ਚ ਲੀਨ ਹੋ ਜਾਤਾਂ ਪਾਤਾਂ ਤੋ ਉਪਰ ਉੱਠਦੇ ਨੇ।ਪਰ ਸਾਕਾ ਨੀਲਾ ਤਾਰਾ ਵਕਤ ਦੀਆਂ ਹਕੂਮਤਾਂ ਵੱਲੋ ਦਿੱਤਾ ਅਜਿਹਾ ਜਖਮ ਹੈ ਜੋ ਨਸੂਰ ਬਣ ਅੱਜ ਵੀ ਦਿਲ 'ਚ ਚੁੱਭਦਾ ਹੈ।ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਤੇ ਜਾ ਸਕਦਾ ਪਰ ਕਦੇ ਭੁਲਿਆ ਨਹੀਂ ਜਾ ਸਕਦਾ ਹੈ ।

ਹਰ ਵਕਤ ਕਲੇਜੇ ਇੱਕ ਚੀਸ ਜਿਹੀ ਉੱਠਦੀ ਰਹਿੰਦੀ ਹੈ ਕਿ ਮੈ ਉਸ ਦੇਸ਼ ਦੀ ਵਾਸੀ ਹਾਂ ਜਿੱਥੇ ਕਾਲੇ ਹਿਰਨ ਨੂੰ ਤੇ ਗਾਊ ਮਾਤਾ ਨੂੰ ਤਾਂ ਇਨਸਾਫ ਮਿਲ ਜਾਂਦਾ ਹੈ।ਪਰ ਇੱਕ ਫਿਰਕੇ ਤੇ ਹੋਇਆ ਨਸਲੀ ਹਮਲੇ ਦੀ ਕੋਈ ਸੁਣਵਾਈ ਨੀ ਹੋਈ। ਗੁਰੂਘਰ ਸ਼ਰਧਾ ਰੱਖਣ ਵਾਲੇ ਬੇਗੁਨਾਹਾਂ ਨੂੰ ਮਿਲੀ ਬੇਵਜਾ ਸਜਾਏ ਮੌਤ ਜਿੰਨਾ ਦੀ ਗਿਣਤੀ ਸੈਕੜੇ ਨਹੀਂ ਬਲਕਿ ਹਜਾਰਾਂ 'ਚ ਸੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਮਾਸੂਮਾਂ ਦੀਆਂ ਚੀਖਾਂ ਨਾਲ ਅੰਬਰ ਗੂੰਜ ਉੱਠਿਆ ।ਜਿਸ ਵਿਚ ਮਸੂਮ ਜਿੰਦਾ ਜੋ ਮਾਂ ਦੀ ਛਾਤੀ ਨਾਲ ਹੀ ਲੱਗੀਆਂ ਰਹਿ ਗਈਆਂ ਤੇ ਮਾਵਾਂ ਸ਼ਹੀਦ ਹੋ ਚੁੱਕੀਆਂ ਸਨ। ਜਦ ਕਿਸੇ ਜੰਗ ਦਾ ਐਲਾਨ ਹੁੰਦਾ ਤਾਂ ਬੱਚੇ ਇਸਤਰੀਆਂ ਤੇ ਬਜੁਰਗਾਂ ਤੇ ਕਦੀ ਵੀ ਵਾਰ ਨਹੀਂ ਹੁੰਦਾ।ਪਰ ਇਸ ਜੰਗ ਵਿੱਚ ਕੀ ਬੱਚੇ ਕੀ ਔਰਤਾਂ ਤੇ ਬਜੁਰਗਾਂ ਤੇ ਅੰਨੇਵਾਹ ਤਸ਼ੱਦਦ ਕੀਤਾ ਗਿਆ ਤੇ ਸਭ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ।ਪਰ ਸੱਤਾ ਦੇ ਨਸ਼ੇ 'ਚ ਚੂਰ ਹਾਕਮ ਨੇ ਕਿਸੇ ਨੂੰ ਨਹੀ ਬਖਸ਼ਿਆ।

ਮੇਰੀ ਉਮਰ ਉਦੋਂ 15 ਸਾਲ ਸੀ । ਮੇਰਾ ਪੇਕਾ ਪਿੰਡ ਪੰਡੋਰੀ ਮਹਿਮਾ ਅਮ੍ਰਿਤਸਰ ਤੋ ਕੋਈ 12 ਕਿਲੋਮੀਟਰ ਦੀ ਦੂਰੀ ਤੇ ਹੈ। ਗੋਲੀਆਂ ਬੰਬਾਂ ਦੀ ਅਵਾਜ ਸਾਡੇ ਪਿੰਡਾ ਤੱਕ ਲਗਾਤਾਰ ਸੁਣਦੀ ਸੀ । 1 ਜੂਨ ਤੋ 6 ਜੂਨ ਲਗਾਤਾਰ ਬੰਬਾਰੀ ਹੁੰਦੀ ਰਹੀ ।ਸਾਰੇ ਪਾਸੇ ਸਹਿਮ ਦਾ ਮਾਹੌਲ ਸੀ। 6 ਜੂਨ ਤੋ ਬਾਅਦ ਸ੍ਰੀ ਦਰਬਾਰ ਸਾਹਿਬ ਸੰਗਤਾਂ ਦੇ ਦਰਸ਼ਨਾਂ ਲਈ ਖੋਲਿਆ ਗਿਆ ਤਾਂ ਅਸੀਂ ਸਮੇਤ ਪਰਿਵਾਰ ਗਏ। ਕਿਉਂਕਿ ਮੇਰੇ ਪਿਤਾ ਜੀ ਅਕਸਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੰਗਤ ਕਰਿਆ ਕਰਦੇ ਸੀ। ਮੈਨੂੰ ਯਾਦ ਹੈ ਸੰਤਾ ਦੀ ਸ਼ਹੀਦੀ ਦੀ ਖਬਰ ਸੁਣ ਕੇ ਮੇਰੇ ਪਿਤਾ ਜੀ ਨੇ ਕਈ ਦਿਨ ਅੰਨ ਜਲ ਨਹੀ ਸੀ ਛਕਿਆ ਸੀ।ਸਾਨੂੰ ਸਮੇਤ ਪਰਿਵਾਰ ਉਹ ਦਰਬਾਰ ਸਾਹਿਬ ਲੈ ਆਏ ਉੱਥੇ ਜੋ ਮੰਜਰ ਦੇਖਿਆ ਅੱਜ ਤੱਕ ਨਹੀ ਭੁੱਲਦਾ।ਕਿਵੇ ਹਰ ਪਾਸੇ ਖੂਨ ਹੀ ਖੂਨ ਪਸਰਿਆ ਸੀ ।ਇੱਕ ਬੱਚਾ ਜਿਸ ਦੇ ਮੂੰਹ 'ਚ ਦੁੱਧ ਵਾਲੀ ਬੋਤਲ ਪਈ ਸੀ ਪਰ ਉਹ ਜਾਰੋ ਜਾਰ ਰੋ ਰਿਹਾ ਸੀ, ਮਾਂ ਨੂੰ ਲੱਭ ਰਿਹਾ ਸੀ ਪਰ ਮਾਂ ਮਰ ਚੁੱਕੀ ਸੀ ।ਹਰ ਪਾਸਿਉਂ ਸੜਾਂਦ ਦੀ ਬੂ ਆ ਰਹੀ ਸੀ। ਸਰੋਵਰ ਦਾ ਪਵਿਤਰ ਜਲ ਵੀ ਖੂਨੋ ਖੂਨ ਹੋਇਆ ਪਿਆ ਸੀ।ਪ੍ਰਕਰਮਾ ਕਰ ਜਦ ਅਸੀਂ ਅਕਾਲ ਤਖਤ ਸਾਹਿਬ ਕੋਲ ਆਏ ਤਾ ਸੱਚੀ ਜਾਣੀਓ ਮੇਰੇ ਪਿਤਾ ਜੀ ਉੱਚੀ ਉੱਚੀ ਰੋ ਪਏ ਮੈ ਵੀ ਕੋਲ ਖੜੀ ਡੋਰ ਭੋਰ ਹੋਈ ਸਾਂ ਕੁਝ ਵੀ ਨਹੀਂ ਸੁਝ ਰਿਹਾ ਕਿ ਅਜਿਹਾ ਕਿਉਂ ਹੋਇਆ ਹੈ ਤੇ ਕਿਹਨੇ ਕਰਵਾਇਆ ਹੈ।

ਹਰਿਮੰਦਰ ਸਾਹਿਬ ਦੀ ਅਜਿਹੀ ਹਾਲਤ ਦੇਖ ਹਰੇਕ ਉਸ ਬੰਦੇ ਦੇ ਮਨ 'ਚ ਦਰਦ ਸੀ ਤੇ ਰੋਹ ਵੀ ਜੋ ਇਨਸਾਨੀਅਤ ਨੂੰ ਪਿਆਰ ਕਰਦਾ ਸੀ। ਉਸ ਤੋ ਬਾਅਦ ਜੋ ਹਾਲਾਤ ਪੰਜਾਬ ਦੇ ਬਣੇ ਤੁਸੀਂ ਸਭ ਭਲੀਭਾਂਤ ਜਾਣੂ ਹੋ । ਕਿਵੇ ਧੀਆਂ ਭੈਣਾ ਬੇਪਤ ਹੋਈਆਂ ਕਿਵੇ ਗਲਾਂ 'ਚ ਟਾਇਰ ਪਾ ਸਾੜੇ, ਕਿੱਦਾ ਦਿੱਲੀ ਵਿੱਚ ਸਿੱਖਾਂ ਦੀ ਲੁੱਟਮਾਰ ਹੋਈ ਤੋ ਲੈ ਕੇ ਅੱਜ ਬਹਿਬਲ ਕਲਾਂ ਕਾਂਡ ਤੱਕ ਸਿੱਖਾਂ ਨਾਲ ਬੇਇਨਸਾਫੀ ਹੋਈ। ਵੀਰੋ ਸਭ ਤੁਹਾਡੇ ਸਾਹਮਣੇ ਹੈ।ਅੱਜ ਤੱਕ ਉਨਾਂ ਦੋਸ਼ੀਆਂ ਨੂੰ ਸਜਾਵਾਂ ਤਾਂ ਕੀ ਦੇਣੀਆਂ ਨਿੱਤ ਨਵੇਂ ਜਖਮ ਦਿੱਤੇ ਨੇ ਸਮੇਂ ਦੀਆਂ ਸਰਕਾਰਾਂ ਨੇ।ਪਰ 33 ਵਰੇ ਬੀਤ ਜਾਣ ਤੇ ਵੀ ਕੌਮ ਨੂੰ ਇਨਸਾਫ ਨਾ ਮਿਲਣਾ ਇੱਕ ਕੌਮ ਪ੍ਰਤੀ ਬੇਇਨਸਾਫੀ ਹੈ।ਸਰਕਾਰਾਂ ਦੀ ਹੈਂਕੜਬਾਜੀ ਨੇ ਸੈਂਕੜੇ ਹੀ ਨਹੀਂ ਹਜਾਰਾਂ ਹੀ ਘਰਾ ਦੀ ਅੱਗ ਬੁਝਾ ਦਿੱਤੀ ।ਮਾਵਾਂ ਦੀਆਂ ਅੱਖਾਂ ਦੇ ਤਾਰੇ ਕਈ ਭੈਣਾ ਦੇ ਸੁਹਾਗ ਤੇ ਸਾਰੀ ਉਮਰੇ ਦੇ ਹਾਓਕੇ ਲੈ ਅੱਜ ਵੀ ਵੈਣ ਪਾਉਂਦੀਆਂ ਹੋਈਆਂ ਉਹ ਵੀ ਚਿਖਾ ਵਿੱਚ ਜਲ ਕੇ ਸੁਆਹ ਹੋ ਗਈਆਂ।

ਜਿੰਦਗੀ ਦੇ ਲੰਮੇ ਪੈਂਡੇ ਤੇਅ ਕਰਨ ਜਿੰਦਗੀ ਭਰ ਦਾ ਸਾਥ ਨਿਭਾਉਣ ਲਈ ਬਾਬੁਲ ਦਾ ਫੜਾਇਆ ਲੜ ਫੜ ਕੇ ਤੁਰਨਾ ਨਸੀਬ ਨਾ ਹੋਇਆ।

ਭਾਵੇ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਂਦੀਆਂ ਨੇ ਪਰ ਉਸ ਦਰਦ ਭਰਿਆ ਖੌਫਨਾਕ ਮੰਜਰ ਅੱਖਾਂ ਸਾਹਮਣੇ ਆਉਂਦਾ ਹੈ ਦਿਲ ਕੰਬ ਉਠਦਾ ਹੈ ਉਨਾਂ ਦਾ ।ਇਹ ਅਭੁੱਲ ਯਾਦ ਇਨਾਂ ਦਿਨਾਂ ਵਿੱਚ ਅੱਜ ਵੀ ਦਿਲ ਨੂੰ ਕੰਬਾ ਦਿੰਦੀ ਹੈ।ਗੁਰੂ ਚਰਨਾ ਚ ਮੈ ਏਹੀ ਅਰਦਾਸ ਕਰਦੀ ਹਾਂ ਕਿ ਹੇ ! ਸੱਚੇਪਾਤਸ਼ਾਹ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਬਖਸ਼ੀ ਤੇ ਮੇਰੇ ਪੰਜਾਬ ਤੇ ਸਮੁੱਚੀ ਮਾਨਵਤਾ ਚ ਏਕਤਾ ਤੇ ਪਰੇਮ ਭਾਵਨਾ ਦਾ ਬਲ ਬਖਸ਼ੀ।ਮੇਰੀ ਗੁਰੂ ਚਰਨਾਂ 'ਚ ਬੇਨਤੀ ਹੈ ਕਿ ਕਦੇ ਵੀ ਧਾਰਮਿਕ ਅਸਥਾਨਾਂ ਤੇ ਅਜਿਹਾ ਬੁਰਾ ਦੌਰ ਦੇਖਣ ਜਾ ਸੁਣਨ ਨਾ ਮਿਲੇ।



# ਲਹੂ ਦੇ ਚੁਬੱਚੇ



- ਅਜੀਤ ਕੌਰ

ਖੁਸ਼ਵੰਤ ਸਿੰਘ ਹੁਣੇ ਅੰਮ੍ਰਿਤਸਰ ਤੋਂ ਵਾਪਸ ਆਇਆ ਹੈ । ਉਹਦੇ ਸਾਹਾਂ ਵਿੱਚ ਗੁੱਸੇ ਦੀਆਂ ਲਪਟਾਂ ਉੱਠ ਰਹੀਆਂ ਨੇ । ' ਤਿੰਨ ਸੌਂ ਗੋਲੀਆਂ ਲੱਗੀਆਂ ਨੇ ਦਰਬਾਰ ਸਾਹਿਬ ' ਤੇ। ਇਕ ਅੰਨਾ ਰਾਗੀ ਅਮਰੀਕ ਸਿੰਘ ਅੰਦਰ ਬੈਠਾ ਸੀ , ਉਹਨੂੰ ਉਥੇ ਹੀ ਗੋਲੀ ਲੱਗੀ । ਲਾਸ਼ ਤਾਂ ਧਰੀਕ ਕੇ ਬਾਕੀ ਲਾਸ਼ਾਂ ਨਾਲ ਹੀ ਸਾੜ ਦਿੱਤੀ ਗਈ , ਪਰ ਉਹਦਾ ਲਹੂ ਜਿਸ ਕਾਲੀਨ ' ਤੇ ਡੁਲਿਆ , ਉਹ ਸਾਫ ਨਹੀਂ ਹੋ ਸਕਿਆ । ਪੂੰਝਿਆ , ਧੋਤਾ , ਰਗੜਿਆ ਪਰ ਮੱਖੀਆਂ ਆ ਕੇ ਉੱਥੇ ਹੀ ਬਹਿੰਦੀਆਂ ਲਹੂ ਦੀ ਹਵਾੜ ਵੀ ਦਿਨੋ ਦਿਨ ਤਿੱਖੀ ਹੋਈ ਜਾਂਦੀ ਸੀ । ਸੋ ਮਿਲਟਰੀ ਵਾਲਿਆਂ ਨੇ ਉਸ ਕਾਲੀਨ ਦੀ ਉਨੀ ਟਾਕੀ ਹੀ ਕੱਟ ਕੇ ਲਾਹ ਲਈ ਤੇ ਓਡਾ ਹੀ ਹੋਰ ਟੁਕੜਾ ਉਸ ਕਾਲੀਨ ਵਿੱਚ ਜੋੜ ਦਿੱਤਾ ਏ । '

ਮੈਂ ਸੋਚਦੀ ਹਾਂ , ਸਾਡੇ ਸਾਰਿਆਂ ਦੇ ਦਿਲਾਂ ਵਿੱਚ ਵੀ ਖ਼ੂਨ ਦੇ ਇਹੋ ਜਿਹੇ ਚੁਬੱਚੇ ਜਿਹੜੇ ਬਣੇ ਨੇ , ਉਹਨਾਂ ਨੂੰ ਕਿੰਨਾਂ ਹੀ ਉਲੀਚ ਲਵੇ , ਜਿਹੜਾ ਲਹੂ ਮਿੱਟੀ ਵਿੱਚ ਰਚ ਗਿਆ ਏ ਉਹਦਾ ਕੀ ਹੋਵੇਗਾ ? ਖ਼ੂਨ ਨੂੰ ਤਾਂ ਸ਼ਾਇਦ ਵਕਤ ਪੂੰਝ ਦੇਵੇਗਾ , ਪਰ ਦਾਗ ਉੱਥੇ ਹੀ ਰਹਿਣਗੇ । ਲਹੂ ਦੀ ਗੰਧ ਆਹਿਸਤਾ ਆਹਿਸਤਾ ਹਵਾੜ ਬਣੇਗੀ ਹੀ । ਖੌਲਦੇ ਗੁੱਸੇ ਦੀਆਂ ਤੇ ਨਪੁੰਸਕ ਰੋਹ ਦੀਆਂ ਮੱਖੀਆਂ ਲੱਖ ਉਡਾਉਣ ਦੇ ਬਾਵਜੂਦ ਵੀ ਮੁੜ - ਘਿੜ ਕੇ ਉਸੇ ਲਹੂ ਦੇ ਦਾਗ ਤੇ ਭਿਣਭਿਣਾਉਂਣਗੀਆਂ ।

ਜਿਨਾਂ ਦੇ ਹੱਥਾਂ ਵਿੱਚ ਤਾਕਤ ਹੈ , ਤੇ ਜਿਨਾਂ ਨੇ ਆਪਣੀ ਤਾਕਤ ਦਾ ਕਮਾਲ ਵਿਖਾਕੇ ਅਗਲੀਆਂ ਇਲੈਕਸ਼ਨਾਂ ਲਈ ਹਿੰਦੂ ਵੋਟਾਂ ਸੁਰੱਖਿਅਤ ਕਰ ਲਈਆਂ ਨੇ , ਉਨਾਂ ਕੋਲੋਂ ਸਿਰਫ ਮੈਂ ਹੀ ਨਹੀਂ , ਹਰ ਸਿੱਖ ਇਹੀ ਪੁਛਣਾ ਚਾਹੁੰਦਾ ਏ ਅੱਜ , ਕਿ ਸਾਡੇ ਦਿਲਾਂ ਵਿਚ ਹਵਾੜ ਛੱਡਦੇ ਇਸ ਲਹੂ ਦੇ ਦਾਗ ਦਾ ਕੀ ਕਰੋਗੇ ? ਕੈਂਚੀ ਲੈ ਕੇ ਇਸ ਟੁਕੜੇ ਨੂੰ ਵੀ ਕੱਟ ਦਿਓਗੇ ? ਤੇ ਇਹ ਦੀ ਥਾਵੇਂ ਇੱਕ ਨਵਾਂ ਟੁਕੜਾ ਜੋੜਕੇ ਰਫੂ ਕਰ ਦਿਓਗੇ ?

ਦੁਖੀ ਮਨਾਂ ਵਿੱਚ , ਖੌਲਦੇ ਜ਼ਿਹਨਾਂ ਵਿੱਚ , ਗੁੱਸੇ ਨਾਲ ਭਖਦੀਆਂ ਸੋਚਾਂ ਵਿੱਚ ਤੇ ਗੋਲੀਆਂ ਨਾਲ ਛਾਨਣੀ ਹੋਏ ਦਿਲਾਂ ਵਿੱਚ ਅੱਜ ਹਰ , ਹਰ ਭੈਣ , ਹਰ ਪਤਨੀ , ਆਪਣੇ ਚਰਖੇ ਦੀ ਮਾਹਲ ਨੂੰ ਫੜ ਕੇ ਪੱਠਿਆਂ ਗੇੜ ਰਹੀ ਏ , ਕਿਉਂਕਿ ਕਹਿੰਦੇ ਨੇ ਕਿ ਚਰਖੇ ਨੂੰ ਪੁੱਠਿਆਂ ਗੇੜੋ ਤਾਂ ਘਰੋਂ ਗਏ ਬੰਦੇ ਵਾਪਸ ਪਰਤ ਆਉਂਦੇ ਨੇ ।

ਹਰ ਤੀਜੇ ਘਰ ਵਿੱਚ ਕੋਈ ਨਾ ਕੋਈ ਅੰਮ੍ਰਿਤਸਰ ਗਿਆ ਹੋਇਆ ਏ । ਘਰਦਿਆਂ ਨੂੰ ਕੋਈ ਪਤਾ ਨਹੀਂ ਕਿ ਉਹ ਕਿੱਧਰੇ ਲੁਕਿਆ ਹੋਇਆ ਏ , ਅੰਡਰਗਰਾਉਂਡ ਏ , ਕਿਸੇ ਦੋਸਤ ਕੋਲ ਕਿਸੇ ਹੋਰ ਸ਼ਹਿਰ ਚਲਾ ਗਿਆ ਏ , ਕਿ ਮਾਰਿਆ ਜਾ ਚੁੱਕਾ ਏ ।

ਮਰਨ ਵਾਲਿਆਂ ਦੀ ਗਿਣਤੀ ਦਾ ਕੋਈ ਅੰਦਾਜ਼ਾ ਨਹੀਂ । ਮਿਲਟਰੀ ਵਾਲੇ ਕਹਿੰਦੇ ਨੇ , ਸੱਤ ਅੱਠ ਸੌ ਬੰਦੇ ਮਰੇ ਨੇ । ਟਾਈਮਜ਼ ( ਲੰਡਨ ) ਦੀ ਖ਼ਬਰ ਸੀ ਕਿ ਸਾਢੇ ਤੇਰਾਂ ਸੌ ਲਾਸ਼ਾਂ ਜਲਾਈਆਂ ਨੇ ਮਿਲਟਰੀ ਨੇ। ਟ੍ਰਿਬਿਊਨ ਦਾ ਸਤਿੰਦਰ ਸਿੰਘ ਕਹਿੰਦਾ ਹੈ , ' ਪੂਰੀ ਪ੍ਰਕਰਮਾਂ ਵਿੱਚ ਇੱਕ ਇੰਚ ਥਾਂ ਵੀ ਅਜਿਹਾ ਨਹੀਂ ਸੀ ਜਿਹੜੀ ਖਾਲੀ ਹੋਵੇ । ਲਾਸ਼ਾਂ ਕਿੱਧਰੇ ਇੱਕ ਦੂਜੇ ਦੇ ਉੱਤੇ ਪਈਆਂ ਸਨ , ਢੇਰਾਂ ਦੇ ਢੇਰ , ਤੇ ਕਿਧਰੇ ਏਨੀ ਨੇੜੇ ਕਿ ਇਕ ਦੀ ਬਾਂਹ ਦੂਜੇ ਦੀ ਬਾਂਹ ਨੂੰ ਜਾਂ ਲੱਤ ਨੂੰ ਛੂਹ ਰਹੀ ਸੀ । ਰਾਤ ਦੇ ਹਨੇਰੇ ਵਿੱਚ ਟਰੱਕਾਂ ਦੇ ਟਰੱਕ ਭਰ ਕੇ ਲਾਸ਼ਾਂ ਸੱਤ ਅੱਠ ਵੱਖੋ - ਵੱਖ ਮੜੀਆਂ ਵਿੱਚ ਲੈ ਗਏ , ਤੇ ਇਕੱਠੀਆਂ , ਢੇਰ ਲਾ ਕੇ ਸਾੜਦੇ ਰਹੇ । ਸਿਰਫ ਚਾਟੀ ਵਿੰਡ ਦੀਆਂ ਮੜੀਆਂ ਵਿੱਚ ਹੀ ਨੌ ਸੌ ਦੱਸ ਲਾਸ਼ਾਂ ਸਾੜੀਆਂ ਗਈਆਂ , ਜਿਹੜਾ ਇੰਚਾਰਜ ਸੀ , ਉਹਨੇ ਮੈਨੂੰ ਖ਼ੁਦ ਦੱਸਿਆ ਏ ।

' ਇਸ ਹਿਸਾਬ ਨਾਲ ... ? ਮੇਰੀ ਆਵਾਜ਼ ਕੰਬਦੀ ਏ । ਲਾਸ਼ਾਂ ਦੀ ਗਿਣਤੀ ਦਾ ਹਿਸਾਬ ਕਰਦਿਆਂ ਮੈਨੂੰ ਆਪਣੇ ਜ਼ਿੰਦਾ ਹੋਣ ' ਤੇ ਗੁੱਸਾ ਆਉਂਦਾ ਏ ।

' ਠੀਕ ਅੰਦਾਜ਼ਾ ਨਹੀਂ , ਪਰ ਹਜ਼ਾਰਾਂ ਦੀ । ' ਉਹ ਕਹਿੰਦਾ ਏ । ਏਡੇ ਲੰਮੇ ਉੱਚੇ ਤੇ ਕੁਰਾਹੜੇ ਬੰਦੇ ਦੀਆਂ ਅੱਖਾਂ ਵਿੱਚ ਸੁਰਖ਼ ਅੱਥਰੂ ਨੇ ।

ਫੇਰ ਉਹ ਆਪੇ ਹੀ ਕਹਿੰਦਾ ਏ , ' ਫੇਰ ਕੀ ਹੋਇਆ । ਸਤਾਰਾਂ ਸੌ ਸੱਤ ਤੋਂ ਸਤਾਰਾਂ ਸੌ ਇਕਾਨਵੇਂ ਤੱਕ ਦੋ ਲੱਖ ਸਿੱਖ ਮਾਰਿਆ ਗਿਆ ਸੀ । ਹਰਿਮੰਦਰ ਸਾਹਿਬ ਦੇ ਇਹੀ ਬੰਗੇ ਚਾਰ ਵਾਰੀ ਤਬਾਹ ਹੋਏ ਸਨ ਚਾਰ ਵਾਰੀ ਮੁੜਕੇ ' ਬਣਾਏ ਗਏ ਸਨ । ਸਿੱਖ ਤਾਂ ਬਣਿਆ ਹੀ ਮਰਨ ਲਈ ਐ । '

ਇਹ ਘੱਲੂਘਾਰਾ ਜਦੋਂ ਵਾਪਰਿਆ , ਤਾਂ ਮੈਂ ਤੇ ਮੇਰੀ ਬੇਟੀ ਏਥਨਜ਼ ਵਿੱਚ ਸਾਂ । ਕਿਸੇ ਨੇ ਟੈਲੀਵੀਜ਼ਨ ਦੀਆਂ ਖਬਰਾਂ ਸੁਣੀਆਂ ਤੇ ਦੱਸਿਆ , ' ਗੋਲਡਨ ਟੈਂਪਲ ' ਤੇ ਫੌਜੀ ਹਮਲਾ ਹੋ ਗਿਆ ਏ ।

ਫੌਜੀ ਹਮਲਾ ? ਗੋਲਡਨ ਟੈਂਪਲ ਵੀ ਕੋਈ ਗੋਆ ਜਾਂ ਢਾਕਾ ਐ ਕਿ ਫੌਜਾਂ ਨੇ ਚੜਾਈ ਕੀਤੀ ਏ ਉਹਦੇ ਤੇ ?

ਯਾਦ ਆਏ ਖ਼ੁਸ਼ਵੰਤ ਸਿੰਘ ਦੇ ਪਾਰਲੀਮੈਂਟ ਵਿਚ ਵਾਰ - ਵਾਰ ਆਖੇ ਲਫ਼ਜ਼ , ' ਜੇ ਗੋਲਡਨ ਟੈਂਪਲ ਵਿੱਚ ਫੌਜ ਦਾਖ਼ਲ ਹੋਏਗੀ , ਤਾਂ ਖ਼ੂਨ ਨਾਲ ਨਹਾਉਣਾਂ ਪਵੇਗਾ ਉਹਨੂੰ । ਲਹੂ ਦੀਆਂ ਨਦੀਆਂ ਵਹਿ ਤੁਰਨਗੀਆਂ । ਕੋਈ ਹੋਰ ਰਸਤਾ ਲੱਭੋ । ਗੱਲਬਾਤ ਕਰੋ , ਸਮੱਸਿਆ ਹੱਲ ਲੱਭੋ ।

ਤੇ ਇੰਦਰਾ ਗਾਂਧੀ ਦੇ ਵਾਰ - ਵਾਰ ਆਖੇ ਹੋਏ ਲਫ਼ਜ਼ , ' ਗੋਲਡਨ ਟੈਂਪਲ ਵਿਚ ਫ਼ੌਜ ਨੂੰ ਨਹੀਂ ਭੇਜਿਆ ਜਾਵੇਗਾ । '

ਤੇ ਹੁਣ-- ? ਲੱਗਾ , ਇਹ ਗ੍ਰੀਕ ਟ੍ਰੈਜੇਡੀ ਸੀ । ਅਸਲੀ ਮਾਇਨਿਆਂ ਵਿੱਚ ਗ੍ਰੀਕ ਟ੍ਰੈਜੇਡੀ। ਜਿੱਥੇ ਸਭ ਪਾਤਰਾਂ ਨੂੰ ਪਤਾ ਹੁੰਦਾ ਏ ਕਿ ਉਹ ਮੌਤ ਦੀ ਭਿਆਨਕਤਾ ਵੱਲ ਵਧ ਰਹੇ ਨੇ , ਪਰ ਕੋਈ ਉਹਨਾਂ ਦੇ ਜਿਸਮਾਂ ਤੇ ਜ਼ਿਹਨਾਂ ਤੋਂ ਬਾਹਰਲੀ ਤਾਕਤ , ਜਿਸ ਨੂੰ ਗੈਬੀ ਸ਼ਕਤੀ ਵੀ ਕਿਹਾ ਜਾ ਸਕਦਾ ਹੈ ਜਾਂ ਖ਼ੁਦ ਮਲਕੁਲ ਮੌਤ -- ਉਹਨਾਂ ਨੂੰ ਪਲ - ਪਲ ਪਰਲੋ ਵੱਲ ਤੋਰੀ ਲਿਜਾਂਦੀ ਏ । ਇਥੇ ਇਹ ਗੈਬੀ ਤਾਕਤ ਸ਼ਾਇਦ ਇੰਦਰਾ ਗਾਂਧੀ ਖ਼ੁਦ ਸੀ । ਜ਼ਰਾ ਸੋਚੋ ਤਾਂ ਇਹੀ ਲੱਗਦਾ ਹੈ ਕਿ ਸਿਰਫ਼ ਉਸੇ ਨੂੰ ਪਤਾ ਸੀ ਕਿ ਇਹ ਪਰਲੋ ਵਾਪਰੇਗੀ , ਤੇ ਇਸ ਤਰਾਂ ਵਾਪਰੇਗੀ । ਇਹ ਵੀ ਸ਼ੱਕ ਹੁੰਦਾ ਏ ਕਿ ਕੀ ਇਹ ਪਹਿਲੋਂ ਸੋਚੀ ਅਤੇ ਸਮਝੀ ਹੋਈ , ਪਲੈਨ ਕੀਤੀ ਹੋਈ ਪਰਲੋ ਹੀ ਤਾਂ ਨਹੀਂ ਸੀ ?

ਬੀ.ਬੀ.ਸੀ. ਦੀਆਂ ਖਬਰਾਂ , ਹਰ ਘੰਟੇ ਮਗਰੋਂ । ਹਮਲਾ , ਟੈਂਕ , ਤੋਪਾਂ , ਬਾਰੂਦ , ਲਾਸ਼ਾਂ ।

ਟਾਈਮਜ਼ ਦੀ ਖ਼ਬਰ , ' ਲਾਸ਼ਾਂ ਵਿਚ ਕੁਝ ਔਰਤਾਂ ਤੇ ਬੱਚਿਆਂ ਦੀਆਂ ਲਾਸ਼ਾਂ ਵੀ ਸਨ । '

ਹਰ ਗ੍ਰੀਕ ਦੋਸਤ ਸਾਡੇ ਦੋਹਾਂ ਨਾਲ ਵਧੇਰੇ ਨਰਮੀ ਨਾਲ ਪੇਸ਼ ਆ ਰਿਹਾ ਸੀ , ਅਫਸੋਸ ਕਰ ਰਿਹਾ ਸੀ।ਜਿਸ ਤਰਾਂ ਉਹ ਸਾਡੇ ਘਰ ਮਾਤਮ ' ਤੇ ਆਏ ਹੋਣ ।

ਪਰ ਹਿੰਦੁਸਤਾਨੀ ਕਲਚਰ ਗਰੁੱਪ ਦਾ ਹਰ ਬੰਦਾ , ਜਿਸ ਦੇ ਵਿੱਚ ਸਿੱਖ ਸਿਰਫ਼ ਦੋ ਹੀ ਸਨ : ਮੈਂ ਤੇ ਅਰਪਨਾ , ਸਿਰਫ਼ ਉਸ ਗੋਲੇ ਬਾਰੂਦ ਦੀ ਗੱਲ ਕਰ ਰਿਹਾ ਸੀ । ਜਿਹੜਾ ਸੰਤ ਭਿੰਡਰਾਂਵਾਲੇ ਅਤੇ ਉਸਦੇ ਸੇਵਕਾਂ ਨੇ ਅੰਦਰ ਜਮਾ ਕੀਤਾ ਹੋਇਆ ਸੀ । ਕਹਿ ਰਹੇ ਸਨ , ' ਵਿਚਾਰੀ ਇੰਦਰਾ ਗਾਂਧੀ ਹੋਰ ਕਰਦੀ ਵੀ ਕੀ ?

ਅਰਪਨਾ ਦੀਆਂ ਅੱਖਾਂ ਵਿੱਚ ਗੁੱਸੇ ਦੇ ਅੱਥਰੂ ਸਨ , ਤੇ ਉਹ ਉਨਾਂ ਨੂੰ ਟਾਈਮਜ਼ ਦੀਆਂ ਖ਼ਬਰਾਂ ਵਿਖਾ ਰਹੀ ਸੀ । ਇਕ ਖ਼ਬਰ : ਲਾਸ਼ਾਂ ਵਿੱਚ ਕਈ ਨੌਜਵਾਨ ਮੁੰਡਿਆਂ ਦੀਆਂ ਲਾਸ਼ਾਂ ਸਨ ਜਿਨਾਂ ਦੇ ਹੱਥ ਪਿੱਠ ਪਿੱਛੇ ਬੰਨੇ ਹੋਏ ਸਨ , ਪੱਗਾਂ ਲੱਥੀਆਂ ਹੋਈਆਂ ਸਨ , ਤੇ ਮੱਥੇ ' ਤੇ ਗੋਲੀ ਲੱਗੀ ਹੋਈ ਸੀ । ਦੂਜੀ ਖ਼ਬਰ : ਲਾਸ਼ਾਂ ਵਿੱਚ ਔਰਤਾਂ ਅਤੇ ਬੱਚਿਆਂ ਦੀਆਂ ਲਾਸ਼ਾਂ ...। ' ਬੱਚਿਆਂ ਨੇ ਕੀ ਕਸੂਰ ਕੀਤਾ ਸੀ ? ਉਹ ਵੀ ਆਤੰਕਵਾਦੀ ਸਨ ?ਅਰਪਨਾ ਨੇ ਕਿਹਾ ।

ਆਲ ਇੰਡੀਆ ਰੇਡੀਓ ਦਾ ਹਰੀਸ਼ ਅਵਸਥੀ ਕਹਿਣ ਲੱਗਾ , " ਆਰ ਯੂ ਸ਼ੋਅਰ ਦੇ ਵਰ ਇਨੋਸੈਂਟ ?

ਤੇ ਅਰਪਨਾ ਲੜ ਪਈ ਉਹਦੇ ਨਾਲ , ' ਵਟ ਡੂ ਯੂ ਮੀਨ ? ਬੱਚੇ ਇਨੋਸੈਂਟ ਨਹੀਂ ਹੁੰਦੇ ਤਾਂ ਕੀ ਹੁੰਦੇ ਨੇ ? ਬੱਚਿਆਂ ਦੀਆਂ ਲਾਸ਼ਾਂ ...। '

ਮੈਂ ਉਹਨੂੰ ਕਮਰੇ ਵਿੱਚ ਲੈ ਆਈ ਉਹ ਰੋ ਰਹੀ ਸੀ । ਮੈਂ ਕਿਹਾ , ' ਤੂੰ ਕਹਿੰਦੀ ਸੀ ਨਾ , ਆਪਣੇ ਮੁਲਕ ਤੋਂ ਬਾਹਰ ਹੋਰ ਕਿੱਧਰੇ ਨਹੀਂ ਰਹਿਣਾ ! ਕਿਉਂਕਿ ਆਪਣੇ ਮੁਲਕ ਤੋਂ ਬਾਹਰ ਸੈਕੰਡ ਕਲਾਸ ਸਿਟੀਜ਼ਨ ਬਣ ਕੇ ਰਹਿਣਾ ਪੈਂਦਾ ਏ । ਪਰ ਆਪਣੇ ਹੀ ਮੁਲਕ ਵਿੱਚ ਹਰ ਮਾਈਨਾਰੇਟੀ ਨੂੰ ਸੈਕੰਡ ਕਲਾਸ ਸਿਟੀਜ਼ਨ ਬਣਨਾ ਪੈਂਦਾ ਏ , ਇਹ ਨਹੀਂ ਸੀ ਨਾ ਕਦੀ ਸੋਚਿਆ । ਹੁਣ ਸੋਚਣਾ ਪਵੇਗਾ ।

ਵਾਪਸ ਆਏ , ਤਾਂ ਇਕ ਅਜੀਬ ਤਰਾਂ ਦਾ ਦੋਫਾੜ ਸੀ । ਹਰ ਹਿੰਦੂ ਮਿਲਟਰੀ ਐਕਸ਼ਨ ਨੂੰ ਠੀਕ ਕਹਿ ਰਿਹਾ ਸੀ , ਤੇ ਸਿਰਫ਼ ਹਰਿਮੰਦਰ ਸਾਹਿਬ ਦੇ ਅੰਦਰ ਜਮਾਂ ਕੀਤੇ ਗਏ ਗੋਲਾ ਬਾਰੂਦ ਦੀ ਗੱਲ ਕਰ ਰਿਹਾ ਸੀ । ਤੇ ਹਰ ਸਿੱਖ ਖ਼ੂਨ ਦੀ ਉਸ ਹੋਲੀ ਦੀ ਗੱਲ ਕਰ ਰਿਹਾ ਸੀ ਜਿਹੜੀ ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਵਿੱਚ ਖੇਡੀ ਗਈ ।

ਹੋਰ ਤਾਂ ਹੋਰ ਮੇਰੀ ਤੀਹਾਂ ਵਰਿਆਂ ਦੀ ਅਜੀਜ਼ ਦੋਸਤ ਤੋਸ਼ੀ ਕਹਿਣ ਲੱਗੀ , ' ਪਰ ਜੀਤ , ਅੰਦਰ ਏਨਾ ਗੋਲਾ ਬਾਰੂਦ ਸੀ , ਉਹ ਕਿਉਂ ਇਕੱਠਾ ਕੀਤਾ ਹੋਇਆ ਸੀ ਉਨਾਂ ਨੇ ? '

ਮੈਂ ਉਹਨਾਂ ਦੇ ਗੋਲੇ ਬਾਰੂਦ ਨੂੰ , ਰਾਈਫਲਾਂ ਤੇ ਮਸ਼ੀਨ ਗੰਨਾਂ ਨੂੰ ਜਸਟੀਫਾਈ ਨਹੀਂ ਕਰਦੀ । ਗ਼ਲਤ ਏ ਇਹ , ਕਿਸੇ ਵੀ ਮੰਦਰ , ਗੁਰਦੁਆਰੇ ਵਿੱਚ ਮੌਤ ਦਾ ਇਹ ਸਮਾਨ ਰੱਖਣਾ । ਪਰ ਜੇ ਤੂੰ ਮੁਲਕ ਦੀ ਵੰਡ ਵੇਲੇ ਵਾਘਿਓ , ਪਰਲੇ ਪਾਰ ਹੁੰਦੀ ਤਾਂ ਤੈਨੂੰ ਪਤਾ ਲੱਗਦਾ ਕਿ ਇਹ ਵੀ ਡਰ ਦੀ ਹੀ ਇੱਕ ਮੈਨੀਫੈਸਟੇਸ਼ਨ ਹੁੰਦੀ ਏ । ਉਂਜ ਉਹਨਾਂ ਨੂੰ ਇਹ ਨਹੀਂ ਸੀ ਕਰਨਾ ਚਾਹੀਦਾ । ਲੜਨਾ ਹੀ ਸੀ , ਬਚਾਅ ਕਰਨਾ ਹੀ ਸੀ ਕਿਸੇ ਹੋਰ ਥਾਂ ਤੋਂ ਕਰਦੇ , ਹਰਿਮੰਦਰ ਸਾਹਿਬ ਵਿੱਚ ਨਹੀਂ । ਪਰ ਫੇਰ ਵੀ , ਇਸ ਤਰਾਂ ਫੌਜ ਦਾ ਹਮਲਾ ! ਜਿਵੇਂ ਕਿਸੇ ਦੂਜੇ ਮੁਲਕ ' ਤੇ ਚੜਾਈ ਕੀਤੀ ਹੋਵੇ । ਹਨੇਰ ਐ ਨਾ , ਕਿ ਅੰਦਰ ਜਿੰਨੇ ਵੀ ਬੰਦੇ ਸਨ , ਸਭ ਨੂੰ ਮਾਰ ਸੁੱਟਿਆ ! '

ਪਰ ਤੈਨੂੰ ਪਤਾ ਏ ਕਿ ਅੰਦਰੋਂ , ਸਰੋਵਰ ਵਿੱਚੋਂ ਮਣਾਂ ਦੇ ਮਣ ਸੋਨੇ ਦੇ ਗਹਿਣੇ ਮਿਲੇ ਨੇ । ਐਹ ਜਿਹੜਾ ਕਰੋਲ ਬਾਗ ਡਾਕਾ ਪਿਆ ਸੀ ਨਾ , ਉਹ ਗਹਿਣੇ ਵੀ ਉਥੋਂ ਹੀ ਲੱਭੇ ਨੇ ।

' ' ਅੱਛਾ , ਨਾਂ ਲਿਖਿਆ ਹੋਇਆ ਸੀ ਉਨਾਂ ਉੱਤੇ ਕਰੋਲ ਬਾਗ ਵਾਲਿਆਂ ਦਾ ? ਤੇ ਨਾਲੇ ਤੂੰ ਜਾ ਕੇ ਸਰੋਵਰ ਵਿੱਚੋਂ ਨਿਕਲਦੇ ਗਹਿਣੇ ਤੱਕ ਆਈ ਏਂ ?ਮੈਨੂੰ ਬਹੁਤ ਗੁੱਸਾ ਆ ਗਿਆ । ' ਮੇਰੇ ਨਾਲ ਕਾਹਨੂੰ ਲੜਨੀ ਏਂ ਟੀ.ਵੀ. ' ਤੇ , ਰੇਡੀਓ 'ਤੇ , ਅਖਬਾਰਾਂ ਵਿੱਚ, ਸਭ ਥਾਂ ਤੇ ਇਹੀ ਖ਼ਬਰਾਂ ਨੇ ।

ਕਿਉਂ ਨਾ ਹੋਣ ? ਟੀ.ਵੀ. 'ਤੇ , ਰੇਡੀਓ ' ਤੇ , ਅਖ਼ਬਾਰਾਂ ਵਿੱਚ , ਸਭ ਥਾਂ ਤੇ ਇਹੀ ਖ਼ਬਰਾਂ ਨੇ ।

ਕਿਉਂ ਨਾ ਹੋਣ । ਟੀ.ਵੀ. ਤੇ ਰੇਡੀਓ ਸਰਕਾਰੀ ਅਖ਼ਬਾਰਾਂ ਉਨਾਂ ਲੋਕਾਂ ਦੀਆਂ ਜਿੰਨਾਂ ਨੇ ਹਰ ਦੂਜੇ ਦਿਨ ਸਰਕਾਰ ਕੋਲੋਂ ਲਾਇਸੈਂਸ ਲੈਣੇ ਹੁੰਦੇ ਨੇ , ਵੱਡੇ ਇੰਡਸਟਰੀਲਿਸਟ ਜਿਨਾਂ ਨੇ ਸਰਕਾਰ ਦੀ ਹੀ ਤੂਤੀ ਵਜਾਉਣੀ ਹੋਈ ।

ਉਹ ਤਾਂ ਚੁੱਪ ਹੋ ਗਈ ਪਰ ਮੈਨੂੰ ਤੀਹਾਂ ਸਾਲਾਂ ਵਿਚ ਪਹਿਲੀ ਵਾਰ ਅਹਿਸਾਸ ਹੋਇਆ ਕਿ ਤੋਸ਼ ਹਿੰਦੂ ਸੀ ਤੇ ਮੈਂ ਸਿੱਖ , ਏਸੇ ਕਰਕੇ ਅਸੀਂ ਦੋਵੇਂ ਵੱਖਰੋ - ਵੱਖਰੀ ਸੋਚ - ਸੋਚ ਰਹੀਆਂ ਸਾਂ ।

ਇਹ ਕੀ ਕਰ ਦਿੱਤਾ ਵੋਟਾਂ ਦੇ ਮੰਗਤਿਆਂ ਨੇ ? ਕਿਹੋ ਜਿਹੀ ਸ਼ਤਰੰਜ ਖੇਡੀ ਇਹ , ਕਿ ਚੌਪੜ ਹੀ ਵਿਚਕਾਰੋਂ ਟੁੱਟ ਗਈ ।

ਪੰਜਾਬੀ ਮਨਾਂ ਵਿੱਚ ਇਹ ਲਕੀਰ ਪਾ ਦੇਣ ਦਾ ਗੁਨਾਹ ਕੋਈ ਵੀ ਇਤਿਹਾਸ ਮੁਆਫ ਨਹੀਂ ਕਰੇਗਾ ਇਹਨਾਂ ਨੂੰ ।

ਟੈਲੀਵਿਯਨ ' ਤੇ ਰੇਡੀਓ ਤੇ , ਹਰ ਰੋਜ਼ ਸਰਕਾਰ ਆਪਣੀ ਫੌਜੀ ਕਾਰਵਾਈ ਨੂੰ ' ਜਸਟੀਫਾਈ ਕਰਨ ਵਿੱਚ ਰੁੱਝੀ ਹੋਈ ਸੀ । ਤੇ ਇਹ ਸਾਬਤ ਕਰਨ ਲਈ ਟਿੱਲ ਲਾ ਰਹੀ ਸੀ ਕਿ ਹਰਿਮੰਦਰ ਸਾਹਿਬ ' ਤੇ ਕੋਈ ਗੋਲੀ ਨਹੀਂ ਸੀ ਚਲਾਈ ਗਈ । ਅਕਾਲ ਤਖਤ ਬਕੌਲ ਸਰਕਾਰ ਦੇ , ਅਕਾਲ ਤਖ਼ਤ ਵਿੱਚ ਤਾਂ ਮੋਰਚੇ ਲੱਗੇ ਹੋਏ ਸਨ । ਕੰਧਾਂ ਨੂੰ ਪਾੜਕੇ ਮਸ਼ੀਨ ਗੰਨਾਂ ਤੇ ਤੋਪਾਂ ਬੀੜੀਆਂ ਹੋਈਆਂ ਸਨ । ਬਾਰੂਦ ਫਟ ਗਿਆ ਇਮਾਰਤ ਢਹਿ ਪਈ ।

ਪਰ ਫ਼ੌਜੀ ਕਾਰਵਾਈ ਕਰਨ ਵਾਲਿਆਂ ਵਿੱਚੋਂ ਵੀ ਦੋ ਚਾਰ ਤਾਂ ਅਜਿਹੇ ਹੋਣਗੇ ਹੀ ਜਿੰਨਾਂ ਦਾ ਕਲੇਜਾ ਮੌਤ ਦੇ ਏਨੇ ਭਿਆਨਕ ਤਾਂਡਵ ਨੂੰ ਤੱਕ ਕੇ ਕੰਬ ਗਿਆ ਹੋਵੇਗਾ ਉਨਾਂ ਵਿੱਚੋਂ ਹੀ ਕਿਸੇ ਅਫ਼ਸਰ ਨੇ ਖ਼ੁਸਵੰਤ ਨੂੰ ਦੱਸਿਆ ਏ ਕਿ ਅਕਾਲ ਤਖ਼ਤ ਦੀ ਛੱਤ ਨੂੰ ਤਾਂ ਦੂਰੋਂ ਹੀ ਆਰਮਡ ਟੈਂਕਾਂ ਨਾਲ ਉਡਾ ਦਿੱਤਾ ਗਿਆ ਸੀ । ਤੇ ਫੇਰ ਅੰਦਰ ਸ਼ਾਇਦ ਅੱਗ ਲੱਗ ਗਈ ਸੀ । ਸੰਤ ਭਿੰਡਰਾਂਵਾਲੇ ਤੇ ਉਨਾਂ ਦੇ ਸੇਵਕ , ਜਿੰਨੇ ਵੀ ਅੰਦਰ ਸਨ ਬਾਹਰ ਨਿਕਲ ਆਏ । ਜਿਹੜੀ ਵੀ ਲੜਾਈ ਹੋਈ ਉਹ ਅਕਾਲ ਤਖ਼ਤ ਦੇ ਸਾਹਮਣੇ , ਬਾਹਰ ਖੁੱਲੀ ਪਰਿਕਰਮਾਂ ਵਿੱਚ ਹੋਈ । ਪਹਿਲੋ ਪਹਿਲ ਮਰਨ ਵਾਲਿਆਂ ਵਿੱਚ ਸੰਤ ਭਿੰਡਰਾਂਵਾਲੇ ਵੀ ਸਨ ।

ਉਹਨੇ ਇਹ ਵੀ ਦੱਸਿਆ ਏ ਕਿ ਸਾਰੇ ਜਣੇ ਸ਼ਬਦ ਗਾਉਂਦੇ ਹੋਏ ਸ਼ਹੀਦ ਹੋਏ । ਹਾਂ ਦੋਸਤੋ , ਇਸ ਤਰਾਂ ਮਰਦਾਂ ਵਾਂਗੂੰ , ਮੌਤ ਦਾ ਮਖੌਲ ਉਡਾਉਂਦਿਆਂ ਹੋਇਆਂ ਤੇ ਟੈਂਕਾਂ ਦੇ ਗੋਲਿਆਂ ਦੀ ਵਾਛੜ ਦੇ ਸਾਹਮਣੇ ਸ਼ਬਦ ਗਾਉਂਦਿਆਂ ਹੋਇਆਂ ਮਰਨ ਵਾਲਿਆਂ ਨੂੰ ਸ਼ਹੀਦ ਹੀ ਆਖਿਆ ਜਾਂਦਾ ਏ ।

ਤੇ ਅਸੀਂ ਸਾਰੇ ਅਮਨ - ਪਸੰਦ ਲੋਕ ਜਿਹੜੇ ਸਦਾ ਸੰਤ ਭਿੰਡਰਾਂਵਾਲੇ ਦੇ ਖਿਲਾਫ਼ ਬੋਲਦੇ ਰਹੇ ਸਾਂ ਤੇ ਪੰਜਾਬ ਵਿੱਚ ਹੋਣ ਵਾਲੇ ਹਰ ਬੇ - ਬੁਨਿਆਦੀ ਕਤਲ ਨੂੰ ਨਿੰਦਦੇ ਰਹੇ , ਉਹ ਵੀ ਟੈਂਕਾਂ ਦੇ ਸਾਹਮਣੇ ਮਰਨ ਵਾਲੇ ਇਨਾਂ ਲੋਕਾਂ ਦੀ ਮੌਤ ਦੇ ਸਾਹਮਣੇ ਅੱਜ ਖਾਮੋਸ਼ ਖੜੇ ਰਹਿਣ ਲਈ ਮਜ਼ਬੂਰ ਹਾਂ । ਜੇ ਇਹ ਲੋਕ ਕਾਤਲ ਸਨ , ਮੁਜ਼ਰਮ ਸਨ ਤਾਂ ਇਹਨਾਂ ਨੂੰ ਪਹਿਲਾਂ ਕਾਤਲ ਬਣਾਉਣ ਦੀ ਜ਼ਿੰਮੇਵਾਰੀ ਵੀ ਹਕੂਮਤ ਦੀ ਹੀ ਏ । ਇਹਨਾਂ ਨੂੰ ਹਰਿਮੰਦਰ ਸਾਹਿਬ ਪੁਚਾਉਣਾ ਵੀ ਇਸੇ ਸਾਜਿਸ਼ ਦਾ ਹੀ ਇੱਕ ਹਿੱਸਾ ਸੀ । ਬੜੇ ਤਾਮ - ਝਾਮ ਨਾਲ ਤੇ ਤੂਤੀਆਂ ਨਗਾਰਿਆਂ ਨਾਲ ਸੰਤ ਭਿੰਡਰਾਂਵਾਲੇ ਨੂੰ ਫੜ ਕੇ ਮਗਰੋਂ ਰਿਹਾ ਕਰ ਦੇਣਾ ਵੀ ਇਸੇ ਸਾਜਿਸ਼ ਦਾ ਹੀ ਇੱਕ ਹਿੱਸਾ ਸੀ । ਮਗਰੋਂ ਘੱਟੋ - ਘੱਟ ਡੇਢ ਸਾਲ ਦੇ ਦੌਰਾਨ ਉਹਨੂੰ ਅਰੈਸਟ ਨਾ ਕਰਨਾ , ਤੇ ਹਾਲਾਤ ਨੂੰ ਇਸ ' ਕਲਾਈਮੈਕਸ ' ਤੇ ਪੁਚਾ ਦੇਣਾ , ਇਹ ਸਭ ਇੱਕ ਬਹੁਤ ਗਹਿਰੀ ਸਾਜਿਸ਼ ਹੀ ਲੱਗ ਰਹੀ ਏ । ਤੇ ਖ਼ੁਦ ਹਕੂਮਤ , ਯਾਨੀ ਇੰਦਰਾ ਗਾਂਧੀ , ਮੁਲਕ ਨੂੰ ਬਚਾਉਣ ਵਾਲੀ ਹੀਰੋਇਨ ਸਾਖ਼ਸ਼ਾਤ ਦੇਵੀ ! '

ਪਰ ਸਤਿੰਦਰ ਤਾਂ ਕਹਿੰਦਾ ਸੀ ਕਿ ਲੜਾਈ ਦੋ ਦਿਨ ਤੇ ਦੋ ਰਾਤਾਂ ਹੁੰਦੀ ਰਹੀ !

' ਉਹ ਤਾਂ ਤਿੰਨਾਂ ਦਿਨਾਂ ਮਗਰੋਂ ਜਦੋਂ ਗਿਆਨੀ ਜ਼ੈਲ ਸਿੰਘ ਓਥੇ ਗਏ , ਗੋਲੀਆਂ ਦੀਆਂ ਅਵਾਜ਼ਾਂ ਉਦੋਂ ਵੀ ਆ ਰਹੀਆਂ ਸਨ । ਅਸਾਂ ਸਾਰਿਆਂ ਨੇ ਸੁਣੀਆਂ ਸਨ ਟੈਲੀਵੀਜ਼ਨ ' ਤੇ ਉਹ ਆਵਾਜ਼ਾਂ ।

' ਹਾਂ , ਸੁਣੀਆਂ ਸਨ । '

ਸਾਰੀ ਪਰਿਕਰਮਾ ਦੇ ਹੇਠਾਂ ਰਿਹਾਇਸ਼ੀ ਤਹਿਖ਼ਾਨੇ ਨੇ । ਉਹਨਾਂ ਵਿੱਚ ਸੈਂਕੜੇ ਬੰਦੇ ਸਨ । ਸ਼ਾਇਦ ਹਜ਼ਾਰ , ਡੇਢ ਹਜ਼ਾਰ ਜਾਂ ਵਧੇਰੇ । ਉਹ ਆਲਿਆਂ ਝਰੋਖਿਆਂ ਵਿੱਚੋਂ ਗੋਲੀਆਂ ਚਲਾ ਰਹੇ ਸਨ । ਮਗਰੋਂ ਉਨਾਂ ਤਹਿਖਾਨਿਆਂ ਨੂੰ ਬਲਾਸਟ ਕਰ ਦਿੱਤਾ ਫੌਜ ਨੇ ।

ਪਰਿਕਰਮਾਂ ਵਿੱਚ ਤੁਰਦਿਆਂ ਅਜੇ ਵੀ ਬੋਅ ਆਉਂਦੀ ਏ । ਮੈਂ ਕੰਬ ਜਾਂਦੀ ਹਾਂ । ਮਲਬੇ ਹੇਠਾਂ ਸੜ ਰਹੀਆਂ ਲਾਸ਼ਾਂ ਦੇ ਉੱਤੇ ਤੁਰਨਾ ! ਯਾ ਖ਼ੁਦਾਇਆ !

ਮਦਨ ਗੋਪਾਲ ਹੁਣੇ ਅੰਮ੍ਰਿਤਸਰ ਤੋਂ ਆਇਆ ਏ । ਕਹਿੰਦਾ ਏ , ਜਿੰਨਾਂ ਸਫਾਈ ਵਾਲਿਆਂ ਨੇ ਲਾਸ਼ਾਂ ਨੂੰ ਚੁੱਕਿਆ ਸੀ ਪਰਿਕਰਮਾਂ ਵਿਚੋਂ , ਉਹਨਾਂ ' ਚੋਂ ਦੋ ਨੂੰ ਮਿਲ ਕੇ ਆਇਆਂ । ਕਹਿੰਦੇ ਸਨ , ਏਨੀਆਂ ਲਾਸ਼ਾਂ ਜ਼ਿੰਦਗੀ ਵਿੱਚ ਪਹਿਲੀ ਵਾਰ ਤੱਕੀਆਂ । ਫੌਜ ਵਾਲੇ ਕਹਿੰਦੇ ਸਨ , ਜਿੰਨੀ ਮਰਜੀ ਏ ਸ਼ਰਾਬ ਪੀਓ , ਪਰ ਲਾਸ਼ਾਂ ਚੁੱਕ ਕੇ ਟਰੱਕਾਂ ਵਿੱਚ ਲੱਦ ਦਿਓ । ਸ਼ਰਾਬ ਤੋਂ ਬਿਨਾਂ ਏਨਾ ਲਹੂ ਤੇ ਏਨੀ ਮੌਤ ਝੱਲਣੀ ਹੀ ਨਾਮੁਮਕਿਨ ਹੁੰਦੀ ਏ ।

ਉਹ ਕਹਿੰਦਾ ਏ , ' ਹਰਿਮੰਦਰ ਸਾਹਿਬ ' ਤੇ ਚਾਰ ਸੌ ਬਾਹਟ ਨਿਸ਼ਾਨ ਨੇ ਗੋਲੀਆਂ ਦੇ । ਦਰਬਾਰ ਸਾਹਿਬ ' ਤੇ ਚਾਰ ਬੰਦੇ ਮਰੇ , ਤੇ ਉਤਲੀ ਛੱਤੇ ਪਈ ਇਕ ਬੀੜ ਵੀ ਸੜ ਗਈ ।

' ਕਿੰਨੇ ਕ ਬੰਦੇ ਮਰੇ ਹੋਣਗੇ ? '

ਕਹਿੰਦਾ ਹੈ ' ਕੋਈ ਅੰਦਾਜ਼ਾ ਨਹੀਂ , ਪਰ ਹਜ਼ਾਰਾਂ ਹੀ । ਐਕਸੀਟਰੀਮਿਸਟ ਤਾਂ ਮਸਾਂ ਦੋ ਢਾਈ ਸੌ ਹੀ ਹੋਣਗੇ ਉਹਨਾਂ ਚੋਂ । ਇਹੀ ਅੰਦਾਜ਼ਾ ਏ । ਕਿਉਂਕਿ ਕੁਝ ਪਿਛਲੇ ਪਾਸੇ ਬਣੇ ਘਰਾਂ ਦੀਆਂ ਛੱਤਾਂ ਤੋਂ ਟੱਪ ਕੇ ਭੱਜ ਵੀ ਗਏ ਸਨ ।

' ਪਰ ਬਹੁਤੇ ਬੰਦੇ ਜਿਹੜੇ ਮਰੇ , ਉਹ ਵਿਚਾਰੇ ਪਿੰਡਾਂ ਵਿੱਚੋਂ ਗੁਰਪੁਰਬ ਮਨਾਉਣ ਆਏ ਹੋਏ ਸਨ , ਬੀਵੀਆਂ ਬੱਚਿਆਂ ਨੂੰ ਨਾਲ ਲੈ ਕੇ ।

ਪਰ ਸਰਕਾਰ ਤਾਂ ਕਹਿੰਦੀ ਐ ਕਿ ਫੌਜ ਨੇ ਪਹਿਲੋਂ ਲਾਊਡਸਪੀਕਰਾਂ 'ਤੇ ਐਲਾਨ ਕੀਤਾ ਸੀ ਕਿ ਬਾਹਰ ਆ ਜਾਓ ।

ਹਾਂ , ਦਰਬਾਰ ਸਾਹਿਬ ਦੇ ਅਟੈਕ ਵੇਲੇ ਤਾਂ ਐਲਾਨ ਕੀਤਾ ਹੀ ਸੀ , ਭਾਵੇਂ ਦੂਜਿਆਂ ਥਾਵਾਂ 'ਤੇ ਗੁਰਦੁਆਰਿਆਂ ਉੱਤੇ ਬਿਨਾਂ ਕਿਸੇ ਐਲਾਨ ਦੇ ਹਮਲੇ ਹੋਏ ।

ਅਜੇ ਪਰਸੋਂ ਹੀ ਤਾਂ ਅਨੂਪ ਦੀ ਭੈਣ ਦੱਸ ਰਹੀ ਸੀ ਦੁਖਨਿਵਾਰਣ ਸਾਹਿਬ ਦੇ ਬਾਰੇ । ਪਟਿਆਲੇ ਵਿੱਚ ਇਸ ਗੁਰਦੁਆਰੇ ਦੇ ਬਿਲਕੁਲ ਸਾਹਮਣੇ ਉਹਨਾਂ ਦਾ ਘਰ ਹੈ । ਕਹਿਣ ਲੱਗੀ , ਗੁਰਪੁਰਬ ਸੀ ਨਾ । ਪਿੰਡਾਂ ਵਿੱਚੋਂ ਹਜ਼ਾਰਾਂ ਲੋਕ ਆਏ ਹੋਏ ਸਨ । ਬਹੁਤ ਲੋਕ ਜਿਹੜੇ ਵਾਪਸ ਨਹੀਂ ਜਾਂਦੇ ਸ਼ਾਮ ਨੂੰ ਉੱਥੇ ਹੀ ਲੰਗਰ ' ਚੋਂ ਰੋਟੀ ਖਾ ਕੇ ਸੌਂ ਜਾਂਦੇ ਨੇ , ਇਹ ਸੋਚ ਕੇ ਕਿ ਸਵੇਰ ਦਾ ਕੀਰਤਨ ਸੁਣ ਕੇ ਵਾਪਸ ਮੁੜ ਜਾਵਾਂਗੇ ਘਰਾਂ ਨੂੰ । ਅਸੀਂ ਘਬਰਾ ਕੇ ਬੱਤੀ ਜਗਾਈ , ਬਿਜਲੀ ਨਹੀਂ ਸੀ ।

ਟੈਲੀਫੋਨ ਵੇਖਿਆ ਡੈੱਡ ਸੀ । ਪੂਰੇ ਇਲਾਕੇ ਦੀ ਬਿਜਲੀ ਤੇ ਟੈਲੀਫੋਨ ਡੈੱਡ ਕਰਕੇ ਫੌਜ ਨੇ ਗੁਰਦੁਆਰੇ ਤੇ ਹਮਲਾ ਕੀਤਾ । ਇੱਕ ਵੀ ਗੋਲੀ ਅੰਦਰੋਂ ਬਾਹਰ ਨਹੀਂ ਆਈ । ਆਉਣੀ ਵੀ ਕਿਸ ਤਰਾਂ ਸੀ । ਲੋਕੀਂ ਘਬਰਾਏ ਹੋਏ ਇੱਧਰ - ਓਧਰ ਦੌੜਦੇ ਸਨ । ਚੀਕਾਂ , ਸ਼ੋਰ ਤੇ ਗੋਲੀਆਂ ਦੀ ਦਰਦਨਾਹਟ । ਮਗਰੋਂ ਉਨਾਂ ਨੇ ਕਈ ਟਰੱਕ ਲਾਸ਼ਾਂ ਦੇ ਲੱਦੇ । ਸਾਡੇ ਸਾਹਮਣੇ । ਅਸੀਂ ਅੰਦਰੋਂ ਸ਼ੀਸ਼ਿਆਂ ਨਾਲ ਅੱਖਾਂ ਜੋੜ ਕੇ ਤੱਕ ਰਹੇ ਸਾਂ , ਤੇ ਕੰਬ ਰਹੇ ਸਾਂ । ਏਨਾ ਭਿਆਨਕ ਦ੍ਰਿਸ਼ । ਬੋਰੀਆਂ ਵਾਂਗੂੰ ਭੂਆ - ਭੂਆ ਕੇ ਲਾਸ਼ਾਂ ਨੂੰ ਟਰੱਕਾਂ ਵਿੱਚ ਸੁੱਟਿਆ ਜਾ ਰਿਹਾ ਸੀ ।... ਹਨੇਰਾ ਸੀ , ਸ਼ੋਰ ਸੀ , ਪਰਲੋ ਸੀ । ਤੜਫ਼ - ਤੜਫ਼ ਉਸ ਤੋਂ ਮਗਰੋਂ ਅਸੀਂ ਬੱਸ ਦੋ ਦਿਨ ਕੱਢੇ ਨੇ । ਕਰਫਿਊ ਸੀ ਨਾ । ਰਤਾ ਕੁ ਢਿੱਲਾ ਹੋਇਆ ਏ ਤਾਂ ਦਿੱਲੀ ਆ ਗਏ ਹਾਂ । ਓਥੇ ਤਾਂ ਰੋਟੀ ਦੀ ਗਰਾਹੀ ਸੰਘ ਵਿੱਚ ਅੜ ਜਾਂਦੀ ਸੀ । ਰਾਤੀਂ ਨੀਂਦਰ ਨਹੀਂ ਸੀ ਆਉਂਦੀ , ਆ ਵੀ ਜਾਵੇ ਤਾਂ ਗੋਲੀਆਂ ਦੀ ਦਰਦਨਾਹਟ ਸੁਣਾਈ ਦੇਂਦੀ ਸੀ ।

ਬਾਕੀ ਸਫ਼ਾ 32 'ਤੇ

## ਜਰਨੈਲਾਂ ਦਾ ਜਰਨੈਲ, ਬੇਮਿਸਾਲ ਯੋਧਾ,

# ਮਹਾਂ ਮਾਨਵ- ਮੇਜਰ ਜਨਰਲ ਸ਼ਬੇਗ ਸਿੰਘ



**- ਡਾ. ਹਰਸ਼ਿੰਦਰ ਕੌਰ, ਐਮ. ਡੀ.**

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ ਨਿਵਾਜਿਆ ਖ਼ਾਲਸਾ ਦੁਨੀਆ ਵਿਚ ਇਕ ਵਿਲੱਖਣ ਕੌਤਕ ਸੀ। ਜਿਸ ਕਿਸਮ ਦੀ ਵੀਰਤਾ ਉਸ ਸਮੇਂ ਖ਼ਾਲਸਿਆਂ ਵਿਚ ਭਰੀ ਗਈ ਸੀ, ਉਸ ਦੀ ਚਿਣਗ ਹਾਲੇ ਤੱਕ ਮੱਠੀ ਨਹੀਂ ਪਈ। ਹਰ ਸਦੀ ਵਿਚ ਅਜਿਹੇ ਖ਼ਾਲਸੇ ਉਭਰ ਕੇ ਸਾਹਮਣੇ ਆਉਂਦੇ ਰਹੇ ਹਨ ਜਿਨਾਂ ਦੀ ਤਾਕਤ ਅਤੇ ਰਵਾਨੀ ਵੇਖ ਕੇ ਲੋਕ ਦੰਦਾਂ ਥੱਲੇ ਉਂਗਲੀ ਦਬਾਉਣ ਲਈ ਮਜਬੂਰ ਹੋ ਜਾਂਦੇ ਰਹੇ ਹਨ।

ਭਾਵੇਂ ਬਾਘਮਾਰ ਨਲੂਆ ਹੋਵੇ, ਭਾਰਤ ਦਾ ਨੇਪੋਲੀਅਨ-ਜਰਨੈਲ ਜ਼ੋਰਾਵਰ ਸਿੰਘ ਜਾਂ ਸੂਰਬੀਰਾਂ ਦਾ ਸੂਰਬੀਰ ਮੇਜਰ ਜਨਰਲ ਸ਼ਬੇਗ ਸਿੰਘ, ਅਜਿਹੇ ਸੂਰਮਿਆਂ ਨੂੰ ਸਾਹਮਣਿਓਂ ਢਾਹੁਣਾ ਲਗਭਗ ਨਾਮੁਮਕਿਨ ਹੁੰਦਾ ਹੈ।

ਏਸੇ ਲਈ ਸਮੇਂ ਦੀਆਂ ਸਰਕਾਰਾਂ ਵੱਲੋਂ ਪਿੱਠ ਪਿੱਛੇ ਛੁਰਾ ਮਾਰਨਾ, ਹੱਕ ਖੋਹਣਾ, ਅਧੀਨਗੀ ਵਿਚ ਵਿਚਰਣ ਵਾਲਿਆਂ ਵੱਲੋਂ ਜਾਲਸਾਜ਼ੀ ਵਿਚ ਅੜਾਉਣਾ ਜਾਂ ਸਾਥੀਆਂ ਵੱਲੋਂ ਚਾਲ ਖੇਡ ਕੇ ਫਸਾਉਣਾ ਹੀ ਅਜਿਹੇ ਸੂਰਬੀਰਾਂ ਨੂੰ ਢਾਹ ਕੇ ਆਪਣੀ ਪੱਧਰ ਉੱਤੇ ਹੇਠਾਂ ਖਿੱਚ ਕੇ ਲਿਆਉਣ ਲਈ ਕੀਤਾ ਜਾਂਦਾ ਹੈ ਕਿਉਂਕਿ ਇਹ ਬਥੇਰਿਆਂ ਦੀਆਂ ਅੱਖਾਂ ਦਾ ਰੋੜਾ ਬਣ ਜਾਂਦੇ ਹਨ।

ਲੋਕ ਉਸ ਪੱਧਰ ਉੱਤੇ ਆਪ ਪਹੁੰਚ ਨਹੀਂ ਸਕਦੇ, ਇਸ ਲਈ 'ਅੰਗੂਰ ਖੱਟੇ ਹਨ' ਦੇ ਆਧਾਰ ਉੱਤੇ ਅਜਿਹੇ ਸੂਰਮਿਆਂ ਵਿਰੁੱਧ ਕੰਨ ਭਰਨੇ ਸ਼ੁਰੂ ਕਰ ਦਿੰਦੇ ਹਨ।

ਪਰ, ਨਾ ਸੂਰਜ ਦੀ ਰੌਸ਼ਨੀ ਤੇ ਨਾ ਫੁੱਲਾਂ ਦੀ ਖ਼ੁਸ਼ਬੋ ਕਦੇ ਕੋਈ ਫੈਲਣ ਤੋਂ ਰੋਕ ਸਕਿਆ ਹੈ। ਇਸੇ ਲਈ ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਉੱਤੇ ਅਤਿ ਦਾ ਤਸ਼ੱਦਦ ਢਾਹਿਆ ਗਿਆ, ਪਰ ਇਤਿਹਾਸ ਨੇ ਹਾਲੇ ਤੱਕ ਉਸ ਨੂੰ ਬਾਹਵਾਂ ਫੈਲਾ ਕੇ ਸਾਂਭਿਆ ਹੈ।

ਜਦੋਂ ਕਿਸੇ ਬੇਦੋਸੇ ਉੱਤੇ ਲੋੜੋਂ ਵੱਧ ਤਸ਼ੱਦਦ ਢਾਅ ਦਿੱਤਾ ਜਾਵੇ ਤਾਂ ਉਹ ਬਾਗ਼ੀ ਹੋ ਜਾਂਦਾ ਹੈ। ਇਹੀ ਕਾਰਨ ਸੀ ਕਿ ਜੰਮੂ ਕਸ਼ਮੀਰ ਵਿਚ ਜਿਨਾਂ ਬਾਲਾਂ ਨਾਲ ਬਦਫੈਲੀ ਕੀਤੀ ਗਈ ਜਾਂ ਬੇਵਜਾ ਪੁਲਿਸ ਕਰਮੀਆਂ ਵੱਲੋਂ ਅਣਮਨੁੱਖੀ ਤਸ਼ੱਦਦ ਢਾਹੇ ਗਏ ਤਾਂ ਉਹ ਮਨੁੱਖੀ ਬੰਬ ਬਣ ਗਏ।

ਇਹੋ ਜਿਹਾ ਹੀ ਕੁੱਝ ਜਾਂਬਾਜ਼ ਸ਼ਬੇਗ ਸਿੰਘ ਨਾਲ ਹੋਇਆ। ਉਸ ਦੇ ਦੋ ਭਾਰੀ ਜੁਰਮ ਸਨ। ਪਹਿਲਾ-ਉਹ ਸਿੱਖ ਸੀ, ਅਤੇ ਦੂਜਾ- ਕੋਈ ਹੋਰ ਉਸ ਦੇ ਨਾਲ ਦਿਆਂ ਵਿੱਚੋਂ ਉਸ ਜਿੰਨੀ ਉੱਤਮਤਾ ਦੀ ਮਿਸਾਲ ਹੈ ਹੀ ਨਹੀਂ ਸੀ।

ਸੰਨ 1925 ਵਿਚ ਖ਼ਿਆਲਾ ਪਿੰਡ ਵਿਚ (ਅੰਮ੍ਰਿਤਸਰ ਤੋਂ 14 ਕਿਲੋਮੀਟਰ ਦੂਰ) ਜੰਮਿਆ ਸ਼ਬੇਗ ਸਿੰਘ ਆਪਣੇ ਤਿੰਨ ਭਰਾਵਾਂ ਤੇ ਇੱਕ ਭੈਣ ਵਿੱਚੋਂ ਸਭ ਤੋਂ ਵੱਡਾ ਸੀ। ਪਿਤਾ ਸ੍ਰ. ਭਗਵਾਨ ਸਿੰਘ ਤੇ ਮਾਤਾ ਪ੍ਰੀਤਮ ਕੌਰ ਦਾ ਲਾਡਲਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚੋਂ ਪੜਿਆ ਤੇ ਅਗਲੇਰੀ ਪੜਾਈ ਲਈ ਸਰਕਾਰੀ ਕਾਲਜ ਲਾਹੌਰ ਚਲਾ ਗਿਆ।

ਸੰਨ 1942 ਵਿਚ ਫੌਜ ਦੀ ਟੀਮ ਕਾਲਜਾਂ ਵਿੱਚੋਂ ਤਾਕਤਵਰ ਤੇ ਹਿੰਮਤੀ ਨੌਜਵਾਨ ਲੱਭਣ ਨਿਕਲੀ ਤਾਂ ਸ਼ਬੇਗ ਸਿੰਘ ਨੂੰ ਪਹਿਲੀ ਸੱਟੇ 'ਬਰਿਟਿਸ਼ ਇੰਡੀਅਨ ਆਰਮੀ' ਵਿਚ ਅਫ਼ਸਰ ਵਜੋਂ ਸ਼ਾਮਲ ਕਰ ਲਿਆ ਗਿਆ। ਇੰਡੀਅਨ ਮਿਲਟਰੀ ਅਕਾਦਮੀ ਵਿਚ ਉਸ ਦੀ ਪ੍ਰਤਿਭਾ ਨੂੰ ਨਿਖਾਰਿਆ ਗਿਆ। ਉਸ ਦੀ ਬਹਾਦਰੀ ਅਤੇ ਸੂਝ-ਬੂਝ ਵੇਖਦਿਆਂ ਉਸ ਨੂੰ ਗੜਵਾਲ ਰਾਈਫਲਜ਼ ਵਿਚ ਬਤੌਰ ਸੈਕੰਡ ਲੈਫਟੀਨੈਂਟ ਤੈਨਾਤ ਕਰ ਦਿੱਤਾ ਗਿਆ।

ਸ਼ਬੇਗ ਸਿੰਘ ਪੜਨ ਦਾ ਬਹੁਤ ਸ਼ੌਕੀਨ ਸੀ। ਉਸ ਨੂੰ ਜਿਹੜੀ ਕਿਤਾਬ ਮਿਲਦੀ, ਪੂਰੀ ਪੜੇ ਬਗ਼ੈਰ ਛੱਡਦਾ ਹੀ ਨਹੀਂ ਸੀ। ਇਤਿਹਾਸ ਦੀਆਂ ਤੇ ਫੌਜ ਦੇ ਜਰਨੈਲਾਂ ਦੀਆਂ ਜੀਵਨੀਆਂ ਉਸ ਨੇ ਘੋਟ ਲਈਆਂ ਹੋਈਆਂ ਸਨ।

ਇੱਕ ਜਾਂ ਦੋ ਨਹੀਂ, ਸ਼ਬੇਗ ਸਿੰਘ ਨੂੰ ਅੱਠ ਜ਼ਬਾਨਾਂ ਦੀ ਮੁਹਾਰਤ ਸੀ-ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਬੰਗਲਾ, ਗੋਰਖਲੀ, ਚੀਨੀ ਤੇ ਫਾਰਸੀ!

ਉਸ ਦੇ ਉਸ ਸਮੇਂ ਦੇ ਸਾਥੀ ਅੱਜ ਵੀ ਸ਼ਬੇਗ ਸਿੰਘ ਨੂੰ ਜ਼ਾਂਬਾਜ਼, ਬਹਾਦਰ, ਨਿਡਰ ਤੇ ਹਰ ਗ਼ਲਤ ਗੱਲ ਨੂੰ ਦੂਜੇ ਦੇ ਮੂੰਹ ਉੱਤੇ ਸਪਸ਼ਟ ਗ਼ਲਤ ਕਹਿਣ ਦਾ ਦਮ ਰੱਖਣ ਵਾਲਾ ਮੰਨਦੇ ਹਨ। ਸੱਚਾ ਸੁੱਚਾ ਤੇ ਹਰ ਲੋੜਵੰਦ ਦੀ ਮਦਦ ਕਰਨ ਲਈ ਤਤਪਰ ਸ਼ਬੇਗ ਸਿੰਘ ਨਾ ਤਾਂ ਕਿਸੇ ਦੀ ਬਦਖੋਈ ਕਰਦਾ ਸੀ ਤੇ ਨਾ ਹੀ ਉਸ ਨੂੰ ਚਮਚਾਗਿਰੀ ਪਸੰਦ ਸੀ। ਆਪਣੇ ਕੰਮ ਨਾਲ ਕੰਮ ਰੱਖਣ ਵਾਲਾ ਤੇ ਨਿੱਠ ਕੇ ਪੂਰੀ ਡਿਊਟੀ ਨਿਭਾਉਣ ਵਾਲਾ ਸ਼ਬੇਗ ਈਮਾਨਦਾਰੀ ਵਜੋਂ 100 ਵਿੱਚੋਂ ਹਮੇਸ਼ਾ 100 ਨੰਬਰ ਲੈਣ ਵਾਲਾ ਸੀ।

ਫੌਜ ਪ੍ਰਤੀ ਵਫਾਦਾਰੀ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ। ਸ਼ਾਇਦ ਇਸੇ ਲਈ ਕਈਆਂ ਦੀ ਅੱਖ ਵਿਚ ਰੜਕ ਵੀ ਪੈਦਾ ਕਰਦਾ ਸੀ। ਉਸ ਦੀ ਨਿਪੁੰਨਤਾ ਵੇਖਦਿਆਂ ਉਸ ਨੂੰ ਦੇਹਰਾਦੂਨ ਦੀ ਮਿਲਟਰੀ ਅਕਾਦਮੀ ਵਿਚ ਬਤੌਰ ਇੰਸਟਰਕਟਰ ਲਾ ਦਿੱਤਾ ਗਿਆ।

ਉਸ ਨੇ ਆਪਣੀ ਬਹਾਦਰੀ ਸਦਕਾ ਵਿਸ਼ਵ ਜੰਗ ਦੂਜੀ, 1947 ਕਸ਼ਮੀਰ, 1962 ਹਿੰਦ ਚੀਨ ਜੰਗ, 1965 ਹਿੰਦ-ਪਾਕ ਜੰਗ ਤੇ 1971 ਦੀ ਹਿੰਦ-ਪਾਕ ਜੰਗ ਵਿਚ ਆਪਣੀ ਸੂਰਬੀਰਤਾ ਦੇ ਝੰਡੇ ਗੱਡ ਦਿੱਤੇ!

ਉਸ ਦੀ ਪਹਿਲੀ ਪੋਸਟਿੰਗ 'ਗੜਵਾਲ ਰਾਈਫਲਜ਼' ਵਿਖੇ ਸੈਕੰਡ ਲੈਫਟੀਨੈਂਟ ਵਜੋਂ ਹੋਈ ਜਿੱਥੋਂ ਪੂਰੀ ਰੈਜਮੈਂਟ ਬਰਮਾ ਚਲੀ ਗਈ ਅਤੇ ਜਪਾਨੀਆਂ ਵਿਰੁੱਧ ਲੜੀ। ਜਦੋਂ 1945 ਵਿਚ ਦੂਜੀ ਵਿਸ਼ਵ ਜੰਗ ਖ਼ਤਮ ਹੋਈ ਤਾਂ ਸ਼ਬੇਗ ਸਿੰਘ ਦੀ ਯੂਨਿਟ ਮਲਾਇਆ ਵਿਚ ਸੀ।

ਜਦੋਂ ਹਿੰਦ ਪਾਕਿ ਵੰਡ ਹੋਈ ਤਾਂ ਸ਼ਬੇਗ ਸਿੰਘ ਨੂੰ ਪੈਰਾਸ਼ੂਟ ਬ੍ਰਿਗੇਡ ਵਿਚ ਭੇਜ ਦਿੱਤਾ ਗਿਆ, ਜਿੱਥੇ ਉਸ ਨੇ ਪੈਰਾਟਰੂਪਰ ਵਜੋਂ ਸੰਨ 1959 ਤੱਕ ਕੰਮ ਕੀਤਾ।

ਜ਼ਿਕਰਯੋਗ ਹੈ ਕਿ ਅਣਥੱਕ ਯੋਧੇ ਵਜੋਂ ਸ਼ਬੇਗ ਸਿੰਘ ਦੀ ਪਛਾਣ 1947 ਵਿਚ ਨੌਸ਼ਹਿਰੇ (ਜੰਮੂ ਕਸ਼ਮੀਰ) ਵਿਖੇ ਪਾਕਿਤਸਾਨੀ ਫੌਜੀਆਂ ਨਾਲ ਰਲੇ ਅਫਗਾਨੀਆਂ ਨਾਲ ਲੜਨ ਅਤੇ ਸਟਾਫ਼ ਕਾਲਜ ਵਿਚ ਘੁੜਸਵਾਰੀ ਵਿਚ ਜਿੱਤੀਆਂ ਅੱਠ ਰੇਸਾਂ, ਜਿਸ ਦਾ ਰਿਕਾਰਡ ਅੱਜ ਤਾਈਂ ਤੋੜਿਆ ਨਹੀਂ ਜਾ ਸਕਿਆ, ਸਦਕਾ ਹੋਈ।

ਮਿਲਟਰੀ ਅਪਰੇਸ਼ਨ ਵਿਚਲੀ ਯੁੱਧ ਕਲਾ ਵਿਚ ਅਤੇ ਮਿਲਟਰੀ ਸਾਇੰਸ ਵਿਚ ਸ਼ਬੇਗ ਸਿੰਘ ਏਨਾ ਪ੍ਰਬੀਨ ਸੀ ਕਿ ਉਸ ਪੱਧਰ ਦਾ ਕੋਈ ਵੀ ਉਸਦਾ ਸਾਨੀ ਹਾਲੇ ਤੱਕ ਬਣ ਨਹੀਂ ਸਕਿਆ। ਉਸ ਦੇ ਕੰਮ ਵਜੋਂ ਮੁਹਾਰਤ ਵੇਖਦੇ ਹੋਏ ਉਸ ਨੂੰ 166 ਇਨਫੈਂਟਰੀ ਬ੍ਰਿਗੇਡ ਦਾ ਬ੍ਰਿਗੇਡ ਮੇਜਰ ਲਾ ਦਿੱਤਾ ਗਿਆ।

ਸੰਨ 1962 ਹਿੰਦ-ਚੀਨ ਜੰਗ ਵਿਚ ਬਤੌਰ ਲੈਫ. ਕਰਨਲ ਉਸ ਨੇ ਸੇਵਾਵਾਂ ਨਿਭਾਈਆਂ ਤੇ ਆਪਣੀ ਲਿਆਕਤ ਸਦਕਾ ਇੰਟੈਲੀਜੈਂਸ ਵਿੰਗ ਵਿਚ ਆਪਣਾ ਸਿੱਕਾ ਜਮਾ ਲਿਆ।

ਸੰਨ 1965 ਵਿਚ ਪਾਕਿਸਤਾਨ ਵਿਰੁੱਧ ਜੰਮੂ ਕਸ਼ਮੀਰ ਦੇ ਹਾਜੀ ਪੀਰ ਸੈਕਟਰ ਵਿਚ ਗੋਰਖਾ ਰਾਈਫਲਜ਼ ਬਟਾਲੀਅਨ ਦੀ ਅਗਵਾਈ ਕਰਦਿਆਂ ਬਹਾਦਰੀ ਦੀ ਅਦੁੱਤੀ ਮਿਸਾਲ ਕਾਇਮ ਕਰਕੇ ਸ਼ਬੇਗ ਸਿੰਘ ਨੇ ਦੁਸ਼ਮਨਾਂ ਦੀਆਂ ਸਭ ਤੋਂ ਔਖੀਆਂ ਪਾਕਿਸਤਾਨੀ ਪੋਸਟਾਂ ਉੱਤੇ ਫਤਹਿ ਪ੍ਰਾਪਤ ਕਰਦਿਆਂ ਲਾਹੌਰ ਦੇ ਨੇੜੇ ਪਹੁੰਚ ਕੇ ਦੁਨੀਆ ਨੂੰ ਸਾਬਤ ਕਰ ਦਿੱਤਾ ਕਿ ਉਸ ਵਰਗਾ ਅਗਵਾਈ ਕਰਨ ਵਾਲਾ ਕੋਈ ਹੋਰ ਹੈ ਹੀ ਨਹੀਂ।

ਇਸੇ ਲਈ ਸੰਨ 1971 ਵਿਚ ਲੈਫ. ਜਰਨਲ ਜਗਜੀਤ ਸਿੰਘ ਅਰੋੜਾ ਜੀ ਨੇ ਉਸ ਸਮੇਂ ਬ੍ਰਿਗੇਡੀਅਰ ਬਣ ਚੁੱਕੇ ਸ਼ਬੇਗ ਸਿੰਘ ਨੂੰ ਸਭ ਤੋਂ ਔਖੇ ਕੰਮ ਲਈ ਚੁਣਿਆ ਤੇ ਅਗਰਤਲਾ ਦੇ ਡੈਲਟਾ ਸੈਕਟਰ ਵਿਖੇ ਈਸਟ ਪਾਕਿਸਤਾਨ ਵਿੱਚੋਂ ਬੰਗਲਾਦੇਸ਼ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ। ਬਗ਼ਾਵਤ ਨੂੰ ਸਾਂਭਣ ਅਤੇ ਉੱਥੇ ਦੇ ਮਿਲਟਰੀ ਅਪਰੇਸ਼ਨਾਂ ਦੀ ਪੂਰੀ ਜ਼ਿੰਮੇਵਾਰੀ ਸ਼ਬੇਗ ਸਿੰਘ ਉੱਤੇ ਸੀ। ਜ਼ਿਆ ਉਰ ਰਹਿਮਾਨ, ਜੋ ਬਾਅਦ ਵਿਚ ਬੰਗਲਾਦੇਸ਼ ਦੇ ਪ੍ਰੈਜ਼ੀਡੈਂਟ ਬਣੇ ਅਤੇ ਮੁਸਤਾਕ ਮੁਹੰਮਦ, ਜੋ ਫੌਜ ਦੇ ਮੁਖੀ ਬਣੇ, ਉਸ ਸਮੇਂ ਸ਼ਬੇਗ ਸਿੰਘ ਦੇ ਕੰਮ ਦੇ ਅੱਖੀਂ ਵੇਖੇ ਗਵਾਹ ਸਨ ਤੇ ਉਸ ਦੇ ਜੰਗੀ ਨੁਕਤਿਆਂ ਅਧੀਨ ਕੰਮ ਕਰਦੇ ਉਸ ਦੀ ਅਗਵਾਈ ਦੇ ਕਾਇਲ ਹੋ ਗਏ ਸਨ।

ਸੰਨ 1971 ਵਿਚ ਮੁਕਤੀ ਵਾਹਿਨੀ ਨੂੰ ਤਿਆਰ ਕਰਨ ਵਿਚ ਸ਼ਬੇਗ ਸਿੰਘ ਦੀ ਸਲਾਹੁਣਯੋਗ ਭੂਮਿਕਾ ਕਿਸੇ ਤੋਂ ਲੁਕੀ ਨਹੀਂ ਰਹੀ। ਉੱਥੇ ਦੇ ਗੁਰਿੱਲਿਆਂ ਨੂੰ ਪੂਰੀ ਤਰਾਂ ਤਿਆਰ ਕਰਨ ਅਤੇ ਬੇਮਿਸਾਲ ਟ੍ਰੇਨਿੰਗ ਦਿੰਦਿਆਂ ਮੁਲਕ ਪ੍ਰਤੀ ਉਸ ਦੀ ਵਫ਼ਾਦਾਰੀ ਵਿਚ ਕਿਸੇ ਪਾਸਿਓਂ ਕਿੰਤੂ ਪਰੰਤੂ ਕੀਤਾ ਜਾ ਹੀ ਨਹੀਂ ਸਕਦਾ ਸੀ। ਇਹ ਅਪਰੇਸ਼ਨ ਏਨਾ ਗੁਪਤ ਸੀ ਕਿ ਸ਼ਬੇਗ ਸਿੰਘ ਦੇ ਆਪਣੇ ਘਰ ਵਿਚ 6 ਮਹੀਨੇ ਤੱਕ ਉਸ ਬਾਰੇ ਕੋਈ ਖ਼ਬਰ ਨਹੀਂ ਸੀ ਕਿ ਉਹ ਜ਼ਿੰਦਾ ਵੀ ਹੈ ਜਾਂ ਨਹੀਂ। ਸਿਰਫ਼ ਇੱਕ ਚਿੱਠੀ ਜੋ ਛੇ ਮਹੀਨਿਆਂ ਬਾਅਦ ਘਰ ਪਹੁੰਚੀ ਸੀ, ਉਹ ਵੀ ਕਿਸੇ ਹੋਰ ਨਾਂ ਹੇਠ ਗ਼ੈਰ ਫੌਜੀ ਪਤੇ ਤੋਂ, ਸਿਰਫ਼ ਇਹ ਸੁਣੇਹਾ ਪਹੁੰਚਿਆ ਸੀ-"ਪਰਵਾਹ ਨਾ ਕਰੋ, ਮੈਂ ਠੀਕ ਹਾਂ।" ਮੁਕਤੀ ਵਾਹਿਨੀ ਦਾ ਪੂਰਾ ਸਿਹਰਾ ਸਿਰਫ਼ ਸ਼ਬੇਗ ਸਿੰਘ ਦੇ ਸਿਰ ਸੀ ਕਿ ਇੱਕ ਲੱਖ ਦੁਸ਼ਮਨ ਫੌਜੀਆਂ ਸਮੇਤ ਜਰਨੈਲ ਤੱਕ ਦੇ ਅਫ਼ਸਰਾਂ ਨੇ ਭਾਰਤ ਅੱਗੇ ਗੋਡੇ ਟੇਕ ਦਿੱਤੇ। ਦਿਨ-ਰਾਤ ਇੱਕ ਕਰ ਕੇ, ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਜੋ ਸ਼ਬੇਗ ਸਿੰਘ ਨੇ ਕਰ ਵਿਖਾਇਆ, ਹੋਰ ਕੋਈ ਮਾਂ ਦਾ ਲਾਲ ਅਜਿਹੀ ਹਿੰਮਤ ਨਹੀਂ ਵਿਖਾ ਸਕਿਆ। ਇਸੇ ਲਈ ਪੂਰੀ ਦੁਨੀਆ ਵਿਚ ਸ਼ਬੇਗ ਸਿੰਘ ਦੇ ਨਾਂ ਦਾ ਡੰਕਾ ਵੱਜ ਗਿਆ।

ਭਾਰਤ ਸਰਕਾਰ ਨੇ ਸ਼ਬੇਗ ਸਿੰਘ ਨੂੰ ਪਹਿਲਾਂ ਅਤੀ ਵਸ਼ਿਸ਼ਟ ਸੇਵਾ ਮੈਡਲ ਤੇ ਫੇਰ ਪਰਮ ਵਸ਼ਿਸ਼ਟ ਸੇਵਾ ਮੈਡਲ ਨਾਲ ਨਿਵਾਜਿਆ ਅਤੇ ਸ਼ਬੇਗ ਸਿੰਘ ਨੂੰ ਮੇਜਰ ਜਰਨਲ ਦਾ ਅਹੁਦਾ ਦੇ ਦਿੱਤਾ।




ਏਨੀ ਸ਼ੁਹਰਤ ਬਥੇਰੀ ਸੀ ਹੋਰਨਾਂ ਦੇ ਮਨਾਂ ਵਿਚ ਅੱਗ ਲਾਉਣ ਲਈ! ਨਾਲ ਦੇ ਅਫਸਰਾਂ ਵਿਚ ਸਾੜਾ ਏਨਾ ਵੱਧ ਚੁੱਕਿਆ ਸੀ ਕਿ ਉਨਾਂ ਨੇ ਸੀਨੀਅਰ ਅਫ਼ਸਰਾਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਸਰਕਾਰ ਵੀ ਕਿੱਥੇ ਸਿੱਖਾਂ ਦੇ ਹੱਕ ਵਿਚ ਸੀ। ਏਸੇ ਲਈ ਏਨਾ ਸਭ ਕੁੱਝ ਹੋਣ ਬਾਅਦ ਵੀ ਸ਼ਬੇਗ ਸਿੰਘ ਨੂੰ ਕਮਾਂਡ ਨਹੀਂ ਸੌਂਪੀ ਗਈ ਤਾਂ ਜੋ ਉਸ ਨੂੰ ਬਣਦੀ ਪ੍ਰੋਮੋਸ਼ਨ ਨਾ ਦੇਣੀ ਪਵੇ।

ਹਾਲੇ ਏਥੇ ਵੀ ਬਸ ਨਹੀਂ ਕੀਤਾ ਗਿਆ। ਇਕ ਕਮਾਂਡਰ ਨੇ ਦੂਜੇ ਜਨਰਲ ਨੂੰ ਕੁੜੀ ਦੇ ਵਿਆਹ ਦੇ ਸ਼ਗਨ ਵਜੋਂ ਪੈਸੇ ਭੇਜੇ ਤਾਂ ਝੂਠ ਮੂਠ ਉਨਾਂ ਪੈਸਿਆਂ ਨੂੰ ਰਿਸ਼ਵਤ ਮੰਨਦਿਆਂ ਸ਼ਬੇਗ ਸਿੰਘ ਦਾ ਨਾਂ ਉਛਾਲ ਦਿੱਤਾ ਗਿਆ ਜਿਸ ਦਾ ਇਨਾਂ ਪੈਸਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਜਦੋਂ ਸ਼ਬੇਗ ਸਿੰਘ ਨੇ ਬੇਗੁਨਾਹੀ ਸਾਬਤ ਕਰ ਦਿੱਤੀ ਤਾਂ ਝਟਪਟ ਉਸੇ ਨੂੰ ਯੂਨਿਟ ਵਿੱਚੋਂ ਬਦਲ ਕੇ ਇਨਕੁਆਇਰੀ ਰਫਾ ਦਫਾ ਕਰ ਦਿੱਤੀ ਤਾਂ ਜੋ ਫੌਜ ਵਿਚਲੀ ਗੜਬੜੀ ਦੀ ਗੱਲ ਬਾਹਰ ਨਾ ਨਿਕਲੇ। ਉਸ ਤੋਂ ਬਾਅਦ ਉਸੇ ਜਨਰਲ ਨੂੰ ਫੌਜ ਦਾ ਮੁਖੀ ਲਾ ਦਿੱਤਾ ਗਿਆ ਜੋ ਪੈਸਿਆਂ ਦੇ ਅਦਾਨ ਪ੍ਰਦਾਨ ਵਿਚ ਸ਼ਾਮਲ ਸੀ। ਸ਼ਬੇਗ ਸਿੰਘ ਖ਼ਿਲਾਫ਼ ਸਾੜਾ ਘਟਿਆ ਨਹੀਂ ਸੀ। ਉਸ ਨਾਲ ਹਾਲੇ ਹੋਰ ਧੱਕਾ ਕੀਤਾ ਜਾਣਾ ਸੀ। ਉਸ ਵਿਰੁੱਧ ਬੇਬੁਨਿਆਦ ਇਲਜ਼ਾਮ ਲਾ ਕੇ, ਕਿ ਉਸ ਨੇ ਸਰਕਾਰੀ ਕੋਠੀ ਅੰਦਰ ਸਬਜ਼ੀਆਂ ਬੀਜੀਆਂ ਹਨ, ਉਸ ਵਿਰੁੱਧ ਇਨਕੁਆਇਰੀ ਖੋਲ ਦਿੱਤੀ। ਇਸ ਦੇ ਨਾਲ ਇੱਕ ਹੋਰ ਇਲਜ਼ਾਮ ਲਾਇਆ ਕਿ ਬਦਲੀ ਵੇਲੇ ਫੌਜੀ ਯੂਨਿਟ ਵੱਲੋਂ ਇੱਕ ਯਾਦਗਾਰੀ ਲੱਕੜ ਦਾ ਚਿੰਨ ਸਨਮਾਨ ਵਜੋਂ ਉਸ ਨੇ ਹਾਸਲ ਕੀਤਾ ਜੋ ਹਰ ਕਿਸੇ ਨੂੰ ਦਿੱਤਾ ਜਾਂਦਾ ਸੀ, ਪਰ ਸ਼ਬੇਗ ਸਿੰਘ ਲਈ ਏਨਾ ਭਾਰਾ ਜੁਰਮ ਸਾਬਤ ਕਰ ਦਿੱਤਾ ਗਿਆ ਕਿ ਉਸ ਵਿਰੁੱਧ ਜਾਣ ਬੁੱਝ ਕੇ ਰਿਟਾਇਰ ਹੋਣ ਤੱਕ ਲਗਾਤਾਰ ਪੂਰਾ ਸਾਲ ਇਹ ਕੇਸ ਲਟਕਾਇਆ ਗਿਆ ਤੇ ਸੁਣਵਾਈ ਨਹੀਂ ਕੀਤੀ ਗਈ।

30 ਅਪਰੈਲ 1976 ਨੂੰ ਫੌਜ ਵਿੱਚੋਂ ਰਿਟਾਇਰ ਹੋਣ ਤੋਂ ਇੱਕ ਦਿਨ ਪਹਿਲਾਂ ਮੁਕਤੀ ਵਾਹਿਨੀ ਦਾ ਹੀਰੋ ਅਤੇ ਭਾਰਤ ਦੀ ਸ਼ਾਨ ਅਤੇ ਬਾਨ ਦੇ ਪ੍ਰਤੀਕ ਜਰਨੈਲ ਸ਼ਬੇਗ ਸਿੰਘ ਨੂੰ ਬਿਨਾਂ ਸੁਣਵਾਈ ਦੇ ਫੌਜ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਤੇ ਪਤਨੀ ਦੀ ਬੀਮਾਰੀ ਦੇ ਬਾਵਜੂਦ ਪੈਨਸ਼ਨ ਤੱਕ ਨਾ ਦਿੱਤੀ ਗਈ। ਏਨਾ ਧੱਕਾ ਕੋਈ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਸ਼ਬੇਗ ਸਿੰਘ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਜਿੱਥੋਂ ਉਸ ਨੂੰ ਨਿਆਂ ਮਿਲਿਆ ਤੇ ਉਹ ਬੇਕਸੂਰ ਸਾਬਤ ਕਰ ਦਿੱਤਾ ਗਿਆ ਪਰ ਅਫ਼ਸੋਸ ਉਦੋਂ ਤੱਕ ਭਾਰਤੀ ਹਕੂਮਤ ਉਸ ਨੂੰ ਅਤਿਵਾਦੀ ਕਹਿ ਕੇ ਮਾਰ ਮੁਕਾ ਚੁੱਕੀ ਸੀ।

ਮੇਰਾ ਸਵਾਲ ਇਹ ਹੈ ਕਿ ਬੇਮਿਸਾਲ ਤਾਕਤ, ਮਿਸਾਲੀ ਫੌਜੀ ਅਗਵਾਈ, ਅਸਾਧਾਰਨ ਸੂਝ ਬੂਝ ਤੇ ਦੇਸ਼ ਲਈ ਮਰ ਮਿਟਣ ਦੇ ਅਥਾਹ ਜਜ਼ਬੇ ਨਾਲ ਭਰਪੂਰ ਜਰਨੈਲ ਸ਼ਬੇਗ ਸਿੰਘ ਨਾਲ ਇਹ ਧੱਕਾ ਕਿਉਂ ਬਰਦਾਸ਼ਤ ਕੀਤਾ ਗਿਆ? ਇਸ ਤਰਾਂ ਦਾ ਅਸਹਿ ਧੱਕਾ, ਜੋ ਸਿਰਫ਼ ਸਿੱਖ ਹੋਣ ਸਦਕਾ ਕੀਤਾ ਗਿਆ ਹੋਵੇ ਤਾਂ ਕਿਸੇ ਵੀ ਧਰਮ ਦਾ ਬੰਦਾ ਧਾਰਮਿਕ ਯੁੱਧ ਵੱਲ ਬਦੋਬਦੀ ਖਿੱਚਿਆ ਜਾਵੇਗਾ।

ਮੇਜਰ ਜਨਰਲ ਸ਼ਬੇਗ ਸਿੰਘ ਇਕ ਸ਼ਾਨਦਾਰ ਫੌਜੀ ਪ੍ਰਦਰਸ਼ਨ ਦੀ ਲਾਮਿਸਾਲ ਉਦਾਹਰਣ ਹੈ ਜੋ ਸਰਕਾਰੀ ਤੰਤਰ ਦੀ ਜ਼ਿਆਦਤੀ ਅਤੇ ਧਰਮ ਆਧਾਰਿਤ ਵਿਤਕਰੇ ਦਾ ਸ਼ਿਕਾਰ ਹੋਇਆ ਜਿਸ ਨੂੰ ਇਕ ਬਦਨੁਮਾ ਦਾਗ਼ ਵਾਂਗ ਉਭਾਰ ਦਿੱਤਾ ਗਿਆ ਪਰ ਇਤਿਹਾਸ ਹਮੇਸ਼ਾ ਝੂਠ ਦੀਆਂ ਚਾਦਰਾਂ ਲਾਹ ਦਿਆ ਕਰਦਾ ਹੈ। ਪਹਿਲਾਂ ਉਸ ਨੂੰ ਅਕਾਲੀ ਦਲ ਨੇ ਕਲਾਵੇ ਵਿਚ ਲਿਆ ਤੇ ਫੇਰ ਧਰਮਯੁੱਧ ਮੋਰਚੇ ਵਲ ਉਸ ਦਾ ਝੁਕਾਓ ਹੋ ਗਿਆ। ਸਾਕਾ ਨੀਲਾ ਤਾਰਾ ਵਿਚ 200 ਤੋਂ ਘੱਟ ਮੁੱਛਫੁੱਟ ਨੌਜਵਾਨਾਂ ਨਾਲ ਪੂਰੀ ਕਿਲੇਬੰਦੀ ਕਰ ਕੇ ਦਰਬਾਰ ਸਾਹਿਬ ਅੰਦਰੋਂ ਤੋਪਾਂ ਤੇ ਟੈਂਕਾਂ ਦਾ ਸਾਹਮਣਾ ਕਰਨ ਦੀ ਜੁਗਤ ਵੀ ਬਦੇਸੀ ਮਾਹਿਰਾਂ ਅਨੁਸਾਰ ਸ਼ਬੇਗ ਸਿੰਘ ਦੀ ਲਾਸਿਮਾਲ ਸੀ। ਓਨੇ ਫੌਜੀ ਹਿੰਦ-ਪਾਕ ਜੰਗ ਵਿਚ ਸ਼ਹੀਦ ਨਹੀਂ ਹੋਏ ਜਿੰਨੇ ਸ਼ਬੇਗ ਸਿੰਘ ਦੀ ਕਿਲੇਬੰਦੀ ਵਿਚ ਮਹਿਜ਼ 100 ਜਣਿਆਂ ਹੱਥੋਂ ਗਿਣੇ ਚੁਣੇ ਹਥਿਆਰਾਂ ਨਾਲ ਫਨਾਹ ਹੋ ਗਏ ਸਨ। ਫੌਜੀ ਆਪ ਮੰਨਦੇ ਸਨ ਕਿ ਧਰਤੀ ਵਿੱਚੋਂ ਵੀ ਤੇ ਅਸਮਾਨੋਂ ਵੀ ਗੋਲੀਆਂ ਦਾ ਮੀਂਹ ਵਰਿਆ ਜਿਸ ਬਾਰੇ ਕਿਸੇ ਨੂੰ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਕਿਵੇਂ ਏਨੀ ਕਮਾਲ ਦੀ ਜੁਗਤ ਵਰਤੀ ਗਈ ਸੀ।

ਇਤਿਹਾਸ ਕਦੇ ਇੱਕ ਤਰਫ਼ਾ ਨਹੀਂ ਲਿਖਿਆ ਜਾਂਦਾ। ਏਸੇ ਲਈ ਸਰਕਾਰੀ ਇਤਿਹਾਸ ਭਾਵੇਂ ਉਸ ਨੂੰ ਅਤਿਵਾਦੀ ਕਰਾਰ ਕਰ ਦੇਵੇ ਅਤੇ ਉਸ ਨਾਲ ਕੀਤੇ ਧੱਕੇ ਨੂੰ ਲੁਕਾਉਣ ਦਾ ਅਣਥੱਕ ਜਤਨ ਕਰੇ ਪਰ ਵਫ਼ਾ ਕਰਨ ਵਾਲੇ ਉਸ ਨੂੰ ਸ਼ਾਨਦਾਰ ਜਰਨੈਲ ਤੇ ਮਿਸਾਲੀ ਯੋਧਾ ਮੰਨਦੇ ਰਹਿਣਗੇ।

ਜੇ ਸਰਕਾਰੀ ਤੰਤਰ ਉਸ ਨਾਲ ਧੱਕਾ ਨਾ ਕਰਦਾ ਤਾਂ ਫੌਜ ਦਾ ਮੁਖੀ ਬਣ ਕੇ ਉਸ ਨੇ ਭਾਰਤੀ ਫੌਜ ਦਾ ਨਾਂ ਪੂਰੀ ਦੁਨੀਆ ਵਿਚ ਰੌਸ਼ਨ ਕਰ ਦੇਣਾ ਸੀ।

ਮੈਂ ਆਪ ਸਾੜੇ ਤੇ ਸਰਕਾਰੀ ਤੰਤਰ ਦੀ ਸ਼ਿਕਾਰ ਹੋ ਚੁੱਕੀ ਹਾਂ ਜਿਸ ਵਿਚ ਇੱਕ ਪਾਸੇ ਮੈਂ ਭਾਰਤ ਦੇ ਰਾਸ਼ਟਰਪਤੀ ਵੱਲੋਂ ਸਨਮਾਨ ਹਾਸਲ ਕੀਤਾ ਤੇ ਦੂਜੇ ਪਾਸੇ ਵਿਭਾਗੀ ਸੀਨੀਅਰਤਾ ਨਾ ਦੇਣ ਪਿੱਛੇ ਝੂਠੇ ਕੇਸ ਵਿਚ ਫਸਾਇਆ ਗਿਆ ਜਿਸ ਤੋਂ ਹਾਈ ਕੋਰਟ ਨੇ ਰਾਹਤ ਦਿੱਤੀ ਪਰ ਫਿਰ ਵੀ ਤੰਤਰ ਨਾ ਹਿੱਲਿਆ ਤੇ ਕੋਰਟ ਵੱਲੋਂ "ਕੰਟੈਂਪਟ ਆਫ਼ ਕੋਰਟ" ਨੋਟਿਸ ਵੀ ਜਾਰੀ ਹੋਇਆ। ਇਸੇ ਲਈ ਮੈਂ ਬਾਖ਼ੂਬੀ ਮੇਜਰ ਜਨਰਲ ਸ਼ਬੇਗ ਸਿੰਘ ਦੀ ਲਾਮਿਸਾਲ ਬਹਾਦਰੀ ਨੂੰ ਵੱਟਾ ਲੱਗਣ ਵੇਲੇ ਉਸ ਦੀ ਮਾਨਸਿਕ ਪੀੜ ਨੂੰ ਸਮਝ ਸਕਦੀ ਹਾਂ। ਜੇ ਉਸ ਵੇਲੇ ਸਿੱਖ ਕੌਮ ਉਸ ਦੇ ਜ਼ਖ਼ਮਾਂ ਉੱਤੇ ਮੱਲਮ ਲਾ ਦਿੰਦੀ ਤਾਂ ਬਹੁਤ ਕੁੱਝ ਠੀਕ ਹੋ ਸਕਦਾ ਸੀ, ਪਰ ਕਿਸੇ ਨੇ ਉਸ ਦੀ ਬਾਂਹ ਨਾ ਫੜੀ।

ਲਾਅਨਤ ਤਾਂ ਇਹ ਹੈ ਕਿ ਜਿਨਾਂ ਸਾਥੀਆਂ ਨੂੰ ਸ਼ਬੇਗ ਨੇ ਆਪਣੇ ਹੱਥਾਂ ਨਾਲ ਬੰਦੂਕ ਫੜ ਕੇ ਚਲਾਉਣੀ ਸਿਖਾਈ, ਉਹੀ ਫੌਜੀ ਸ਼ਹੀਦ ਸ਼ਬੇਗ ਸਿੰਘ ਦੀ ਲਾਸ਼ ਦੀ ਬੇਕਦਰੀ ਕਰਦਿਆਂ ਉਸ ਲਾਸ਼ ਨਾਲ ਸੀਨਾ ਤਾਣ ਕੇ ਮੁਸਕੁਰਾਉਂਦਿਆਂ ਫੋਟੋ ਖਿਚਵਾਉਂਦੇ ਵੇਖੇ ਗਏ।

ਇਸੇ ਇਕਜੁੱਟਤਾ ਦੀ ਘਾਟ ਕਾਰਨ ਹੀ ਸਿੱਖ ਕੌਮ ਅਨੇਕ ਵਾਰ ਧਾਰਮਿਕ ਤਸ਼ੱਦਦ ਦਾ ਸ਼ਿਕਾਰ ਹੋਈ ਤੇ ਹੁਣ ਤਕ ਵੀ ਪੂਰੇ ਭਾਰਤ ਵਿਚ ਅਤੇ ਵਤਨੋਂ ਪਾਰ ਵੀ ਇਕੱਲੇ ਸਿੱਖ ਨੂੰ ਵੇਖ ਕੇ ਢਾਅ ਲੈਣ ਵਾਲੇ ਹੱਲੇ ਜਾਰੀ ਹਨ।

ਦੁਨੀਆ ਭਰ ਦੀਆਂ ਕੌਮਾਂ ਆਪਣੇ ਲਾਮਿਸਾਲ ਯੋਧਿਆਂ ਦੀਆਂ ਯਾਦਗਾਰਾਂ ਬਣਾਉਂਦੀਆਂ ਹਨ ਅਤੇ ਬੁੱਤ ਲਾਉਂਦੀਆਂ ਹਨ ਤਾਂ ਜੋ ਅਗਲੀ ਪਨੀਰੀ ਉਸੇ ਤਰਾਂ ਦੀ ਬਹਾਦਰ ਬਣ ਸਕੇ।

ਜੇ ਕੀੜੀ ਨੂੰ ਵੀ ਬੇਵਜਾ ਮਾਰੋ ਤਾਂ ਵਾਪਸ ਲੜਨ ਨੂੰ ਪੈਂਦੀ ਹੈ। ਫੇਰ ਭਲਾ ਏਨਾ ਸ਼ਾਨਦਾਰ ਜਰਨੈਲ ਧੱਕਾ ਕਿਵੇਂ ਜਰਦਾ? ਕੀ ਇਹ ਜਾਇਜ਼ ਹੈ ਕਿ ਉਸ ਨੂੰ ਸਿਰਫ਼ ਅਤਿਵਾਦੀ ਕਹਿ ਕੇ ਇਤਿਹਾਸ ਦਾ ਪੰਨਾ ਪਰਤ ਦੇਈਏ? ਜੇ ਹਾਂ, ਤਾਂ ਤਿਆਰ ਰਹੋ ਅਗਲੀ ਵਾਰੀ ਤੁਹਾਡੀ ਹੈ! ਜੇ ਨਾ, ਤਾਂ ਫਿਰ ਕਦੋਂ ਉਸ ਉੱਤਮ ਸੂਰਮੇ ਦੀ ਬਹਾਦਰੀ ਦੀ ਯਾਦਗਾਰ ਤਿਆਰ ਹੋਵੇਗੀ ਜਿੱਥੇ ਉਸ ਮਿਸਾਲੀ ਯੋਧੇ ਦੀ ਆਦਮਕੱਦ ਤਸਵੀਰ ਹੋਵੇ ਤੇ ਪੰਜਾਬ ਵਿਚਲੇ ਫੌਜੀ ਉਸ ਦੀ ਫੌਜੀ ਅਗਵਾਈ ਦੀ ਤਕਨੀਕ ਸਿੱਖ ਕੇ ਆਪਣਾ ਅਤੇ ਆਪਣੇ ਦੇਸ ਦਾ ਨਾਂ ਰੌਸ਼ਨ ਕਰਦੇ ਰਹਿਣ?

**ਫਰੀਦਾ ਥੀਉ ਪਵਾਹੀ ਦਭੁ**
**ਜੇ ਸਾਂਈ ਲੋੜਹਿ ਸਭੁ।**

ਬਾਬਾ ਫ਼ਰੀਦ ਜੀ ਨੇ ਵੀ ਸਮਝਾਇਆ ਸੀ ਕਿ ਲੋਕ ਕੁੱਝ ਬੂਟਿਆਂ ਨੂੰ ਤੋੜਦੇ ਹਨ ਤੇ ਬਾਕੀਆਂ ਨੂੰ ਪੈਰਾਂ ਹੇਠ ਲਤਾੜਦੇ ਹਨ। ਗੱਲ ਸਿਰਫ਼ ਧਿਆਨ ਦੇਣ ਯੋਗ ਇਹ ਹੈ ਕਿ ਮਿੱਧੇ ਜਾਣ ਬਾਅਦ ਵੀ ਕੁੱਝ ਸ਼ਖ਼ਸੀਅਤਾਂ ਫੁੱਲਾਂ ਵਾਂਗ ਖ਼ੁਸ਼ਬੂ ਛੱਡਦੀਆਂ ਰਹਿੰਦੀਆਂ ਹਨ।

# ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਦਿੱਤਾ ਵੱਡਾ ਝਟਕਾ ਸਰਕਾਰ ਨਹੀਂ ਮਿੱਥੇਗੀ ਫਸਲਾਂ ਦੇ ਸਮਰਥਨ ਮੁੱਲ

**✪ ਆਰਡੀਨੈਂਸਾਂ ਦੇ ਸੰਕੇਤ: ਘੱਟੋ ਘੱਟ ਸਮਰਥਨ ਮੁੱਲ ਕਾਇਮ ਰਹੇਗਾ ਪਰ ਖਰੀਦ ਦੀ ਗਾਰੰਟੀ ਨਹੀਂ**
**✪ ਕੈਪਟਨ ਸਰਕਾਰ, ਆਪ ਪਾਰਟੀ, ਢੀਂਡਸਾ ਗਰੁੱਪ ਨੇ ਕੀਤੀ ਕੇਂਦਰ ਸਰਕਾਰ ਦੀ ਨਿਖੇਧੀ**
**✪ ਭਾਜਪਾ ਜਾਂ ਸੰਘੀ ਢਾਂਚੇ ਦੀ ਹਮਾਇਤ ਵਿਚੋਂ ਇਕ ਦੀ ਚੋਣ ਅਕਾਲੀ ਦਲ ਸਾਹਮਣੇ ਵੱਡੀ ਚੁਣੌਤੀ**

**ਚੰਡੀਗੜ/ਏ.ਟੀ.ਨਿਊਜ਼ :** ਭਾਰਤ ਦੀ ਸਨਅਤੀ ਪੈਦਾਵਾਰ ਤੇ ਕਿਰਤ ਸ਼ਕਤੀ ਨੂੰ ਤਬਾਹ ਕਰਨ ਤੋਂ ਬਾਅਦ ਮੋਦੀ ਸਰਕਾਰ ਨੇ ਹੁਣ ਦੇਸ਼ ਦੀ ਰੀੜ ਦੀ ਹੱਡੀ ਮੰਨੀ ਜਾਂਦੀ ਕਿਸਾਨੀ ਨੂੰ ਵੀ ਬਰਬਾਦ ਕਰਨ ਦਾ ਰਾਹ ਫੜ ਲਿਆ ਹੈ। ਜਦੋਂ ਦੇਸ਼ ਵਿੱਚ ਕੋਰੋਨਾ ਸੰਕਟ ਦਿਨੋ-ਦਿਨ ਗੰਭੀਰ ਹੁੰਦਾ ਜਾ ਰਿਹਾ ਹੈ, ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਨੇ ਕਿਸਾਨੀ ਨਾਲ ਸੰਬੰਧਤ ਤਿੰਨ ਕਾਨੂੰਨਾਂ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਕਿਸਾਨਾਂ ਦੀ ਗੁਲਾਮੀ ਦਾ ਮੁੱਢ ਬੰਨ ਦਿੱਤਾ ਹੈ। ਇਹ ਤਿੰਨ ਕਾਨੂੰਨ ਹਨ: ਠੇਕਾ ਖੇਤੀ, ਜਿਸ ਦਾ ਲੁਭਾਉਣਾ ਨਾਂਅ ਹੈ ਕਿਸਾਨਾਂ ਦਾ ਸਸ਼ਕਤੀਕਰਨ ਤੇ ਹਿਫ਼ਾਜ਼ਤੀ ਨੋਟੀਫਿਕੇਸ਼ਨ, ਖੇਤੀ ਜਿਣਸ ਅਤੇ ਵਪਾਰ ਨੋਟੀਫਿਕੇਸ਼ਨ ਤੇ ਜ਼ਰੂਰੀ ਵਸਤੂ ਨੋਟੀਫਿਕੇਸ਼ਨ। ਇਨਾਂ ਨੋਟੀਫਿਕੇਸ਼ਨਾਂ ਦੀ ਰਾਸ਼ਟਰਪਤੀ ਤੋਂ ਵੀ ਮਨਜ਼ੂਰੀ ਲੈ ਲਈ ਗਈ ਹੈ।

ਮੋਦੀ ਦਾ ਮੂਲ ਮੰਤਰ ਹੈ ਕਿ ਜੋ ਕਿਹਾ ਜਾਵੇ, ਉਸ ਦੇ ਐਨ ਉਲਟ ਕੀਤਾ ਜਾਵੇ। ਨੋਟਬੰਦੀ ਸਮੇਂ ਕਿਹਾ ਗਿਆ ਸੀ ਕਿ ਇਸ ਨਾਲ ਕਾਲਾ ਧਨ ਬਾਹਰ ਆਵੇਗਾ, ਪਰ ਹੋਇਆ ਇਹ ਕਿ ਇਸ ਨਾਲ ਧਨਕੁਬੇਰਾਂ ਨੂੰ ਕਾਲੇ ਧਨ ਨੂੰ ਚਿੱਟਾ ਕਰਨ ਦਾ ਮੌਕਾ ਦੇ ਦਿੱਤਾ ਗਿਆ। ਲਾਕਡਾਊਨ ਦੌਰਾਨ ਆਪਣੇ ਆਖ਼ਰੀ ਲੜੀਵਾਰ ਭਾਸ਼ਣ ਵਿੱਚ ਮੋਦੀ ਦੇ ਆਤਮ-ਨਿਰਭਰਤਾ ਦੇ ਨਾਅਰੇ ਦਾ ਸਿੱਟਾ ਸਾਹਮਣੇ ਇਹ ਆ ਰਿਹਾ ਹੈ ਕਿ ਸਭ ਕੁਝ ਕਾਰਪੋਰੇਟਾਂ ਤੇ ਬਦੇਸ਼ੀ ਕੰਪਨੀਆਂ ਹੱਥ ਵੇਚਿਆ ਜਾ ਰਿਹਾ ਹੈ। ਪਹਿਲਾਂ ਇੱਕ-ਇੱਕ ਕਰਕੇ ਪਬਲਿਕ ਸੈਕਟਰ ਦੇ ਅਦਾਰਿਆਂ ਦੀ ਬੋਲੀ ਲਾਉਣ ਦੇ ਫ਼ੈਸਲੇ ਲਏ ਗਏ ਤੇ ਹੁਣ ਦੇਸ਼ ਦੀ ਸਮੁੱਚੀ ਜ਼ਮੀਨ ਹੀ ਉਨਾਂ ਦੇ ਹਵਾਲੇ ਕੀਤੀ ਜਾ ਰਹੀ ਹੈ। ਇਨਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਸਾਡੇ ਕਿਸਾਨਾਂ ਦੀ ਹਾਲਤ ਗੁਲਾਮਾਂ ਵਰਗੀ ਹੋ ਜਾਵੇਗੀ। ਕਿਹਾ ਤਾਂ ਇਹ ਗਿਆ ਹੈ ਕਿ ਇਨਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਕਿਸਾਨ ਆਪਣੀ ਜਿਣਸ ਕਿਤੇ ਵੀ ਵੇਚ ਸਕਦਾ ਹੈ, ਪਰ ਸੱਚਾਈ ਇਹ ਹੈ ਕਿ ਮੰਡੀਆਂ ਉੱਤੇ ਸਮੁੱਚਾ ਕੰਟਰੋਲ ਦੇਸੀ ਤੇ ਬਦੇਸ਼ੀ ਕੰਪਨੀਆਂ ਦਾ ਹੋਵੇਗਾ।

ਇਨਾਂ ਕਾਨੂੰਨਾਂ ਪਿੱਛੇ ਸਰਕਾਰ ਦਾ ਮੁੱਖ ਮਕਸਦ ਵੱਡੀਆਂ ਕੰਪਨੀਆਂ ਲਈ ਠੇਕਾ ਖੇਤੀ ਦੇ ਦਰਵਾਜੇ ਖੋਲਣਾ ਹੈ। ਠੇਕਾ ਖੇਤੀ ਦਾ ਸਿੱਧਾ ਮਤਲਬ ਹੈ ਕਿ ਕਿਸਾਨ ਆਪਣੀ ਜ਼ਮੀਨ ਉਤੇ ਖੇਤੀ ਤਾਂ ਕਰਦਾ ਹੈ, ਪਰ ਆਪਣੇ ਲਈ ਨਹੀਂ ਸੰਬੰਧਤ ਕੰਪਨੀ ਲਈ, ਜਿਸ ਨਾਲ ਉਸ ਦਾ ਐਗਰੀਮੈਂਟ ਹੋਇਆ ਹੁੰਦਾ ਹੈ। ਜਿਣਸ ਦਾ ਬੀਜ, ਖਾਦ ਤੇ ਖਰਚੇ ਸਭ ਕੰਪਨੀ ਦੇ ਹੋਣਗੇ। ਭਾਅ ਵੀ ਪਹਿਲਾਂ ਤੈਅ ਕਰ ਲਿਆ ਜਾਵੇਗਾ। ਕੰਪਨੀ ਹੀ ਇਹ ਤੈਅ ਕਰੇਗੀ ਕਿ ਕਿਹੜੀ ਫ਼ਸਲ ਬੀਜੀ ਜਾਣੀ ਹੈ। ਕਿਸਾਨ ਦੀ ਹੈਸੀਅਤ ਸਿਰਫ਼ ਇੱਕ ਮਜ਼ਦੂਰ ਦੀ ਹੋਵੇਗੀ। ਖੇਤ ਵਿੱਚ ਹੋਈ ਪੈਦਾਵਾਰ ਵਿੱਚੋਂ ਉਹ ਇੱਕ ਵੀ ਦਾਣਾ ਨਾ ਆਪਣੇ ਘਰ ਰੱਖ ਸਕੇਗਾ, ਨਾ ਕਿਸੇ ਹੋਰ ਨੂੰ ਵੇਚ ਸਕੇਗਾ। ਮੌਜੂਦਾ ਸਿਸਟਮ ਵਿੱਚ ਇਸ ਗੱਲ ਦੀ ਵੀ ਗਰੰਟੀ ਨਹੀਂ ਕੀਤੀ ਜਾ ਸਕਦੀ ਕਿ ਸਮਝੌਤੇ ਵਿੱਚ ਤੈਅ ਕੀਤਾ ਭਾਅ ਕਿਸਾਨਾਂ ਨੂੰ ਸਮੇਂ ਸਿਰ ਮਿਲ ਜਾਵੇਗਾ। ਸਰਕਾਰ ਦੇ ਇਨਾਂ ਕਾਨੂੰਨਾਂ ਰਾਹੀਂ ਦੇਸ਼ ਦੀ ਖਾਧ ਸੁਰੱਖਿਆ ਨੂੰ ਵੀ ਸੱਟ ਵੱਜੇਗੀ।

ਪੰਜਾਬ ਵਿਚ ਨਵੇਂ ਸਿਆਸੀ ਸਮੀਕਰਨ ਉਭਰਨਗੇ

ਕੇਂਦਰ ਸਰਕਾਰ ਵੱਲੋਂ ਜ਼ਰੂਰੀ ਵਸਤਾਂ ਬਾਰੇ ਕਾਨੂੰਨ 1955 ਵਿਚ ਸੋਧ ਅਤੇ ਖੇਤੀ ਦੇ ਖੇਤਰ ਸਬੰਧੀ ਦੋ ਆਰਡੀਨੈਂਸ ਜਾਰੀ ਕਰਨ ਨਾਲ ਪੰਜਾਬ ਦੀ ਸਿਆਸਤ ਅੰਦਰ ਨਵੇਂ ਸਮੀਕਰਨ ਉੱਭਰਨ ਦੀ ਸੰਭਾਵਨਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਨਾਂ ਫ਼ੈਸਲਿਆਂ ਨੂੰ ਸੰਘੀ ਢਾਂਚੇ ਉੱਤੇ ਹਮਲਾ ਕਰਾਰ ਦਿੰਦਿਆਂ ਕਿਸਾਨਾਂ ਲਈ ਖ਼ਤਰਨਾਕ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਲਈ ਸੰਕਟ ਪੈਦਾ ਕਰਨ ਵਾਲੇ ਕਰਾਰ ਦਿੱਤਾ ਹੈ। ਪਰਮਿੰਦਰ ਸਿੰਘ ਢੀਂਡਸਾ, ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਨੇ ਵੀ ਇਨਾਂ ਆਰਡੀਨੈਂਸਾਂ ਦਾ ਵਿਰੋਧ ਕੀਤਾ ਹੈ। ਕਿਸਾਨ ਜਥੇਬੰਦੀਆਂ ਇਨਾਂ ਦੇ ਖ਼ਿਲਾਫ਼ ਮੁਜ਼ਾਹਰੇ ਕਰ ਰਹੀਆਂ ਹਨ। ਪੰਥ, ਕਿਸਾਨ ਅਤੇ ਸੰਘੀ ਢਾਂਚੇ ਦੀ ਵਕਾਲਤ ਦੇ ਥੰਮਾਂ ਉੱਤੇ ਖੜਾ ਸ਼੍ਰੋਮਣੀ ਅਕਾਲੀ ਦਲ ਡਿੱਕ-ਡੋਲੇ ਖਾ ਰਿਹਾ ਹੈ। ਕੇਂਦਰੀ ਸੱਤਾ ਵਿਚ ਭਾਈਵਾਲ ਹੋਣ ਕਰਕੇ ਪਾਰਟੀ ਖੇਤੀ ਮੰਤਰੀ ਦੇ ਫ਼ਿਲਹਾਲ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਜਾਰੀ ਰੱਖਣ ਦੇ ਵਾਅਦੇ ਨੂੰ ਤਿਣਕੇ ਵਾਂਗ ਫੜ ਕੇ ਆਪਣੀ ਬੇੜੀ ਪਾਰ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਕਾਰਗਿਲ, ਆਈਟੀਸੀ ਅਤੇ ਹੋਰ ਨਿੱਜੀ ਕੰਪਨੀਆਂ ਨੂੰ ਪੰਜਾਬ ਵਿਚ ਲਿਆਉਣ ਨੂੰ ਆਪਣੀ ਪ੍ਰਾਪਤੀ ਵਜੋਂ ਪੇਸ਼ ਕੀਤਾ।

ਲੰਮੇ ਸਮੇਂ ਤੋਂ ਸੰਘੀ ਢਾਂਚਾ ਕਮਜ਼ੋਰ ਹੁੰਦਾ ਆ ਰਿਹਾ ਹੈ ਪਰ ਜੰਮੂ-ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਦੇਣ, ਰਾਜਾਂ ਦੀ ਅੰਦਰੂਨੀ ਖੇਤੀ ਮੰਡੀ ਰਾਜ ਸੂਚੀ ਦਾ ਵਿਸ਼ਾ ਹੋਣ ਦੇ ਬਾਵਜੂਦ ਕੇਂਦਰੀ ਕਾਨੂੰਨ ਬਣਾਉਣ ਅਤੇ ਹੋਰ ਫ਼ੈਸਲਿਆਂ ਨੇ ਇਸ ਰੁਝਾਨ ਨੂੰ ਹੋਰ ਤਕੜਿਆਂ ਕੀਤਾ ਹੈ। ਕਾਂਗਰਸ ਰਾਜ ਦੌਰਾਨ ਬਹੁਤ ਵਾਰ ਰਾਜਾਂ ਵਿਚ ਚੁਣੀਆਂ ਸਰਕਾਰਾਂ ਤੋੜੀਆਂ ਗਈਆਂ ਅਤੇ ਰਾਜਾਂ ਨੂੰ ਕਮਜ਼ੋਰ ਕੀਤਾ ਗਿਆ। ਆਨੰਦਪੁਰ ਦੇ ਮਤੇ ਨੂੰ ਆਧਾਰ ਬਣਾ ਕੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦਾ ਮੁਦਈ ਰਿਹਾ ਅਕਾਲੀ ਦਲ 1996 ਤੋਂ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦੀ ਰਣਨੀਤੀ ਅਪਣਾਉਣ ਕਰਕੇ ਸਿਧਾਂਤਕ ਪੱਖੋਂ ਕਮਜ਼ੋਰ ਹੋਣ ਦੇ ਇਲਜ਼ਾਮਾਂ ਦਾ ਸਾਹਮਣਾ ਕਰਦਾ ਆ ਰਿਹਾ ਹੈ। ਭਾਜਪਾ ਜਾਂ ਸੰਘੀ ਢਾਂਚੇ ਦੀ ਹਮਾਇਤ ਵਿਚੋਂ ਇਕ ਦੀ ਚੋਣ ਅਕਾਲੀ ਦਲ ਸਾਹਮਣੇ ਵੱਡੀ ਚੁਣੌਤੀ ਹੈ।

**ਕੀ ਕਹਿੰਦੇ ਨੇ ਕੇਂਦਰੀ ਖੇਤੀ ਮੰਤਰੀ**

ਹੁਣੇ ਜਿਹੇ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਇਹ ਤਾਂ ਸਪੱਸ਼ਟ ਕੀਤਾ ਹੈ ਕਿ ਕਿਸਾਨਾਂ ਲਈ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਕਾਇਮ ਰਹੇਗਾ ਪਰ ਉਨਾਂ ਨੇ ਪੰਜਾਬ ਅਤੇ ਹਰਿਆਣਾ ਵਿਚ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਦੀ ਖਰੀਦ ਦੀ ਗਾਰੰਟੀ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਨਹੀਂ ਸਮਝਿਆ। ਹੁਣ ਤਿੰਨੋਂ ਆਰਡੀਨੈਂਸ ਜਨਤਕ ਖੇਤਰ ਵਿਚ ਆ ਚੁੱਕੇ ਹਨ। ਇਨਾਂ ਰਾਹੀਂ ਰਾਜਾਂ ਦੇ ਮੰਡੀ ਬੋਰਡਾਂ ਨੂੰ ਦਰਕਿਨਾਰ ਕਰ ਕੇ ਖੁੱਲੀ ਮੰਡੀ ਦਾ ਅਸੂਲ ਲਾਗੂ ਕਰਨ ਰਾਹੀਂ ਸੰਘੀ ਢਾਂਚੇ ਤਹਿਤ ਰਾਜਾਂ ਦੇ ਅਧਿਕਾਰਾਂ ਨੂੰ ਖੋਰਾ ਲਾਉਣ, ਸਮਰਥਨ ਮੁੱਲ ਤੋਂ ਪਿੱਛੇ ਹਟਣ ਲਈ ਵਪਾਰੀਆਂ ਅਤੇ ਕਿਸਾਨਾਂ ਦਰਮਿਆਨ ਕੰਟਰੈਕਟ ਫਾਰਮਿੰਗ ਤੇ ਜ਼ਖ਼ੀਰੇਬਾਜ਼ੀ ਲਈ ਰਾਹ ਤਿਆਰ ਕਰ ਦਿੱਤਾ ਗਿਆ ਹੈ। ਪੰਜ ਜੂਨ ਨੂੰ ਰਾਸ਼ਟਰਪਤੀ ਵੱਲੋਂ 8 ਨੰਬਰ ਆਰਡੀਨੈਂਸ ਵਜੋਂ ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ, 2020, 10 ਨੰਬਰ ਆਰਡੀਨੈਂਸ ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰਮੋਸ਼ਨ ਐਂਡ ਫੈਸਿਲੀਟੇਸ਼ਨ) ਆਰਡੀਨੈਂਸ 2020 ਅਤੇ 11 ਨੰਬਰ ਆਰਡੀਨੈਂਸ ਦਾ ਫਾਰਮਰਜ਼ (ਐਂਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ 2020 ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਨਾਂ ਤਿੰਨਾਂ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਹੁਣ ਤਕ ਦੀ ਖੇਤੀ ਮੰਡੀ ਨਾਲ ਸਬੰਧਤ ਨੀਤੀ ਪੂਰੀ ਤਰਾਂ ਬਦਲ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਵੱਲੋਂ ਸਖ਼ਤ ਫ਼ੈਸਲੇ ਲੈਣ ਦੇ ਦਿੱਤੇ ਸੰਕੇਤ ਉੱਤੇ ਅਮਲ ਸ਼ੁਰੂ ਹੋ ਗਿਆ ਹੈ।

ਹੁਣ ਤਕ ਖੇਤੀ ਵਸਤਾਂ ਦਾ ਰਾਜਾਂ ਦੇ ਅੰਦਰ ਵਪਾਰ ਰਾਜ ਸੂਚੀ ਦਾ ਵਿਸ਼ਾ ਹੋਣ ਕਰਕੇ ਸੂਬਿਆਂ ਦੇ ਕੰਟਰੋਲ ਹੇਠ ਸੀ। ਕੇਂਦਰ ਸਰਕਾਰ ਭਾਵੇਂ 23 ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਐਲਾਨਦੀ ਹੈ ਪਰ ਸਿਰਫ਼ ਕਣਕ ਅਤੇ ਝੋਨੇ ਦਾ ਹੀ ਇਕ-ਇਕ ਦਾਣਾ ਖਰੀਦਣ ਦੀ ਗਾਰੰਟੀ ਦਿੱਤੀ ਜਾਂਦੀ ਰਹੀ ਹੈ। ਇਹ ਵੀ ਸਾਰੇ ਦੇਸ਼ ਵਿਚ ਨਹੀਂ, ਸਗੋਂ ਪੰਜਾਬ ਅਤੇ ਹਰਿਆਣਾ ਵਿੱਚੋਂ ਕਿਉਂਕਿ ਉਸ ਵੇਲੇ ਦੇਸ਼ ਸਾਹਮਣੇ ਅਨਾਜ ਭੰਡਾਰ ਦਾ ਸੰਕਟ ਸੀ। ਹੁਣ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਮੁਤਾਬਕ ਦੇਸ਼ ਬਹੁਤ ਸਾਰੀਆਂ ਖੇਤੀ ਵਸਤਾਂ ਵਿਚ ਆਤਮ ਨਿਰਭਰ ਹੋ ਗਿਆ ਹੈ। ਇਸ ਲਈ ਕਣਕ ਅਤੇ ਝੋਨਾ ਸਿਰਫ਼ ਜਨਤਕ ਵੰਡ ਪ੍ਰਣਾਲੀ ਲਈ ਲੋੜੀਂਦੀ ਮਾਤਰਾ ਜਿੰਨਾ ਹੀ ਖਰੀਦਿਆ ਜਾਣਾ ਚਾਹੀਦਾ ਹੈ। ਖੇਤੀ ਉਤਪਾਦ ਮਾਰਕੀਟ ਕਮੇਟੀ ਕਾਨੂੰਨ (ਏਪੀਐੱਮਸੀ) ਤਹਿਤ ਕੋਈ ਵੀ ਫ਼ਸਲ ਮੰਡੀ ਬੋਰਡ ਵੱਲੋਂ ਨਾਮਜ਼ਦ ਕੀਤੀ ਮੰਡੀ ਤੋਂ ਬਾਹਰ ਵੇਚਣੀ ਗ਼ੈਰਕਾਨੂੰਨੀ ਸੀ। ਇਸ ਕਰਕੇ ਪੰਜਾਬ ਵਿਚ 14.5 ਫ਼ੀਸਦ ਅਤੇ ਹਰਿਆਣਾ ਵਿਚ 11.5 ਫ਼ੀਸਦ ਟੈਕਸ ਖਰੀਦਦਾਰ ਉੱਤੇ ਲੱਗਦੇ ਰਹੇ। ਪੰਜਾਬ ਦਾ ਪੰਜ ਫ਼ੀਸਦ ਵੈਟ ਅਤੇ ਤਿੰਨ ਫ਼ੀਸਦ ਬੁਨਿਆਦੀ ਢਾਂਚਾ ਸੈੱਸ ਭਾਵ ਅੱਠ ਫ਼ੀਸਦ ਟੈਕਸ ਜੀਐੱਸਟੀ ਨੇ ਉਡਾ ਦਿੱਤਾ ਸੀ, ਕਿਉਂਕਿ 'ਇਕ ਦੇਸ਼ ਇਕ ਟੈਕਸ' ਨੇ ਰਾਜ ਸਰਕਾਰ ਦੀ ਟੈਕਸ ਲਗਾਉਣ ਦੀ ਸ਼ਕਤੀ ਖ਼ਤਮ ਕਰ ਦਿੱਤੀ ਸੀ। ਫਿਰ ਵੀ ਸੂਬੇ ਵਿਚ ਢਾਈ ਫ਼ੀਸਦ ਆੜਤ, ਦੋ ਫ਼ੀਸਦ ਮੰਡੀ ਫ਼ੀਸ ਅਤੇ ਦੋ ਫ਼ੀਸਦ ਦਿਹਾਤੀ ਵਿਕਾਸ ਫੰਡ ਰਹਿ ਗਿਆ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੇ ਨਾਮ ਉੱਤੇ ਖ਼ੁਦ ਕਰਜ਼ਾ ਲੈਣਾ ਸੀ, ਇਸ ਲਈ ਇਸ ਨੇ ਇਕ ਫ਼ੀਸਦ ਦਿਹਾਤੀ ਵਿਕਾਸ ਫੰਡ ਅਤੇ ਇਕ ਫ਼ੀਸਦ ਮਾਰਕੀਟ ਫੀਸ ਹੋਰ ਲਗਾ ਦਿੱਤੀ ਅਤੇ ਇਸ ਦੇ ਵਿਰੁੱਧ ਦਸ ਹਜ਼ਾਰ ਕਰੋੜ ਦਾ ਕਰਜ਼ਾ ਲੈ ਲਿਆ। ਉਂਜ ਕਿਸਾਨਾਂ ਦਾ ਅਜੇ ਤੱਕ 47 ਸੌ ਕਰੋੜ ਦਾ ਕਰਜ਼ਾ ਹੀ ਮੁਆਫ਼ ਕੀਤਾ ਗਿਆ ਹੈ। ਹੁਣ ਪੰਜਾਬ ਵਿਚ 8.5 ਫ਼ੀਸਦ ਫ਼ੀਸ ਮੰਡੀ ਬੋਰਡ ਰਾਹੀਂ ਕੇਂਦਰੀ ਏਜੰਸੀਆਂ ਤੋਂ ਵਸੂਲੀ ਜਾਂਦੀ ਹੈ। ਹੁਣ ਲਗਪਗ 24 ਹਜ਼ਾਰ ਆੜਤੀ ਪਰਿਵਾਰਾਂ ਦੇ ਵਿਹਲੇ ਹੋ ਜਾਣ ਦੇ ਵੀ ਆਸਾਰ ਬਣ ਰਹੇ ਹਨ।

ਮੰਡੀ ਨਾਲ ਸਬੰਧਤ ਆਰਡੀਨੈਂਸ ਦੀ ਧਾਰਾ 6 ਅਨੁਸਾਰ ਇਸ ਆਰਡੀਨੈਂਸ ਤਹਿਤ ਫ਼ਸਲ ਖਰੀਦਣ ਉੱਤੇ ਕੋਈ ਫ਼ੀਸ, ਸੈੱਸ ਜਾਂ ਲੇਵੀ ਭਾਵ ਕਿਸੇ ਵੀ ਨਾਮ ਉੱਤੇ ਕੋਈ ਟੈਕਸ ਨਹੀਂ ਵਸੂਲਿਆ ਜਾ ਸਕੇਗਾ ਭਾਵ ਐਗਰੀਕਲਚਰ ਪ੍ਰੋਡਿਊਸ ਮਾਰਕੀਟ ਕਮੇਟੀ ਕਾਨੂੰਨ ਇਸ ਉੱਤੇ ਲਾਗੂ ਨਹੀਂ ਹੋਵੇਗਾ। ਫ਼ਸਲ ਖਰੀਦਣ ਲਈ ਵੀ ਖਰੀਦਦਾਰ ਦੀ ਕਿਸੇ ਰਜਿਸਟ੍ਰੇਸ਼ਨ ਦੀ ਲੋੜ ਨਹੀਂ, ਉਸ ਕੋਲ ਪੈਨ ਨੰਬਰ ਹੋਣਾ ਹੀ ਕਾਫ਼ੀ ਹੈ। ਉਹ ਫ਼ਸਲ ਸਿੱਧੀ ਕਿਸਾਨ ਤੋਂ ਖਰੀਦ ਸਕਦਾ ਹੈ। ਐੱਫਸੀਆਈ ਲੰਮੇ ਸਮੇਂ ਤੋਂ ਸਿੱਧੀ ਖਰੀਦ ਦੀ ਵਕਾਲਤ ਕਰਦੀ ਆ ਰਹੀ ਹੈ। ਕੰਟਰੈਕਟ ਫਾਰਮਿੰਗ ਵਾਲਾ ਹਿੱਸਾ ਅੰਤਰ-ਰਾਜੀ ਫ਼ਸਲਾਂ ਵੇਚਣ ਲਈ ਵਪਾਰੀਆਂ ਨੂੰ ਖੁੱਲ ਹੈ ਕਿਉਂਕਿ ਕਿਸਾਨ ਤਾਂ ਸਥਾਨਕ ਮੰਡੀ ਵਿਚ ਹੀ ਫ਼ਸਲ ਵੇਚਣ ਦੇ ਯੋਗ ਹੁੰਦਾ ਹੈ। ਇਸ ਲਈ ਪਹਿਲਾਂ ਹੀ ਕੰਟਰੈਕਟ ਉੱਤੇ ਦਸਤਖ਼ਤ ਕਿਸਾਨ ਜਾਂ ਕੰਪਨੀ ਕਰੇਗੀ। ਕਿਸੇ ਤੀਜੀ ਧਿਰ ਰਾਹੀਂ ਵੀ ਕੰਟਰੈਕਟ ਹੋ ਸਕਦਾ ਹੈ। ਫੂਡ ਸੇਫਟੀ ਕਾਨੂੰਨ ਮੁਤਾਬਕ ਮੁਕੰਮਲ ਮਾਪਦੰਡ, ਮਿਆਰੀਕਰਨ ਤੇ ਅਨੇਕ ਤਕਨੀਕੀ ਵਸਤਾਂ ਉੱਤੇ ਵੀ ਕੰਟਰੈਕਟ ਹੋਵੇਗਾ। ਇਸ ਕੰਟਰੈਕਟ ਨੂੰ ਬੀਮਾ ਜਾਂ ਕਰੈਡਿਟ ਨਾਲ ਜੋੜਨ ਦੀ ਵੀ ਤਜਵੀਜ਼ ਹੈ।

ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ 2020 ਮੁਤਾਬਕ ਕਿਸੇ ਵੀ ਖਰੀਦਦਾਰ ਉੱਤੇ ਆਮ ਹਾਲਤ ਵਿਚ ਕਿੰਨਾ ਜ਼ਖ਼ੀਰਾ ਰੱਖਣਾ ਹੈ, ਉਸ ਦੀ ਕੋਈ ਹੱਦ ਨਹੀਂ ਹੋਵੇਗੀ। ਦੂਸਰੇ ਦੋਵਾਂ ਆਰਡੀਨੈਂਸਾਂ ਅਧੀਨ ਝਗੜੇ ਹੱਲ ਦਾ ਜੋ ਤਰੀਕਾ ਦਰਜ ਕੀਤਾ ਗਿਆ ਹੈ, ਉਹ ਅਮੀਰ ਘਰਾਣਿਆਂ ਦੇ ਪੱਖ ਵਿਚ ਹੈ। ਸਬੰਧਤ ਸਬ-ਡਿਵੀਜ਼ਨ ਦਾ ਮੈਜਿਸਟ੍ਰੇਟ ਇਕ ਬੋਰਡ ਸਥਾਪਿਤ ਕਰੇਗਾ। ਜੇ ਬੋਰਡ ਦੇ ਫ਼ੈਸਲੇ ਉੱਤੇ ਕੋਈ ਸ਼ਿਕਾਇਤ ਹੋਵੇ ਤਾਂ ਐੱਸਡੀਐੱਮ ਖ਼ੁਦ ਕੇਸ ਸੁਣੇਗਾ ਅਤੇ ਅਪੀਲ ਡਿਪਟੀ ਕਮਿਸ਼ਨਰ ਜਾਂ ਉਸ ਵੱਲੋਂ ਨਾਮਜ਼ਦ ਅਧਿਕਾਰੀ ਕੋਲ ਕੀਤੀ ਜਾ ਸਕੇਗੀ।

**ਸਮੇਂ ਸਮੇਂ 'ਤੇ ਹੋ ਸਕੇਗੀ ਸੋਧ**

ਨਵੇਂ ਆਰਡੀਨੈਂਸਾਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ, ਸੂਬਾ ਸਰਕਾਰਾਂ, ਕਿਸੇ ਏਜੰਸੀ, ਅਫ਼ਸਰਾਂ ਜਾਂ ਨਿੱਜੀ ਖੇਤਰ ਦੇ ਖੇਤੀ ਖੇਤਰ ਵਿਚ ਲੱਗੀਆਂ ਸੰਸਥਾਵਾਂ ਸਮੇਤ ਹਰੇਕ ਨੂੰ ਹੁਕਮ ਦੇ ਸਕਦੀ ਹੈ ਅਤੇ ਸਮੇਂ ਸਮੇਂ 'ਤੇ ਲੋੜੀਦੀਆਂ ਸੋਧਾਂ ਕਰ ਕੇ ਹਦਾਇਤਾਂ ਜਾਰੀ ਕਰ ਸਕਦੀ ਹੈ।

---

# ਦਰੱਖਤ ਦੀ ਦਾਸਤਾਨ

**- ਇਕਬਾਲ ਸਿੰਘ ਬਰਾੜ**

ਮੈ 'ਦਰੱਖਤ ਬੋਲਦਾ ਹਾਂ ਸੁਣੋ ਮੇਰੀ ਵੀ ਦਾਸਤਾਨ ਮੇਰੀ ਹੋਂਦ ਵੀ ਮਨੁੱਖੀ ਜੀਵਨ ਨਾਲ ਹੀ ਹੈ ਅਤੇ ਮਨੁੱਖੀ ਜੀਵਨ ਦੀ ਮੇਰੇ ਨਾਲ । ਇਸ ਲਈ ਅਸੀ ਦੋਨੋ ਇਕ ਦੂਸਰੇ ਦੇ ਪੂਰਕ ਹਾਂ। ਮੇਰੀਆਂ ਅਨੇਕਾ ਕਿਸਮਾਂ ਹਨ ਜਿਨਾਂ ਨੂੰ ਸਾਰੇ ਭਲੀਭਾਂਤ ਹੀ ਜਾਣਦੇ ਹਨ ਕਿਸਮਾਂ ਜਿਵੇ : ਕਿੱਕਰ, ਟਹਾਲੀ, ਨਿੰਮ, ਸਫੈਦਾ, ਧਰੇਕ, ਬਰਕੇਨ, ਜੰਡ, ਸ਼ਰੀਹੰ, ਤੂਤ, ਅਤੇ ਫਲਦਾਰ ਪੌਦੇ ਆਦਿ । ਮੈ ਮਨੁੱਖ ਦੇ ਜਨਮ ਤੋ ਮੌਤ ਤੱਕ ਹਰ ਤਰਾਂ ਦੀਆਂ ਸੇਵਾਵਾਂ ਦੇਣ ਦਾ ਬਚਨਬੱਧ ਰਿਹਾ ਹਾਂ ਜਿਵੇ ਮਨੁੱਖ ਦੇ ਜਨਮ ਸਮੇ ਗੇਟ ਦੇ ਅੱਗ ਹੱਲ ਰੱਖਿਆ ਜਾਂਦਾ ਹੈ ਉਹ ਵੀ ਲੱਕੜ ਦਾ ਹੁੰਦਾ ਹੈ ਕੁਝ ਦਿਨ ਬਾਅਦ ਗੇਟ ਵਿੱਚ ਸ਼ਰੀਹੰ ਜਾਂ ਨਿੰਮ ਬੰਨਿਆ ਜਾਂਦਾ ਹੈ ਉਹ ਵੀ ਸਾਡੇ ਹੀ ਅੰਗ ਹੁੰਦੇ ਹਨ । ਇਸ ਸਭ ਦੇ ਨਾਲ ਸਾਡੀ ਹੀ ਲੱਕੜ ਦੇ ਘਰ ਬਣਾਉਣ, ਘਰਾਂ ਵਿੱਚ ਠੰਡੀ ਛਾਂ, ਬਾਲਣ, ਪਸੂਆਂ ਦੇ ਬੰਨਣ ਲਈ ਕੀਲਾ, ਲੱਕੜ ਦੇ ਮਕਾਨ ਬਣਾਉਣ, ਜੋੜੀਆਂ ਲਗਵਾਉਣ, ਪੇਟੀਆਂ, ਅਲਮਾਰੀਆਂ ਬਣਾਉਣ, ਪੁਰਾਣੇ ਸਮੇ ਵਾਲੇ ਖੇਤੀ ਦੇ ਸੰਦਾਂ ਦੇ ਨਾਲ-ਨਾਲ ਮਨੁੱਖੀ ਜੀਵਨ ਵਾਸਤੇ ਕਾਫੀ ਸਾਰੀਆਂ ਦੇਸੀ ਦਵਾਈਆਂ ਦੇ ਰੂਪ ਵਿੱਚ ਮੈਨੂੰ ਆਮ ਤੌਰ ਤੇ ਵਰਤਿਆ ਜਾਂਦਾ ਹੈ । ਇਸ ਤੋ ਇਲਾਵਾ ਹਰ ਰੋਜ ਮਨੁੱਖਾਂ ਦੁਆਰਾ ਹੀ ਪ੍ਰਦੂਸਣ (ਜਿਵੇ ਹਵਾ, ਪਾਣੀ ਅਤੇ ਧਰਤੀ ਨੂੰ) ਦੇ ਰੂਪ ਵਿੱਚ ਪ੍ਰਲੀਤ ਕੀਤੇ ਜਾ ਰਹੇ ਵਾਤਾਵਰਨ ਨੂੰ ਸਾਫ ਕਰਕੇ, ਸਾਹ ਲੈਣ ਯੋਗ ਬਣਾ ਕੇ, ਮਨੁੱਖੀ ਜੀਵਨ ਨੂੰ ਜੀਉਦਾ ਰੱਖਣ ਵਿੱਚ ਵੀ ਮੇਰਾ ਸਭ ਤੋ ਵੱਡਾ ਹੱਥ ਹੈ । ਪਰ ਅਫਸੋਸ਼ ਜਿਸ ਮਨੁੱਖ ਦੇ ਮੈ ਹਰਾ ਤਰਾ ਨਾਲ ਜਿੰਦਗੀ ਜਿਉਣ ਵਿੱਚ ਸਾਥ ਦੇ ਰਿਹਾ ਹਾਂ ਉਹੀ ਮਨੁੱਖ ਮੇਰੀਆਂ ਜੜਾਂ ਨੂੰ ਦਾਤਰੀ ਪਾਉਦਾ ਹੈ ਜਿਵੇ : ਨਹਿਰਾਂ, ਕੱਸੀਆਂ, ਨਿੱਜੀ ਥਾਵਾਂ, ਸੇਮ ਨਾਲਿਆ, ਅਤੇ ਸ਼ੜਕਾਂ ਉਪਰ ਮੇਰੇ ਤੇ ਜੋ ਕੁਹਾੜੀ ਦਾ ਵਾਰ ਹੁੰਦਾ ਹੈ ਉਹ ਆਮ ਦੇਖਿਆ ਜਾਂਦਾ ਹੈ ਜੋ ਕਿਸੇ ਤੋ ਵੀ ਲੁਕਿਆ ਨਹੀ । ਅੰਤ ਵਿੱਚ ਮੈ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਵੇ ਪੁੱਤਰ ਦੇ ਮੁਕਾਬਲੇ ਧੀ ਦੀ ਘਟ ਰਹੀ ਪੈਦਾਇਸ ਜਾਂ ਧੀ ਨੂੰ ਕੁੱਖ ਵਿੱਚ ਮਾਰਨ ਤੇ ਸਰਕਾਰਾਂ ਵੱਲੋ ਚਿੰਤਤ ਹੋਣ ਦੇ ਨਾਲ-ਨਾਲ ਦੋਸ਼ੀਆਂ ਨੂੰ ਸਜਾ ਅਤੇ ਭਾਰੀ ਜਰਮਾਨੇ ਵੀ ਕੀਤੇ ਜਾਂਦੇ ਹਨ ਉਸੇ ਤਰਾਂ ਸਰਕਾਰਾਂ ਨੂੰ ਆਪਣਾ ਫਰਜ ਸਮਝਦੇ ਹੋਏ ਮਨੁੱਖੀ ਜਿੰਦਗੀ ਦਾ ਅਹਿਮ ਹਿੱਸਾ ਦਰੱਖਤ ਹਰੇਕ ਪਰਿਵਾਰ ਨੂੰ ਆਪਣੇ ਘਰਾਂ ਦੀ ਜਗਾ ਮੁਤਾਬਕ ਅਤੇ ਹਰੇਕ ਕਿਸਾਨ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ (ਜਿਵੇ ਪ੍ਰਤੀ ਏਕੜ ਦੇ ਪਿਛੇ 1 ਜਾਂ ਅੱਧਾ ਮਰਲਾ ਆਦਿ) ਦਰੱਖਤ ਲਗਾਉਣ ਦੀ ਗਿਣਤੀ ਅਲਾਟ ਕਰਕੇ ਲੋਕਾਂ ਨੂੰ ਹਦਾਇਤ ਕੀਤੀ ਜਾਵੇ ਤਾਂ ਜੋ ਹਰ ਵਿਆਕਤੀ ਆਪਣੇ ਘਰ ਵਿੱਚ ਅਤੇ ਹਰ ਕਿਸਾਨ ਆਪਣੇ ਖੇਤ ਵਿੱਚ ਦਰੱਖਤਾਂ ਦੀ ਗਿਣਤੀ ਨੂੰ ਯਕੀਨੀ ਬਣਾਵੇ ਜਿਸ ਨਾਲ ਇਹ ਮਨੁੱਖਾ ਜੀਵਨ ਸੁਖਾਲਾ ਬਤੀਤ ਹੋਣ ਦੇ ਨਾਲ-ਨਾਲ ਵਾਤਾਵਰਨ ਵੀ ਦੂਸਿਤ ਹੋ ਤੋ ਬਚ ਸਕੇ ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਚੜਿਆ ਸੋਧਣਿ ਧਰਤਿ ਲੁਕਾਈ

**- ਜਸਬੀਰ ਕੇਸਰ**

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥੧॥
ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ॥੧॥ ਰਹਾਉ॥
ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ॥
ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥

ਰਾਗ ਧਨਾਸਰੀ ਵਿਚ ਉਚਾਰੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਨੇ ਦੋ ਸ਼ਬਦ ਉਚੇਚੇ ਤੌਰ 'ਤੇ ਵਰਤੇ ਹਨ- 'ਆਦਮੀ' ਪੂਰੇ ਮਨੁੱਖਾਂ ਸਮੇਤ ਆਪਣੇ ਲਈ ਤੇ 'ਸਾਇਰੁ' ਸਿਰਫ ਆਪਣੇ ਲਈ। ਇਨਾਂ ਸਤਰਾਂ ਦਾ ਸੰਖੇਪ ਭਾਵ ਇਹ ਹੈ ਕਿ ਨਾਨਕ ਸਾਇਰੁ ਮਨੁੱਖਾਂ ਨੂੰ ਕਹਿ ਰਿਹਾ ਹੈ ਕਿ ਅਸੀਂ ਸਾਰੇ ਆਦਮੀ ਇਸ ਸੰਸਾਰ ਵਿਚ ਦੋ ਕੁ ਘੜੀਆਂ ਦੀ ਮੋਹਲਤ ਲੈ ਕੇ ਆਏ ਹਾਂ। ਸਾਡਾ ਆਉਣਾ-ਜਾਣਾ ਉਸ 'ਪਰਵਦਗਾਰ' ਦੇ ਹੱਥ ਹੈ, ਇਸ ਲਈ ਸਾਨੂੰ ਉਸ ਦੀ ਸੇਵਾ ਵਿਚ ਲੱਗੇ ਰਹਿਣਾ ਚਾਹੀਦਾ ਹੈ ਜਾਂ ਉਸ ਦੇ ਅਨੁਸਾਰੀ ਹੋ ਕੇ ਜੀਵਨ ਗੁਜ਼ਾਰਨਾ ਚਾਹੀਦਾ ਹੈ। ਆਪਣੀ ਇਕ ਬਾਣੀ ਪਟੀ (ਰਾਗ ਆਸਾ) ਵਿਚ ਵੀ ਗੁਰੂ ਨਾਨਕ ਦੇਵ ਨੇ ਆਪਣੇ ਨਾਂ ਨਾਲ 'ਸਾਇਰ' ਲਕਬ ਜੋੜਿਆ ਹੈ:ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ।।ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਇਸ ਗੱਲੋਂ ਚੇਤੰਨ ਸਨ ਕਿ ਉਹ ਆਪਣਾ ਸੰਦੇਸ਼ ਕਾਵਿਕ ਭਾਸ਼ਾ ਵਿਚ ਦੇ ਰਹੇ ਹਨ। ਇਹ ਕਲਾਮ ਜੋ ਬਾਅਦ ਵਿਚ 'ਗੁਰਬਾਣੀ' ਜਾਂ 'ਗੁਰੂ ਦੀ ਬਾਣੀ' ਕਹਿਲਾਇਆ, ਬੜੇ ਡੂੰਘੇ ਅਰਥਾਂ ਦੀ ਧਾਰਨੀ ਹੈ। ਗੁਰੂ ਸਾਹਿਬ ਦੀ ਬਾਣੀ ਮਨੁੱਖੀ ਜੀਵਨ, ਉਸ ਦੇ ਇਸ ਸ੍ਰਿਸ਼ਟੀ ਵਿਚ ਆਉਣ ਦੇ ਮਨੋਰਥ, ਉਸ ਦੀ ਰਹਿਤਲ, ਉਸ ਦੇ ਸਮਾਜ-ਸੱਭਿਆਚਾਰ ਉੱਪਰ ਲਿਖਿਆ ਇਕ ਵੱਡ-ਆਕਾਰੀ ਮਹਾਂਕਾਵਿ ਹੈ ਜਿਸ ਵਿਚ ਗੁਰੂ ਸਾਹਿਬ ਦਾ ਆਪਣਾ ਜੀਵਨ-ਦਰਸ਼ਨ ਪ੍ਰਤੱਖ ਰੂਪ ਵਿਚ ਉੱਘੜਦਾ ਹੈ। ਇਸ ਜੀਵਨ-ਦਰਸ਼ਨ ਨੂੰ ਉਨਾਂ ਤੋਂ ਬਾਅਦ ਆਉਣ ਵਾਲੇ ਸਿੱਖ ਗੁਰੂਆਂ ਨੇ ਮਾਨਤਾ ਦੇ ਕੇ ਇਸ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਅਤੇ ਇਸ ਦੇ ਆਧਾਰ 'ਤੇ ਹੀ ਇਕ ਨਵਾਂ 'ਧਰਮ-ਦਰਸ਼ਨ' ਜਿਸ ਨੂੰ 'ਸਿੱਖ-ਦਰਸ਼ਨ' ਜਾਂ 'ਸਿੱਖ ਧਰਮ-ਦਰਸ਼ਨ' ਕਿਹਾ ਜਾਂਦਾ ਹੈ, ਹੋਂਦ ਵਿਚ ਆਇਆ।

ਗੁਰੂ ਨਾਨਕ ਦੇਵ ਜੀ ਦੇ ਕਲਾਮ ਦਾ ਸਿਖਰ ਦੇਖਣ ਲਈ ਉਨਾਂ ਦੀਆਂ ਰਚੀਆਂ ਤਿੰਨ ਵਡਮੁੱਲੀਆਂ ਬਾਣੀਆਂ ਦਾ ਜ਼ਿਕਰ ਹੀ ਕਾਫੀ ਹੋਵੇਗਾ: ਰਾਗ ਵਡਹੰਸ ਵਿਚ ਉਨਾਂ ਦਾ ਸ਼ਬਦ 'ਮੋਰੀ ਰੁਣ ਝੁਣ ਲਾਇਆ', ਰਾਗ ਤੁਖਾਰੀ ਵਿਚ ਲਿਖਿਆ 'ਬਾਰਹ ਮਾਹਾ' ਅਤੇ ਧਨਾਸਰੀ ਰਾਗ ਵਿਚ ਲਿਖੀ 'ਆਰਤੀ'। ਗੁਰੂ ਸਾਹਿਬ ਕੁਦਰਤ ਦੇ ਬਹੁਤ ਨੇੜੇ ਸਨ ਤੇ ਅਦਿੱਖ ਸ਼ਕਤੀ ਰਾਹੀਂ ਰਚੀ ਇਸ ਕੁਦਰਤ ਦੇ ਵੱਡੇ ਪ੍ਰਸ਼ੰਸਕ ਸਨ। ਸ਼ੁੱਧ ਹਿਰਦੇ ਵਾਲੇ ਲੋਕ ਜ਼ਰੂਰ ਹੀ ਕੁਦਰਤ ਨਾਲ ਇਕ-ਮਿਕ ਹੁੰਦੇ ਹਨ। 'ਮੋਰੀ ਰੁਣ ਝੁਣ ਲਾਇਆ' ਵਾਲੇ ਸ਼ਬਦ ਦੇ ਅਰਥ ਇਹ ਬਣਦੇ ਹਨ ਕਿ ਸਾਵਣ ਦੇ ਮਹੀਨੇ ਵਿਚ ਜਦੋਂ ਮੀਂਹ ਪੈਂਦਾ ਹੈ, ਮੋਰ ਕੂਕਦੇ ਹਨ, ਇਕ ਬਿਰਹਨ ਆਪਣੇ ਪ੍ਰੀਤਮ ਨੂੰ ਯਾਦ ਕਰ ਰਹੀ ਹੈ ਤੇ ਇਸ ਗੱਲੋਂ ਪ੍ਰੇਸ਼ਾਨ ਹੈ ਕਿ ਅਜਿਹੀ ਮਿੱਠੀ ਰੁੱਤ ਵਿਚ ਉਸ ਦਾ ਪਿਆਰਾ (ਸਹੁ) ਉਸ ਤੋਂ ਦੂਰ ਬੈਠਾ ਹੈ। ਉਸ ਨੂੰ ਆਪਣਾ ਹਾਰ ਸ਼ਿੰਗਾਰ, ਆਪਣੇ ਗੁਣ ਹੇਚ ਲੱਗਦੇ ਹਨ ਕਿਉਂਕਿ ਉਹ ਆਪਣੇ ਪਤੀ ਦੀਆਂ ਨਜ਼ਰਾਂ ਵਿਚ ਪਰਵਾਨ ਨਹੀਂ ਚੜ ਸਕੀ। ਇਸ ਸ਼ਬਦ ਵਿਚ ਸਭ ਤੋਂ ਉੱਤਮ ਅਤੇ ਮੌਲਿਕ ਬਿੰਬ ਇਨਾਂ ਸਤਰਾਂ ਵਿਚ ਬਣਦਾ ਹੈ:ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।।ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।।ਸ੍ਰਿਸ਼ਟੀ, ਕੁਦਰਤ, ਕੁਦਰਤ ਦਾ ਸਮੁੱਚਾ ਵਿਸਥਾਰ ਅਤੇ ਪਾਸਾਰ, ਵਣ-ਤ੍ਰਿਣ, ਰੁੱਤਾਂ ਗੁਰੂ ਸਾਹਿਬ ਨੂੰ ਬਹੁਤ ਮੋਂਹਦੀਆਂ ਅਤੇ ਵਿਸਮਾਦਿਤ ਕਰਦੀਆਂ ਸਨ। ਇਨਾਂ ਬਦਲਦੀਆਂ ਰੁੱਤਾਂ ਦੇ ਨਾਲ ਬਦਲਦੀ, ਰੰਗ ਵਟਾਉਂਦੀ ਰੰਗ ਬਿਰੰਗੀ ਬਨਸਪਤੀ, ਜੀਵ-ਜੰਤੂ ਅਤੇ ਇਸ ਸਾਰੇ ਵਰਤਾਰੇ ਨਾਲ ਮਨੁੱਖੀ ਮਾਨਸਿਕਤਾ 'ਤੇ ਪੈਂਦੇ ਅਸਰਾਂ ਨੂੰ ਉਨਾਂ ਨੇ 'ਬਾਰਹ ਮਾਹਾ' (ਤੁਖਾਰੀ) ਵਿਚ ਜਿਵੇਂ ਬਿਆਨਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਉਹ ਇਕ ਵਾਤਾਵਰਨ ਮਾਹਿਰ ਵਾਂਗ ਇਸ ਸਾਰੇ ਵਰਤਾਰੇ ਨੂੰ ਆਪਣੀ ਕਾਵਿ-ਸ਼ਕਤੀ ਰਾਹੀਂ ਪ੍ਰਗਟ ਕਰਦੇ ਹਨ। ਪ੍ਰਤੀਕ ਤਾਂ ਇਸ ਰਚਨਾ ਵਿਚ ਵੀ ਬਿਰਹਨ ਅਤੇ ਵਿੱਛੜੇ ਪ੍ਰੀਤਮ ਦਾ ਵਰਤਿਆ ਹੈ, ਪਰ ਪ੍ਰਕਿਰਤੀ ਦੀ ਖੂਬਸੂਰਤੀ ਅਤੇ ਵਿਵਿਧਤਾ ਨੂੰ ਬਿਆਨਦਿਆਂ ਜੋ ਬਿੰਬ ਵਰਤੇ ਹਨ, ਉਹ ਕੁਦਰਤ ਨਾਲ ਇਕਸੁਰ ਹੋਇਆ ਮਹਾਨ ਵਿਅਕਤੀ ਹੀ ਕਰ ਸਕਦਾ ਹੈ:* ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।।ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।।* ਆਸਾੜੁ ਭਲਾ ਸੂਰਜੁ ਗਗਨਿ ਤਪੈ।।ਧਰਤੀ ਦੂਖ ਸਹੈ ਸੋਖੈ ਅਗਨਿ ਭਖੈ।।* ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ।।ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ।।ਧਨਾਸਰੀ ਰਾਗ ਵਿਚ ਰਚੀ ਆਰਤੀ ਇਕ ਹੋਰ ਅਜਿਹੀ ਰਚਨਾ ਹੈ ਜਿਸ ਵਿਚੋਂ ਅਸੀਂ ਗੁਰੂ ਨਾਨਕ ਦੇਵ ਦੀ ਬ੍ਰਹਿਮੰਡ ਨਾਲ ਇਕਸੁਰ ਸ਼ਖਸੀਅਤ ਤੇ ਉਨਾਂ ਦੀ ਕਾਵਿ-ਕਲਾ ਦੇ ਸਿਖਰ ਦੇ ਦਰਸ਼ਨ ਕਰਦੇ ਹਾਂ। ਇਸ ਰਚਨਾ ਦੇ ਰਚਨਾਕਾਲ ਬਾਰੇ ਜਨਮ ਸਾਖੀਆਂ ਦੇ ਆਧਾਰ 'ਤੇ ਇਕ ਧਾਰਨਾ ਬਣੀ ਹੋਈ ਹੈ ਕਿ ਗੁਰੂ ਸਾਹਿਬ ਜਦੋਂ ਉਦਾਸੀਆਂ ਕਰਦੇ ਹਿੰਦੂਆਂ ਦੇ ਮਹਾਂ-ਤੀਰਥ ਜਗਨਨਾਥ ਪੁਰੀ ਪਹੁੰਚੇ ਤਾਂ ਉੱਥੇ ਸੰਧਿਆ ਸਮੇਂ ਦੀ ਆਰਤੀ ਹੋ ਰਹੀ ਸੀ। ਗੁਰੂ ਸਾਹਿਬ ਦੇ ਰਬਾਬੀ ਸਾਥੀ ਭਾਈ ਮਰਦਾਨਾ ਦੇ ਮੁਸਲਮਾਨ ਹੋਣ ਕਾਰਨ ਉਨਾਂ ਨੂੰ ਮੰਦਰ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਗੁਰੂ ਸਾਹਿਬ ਦੇ ਕਵੀ-ਮਨ ਵਿਚ ਆਇਆ ਕਿ ਏਨੇ ਵਿਸ਼ਾਲ ਬ੍ਰਹਿਮੰਡ ਦੀ ਆਰਤੀ ਇਕ ਛੋਟੇ ਜਿਹੇ ਥਾਲ ਵਿਚ ਨਿੱਕੇ-ਨਿੱਕੇ ਦੀਵੇ ਰੱਖ ਕੇ ਕਿਵੇਂ ਕੀਤੀ ਜਾ ਸਕਦੀ ਹੈ ? ਉਨਾਂ ਨੇ ਮੰਦਰ ਦੇ ਬਾਹਰ ਪਾਣੀ ਦੇ ਕੰਢੇ ਡੇਰਾ ਲਾ ਲਿਆ ਅਤੇ ਬ੍ਰਹਿਮੰਡ ਦੀ ਆਰਤੀ ਗਾਉਣੀ ਸ਼ੁਰੂ ਕਰ ਦਿੱਤੀ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥

ਕਥਾ ਇਹ ਵੀ ਹੈ ਕਿ ਗੁਰੂ ਸਾਹਿਬ ਦੀ ਸੁਰੀਲੀ ਆਵਾਜ਼ ਅਤੇ ਰਬਾਬ ਦਾ ਸੰਗੀਤ ਸੁਣ ਕੇ ਮੰਦਰ ਅੰਦਰਲੇ ਸ਼ਰਧਾਲੂ ਆਪਣੇ ਆਪ ਗੁਰੂ ਸਾਹਿਬ ਵੱਲ ਖਿੱਚੇ ਆਏ ਤੇ ਉਨਾਂ ਦੇ ਆਲੇ-ਦੁਆਲੇ ਭੀੜ ਲੱਗ ਗਈ। ਗੁਰੂ ਸਾਹਿਬ ਨੇ ਬਹੁਤੀ ਬਾਣੀ ਉਦਾਸੀਆਂ ਸਮੇਂ ਦੇਸ਼-ਦੇਸ਼ਾਂਤਰ ਦਾ ਰਟਨ ਕਰਦਿਆਂ ਰਚੀ। ਜਿੱਥੇ ਵੀ ਉਹ ਘੜੀ ਪਲ ਲਈ ਰੁਕਦੇ ਜਾਂ ਰਾਤ ਪਈ ਤੋਂ ਵਿਸ਼ਰਾਮ ਕਰਨ ਲਈ ਠਹਿਰਦੇ ਹੋਣਗੇ ਤਾਂ ਉਹ ਆਪਣੀ ਯਾਤਰਾ ਦੇ ਅਨੁਭਵ ਵਿਚੋਂ ਕੁਝ ਨਾ ਕੁਝ ਜ਼ਰੂਰ ਰਚਦੇ ਹੋਣਗੇ। ਇਕ ਚਿੰਤਨਸ਼ੀਲ ਤੇ ਦੇਸ਼-ਦੇਸ਼ਾਂਤਰ ਦਾ ਰਟਨ ਕਰਦੇ ਮਨੁੱਖ ਦਾ ਅਨੁਭਵ ਬਹੁਤ ਵਿਸ਼ਾਲ ਹੁੰਦਾ ਹੈ। ਉੱਤੋਂ ਜੇ ਉਸ ਕੋਲ ਉਸ ਅਨੁਭਵ ਨੂੰ ਪ੍ਰਗਟਾਉਣ ਦੀ ਕਲਾ ਵੀ ਹੋਵੇ, ਵਿਸ਼ੇਸ਼ ਤੌਰ 'ਤੇ ਕਾਵਿਕ ਭਾਸ਼ਾ ਵਿਚ ਤਾਂ ਉਹ ਰਚਨਾ ਗਿਆਨ, ਬੁੱਧੀ, ਭਾਵੁਕਤਾ ਅਤੇ ਸੰਗੀਤ ਦਾ ਸੁਮੇਲ ਬਣ ਕੇ ਇਕ ਅਜਿਹੀ ਕਲਾਸਕੀ ਰਚਨਾ ਬਣ ਜਾਂਦੀ ਹੈ ਜੋ ਸਦੀਆਂ ਤਕ ਲੋਕ-ਮਾਣਸ ਦੇ ਚਿੱਤਰਪਟ 'ਤੇ ਉਕਰੀ ਰਹਿੰਦੀ ਹੈ। ਸਾਖੀਆਂ ਵਿਚ ਇਹ ਵੀ ਆਉਂਦਾ ਹੈ ਕਿ ਜਦੋਂ ਗੁਰੂ ਸਾਹਿਬ ਨੂੰ ਕਾਵਿ-ਆਵੇਸ਼ ਆਉਂਦਾ ਸੀ ਤਾਂ ਉਹ ਭਾਈ ਮਰਦਾਨਾ ਨੂੰ ਕਹਿੰਦੇ ਸਨ 'ਮਰਦਾਨਿਆ ਕੱਢ ਰਬਾਬ'! ਫਿਰ ਭਾਈ ਮਰਦਾਨਾ ਦੀ ਰਬਾਬ ਦੇ ਸੁਰ ਫਿਜ਼ਾ ਵਿਚ ਗੂੰਜਦੇ ਤੇ ਗੁਰੂ ਨਾਨਕ ਵਜਦ ਵਿਚ ਆ ਕੇ ਗਾਉਂਦੇ। ਆਰਤੀ ਵਿਚਲੇ ਅਨੁਭਵ ਬਾਰੇ ਵੀ ਇਹ ਹੋ ਸਕਦਾ ਹੈ ਕਿ ਉਦਾਸੀਆਂ ਦੌਰਾਨ ਕਿਸੇ ਮਿੱਠੀ ਜਿਹੀ ਰੁੱਤੇ, ਟਿਕੀ ਹੋਈ ਚਾਨਣੀ ਰਾਤ ਵਿਚ ਖੁੱਲੇ ਆਸਮਾਨ ਥੱਲੇ ਲੇਟਿਆਂ/ਬੈਠਿਆਂ, ਸੁਖਾਵੀਂ ਵਗਦੀ ਹਵਾ ਦਾ ਆਨੰਦ ਮਾਣਦਿਆਂ ਗੁਰੂ ਸਾਹਿਬ ਨੂੰ ਇਹ ਮਹਿਸੂਸ ਹੋਇਆ ਹੋਵੇ ਕਿ ਸਾਰੀ ਸ੍ਰਿਸ਼ਟੀ ਜਿਵੇਂ ਆਪਣੇ ਰਚਨਹਾਰ ਦੀ ਆਰਤੀ ਉਤਾਰ ਰਹੀ ਹੈ। ਇਹੀ ਅਨੁਭਵ ਜਗਨਨਾਥ ਪੁਰੀ ਦੀ ਸੀਮਤ ਜਗਾ ਵਿਚ, ਸੀਮਤ ਜਿਹੇ ਸਾਧਨਾਂ ਨਾਲ ਪੰਡਤਾਂ ਨੂੰ ਆਰਤੀ ਕਰਦਿਆਂ ਵੇਖ ਕਾਵਿ-ਰੂਪ ਵਿਚ ਪ੍ਰਗਟ ਹੋ ਗਿਆ ਹੋਵੇ। ਬੰਗਲਾ ਭਾਸ਼ਾ ਦੇ ਮਹਾਨ ਕਵੀ ਸ੍ਰੀ ਰਾਬਿੰਦਰਨਾਥ ਟੈਗੋਰ ਨੇ ਆਰਤੀ ਦਾ ਬੰਗਾਲੀ ਵਿਚ ਅਨੁਵਾਦ ਕੀਤਾ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰੀ ਮਸ਼ਹੂਰ ਪੰਜਾਬੀ ਅਦਾਕਾਰ ਬਲਰਾਜ ਸਾਹਨੀ ਨੇ ਗੁਰੂਦੇਵ ਟੈਗੋਰ ਨੂੰ ਕਿਹਾ ਕਿ ਤੁਸੀਂ ਦੇਸ਼ ਲਈ ਕੌਮੀ ਤਰਾਨਾ ਲਿਖਿਆ ਹੈ। ਕਿਉਂ ਨਹੀਂ ਇਕ ਕੌਮਾਂਤਰੀ ਤਰਾਨਾ ਲਿਖਦੇ ਜੋ ਸਾਰੀ ਦੁਨੀਆਂ ਦੇ ਲੋਕਾਂ ਦਾ ਸਾਂਝਾ ਤਰਾਨਾ ਹੋਵੇ ? ਇਸ 'ਤੇ ਗੁਰੂਦੇਵ ਟੈਗੋਰ ਨੇ ਜਵਾਬ ਦਿੱਤਾ ਕਿ ਇਸ ਤੋਂ ਵੀ ਵੱਡਾ ਤਰਾਨਾ- ਪੂਰੀ ਸ੍ਰਿਸ਼ਟੀ ਦਾ ਤਰਾਨਾ ਸੋਲਵੀਂ ਸਦੀ ਵਿਚ ਲਿਖਿਆ ਜਾ ਚੁੱਕਾ ਹੈ ਤੇ ਉਹ ਹੈ ਗੁਰੂ ਨਾਨਕ ਦੀ ਆਰਤੀ। ਇਹ ਹੈ ਮਹਾਂਕਵੀ ਗੁਰੂ ਨਾਨਕ ਨੂੰ ਵੀਹਵੀਂ ਸਦੀ ਦੇ ਇਕ ਗੈਰ-ਪੰਜਾਬੀ ਕਵੀ ਦੀ ਸੱਚੀ ਸ਼ਰਧਾਂਜਲੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਆਪਣੇ ਮੂਲ ਰੂਪ ਵਿਚ ਇਕ ਦਾਰਸ਼ਨਿਕ ਮਹਾਂ-ਕਾਵਿਕ ਰਚਨਾ ਹੈ। ਮਹਾਨ ਕਵੀ ਜਾਂਮਹਾਨ ਲੇਖਕ ਇਕ ਮਹਾਨ ਦਰਸ਼ਨਵੇਤਾ ਵੀ ਹੁੰਦਾ ਹੈ ਜਿਸ ਕੋਲ ਗਿਆਨ ਦਾ ਅਥਾਹ ਭੰਡਾਰ ਹੈ, ਆਪਣੇ ਸਮੇਂ ਤੇ ਉਸ ਤੋਂ ਪਹਿਲੇ ਪ੍ਰਚੱਲਿਤ ਦਾਰਸ਼ਨਿਕ ਵਿਚਾਰਾਂ ਨੂੰ ਉਸ ਨੇ ਚੰਗੀ ਤਰਾਂ ਘੋਖਿਆ, ਪੜਤਾਲਿਆ ਹੁੰਦਾ ਹੈ। ਮਨੁੱਖੀ ਹੋਂਦ ਦੇ ਮੂਲ ਪ੍ਰਸ਼ਨਾਂ ਉੱਪਰ ਉਸ ਨੇ ਗੰਭੀਰ ਚਿੰਤਨ-ਮਨਨ ਕੀਤਾ ਹੁੰਦਾ ਹੈ। ਗੁਰੂ ਸਾਹਿਬ ਦੀ ਸਾਰੀ ਬਾਣੀ ਇਨਾਂ ਮੂਲ ਪ੍ਰਸ਼ਨਾਂ ਨੂੰ ਮੁਖਾਤਬ ਹੈ ਤੇ ਵਾਧਾ ਇਹ ਕਿ ਅਜਿਹੇ ਦਾਰਸ਼ਨਿਕ ਪ੍ਰਸ਼ਨ ਅਤੇ ਉਨਾਂ ਦੇ ਉੱਤਰ ਰਾਗ, ਛੰਦ ਤੇ ਲੈਅ ਦੇ ਬੰਧੇਜ ਵਿਚ ਰਹਿ ਕੇ ਦਿੱਤੇ ਗਏ ਹਨ; ਜਿਵੇਂ ਸ੍ਰਿਸ਼ਟੀ ਕੀ ਹੈ ? ਕਦੋਂ ਹੋਂਦ ਵਿਚ ਆਈ ? ਮਨੁੱਖ ਤੇ ਬ੍ਰਹਿਮੰਡ ਦਾ ਕੀ ਰਿਸ਼ਤਾ ਹੈ ? ਸਮੁੱਚੇ ਬ੍ਰਹਿਮੰਡ ਵਿਚ ਮਨੁੱਖ ਦਾ ਕੀ ਸਥਾਨ ਹੈ ? ਇਸ ਸੰਸਾਰ ਵਿਚ ਆ ਕੇ ਮਨੁੱਖ ਦੀ ਕੀ ਭੂਮਿਕਾ ਹੈ ? ਗੁਰੂ ਸਾਹਿਬ ਦੀ ਬਾਣੀ ਇਕੋ ਸਮੇਂ ਅਧਿਆਤਮਕ ਵੀ ਹੈ ਤੇ ਯਥਾਰਥਕ ਵੀ। ਉਹ ਜਿਸ ਸਮਾਜ ਵਿਚ ਵਿਚਰ ਰਹੇ ਸਨ, ਉਸ ਦੀ ਡੂੰਘੀ ਦਾਰਸ਼ਨਿਕ ਸੋਝੀ ਵੀ ਰੱਖਦੇ ਸਨ ਅਤੇ ਉਸ ਦੇ ਯਥਾਰਥ ਨੂੰ ਵੀ ਚੰਗੀ ਤਰਾਂ ਸਮਝਦੇ ਸਨ। ਇਸੇ ਲਈ ਜਦੋਂ ਉਹ ਸਮਾਜਿਕ ਖੇਤਰ ਦੇ ਮਸਲਿਆਂ ਵੱਲ ਆਉਂਦੇ ਹਨ ਤਾਂ ਉਨਾਂ ਦੀਆਂ ਟਿੱਪਣੀਆਂ ਬੜੀਆਂ ਸਟੀਕ ਤੇ ਯਥਾਰਥਕ ਹੁੰਦੀਆਂ ਹਨ। ਇਕ ਗੰਭੀਰ ਦਾਰਸ਼ਨਿਕ ਹੋਣ ਦੇ ਨਾਤੇ ਗੁਰੂ ਨਾਨਕ ਸਾਹਿਬ ਸਾਹਮਣੇ ਇਕ ਬੜਾ ਸਿੱਧਾ ਪਰ ਗੁੰਝਲਦਾਰ ਪ੍ਰਸ਼ਨ ਸੀ: 'ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ।।' ਸਾਰੀ ਬਾਣੀ ਇਨਾਂ ਦੋ ਪ੍ਰਸ਼ਨਾਂ ਦੇ ਆਲੇ-ਦੁਆਲੇ ਘੁੰਮਦੀਹੈ: ਕੂੜ (ਝੂਠ) ਕਿਵੇਂ ਖਤਮ ਹੋਵੇ ? ਸੱਚ ਦੀ ਪ੍ਰਾਪਤੀ ਕਿਵੇਂ ਹੋਵੇ ? ਗੁਰੂ ਸਾਹਿਬ ਇਨਾਂ ਦੋਹਾਂ ਪ੍ਰਸ਼ਨਾਂ ਦੇ ਹੱਲ ਵੱਲ ਤੁਰਦੇ ਹੋਏ ਪੂਰੇ ਜਲੌਅ ਵਿਚ ਰੂਪਮਾਨ ਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਉਹ ਸ੍ਰਿਸ਼ਟੀ, ਦੁਨੀਆਂ, ਪ੍ਰਕਿਰਤੀ ਸਬੰਧੀ ਸਥਾਪਤ ਮਾਨਤਾਵਾਂ ਨੂੰ ਵੰਗਾਰਦੇ ਹਨ। ਉਹ ਉਸ ਵੇਲੇ ਦੇ ਦੂਜੇ ਧਰਮਾਂ ਵਾਂਗ ਦੁਨੀਆਂ ਨੂੰ, ਬ੍ਰਹਿਮੰਡ ਦੇ ਪਾਸਾਰੇ ਨੂੰ ਝੂਠ ਨਹੀਂ ਸਗੋਂ ਸੱਚ ਕਹਿੰਦੇ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ।।ਸਚੇ ਤੇਰੇ ਲੋਅ ਸਚੇ ਆਕਾਰ॥

ਸ੍ਰਿਸ਼ਟੀ ਅਤੇ ਬ੍ਰਹਿਮੰਡ ਦਾ ਪਾਸਾਰਾ ਉਨਾਂ ਲਈ ਸੱਚ ਹੈ ਕਿਉਂਕਿ ਉਹ ਦਿਸਦਾ ਹੈ, ਮਹਿਸੂਸ ਹੁੰਦਾ ਹੈ, ਮਨੁੱਖ ਇਸ ਪਾਸਾਰੇ ਦਾ ਇਕ ਅੰਗ ਹੈ: 'ਜੋ ਬ੍ਰਹਮੰਡੇ ਸੋਈ ਪਿੰਡੇ'। ਪਰ ਮਨੁੱਖ ਸਦੀਵੀ ਨਹੀਂ; ਬ੍ਰਹਿਮੰਡ ਦੇ ਮੁਕਾਬਲੇ ਉਸ ਦੀ ਜ਼ਿੰਦਗੀ ਬਹੁਤ ਅਲਪ ਹੈ, ਬਸ ਐਵੇਂ ਇਕ ਛਿਣ ਮਾਤਰ, 'ਹਮ ਆਦਮੀ ਹਾਂ ਇਕ ਦਮੀ।।'' ਪਰ ਇਹ 'ਇਕ ਦਮੀ' ਆਦਮੀ ਵੀ ਸੱਚ ਹੈ ਕਿਉਂਕਿ ਉਹ ਉਸ ਸਦੀਵੀ ਸੱਚ ਦੀ ਅੰਸ਼ ਮਾਤਰ ਹੈ। ਬੇਸ਼ੱਕ ਉਹ ਬੁਲਬੁਲੇ ਦੀ ਨਿਆਈਂ ਹੈ ਜਿਵੇਂ ਗੁਰੂ ਤੇਗ ਬਹਾਦਰ ਲਿਖਦੇ ਹਨ''ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।'ਪਰ ਇਹ ਬੁਲਬੁਲਾ ਵੀ ਸੱਚ ਹੈ ਭਾਵੇਂ ਛਿਣ ਭੰਗਰ ਹੈ। ਇਸ ਦੀ ਹੋਂਦ ਦਾ ਆਧਾਰ ਪਾਣੀ ਹੈ ਅਤੇ ਪਾਣੀ ਸੱਚ ਹੈ। ਇਸੇ ਤਰਾਂ ਪੂਰਾ ਜਗਤ ਸੱਚ ਹੈ ਤੇ ਇਸ ਵਿਚ ਉਸ ਸਦੀਵੀ ਸੱਚ ਦਾ ਵਾਸ ਹੈ: ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।। ਪਰ ਜਿਸ ਸਮਾਜ ਵਿਚ ਗੁਰੂ ਸਾਹਿਬ ਉਸ ਵੇਲੇ ਵਿਚਰ ਰਹੇ ਸਨ ਉਹ ਸਾਰੀਆਂ ਮਾਨਵੀ ਕਦਰਾਂ-ਕੀਮਤਾਂ ਤੋਂ ਸੱਖਣਾ ਤੇ ਏਨਾ ਨਿੱਘਰਿਆ ਹੋਇਆ ਸੀ ਕਿ ਉਸ ਨੂੰ ਮਨੁੱਖੀ ਸਮਾਜ ਕਹਿਣਾ ਮਨੁੱਖ ਦੀ ਤੌਹੀਨ ਕਰਨ ਬਰਾਬਰ ਸੀ।

ਉਸ ਸਮਾਜ ਜਾਂ ਉਸ ਯੁੱਗ ਨੂੰ ਗੁਰੂ ਸਾਹਿਬ 'ਕਲਯੁਗ' ਕਹਿੰਦੇ ਹਨ:ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।।ਇੱਥੇ ਅਸੀਂ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਨੂੰ ਇਕ ਵੱਡ-ਆਕਾਰੀ ਮਹਾਂਕਾਵਿ ਕਿਹਾ ਹੈ। ਇਹ ਮਹਾਂਕਾਵਿ ਗੁਰੂ ਸਾਹਿਬ ਦੇ ਸਮਕਾਲੀ ਸਮਾਜ ਦਾ ਮਹਾਂਦ੍ਰਿਸ਼ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਹ ਸਮਾਜ ਧਾਰਮਿਕ, ਰਾਜਨੀਤਕ, ਸੱਭਿਆਚਾਰਕ, ਬੌਧਿਕ ਸਾਰੇ ਖੇਤਰਾਂ ਵਿਚ ਨਿੱਘਰਿਆ ਹੋਇਆ ਅਣਮਨੁੱਖੀ ਸਮਾਜ ਸੀ ਅਤੇ ਗੁਰੂ ਨਾਨਕ ਦੇਵ ਦਾ ਇਸ ਸਮਾਜ ਨਾਲ ਕੋਈ ਸਮਝੌਤਾ ਨਹੀਂ ਸੀ। ਕਮਾਲ ਦੀ ਗੱਲ ਹੈ ਕਿ ਬ੍ਰਹਿਮੰਡ, ਕੁਦਰਤ ਅਤੇ ਸ੍ਰਿਸ਼ਟੀ ਦੇ ਵਿਧੀ-ਵਿਧਾਨ ਨਾਲ ਇਕਸੁਰ ਰਹਿਣ ਵਾਲੇ ਸ਼ਾਂਤ-ਚਿੱਤ, ਫਕੀਰਾਨਾ ਸੁਭਾਅ ਵਾਲੇ ਗੁਰੂ ਨਾਨਕ ਆਪਣੇ ਸਮਾਜ ਪ੍ਰਤੀ ਵਿਰੋਧ, ਰੋਹ ਤੇ ਵਿਦਰੋਹ ਨਾਲ ਭਰੇ ਨਜ਼ਰ ਆਉਂਦੇ ਹਨ। ਉਸ ਸਮੇਂ ਦੇ ਸਮੁੱਚੇ ਸਮਾਜਿਕ ਤਾਣੇ-ਬਾਣੇ ਪ੍ਰਤੀ ਉਨਾਂ ਦਾ ਪ੍ਰਤੀਕਰਮ ਜਬਰਦਸਤ ਨਿਖੇਧ ਦਾ ਸੀ ਤੇ ਉਨਾਂ ਦੀ ਵਿਦਰੋਹੀ ਸੁਰ ਬਹੁਤ ਉੱਚੀ ਤੇ ਵੰਗਾਰ ਭਰੀ ਹੈ। ਸਮੇਂ ਦੇ ਤਿੰਨੇ ਧਰਮਾਂ ਦੇ ਅਨੁਯਾਈ ਬ੍ਰਾਹਮਣ ਮੱਤ, ਇਸਲਾਮ ਅਤੇ ਜੋਗ-ਮਤ ਆਪਣੇ ਮੂਲ ਆਸ਼ਿਆਂ ਤੋਂ ਭਟਕ ਕੇ ਲੋਕਾਂ ਨੂੰ ਭੰਬਲਭੂਸੇ ਵਿਚ ਪਾ ਕੇ ਵਹਿਮੀ-ਭਰਮੀ-ਅਗਿਆਨੀ ਬਣਾ ਰਹੇ ਸਨ। ਧਰਮ ਰਾਜਨੀਤੀ ਦਾ ਹੱਥ-ਠੋਕਾ ਸੀ ਜਿਸ ਦੀ ਆੜ ਵਿਚ ਨਿੱਕੀਆਂ ਨਿੱਕੀਆਂ ਰਿਆਸਤਾਂ ਵਿਚ ਵੰਡੇ ਹਿੰਦੁਸਤਾਨ ਦੇ ਰਾਜੇ ਲੋਕਾਂ ਦੀ ਲੁੱਟ ਕਰ ਰਹੇ ਸਨ। ਗੁਰੂ ਨਾਨਕ ਇਨਾਂ ਤਿੰਨਾਂ ਧਰਮਾਂ ਦੀ ਉਸ ਸਮੇਂ ਦੀ ਸਥਿਤੀ ਦੇ ਵਿਰੋਧ ਵਿਚ ਖੜੇ ਸਨ:ਕਾਦੀ ਕੂੜੁ ਬੋਲ ਮਲੁ ਖਾਇ।। ਬ੍ਰਾਹਮਣੁ ਨਾਵੈ ਜੀਆ ਘਾਇ।। ਜੋਗੀ ਜੁਗਤਿ ਨਾ ਜਾਣੈ ਅੰਧੁ।। ਤੀਨੇ ਓਜਾੜੇ ਕਾ ਬੰਧੁ।।ਸਮਾਜਿਕ ਖੇਤਰ ਵਿਚ ਵਿਚਰਦਿਆਂ ਗੁਰੂ ਨਾਨਕ ਇਕ ਸਮਾਜਿਕ ਕਾਰਕੁਨ ਦੇ ਰੂਪ ਵਿਚ ਸਾਡੇ ਰੂਬਰੂ ਹੁੰਦੇ ਹਨ ਜਦੋਂ ਉਹ ਰਾਜਿਆਂ, ਵਜ਼ੀਰਾਂ, ਅਹਿਲਕਾਰਾਂ ਅਤੇ ਪਾਖੰਡੀ ਧਾਰਮਿਕ ਆਗੂਆਂ ਨੂੰ ਅਜਿਹੀ ਰੋਹ ਭਰੀ ਆਵਾਜ਼ ਵਿਚ ਭੰਡਦੇ, ਲਾਹਨਤਾਂ ਪਾਉਂਦੇ ਹਨ:
* ਰਾਜੇ ਸੀਹ ਮੁਕਦਮ ਕੁਤੇ।। ਜਾਇ ਜਗਾਇਨਿ ਬੈਠੇ ਸੁਤੇ।।*

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀ ਰਾਜਨੀਤੀ ਅਤੇ ਪ੍ਰਚੱਲਿਤ ਧਰਮਾਂ ਵਿਚਲੀਆਂ ਊਣਤਾਈਆਂ ਨੂੰ ਪਛਾਣਿਆ। ਉਂਜ ਤਾਂ ਉਨਾਂ ਦੀ ਸਾਰੀ ਬਾਣੀ ਵਿਚ ਹੀ ਸਮਾਜਿਕ ਅਧੋਗਤੀ ਪ੍ਰਤੀ ਵਿਰੋਧ ਦਾ ਸੁਰ ਵਿਆਪਤ ਹੈ, ਪਰ ਜੇ ਵਿਸ਼ੇਸ਼ ਬਾਣੀਆਂ ਦਾ ਜ਼ਿਕਰ ਕਰਨਾ ਹੋਵੇ ਤਾਂ ਤਿੰਨ ਬਾਣੀਆਂ ਦਾ ਉਚੇਚੇ ਤੌਰ 'ਤੇ ਨਾਂ ਲਿਆ ਜਾ ਸਕਦਾ ਹੈ: (ੳ) ਆਸਾ ਦੀ ਵਾਰ (ਅ) ਸਿਧ ਗੋਸਟਿ (ੲ) ਬਾਬਰਵਾਣੀ। ਧਾਰਮਿਕ ਆਗੂਆਂ ਦੀ ਦੋਗਲੀ ਸ਼ਖ਼ਸੀਅਤ ਬਾਰੇ ਉਨਾਂ ਨੇ ਆਸਾ ਦੀ ਵਾਰ ਵਿਚ ਬੜੀ ਸਟੀਕ ਟਿੱਪਣੀ ਕੀਤੀ ਹੈ:

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾ ਖਾਈ।।ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥

ਅਜਿਹੇ ਦੋਗਲੇ ਧਾਰਮਿਕ ਕਿਰਦਾਰਾਂ ਨੂੰ ਆਪਣੇ ਘਰਾਂ ਦੀਆਂ ਧਾਰਮਿਕ ਰਸਮਾਂ ਲਈ ਭੋਜਨ ਛਕਾਉਣਾ, ਭੋਜਨ ਨੂੰ ਅਪਵਿੱਤਰ ਕਰਨਾ ਹੈ:

ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਏਹੁ ਅੰਨੁ ਅਸਾਡਾ ਫਿਟੈ॥
ਤਨੁ ਫਿਟੈ ਫੇੜ ਕਰੇਨਿ॥ ਮਨ ਜੂਠੈ ਚੁਲੀ ਭਰੇਨਿ॥

ਬਾਬਰ ਦੇ ਹਮਲੇ ਵੇਲੇ ਗੁਰੂ ਨਾਨਕ ਨੇ ਜਿਸ ਸ਼ਿੱਦਤ ਨਾਲ ਜੰਗ ਦੀ ਭਿਆਨਕਤਾ ਅਤੇ ਤਬਾਹੀ ਦਾ ਜ਼ਿਕਰ ਕੀਤਾ ਹੈ ਉਹ ਆਪਣੀ ਮਿਸਾਲ ਆਪ ਹੈ:ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।ਬਾਬਰ ਵਰਗੇ ਸ਼ਕਤੀਸ਼ਾਲੀ ਮੁਗਲ ਹਮਲਾਵਰ ਦੀ ਫੌਜ ਨੂੰ 'ਪਾਪ ਕੀ ਜੰਞ' ਆਖਣਾ ਗੁਰੂ ਨਾਨਕ ਦੇਵ ਵਰਗੇ ਨਿਡਰ, ਦਲੇਰ ਫਕੀਰ ਦਾ ਹੀ ਕੰਮ ਹੋ ਸਕਦਾ ਹੈ ਜਿਹੜਾ ਮੂਲ ਰੂਪ ਵਿਚ ਧਾਰਮਿਕ ਆਗੂ ਹੁੰਦਾ ਹੋਇਆ ਵੀ ਇਕ ਪ੍ਰਤੀਬੱਧ ਸਮਾਜਿਕ ਕਾਰਕੁਨ ਵਾਂਗ ਰਾਜਿਆਂ ਨੂੰ ਵੰਗਾਰ ਸਕਦਾ ਹੈ। ਉਹ ਉਸ ਸਮੇਂ ਦੇ ਹਿੰਦੁਸਤਾਨੀ ਰਾਜਿਆਂ ਨੂੰ ਵੀ ਨਹੀਂ ਬਖ਼ਸ਼ਦੇ ਜਿਨਾਂ ਦੀ ਆਪਸੀ ਫੁੱਟ, ਅੱਯਾਸ਼ ਜ਼ਿੰਦਗੀ ਅਤੇ ਅਣਖ-ਰਹਿਤ ਮਾਨਸਿਕਤਾ ਕਾਰਨ ਬਾਬਰ ਨੂੰ ਹਮਲਾਵਰ ਹੋਣ ਦਾ ਮੌਕਾ ਮਿਲਿਆ।

ਅਜਿਹੇ ਰਾਜਿਆਂ ਨੂੰ ਉਹ ਮੁਰਦੇ ਕਹਿੰਦੇ ਹਨ:ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।।ਗੁਰੂ ਨਾਨਕ ਦੇਵ ਜੀ ਨੇ ਇਸ ਖੰਡਨ ਦੇ ਨਾਲ-ਨਾਲ ਆਪਣੇ ਇੱਛਤ ਸਮਾਜ ਦਾ ਸਰੂਪ ਵੀ ਆਪਣੇ ਇਸ ਮਹਾਂਕਾਵਿ ਵਿਚ ਚਿਤਰਿਆ ਹੈ। ਉਹ ਸਮਾਜ ਜਿਸ ਵਿਚ ਕੋਈ ਦਵੈਤ ਭਾਵ ਨਹੀਂ, ਕੋਈ ਜਾਤ-ਪਾਤ ਨਹੀਂ। ਜਿਸ ਸਮਾਜ ਦਾ ਧਰਮ ਮਨੁੱਖਤਾ ਹੈ ਤੇ ਇਹ ਸਾਰੇ ਸੰਸਾਰ ਦਾ ਸਾਂਝਾ ਧਰਮ ਹੈ। ਇਹ ਸਮਾਜ ਦੇ ਸਾਰੇ ਵਿਅਕਤੀ ਗੁਰਮੁਖ ਹਨ ਅਤੇ ਗੁਰਮੁਖ ਦੀ ਪਰਿਭਾਸ਼ਾ ਹੈ: 'ਗੁਰਮੁਖਿ ਨਾਮੁ ਦਾਨੁ ਇਸਨਾਨੁ'। ਭਾਵ ਉਹ ਸਰੀਰਿਕ, ਸਮਾਜਿਕ ਅਤੇ ਆਤਮਿਕ ਪੱਖੋਂ ਇਕ ਸ਼ੁੱਧ ਇਨਸਾਨ ਹੈ। ਇੱਥੇ ਇੰਨਾ ਕਹਿਣਾ ਹੀ ਕਾਫੀ ਹੋਵੇਗਾ ਕਿ ਗੁਰੂ ਸਾਹਿਬ ਨੇ ਨਾ ਸਿਰਫ ਆਪਣੇ ਸਮਕਾਲੀ ਸਮਾਜ ਦੀ ਆਲੋਚਨਾ ਕੀਤੀ ਸਗੋਂ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਰਾਹ ਵੀ ਸੁਝਾਇਆ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 20**

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਲੱਛੂ ਦੀ ਹਾਲਤ ਦੇਖ ਕੇ ਕੇਵਲ ਦਾ ਰੋਣ ਨਿਲਕਣ ਵਾਲਾ ਹੋ ਗਿਆ ਪਰ ਹੰਝੂ ਪੀ ਗਿਆ ਪਰ ਕੇਵਲ ਦਾ ਚੇਹਰਾ ਲੱਛੂ ਨੇ ਪੜ ਲਿਆ ਕਿਉਂਕਿ ਕੇਵਲ ਸਦਾ ਹੱਸਦਾ ਰਹਿੰਦਾ ਹੁੰਦਾ ਸੀ ਬਹੁਤ ਘੱਟ ਰੋਂਦਾ ਸੀ ਅਤੇ ਰੋਂਦਿਆਂ ਨੂੰ ਹਸਾਂਉਦਾ ਸੀ।

'ਆਓ ਬੈਠੋ ਚਾ ਪੀਓ ਆਖ ਕੇ ਨਾਲ ਦੇ ਟੁੱਟੇ ਜਿਹੇ ਢਾਬੇ ਵਿੱਚ ਬੈਠ ਗਏ।

'ਬਾਈ ਚਾ ਪਾਣੀ ਪੀ ਕੇ ਆਏ ਆਂ'

'ਕੋਈ ਨੀ ਹੁਣ ਚਾ ਈ ਆ, ਰੰਮ ਤਾ ਸੁਫਨਾ ਬਣਗੀ! ਤੂੰ ਕਿਵੇਂ ਦਰਸ਼ਨ ਦਿੱਤੇ ਸੁੱਖ ਆ?'

'ਸੁੱਖ ਤਾਂ ਉਦੋਂ ਦਾ ਈ ਉੱਡ ਪੁੱਡ ਗਿਆ ਜਦੋਂ ਦੀਆਂ ਬੈਰਕਾਂ ਛੱਡੀਆਂ ਸੀਂ' ਕੇਵਲ ਨੇ ਅਸਮਾਨ ਵੱਲ ਦੇਖ ਕੇ ਕਿਹਾ।

'ਹੁਣ ਕੀ ਭਾਣਾ ਬੀਤ ਗਿਆ' ਕਿਉਂਕਿ ਉਸ ਨੂੰ ਪਤਾ ਸੀ ਕਿ ਬਗੈਰ ਕੰਮ ਤੋਂ ਕੋਈ ਫੌਜੀ ਕਿਸੇ ਕੋਲ ਨੀ ਆਉਂਦਾ! ਛੱਤੇ ਨੇ ਸਾਰੀ ਗੱਲ ਦੱਸ ਦਿੱਤੀ। ਗੱਲ ਖਤਮ ਹੋਈ ਹੀ ਸੀ ਕਿ ਇਕ ਟਰਾਲੀ ਰੁਕੀ ਟਰਾਲੀ ਵਿੱਚੋਂ ਇੱਕ ਆਦਮੀ ਉੱਤਰਿਆ, ਕੱਦ ਦਾ ਲੰਮਾਂ ਪਾਟੇ ਲੀੜੇ ਪਾਏ ਪਿੱਛੇ ਲੀਰਾਂ ਦੀ ਪੋਟਲੀ ਬੰਨੀ ਸੀ। ਉਹ ਢਾਬੇ ਦੇ ਸਾਹਮਣੇ ਰੁਕ ਗਿਆ ਅਤੇ ਲੀਰਾਂ ਦੀ ਪੋਟਲੀ ਰੱਖ ਦਿੱਤੀ ਪੋਟਲੀ ਖੋਹਲ ਕੇ ਉੱਥੇ ਹੀ ਬੈਠ ਗਿਆ। ਹੱਥ ਬੰਨ ਕੇ ਰੋ ਕੇ ਕਹਿਣ ਲੱਗ ਪਿਆ।

'ਬਾਈ ਜੀ ਮੇਰੀ ਕੁੜੀ ਦਾ ਸਾਕ ਲੈ ਲੋ! ਮੇਰੀ ਮਿੰਨਤ ਆ ਨਾਂਹ ਨਾ ਕਰਿਓ ਉਹ ਆਦਮੀ ਬਾਰ ਬਾਰ ਬੋਲ ਰਿਹਾ ਸੀ ਤੇ ਬੈਠਾ ਬੈਠਾ ਹੱਥ ਬੰਨ ਕੇ ਆਪਣੇ ਚਾਰ ਚੁਫੇਰੇ ਘੁੰਮ ਰਿਹਾ ਸੀ। ਫਿਰ ਉਹ ਆਦਮੀ ਰੋਂਦਾ ਰੋਂਦਾ ਖੜਾ ਹੋ ਗਿਆ ਤੇ ਜਾਂਦਾ ਜਾਂਦਾ ਇੱਕੋ ਗੱਲ ਆਖ ਰਿਹਾ ਸੀ–

'ਬਾਈ ਜੀ ਮੇਰੀ ਕੁੜੀ ਦਾ ਸਾਕ ਲੈ ਲੋ! ਮੇਰੀ ਮਿੰਨਤ ਆ ਨਾਂਹ ਨਾ ਕਰਿਓ! ਲੋਕਾਂ ਨੂੰ ਸੰਬੋਧਨ ਕਰਕੇ ਕਹਿੰਦਾ ਹੋਇਆ ਗਲੀਆਂ ਵਿੱਚ ਅਲੋਪ ਹੋ ਗਿਆ!

'ਬਾਈ ਨਛੱਤਰ ਸਿੰਹਾਂ ਆਹ ਕੌਣ ਸੀ?' ਕੇਵਲ ਨੇ ਜਾਂਦੇ ਉਸ ਆਦਮੀ ਵੱਲ ਦੇਖ ਕੇ ਪੁੱਛਿਆ।

'ਤੂੰ ਪਛਾਣਿਆ ਨੀ?'

'ਨਈਂ! ਕਿਉਂ? ਮੈਂ ਏਨੂੰ ਜਾਣਦਾ?'

'ਹਾਂ ਏਹ ਵੀ ਆਪਣੇ ਵਰਗਾ ਬਦਨਸੀਬ ਧਰਮੀ ਫ਼ੌਜੀ ਆ!'

'ਕੌਣ?'

'ਭਗਤੇ ਵਾਲਾ ਬਿੱਲੂ ਜੇੜਾ ਰੇਜ਼ਿਗ–ਡੇ ਤੇ ਹਸੌਂਦਾ ਹੁੰਦਾ ਸੀ'

'ਹੈਂ ਏਹ ਬਿੱਲੂ ਸੀ ਏਹ ਕਮਲਾ ਕਿਵੇਂ ਹੋ ਗਿਆ?'

'ਵੈਸੇ ਤਾਂ ਆਪਾਂ ਸਾਰੇ ਹੀ ਕਮਲੇ ਹੋਏ ਫਿਰਦੇ ਆਂ ਪਰ ਏਹ ਜੱਗ ਜਾਹਰ ਹੋ ਗਿਆ'

'ਕਿਵੇਂ?'

'ਜਦੋਂ ਆਪਾਂ ਬੈਰਕਾ ਛੱਡੀਆ ਸੀ ਏਨੂੰ ਚੌਦਾਂ ਸਾਲ ਦੀ ਜੇਲ ਹੋਗੀ ਸੀ, ਇਹ ਸੁਣਦਿਆਂ ਸਾਰ ਏਦੇ ਘਰਵਾਲੀ ਮੰਜੇ ਤੇ ਪੈ ਗਈ! ਇਹਨਾ ਦੀ ਇੱਕ ਕੁੜੀ ਵੀ ਸੀ, ਕੁੜੀ ਦਿਨੋ ਦਿਨ ਕੌੜੀ ਵੇਲ ਵਾਂਗ ਵਧ ਰਹੀ ਸੀ, ਜਿਸ ਦੇ ਵਿਆਹ ਦਾ ਫ਼ਿਕਰ ਇਸਨੂੰ ਤੇ ਇਸ ਦੀ ਘਰਵਾਲੀ ਨੂੰ ਖਾਈ ਜਾ ਰਿਹਾ ਸੀ। ਬਿੱਲੂ ਲੰਮੀ ਸਜ਼ਾ ਕੱਟ ਕੇ ਘਰ ਆ ਗਿਆ। ਖਲਾਸੀ ਫਿਰ ਵੀ ਨਹੀਂ ਹੋਈ ਜਦੋਂ ਵੀ ਕੋਈ ਘਟਨਾ ਵਾਪਰਨੀ ਇਸਨੂੰ ਪੁਲਸ ਨੇ ਫੜ ਲੈਣਾ। ਕੁੜੀ ਵਿਆਹੁਣ ਵਾਲੀ ਸੀ ਪਰ ਅੱਤ ਦੀ ਗਰੀਬ ਹੋਣ ਕਰਕੇ ਕੋਈ ਵੀ ਰਿਸ਼ਤਾ ਨਹੀਂ ਸੀ ਲੈਂਦਾ। ਜਿੱਥੇ ਬਿੱਲੂ ਦੇਖਣ ਜਾਂਦਾ ਦਾਜ ਦੇ ਲੋਭੀ ਦਿਓ ਵਾਂਗੂੰ ਮੂੰਹ ਅੱਡ ਕੇ ਖੜੇ ਹੁੰਦੇ। ਹਰ ਥਾਂ ਤੋਂ ਜਵਾਬ ਮਿਲਣ ਸਦਕਾ ਆਂਢ ਗੁਆਂਢ ਵੀ ਮੱਦਦ ਕਰਨ ਦੀ ਬਜਾਏ ਟਿੱਚਰਾਂ ਕਰਦੇ ਲੋਕਾਂ ਦੇ ਬੋਲਾਂ ਦੇ ਤੀਰ ਐਸੇ ਬਿੱਲੂ ਦੀ ਘਰਵਾਲੀ ਦੇ ਵੱਜੇ ਕਿ ਇਕ ਦਿੱਨ ਇਸ ਦੁਨੀਆਂ ਨੂੰ ਅਲਵਿਦਾ ਆਖ ਗਈ! ਉਸਦੇ ਮਰਨ ਦਾ ਕਾਰਨ ਕੁੜੀ ਨੂੰ ਵੀ ਪਤਾ ਸੀ ਕੁੜੀ ਸੋਚਦੀ ਸੀ ਸਾਰੇ ਫਸਾਦਾਂ ਦੀ ਜੜ ਮੈਂ ਹਾਂ ਜੇ ਇਹੋ ਹਾਲ ਰਿਹਾ ਤਾਂ ਪਾਪਾ ਵੀ ਇੱਕ ਦਿਨ ਮਰ ਜਾਵੇਗਾ! ਫਿਰ ਕੀ ਹੋਵੇਗਾ? ਇਹ ਸੋਚ ਕੇ ਕੀੜੇ ਮਾਰ ਦਵਾਈ ਪੀ ਲਈ ਤੇ ਉਹ ਵੀ ਮਰ ਗਈ! ਜਦੋਂ ਕੁੜੀ ਦਾ ਸੰਸਕਾਰ ਕਰਕੇ ਆਏ ਸਾਰਾ ਘਰ ਖਾਲੀ ਸੀ ਘਰ ਦੇਖ ਕੇ ਬਿੱਲੂ ਨੂੰ ਚੱਕਰ ਆਇਆ ਤੇ ਜ਼ਮੀਨ 'ਤੇ ਡਿੱਗ ਪਿਆ ਅਤੇ ਸਿਰ ਵਿੱਚ ਬਹੁਤ ਭਾਰੀ ਸੱਟ ਵੱਜੀ! ਪਿੰਡ ਵਾਲੇ ਟੁੱਟੇ ਫੁੱਟੇ ਡਾਕਟਰ ਕੋਲ ਲੈ ਗਏ। ਬਿੱਲੂ 'ਕੌਮਾਂ' ਵਿੱਚ ਚਲਾ ਗਿਆ ਚਾਰ ਪੰਜ ਦਿਨ ਬਾਅਦ ਹੋਸ਼ ਆਈ ਬਿੱਲੂ ਨਾ ਜਿਉਂਦਾ ਸੀ ਨਾ ਮਰਿਆ ਬੱਸ ਮੰਜੇ ਤੇ ਬੈਠ ਗਿਆ ਇਸ ਦੇ ਕੁਸ਼ ਯਾਦ ਨਹੀਂ ਸੀ ਬੱਸ ਇੱਕ ਗੱਲ ਹੀ ਯਾਦ ਸੀ–

'ਬਾਈ ਜੀ ਮੇਰੀ ਕੁੜੀ ਦਾ ਸਾਕ ਲੈ ਲੋ! ਮੇਰੀ ਮਿੰਨਤ ਆ ਨਾਂਹ ਨਾ ਕਰਿਓ!

'ਏਹ ਰੈਂਦਾ ਕਿੱਥੇ ਆ ? ਕੇਵਲ ਨੇ ਪੁੱਛਿਆ।

'ਰੈਣਾ ਵਿਚਾਰੇ ਨੇ ਕਿੱਥੇ ਆ ਜਦੋਂ ਏਹ ਜੇਲ 'ਚ' ਸੀ ਤਾਂ ਸਾਰੇ ਰਿਸ਼ਤੇਦਾਰਾਂ ਨੇ ਮੂੰਹ ਫੇਰ ਲਿਆ ਚੌਦਾਂ ਸਾਲਾਂ 'ਚ' ਕਿਸੇ ਨੇ ਏਸ ਦੀ ਮੁਲਾਕਾਤ ਨੀ ਕੀਤੀ। ਸਿਵਾਏ ਘਰਵਾਲੀ ਤੋਂ, ਏਦੀ ਕੁੜੀ ਨੂੰ ਤਾਂ ਪਤਾ ਨੀ ਸੀ ਕਿ ਮੇਰਾ ਪਿਓ ਕੌਣ ਆ ਕਿਉਂਕਿ ਜਦੋਂ ਪੈਦਾ ਹੋਈ ਏਹ ਜੇਲ ਵਿੱਚ ਸੀ! ਜਦੋਂ ਕੈਦ ਕੱਟ ਕੇ ਆਇਆ ਫਿਰ ਵੀ ਕੋਈ ਰਿਸ਼ਤੇਦਾਰ ਮਿੱਤਰ ਨੀ ਆਇਆ ਕਿ ਭੁੱਖਾ ਮਰਦਾ ਸਾਡੇ ਕੋਲੋਂ ਦਾਣਾ ਫੱਕਾ ਮੰਗੂਗਾ ਤਿੰਨ ਕਿੱਲੇ ਪੈਲੀ ਵਿੱਕ ਗਈ। ਘਰ ਬਾਰ ਤੇ ਪਿੰਡ ਵਾਲਿਆਂ ਕਬਜ਼ਾ ਕਰ ਲਿਆ! ਹੁਣ ਏਹ ਕਿਸੇ ਬੱਸ ਟਰਾਲੀ ਤੇ ਜਦੋਂ ਦਿਲ ਕਰੇ ਬੈਠ ਜਾਂਦਾ ਕਿਤੇ ਕੋਟਕਪੂਰੇ ਕਿਤੇ ਭਗਤੇ ਤੇ ਕਿਤੇ ਮੋਗੇ ਚਲਾ ਜਾਂਦਾ। ਸਾਰੇ ਏਨੂੰ ਜਾਣਦੇ ਆ ਰੋਟੀ ਗੁਰਦਵਾਰਿਓਂ ਜਾਂ ਮੰਗ ਕੇ ਖਾ ਲੈਂਦਾ ਸਰਦੀਆਂ 'ਚ' ਲੋਕ ਸੜਕ ਤੇ ਪਏ ਦੇ ਪੁਰਾਣਾਂ ਸਰਾਣਾਂ ਕੱਪੜਾ ਪਾ ਜਾਂਦੇ ਆ! ਪਰ ਕਦੇ ਕਦੇ ਸਿਆਣੀਆਂ ਗੱਲਾਂ ਵੀ ਕਰਦਾ ਪਰ ਲੋਕ ਇਸਦੀਆਂ ਸਿਆਣੀਆਂ ਗੱਲਾਂ ਨੂੰ ਵੀ ਕਮਲ ਘੋਟਦਾ ਆਖ ਦਿੰਦੇ ਆ'

'ਦੇਖੋ ਯਾਰੋ ਧਰਮੀ ਫੌਜੀ ਦੀ ਕੁੜੀ ਦਾ ਸਾਕ ਵੀ ਨੀ ਕਿਸੇ ਨੇ ਲਿਆ ਜਦੋਂ ਕਿ ਕੁੜੀ ਦਾ ਕੋਈ ਕਸੂਰ ਨੀ ਸੀ ਊਂ ਕੈਣਗੇ ਧੀਆਂ ਭੈਣਾ ਸਾਂਝੀਆਂ ਕੁੱਖ 'ਚ' ਨਾ ਮਾਰੋ' ਕੇਵਲ ਨੇ ਕਿਹਾ ਅਤੇ ਬਿੱਲੂ ਦੀ ਹਾਲਤ ਦੇਖ ਕੇ ਆਪ ਮੁਹਾਰੇ ਰੋਣਾ ਨਿਕਲ ਗਿਆ। ਨਾਲ ਹੀ ਛੱਤਾ ਰੋਣ ਲੱਗ ਪਿਆ।

'ਬੱਸ! ਬੱਸ ਕਰ ਲੱਛੂ ਨੇ ਮੋਢੇ ਤੇ ਹੱਥ ਮਾਰਦੇ ਹੋਏ ਨੇ ਕਿਹਾ ਦੋਵੇਂ ਅੱਖਾਂ ਪੂੰਝਣ ਲੱਗ ਪਏ।

'ਏਸੇ ਕਰਕੇ ਮੈਂ ਰਕਸ਼ਾ ਚਲੌਣ ਵਿੱਚ ਕੋਈ ਸ਼ਰਮ ਨੀ ਖਾਂਦਾ ਸੋਚਦਾ ਹਾਂ ਕਿ ਮੈਂ ਠੀਕ ਆਂ ਬਿੱਲੂ ਵਾਂਗੂੰ ਤਾਂ ਨੀ ਪਤਾ ਨੀ ਰੱਬ ਕੇੜਿਆਂ ਰੰਗਾਂ 'ਚ' ਰਾਜ਼ੀ ਲੱਛੂ ਨੇ ਕਿਹਾ।

'ਪੁੱਛ ਨਾ ਭਰਾਵਾ ਬਿੱਲੂ ਪਾਗਲ, ਮੈਂ ਰਕਸ਼ਾ ਚਾਲਕ, ਕੋਈ ਚੌਕੀਦਾਰ ਕੋਈ ਚਪੜਾਸੀ ਕੀ ਖੱਟਿਆ ਬੈਰਕਾਂ ਛੱਡਕੇ?' ਛੱਤੇ ਨੇ ਕਿਹਾ।

'ਓ ਤਾਂ ਪਤਾ ਭਰਾਵਾ ਆਪਾਂ ਨੂੰ ਤਾਂ ਉਦੋਂ ਕਰਨਲ ਸਾਬ ਨੇ ਆਖਤਾ ਕਿ ਲੀਡਰਾਂ ਤੇ ਅਫਸਰਾਂ ਦਾ ਕੋਈ ਇਤਬਾਰ ਨੀ ਬੈਰਕਾਂ ਨਾ ਛੱਡੋ ਆਪਾਂ ਵੀ ਕਿਸੇ ਕੰਜਰ ਦੀ ਨੀ ਸੁਣੀ ਕੇਵਲ ਨੇ ਕਿਹਾ।

'ਓ ਤਾਂ ਠੀਕ ਆ ਪਰ ਆਪਾਂ ਸੌਂਹ ਵੀ ਖਾਧੀ ਸੀ ਕਿ ਪਹਿਲਾਂ ਧਰਮ ਦੀ ਰਾਖੀ ਫੇਰ ਦੇਸ਼ ਦੀ ਰਾਖੀ ਜੇ ਬੈਰਕਾਂ ਨਾ ਛੱਡਦੇ ਤਾਂ ਗੁਰੂ ਤੋਂ ਬੇਮੁੱਖ ਹੁੰਦੇ!' ਛੱਤੇ ਨੇ ਕਿਹਾ। ਇਹ ਗੱਲਾਂ ਕਰ ਰਹੇ ਸਨ ਕਿ ਕਾਮਰੇਡ ਵੀ ਆ ਗਿਆ ਇਸ ਨੂੰ ਚਾਰ ਸਾਲ ਦੀ ਸਜ਼ਾ ਹੋਈ ਸੀ।

'ਹੁਣ ਏਨੇ ਆ ਕੇ ਰੱਬ ਨੂੰ ਨਿੰਦਣਾ ਛੱਤੇ ਨੇ ਕੇਵਲ ਨੂੰ ਮੋਢਾ ਮਾਰ ਕੇ ਕਿਹਾ।

'ਨਾ ਪੈਲਾਂ ਏਹ ਦੱਸੋ ਕੇ ਰੱਬ ਹੈ ਕਿ ਨਹੀਂ?' ਕਾਮਰੇਡ ਨੇ ਅਚਨਚੇਤ ਪੁਲਸ ਦੇ ਛਾਪਾ ਮਾਰਨ ਵਾਂਗੂੰ ਆ ਕੇ ਕਿਹਾ।

'ਕਾਮਰੇਟਾ ਤੂੰ ਚੁੱਪ ਰਹਿ ਮੁਰਦਾ ਬੋਲੂ ਖੱਫਣ ਪਾੜੂ' ਕੇਵਲ ਨੇ ਕਿਹਾ।

'ਦੱਸੋ ਕਿੱਥੇ ਗਿਆ ਰੱਬ ਕੇੜੇ ਭੋਰੇ 'ਚ' ਵੜ ਗਿਆ ਅਸੀਂ ਤਾਂ ਸੌਂਹ ਨਿਭਾਤੀ ਹੁਣ ਕਰੇ ਰੱਬ ਸਾਡੀ ਮੱਦਤ! ਸਾਲੇ ਨਾ ਹੋਣ ਤਾਂ, ਏਥੇ ਕੋਈ ਰੱਬ ਰੁੱਬ ਨੀ, ਦਿੱਲੀ 'ਚ' ਸਿੱਖ ਜਿਊਂਦੇ ਸਾੜਤੇ ਜੇੜੇ ਸੜਨ ਤੋਂ ਬਚਗੇ ਓ ਹਰ ਰੋਜ਼ ਬ੍ਰਿਹਾਂ ਦੀ ਅੱਗ 'ਚ' ਸੜਦੇ ਆ ਮੱਚਦੇ ਆ ਸਾੜਨ ਵਾਲੇ ਮੌਜਾਂ ਕਰਦੇ ਆ ਕੀ ਰੱਬ ਨੇ ਉਨਾਂ ਦੀ ਲੱਤ ਭੰਨਤੀ?' ਕਾਮਰੇਡ ਸੱਚੀਆਂ ਸੁਣਾ ਰਿਹਾ ਸੀ ਸਾਰੇ ਨੀਵੀਂ ਪਾਈ ਬੈਠੇ ਸਨ।

'ਰੱਬ ਦੇ ਘਰ ਦੇਰ ਆ ਨੇਰ ਨੀ' ਲੱਛੂ ਨੇ ਕਿਹਾ।

'ਹਾਂ 28 ਸਾਲ ਹੋਗੇ ਰੱਬ ਅਜੇ ਨੀ ਬਹੁੜਿਆ ਸਾਡੇ ਮਰਿਆਂ ਤੋਂ ਬਾਦ ਬਹੁੜੇ ਜਾਂ ਨਾ ਸਾਨੂੰ ਕੀ ਕਿਸੇ ਸ਼ਾਇਰ ਦੇ ਕੈਹਣ ਵਾਂਗੂੰ'

'ਅਬ ਆਏ ਤੋ ਕਿਆ ਆਏ, ਵਕਤ ਅਖੀਰੀ ਮੇਂ? ਭਗਤ ਨਾਮਦੇਵ ਨੇ ਵੀ ਰੱਬ ਨੂੰ ਕਿਹਾ ਸੀ ਕਿ ਜੇ ਮੁਕਤੀ ਦੇਣੀ ਆ ਤਾਂ ਹੁਣ ਦੇ ਮਰੇ ਤੋਂ ਬਾਅਦ ਮੁਕਤੀ ਮੇਰੇ ਕਿਸ ਕੰਮ?

'ਕਾਮਰੇਡਾ ਤੂੰ ਜੇਲ 'ਚ' ਵੀ ਰੱਬ ਨੂੰ ਦੱਬ ਕੇ ਭੰਡਿਆ ਹੁਣ ਤਾਂ ਆਪਾਂ ਭੁੱਖੇ ਮਰਨ ਲੱਗ ਪੇ ਆਂ ਹੁਣ ਤਾਂ ਬੱਸ ਕਰ' ਛੱਤੇ ਨੇ ਕਿਹਾ।

'ਓ ਮੈਂ ਰੱਬ ਨੂੰ ਨਿੰਦਦਾਂ? ਮੈਂ ਰੱਬ ਤੋਂ ਪੁਛਦਾਂ ਕਿ ਕਰੇ ਹੁਣ ਸਾਡੀ ਮੱਦਦ ਫੜੇ ਸਾਡੀ ਬਾਂਹ' ਕਾਮਰੇਡ ਨੇ ਬਾਂਹ ਉੱਚੀ ਕਰਕੇ ਕਿਹਾ।

'ਗੱਲ ਤਾਂ ਕਾਮਰੇਡ ਖਰੀ ਕਰਦਾ ਪਰ ਕੀ ਹੁਣ ਰੱਬ ਦੀ ਲੱਤ ਭੰਨ ਦੇਈਏ ? ਕੇਵਲ ਨੇ ਕਿਹਾ।

'ਭਰਾਵੋ ਮੈਂ ਤਾਂ ਥੋਡੇ ਨਾਲ ਆਂ ਹੁਣ ਦੱਸੋ ਕੀ ਕਰਨਾ, ਛੱਡੋ ਰੱਬ ਤੇ ਭਰੋਸਾ ਤੇ ਆਪ ਹੱਥ ਪੱਲਾ ਮਾਰੋ, ਕੇਵਲ ਕਿਵੇਂ ਐਡੀ ਦੂਰੋਂ ਆਇਆ?' ਕਾਮਰੇਡ ਨੇ ਪੁੱਛਿਆ। ਕੇਵਲ ਨੇ ਸਾਰੀ ਗੱਲ ਦੱਸ ਦਿੱਤੀ।

'ਸਾਰੇ ਧਰਮੀ ਫੌਜੀ ਚੰਡੀਗੜ ਪੁੱਜੋ' ਦੀ ਖਬਰ ਸਪੋਕਸਮੈਨ ਅਖਬਾਰ ਦੇ ਪਹਿਲੇ ਸਫੇ ਤੇ ਛਪ ਗਈ! ਖਬਰ ਪੜਕੇ ਸੋਮਵਾਰ ਨੂੰ ਕੋਈ ਸੌ ਦੇ ਲਗਭਗ ਧਰਮੀ ਫ਼ੌਜੀਆਂ ਦਾ ਇਕੱਠ ਹੋਇਆ। ਮੰਤਰੀ ਦੇ ਪੀ ਏ ਨੂੰ ਸੁਨੇਹਾ ਦੇ ਦਿੱਤਾ ਉਸਨੇ ਅੰਦਰ ਜਾ ਕੇ ਮੰਤਰੀ ਨੂੰ ਦੱਸ ਦਿੱਤਾ।

'ਏਹ ਭਗੌੜੇ ਫ਼ੌਜੀਆਂ ਨੂੰ ਕੋਈ ਕੰਮ ਤਾਂ ਹੈ ਨੀ ਤੇ ਸਾਨੂੰ ਕੋਈ ਕੰਮ ਕਰਨ ਨੀ ਦਿੰਦੇ' ਮੰਤਰੀ ਨੇ ਪੀ ਏ ਨੂੰ ਕਿਹਾ ਮੰਤਰੀ ਧਰਮੀ ਫ਼ੌਜੀਆਂ ਦੇ ਮੱਥੇ ਲੱਗਣ ਨੂੰ ਤਿਆਰ ਨਹੀਂ ਸੀ ਮੱਦਦ ਕਰਨ ਦੀ ਗੱਲ! ਦੂਰੋਂ ਦੂਰੋਂ ਆਏ ਸਵੇਰ ਦੇ ਭੁੱਖੇ ਭਾਣੇ ਬੈਠੇ ਧਰਮੀ ਫੌਜੀਆਂ ਨੂੰ ਸੱਤ ਇਕਵੰਜਾ ਦੇ ਕੇਸ ਵਾਲਿਆਂ ਵਾਂਗੂੰ ਸ਼ਾਮ ਦੇ ਪੰਜ ਵਜੇ ਬੁਲਾਇਆ ਸਿਰਫ ਦਸ ਕੁ ਫ਼ੌਜੀ ਹੀ ਅੰਦਰ ਸੱਦੇ।

'ਹਾਂ ਵਈ ਦੱਸੋ ਕੀ ਸੇਵਾ ਕਰਾਂ ਮੰਤਰੀ ਨੇ ਪਿਆਰ ਨਾਲ ਕਿਹਾ ਸਾਰੇ ਫ਼ੌਜੀ ਖੁਸ਼ ਹੋ ਗਏ ਕਿ ਮਿਹਨਤ ਪੱਲੇ ਪਵੇਗੀ।




'ਸਾਨੂੰ ਜੀ ਪੁਲਸ ਤੰਗ ਕਰਦੀ ਆ

'ਕੀ ਕੈਂਦੇ ਆ ਪੁਲਸ ਆਲੇ' ਮੰਤਰੀ ਨੇ ਢਿੱਡ ਤੇ ਹੱਥ ਫੇਰਦੇ ਹੋਏ ਨੇ ਕਿਹਾ।

'ਕੈਂਦੇ ਆ ਜੀ ਤੁਸੀਂ ਅੱਤਵਾਦੀਆਂ ਨੂੰ ਟ੍ਰੇਨਿੰਗ ਦਿੰਦੇ ਹੋ ਜਦੋਂ ਕਿ ਸਾਡਾ ਅੱਤਵਾਦੀਆਂ ਨਾਲ ਕੋਈ ਵਾਸਤਾ ਨੀ'

'ਮੈਂ ਕੀ ਕਰ ਸਕਦਾਂ?' ਮੰਤਰੀ ਨੇ ਪੁੱਛਿਆ ਤੇ ਕੇਵਲ ਨੇ ਦਿਲ ਵਿੱਚ ਕਿਹਾ ਕਿ ਕੰਜਰਾ ਅਜੇ ਪਤਾ ਨੀ ਲੱਗਾ ਕਿ ਤੂੰ ਕੀ ਕਰਨਾ ਹੈ!

'ਜੀ ਪੁਲਸ ਨੂੰ ਆਖੋ ਕਿ ਸਾਨੂੰ ਤੰਗ ਨਾ ਕਰਨ ਅਸੀਂ ਤਾਂ ਪੈਲਾਂ ਈ ਬੌਤ ਦੁਖੀ ਆਂ! ਕੇਵਲ ਨੇ ਕਿਹਾ।

'ਪੁਲਸ ਨੂੰ ਤਾਂ ਨੀ ਮੈਂ ਰੋਕ ਸਕਦਾ ਪੁਲਸ ਤਾਂ ਮੇਰੇ ਘਰ ਵੀ ਛਾਪਾ ਮਾਰ ਲੈਂਦੀ ਆ ਹੋਰ ਕੋਈ ਸੇਵਾ ਦੱਸੋ?' ਜਦੋਂ ਮੰਤਰੀ ਨੇ ਖਚਰਾ ਜਿਹਾ ਹੱਸ ਕੇ ਕਿਹਾ, ਤਾਂ ਸਾਰਿਆਂ ਦੇ ਮੂੰਹਾਂ ਤੇ ਪਲੱਤਣਾ ਫਿਰ ਗਈਆਂ।

'ਹੋਰ ਸੇਵਾ ਕੀ ਜੀ ਸਾਡੇ ਪੱਲੇ ਤਾਂ ਤੁਸੀ ਕੁਸ਼ ਪਾਇਆ ਨੀ ਸਾਡੀ ਹਾਲਤ ਬੌਤ ਮਾੜੀ ਆ' ਮੀਕੇ ਨੇ ਕਿਹਾ।

'. . . .' ਮੰਤਰੀ ਚੁੱਪ ਸੀ, ਕੁਰਸੀ ਦਾ ਮੂੰਹ ਦੂਜੇ ਪਾਸੇ ਘੁੰਮਾ ਕੇ ਧਰਮੀ ਫੌਜੀਆਂ ਵੱਲ ਪਿੱਠ ਕਰ ਲਈ ਤੇ ਪੁੱਠੇ ਹੱਥ ਨਾਲ ਦਫਤਰ ਵਿੱਚੋਂ ਬਾਹਰ ਜਾਣ ਦਾ ਇਸ਼ਾਰਾ ਕਰ ਦਿੱਤਾ। ਸਾਰੇ ਦਿਲ ਵਿੱਚ ਗਾਲਾਂ ਕੱਢਦੇ ਦਫਤਰ ਵਿੱਚੋਂ ਬਾਹਰ ਆ ਗਏ।

'ਹੁਣ ਵਾਪਸ ਚੱਲੀਏ?' ਛੱਤੇ ਨੇ ਕਿਹਾ।

'ਵਾਪਸ ਜਾ ਕੇ ਕੀ ਕਰਾਂਗੇ ਪੁਲਸ ਨੇ ਕੇੜਾ ਘਰੇ ਵੜਨ ਦੇਣਾ' ਵਿੱਚੋਂ ਇੱਕ ਨੇ ਕਿਹਾ।

'ਵੈਸੇ ਅਸੀਂ ਧਰਮੀਂ ਫੌਜੀ ਆਂ, ਸਾਨੂੰ ਤਾਂ ਕੁੱਤੀਆਂ ਵੀ ਨੀ ਪੁੱਛਦੀਆਂ' ਦੂਜੇ ਨੇ ਜਵਾਬ ਦਿੱਤਾ।

'ਜੋ ਬੀਤ ਗਿਆ ਸੋ ਬੀਤ ਗਿਆ, ਆਨੇ ਵਾਲੇ ਕਾ ਖਿਆਲ ਕਰ'

'ਮੇਰਾ ਖਿਆਲ ਆ ਕਿ ਆਪਾਂ ਕੱਲ ਨੂੰ ਕਾਂਗਰਸੀਆਂ ਕੋਲ ਚੱਲੀਏ ਤੇ ਦਾਦ ਫਰਿਆਦ ਕਰੀਏ ਤੇ ਦੱਸੀਏ ਕਿ ਜਿਸ ਮੰਤਰੀ ਨੇ ਸਾਨੂੰ ਫੌਜ ਵਿੱਚੋਂ ਭੱਜਣ ਵਾਸਤੇ ਕਿਹਾ ਸੀ ਉਸਨੇ ਝੱਗਾ ਚੱਕ ਤਾ'

'ਪਰ ਹੁਣ ਤਾਂ ਓਹ ਸਤਾ 'ਚ' ਨੀ' ਛੱਤੇ ਨੇ ਕਿਹਾ।

'ਫਿਰ ਵੀ ਓ ਫੌਜੀ ਅਫਸਰ ਰਿਹੈ, ਕੈਂਦੇ ਵੱਡੇ ਘਰਾਂ ਦੀਆਂ ਘਰੋੜੀਆਂ ਈ ਕਾਫੀ ਹੁੰਦੀਆਂ ਨਾਲੇ ਏਨਾ ਦੀਆਂ ਅੰਗਲੀਆਂ ਸੰਗਲੀਆਂ ਮਿਲਦੀਆਂ ਹੁੰਦੀਆਂ'

'ਚਲੋ ਫਿਰ ਚੱਲੋ ਪਟਿਆਲੇ' ਅਲੱਗ ਅਲੱਗ ਬੱਸਾਂ ਵਿੱਚ ਬੈਠ ਗਏ ਅਤੇ ਮੂੰਹ ਹਨੇਰੇ ਪਟਿਆਲੇ ਦੇ ਗੁਰਦਵਾਰਾ ਸਾਹਿਬ ਪਹੁੰਚ ਗਏ। ਜਾ ਕੇ ਗ੍ਰੰਥੀ ਨੂੰ ਸਾਰੀ ਗੱਲ ਦੱਸੀ ਉਸਨੇ ਲੰਗਰ ਛਕਾਇਆ ਮੰਜਾ ਬਿਸਤਰਾ ਦਿੱਤਾ। ਸਵੇਰੇ ਉੱਠ ਕੇ ਅਰਦਾਸ ਕੀਤੀ ਕਿ–

'ਸੱਚੇ ਪਾਤਸ਼ਾਹ ਇਹਨਾਂ ਧਰਮੀ ਫੌਜੀਆਂ ਦੀ ਮੱਦਦ ਕਰੀਂ' ਸਾਰੇ ਤਿਆਰ ਹੋ ਗਏ।

'ਪਹਿਲਾਂ ਫੂਨ ਕਰਕੇ ਪਤਾ ਕਰੋ ਕਿ ਮੰਤਰੀ ਜੀ ਘਰ ਈ ਆ ਗ੍ਰੰਥੀ ਨੇ ਕਿਹਾ।

'ਸਾਨੂੰ ਤਾਂ ਜੀ ਨੰਬਰ ਦਾ ਪਤਾ ਨੀ ਮੀਕੇ ਨੇ ਕਿਹਾ।

'ਨੰਬਰ ਮੈਂ ਦੇ ਦਿੰਨਾ' ਗ੍ਰੰਥੀ ਨੇ ਕਿਹਾ ਅਤੇ ਡਾਇਰੀ ਖੋਹਲੀ ਮੰਤਰੀ ਦਾ ਨੰਬਰ ਦੇ ਦਿੱਤਾ। ਮੀਕੇ ਨੇ ਨੰਬਰ ਮਿਲਾਇਆ।

'ਹੈਲੋ'

'ਹੈਲੋ ਸਾਸਰੀ ਕਾਲ ਜੀ' ਮੀਕੇ ਨੇ ਕਿਹਾ।

'ਸਾਸਰੀ ਕਾਲ ਕੀ ਕੀਨੂੰ ਮਿਲਨਾ ਤੇ ਤੁਸੀਂ ਕੌਣ ਹੋ ਤੇ ਕਿੱਥੋਂ ਬੋਲ ਰਹੇ ਹੋ' ਅੱਗੋਂ ਜਵਾਬ ਦੇਣ ਵਾਲੇ ਨੇ ਇੱਕੋ ਵਾਰ ਫਾਹਾ ਵੱਢ ਦਿੱਤਾ।

'ਅਸੀਂ ਜੀ ਧਰਮੀ ਫੌਜੀ ਆਂ ਅਤੇ ਸਾਬ ਬਹਾਦਰ ਮੰਤਰੀ ਜੀ ਨੂੰ ਮਿਲਨਾ'

'ਠੀਕ ਆ ਮੈਨੂੰ ਆਵਦਾ ਨੰਬਰ ਦਿਓ ਮੈਂ ਸਾਹਬ ਨਾਲ ਗੱਲ ਕਰਕੇ ਦਸਦਾਂ'

'ਅਸੀਂ ਜੀ ਗੁਰਦਵਾਰਾ ਦੁੱਖ ਨਿਵਾਰਨ ਆਂ ਇੱਥੇ ਫੂਨ ਲਾ ਦੇਣਾ'

'ਠੀਕ' ਫੂਨ ਕੱਟਿਆ ਗਿਆ। ਸਾਰੇ ਫੂਨ ਕੋਲ ਬੈਠ ਗਏ ਜਿਵੇਂ ਬੀਮਾਰ ਦਾ ਪਤਾ ਲੈਣ ਆਏ ਲੋਕ ਉਸਦੇ ਮੰਜੇ ਕੋਲ ਬੈਠ ਜਾਂਦੇ ਹਨ। ਕੋਈ ਪੰਦਰਾਂ ਵੀਹ ਮਿੰਟ ਬਾਅਦ ਫੂਨ ਖੜਕਿਆ ਸਾਰਿਆਂ ਦਾ ਧਿਆਨ ਫੂਨ ਵੱਲ ਹੋ ਗਿਆ ਹੋਣਾ ਹੀ ਸੀ। ਪਰ ਇਹ ਫੂਨ ਕਿਸੇ ਹੋਰ ਦਾ ਸੀ। ਇਵੇਂ ਹੀ ਕਈ ਫੂਨ ਆਏ ਜਦੋਂ ਹੀ ਫੂਨ ਆਉਂਦਾ ਸਾਰੇ ਕੰਨ ਚੱਕ ਲੈਂਦੇ। ਆਖਰ ਫੂਨ ਦੀ ਘੰਟੀ ਸੁਣ ਸੁਣਕੇ ਤੰਗ ਆ ਗਏ ਕਈ ਤਾਂ ਬਰਾਂਡੇ ਵਿੱਚ ਲੰਮੇ ਪੈ ਗਏ। ਸਵੇਰੇ ਫੂਨ ਖੜਕਿਆ–

'ਸਾਸਰੀਕਾਲ ਬਾਬਾ ਜੀ'

'ਸਾਸਰੀਕਾਲ ਜੀ ਹੁਕਮ ਕਰੋ ਜੀ ਕੀ ਸੇਵਾ ਕਰਾਂ' ਗ੍ਰੰਥੀ ਜੀ ਨੇ ਨਿਮਰਤਾ ਭਰੇ ਬੋਲਾਂ ਨਾਲ ਕਿਹਾ। ਇਉਂ ਲਗਦਾ ਸੀ ਜਿਵੇਂ ਮਹਾਂਪੁਰਸ਼ਾਂ ਦੇ ਮੂੰਹ ਵਿੱਚੋਂ ਫੁੱਲ ਕਿਰ ਰਹੇ ਸਨ।

'ਜੀ ਥੋਡੇ ਕੋਲ ਕੁਸ਼ ਧਰਮੀ ਫੌਜੀ ਆਏ ਨੇ?'

'ਹਾਂ ਜੀ ਹਾਂ ਓ ਤਾਂ ਜੀ ਕੱਲ ਦੇ ਮੰਤਰੀ ਜੀ ਦੇ ਦਰਸਨਾਂ ਨੂੰ ਆਏ ਹੋਏ ਨੇ'

'ਠੀਕ ਆ ਬਾਬਾ ਜੀ ਹੁਣੇ ਇਹਨਾ ਨੂੰ ਮੰਤਰੀ ਜੀ ਕੋਲ ਭੇਜ ਦੇਵੋ'

'ਬੌਤ ਮੇਹਰਬਾਨੀ ਜੀ ਪ੍ਰਮਾਤਮਾਂ ਥੋਨੂੰ ਖੁਸੀਆਂ ਬਖਸ਼ੇ, ਹਮੇਸ਼ਾਂ ਚੜਦੀਆਂ ਕਲਾਂ ਵਿੱਚ ਰੱਖੇ ਸਾਸਰੀਕਾਲ' ਆਖ ਕੇ ਗ੍ਰੰਥੀ ਸਿੰਘ ਨੇ ਫੂਨ ਰੱਖ ਦਿੱਤਾ ਉਹਨਾ ਦੇ ਮੂੰਹ ਤੇ ਖੁਸ਼ੀ ਸੀ–

'ਤੁਸੀਂ ਕਿਸਮਤ ਵਾਲੇ ਹੋ ਮੰਤਰੀ ਜੀ ਮਿਲਗੇ ਨਈਂ ਤਾਂ ਏਹ ਮੀਨਾ ਮੀਨਾ ਨੀ ਮਿਲਦੇ' ਗ੍ਰੰਥੀ ਨੇ ਕਿਹਾ ਪਰ ਦਿਲ ਵਿੱਚ ਸੋਚ ਰਹੇ ਸਨ ਕਿ ਅਸੀਂ ਕਿਸਮਤ ਵਾਲੇ ਹੁੰਦੇ ਤਾਂ ਦਰ ਦਰ ਦੀਆਂ ਠੋਕਰਾਂ ਖਾਂਦੇ ਫਿਰਦੇ! ਸਾਰੇ ਮੰਤਰੀ ਜੀ ਦੇ ਕੋਲ ਪਹੁੰਚ ਗਏ। ਉਸਦੇ ਪੀ ਏ ਨੂੰ ਪਤਾ ਹੀ ਸੀ। ਉਹ ਆਉਂਦੇ ਹਜੂਮ ਨੂੰ ਦੇਖ ਕੇ ਸਮਝ ਗਿਆ ਅਤੇ ਇੱਕ ਬੰਦਾ ਭੇਜ ਕੇ ਵੱਡੇ ਹਾਲ ਵਿੱਚ ਕੁਰਸੀਆਂ ਤੇ ਬਿਠਾ ਦਿੱਤਾ। ਪੰਜ ਛੇ ਆਦਮੀ ਠੰਢਾ ਪਾਣੀ ਲੈ ਕੇ ਆ ਗਏ। ਨਾਲ ਹੀ ਚਾਹ ਦੀ ਡਰੰਮੀ ਆ ਗਈ ਸਾਰਿਆਂ ਨੂੰ ਚਾਹ ਪਿਆਈ ਚਾਹ ਬਹੁਤ ਸੁਆਦ ਸੀ ਵਿੱਚ ਲੌਂਗ ਲੈਚੀਆਂ ਪਾਈਆਂ ਸਨ। ਚਾਹ ਵਿੱਚ ਪਾਣੀ ਘੱਟ ਤੇ ਦੁੱਧ ਜ਼ਿਆਦਾ ਸੀ। ਚਾਹ ਪਾਣੀ ਤੋਂ ਬਾਅਦ। ਮੰਤਰੀ ਆਪ ਹੀ ਆ ਕੇ ਵੱਡੀ ਕੁਰਸੀ ਤੇ ਬੈਠ ਗਏ। ਮੰਤਰੀ ਦੇ ਆਉਣ ਤੇ ਸਾਰੇ ਫੌਜੀ ਖੜੇ ਹੋ ਗਏ। ਮੰਤਰੀ ਨੇ ਦੋਵੇਂ ਹੱਥ ਜੋੜੇ ਤੇ ਫਿਰ ਬੈਠਣ ਦਾ ਇਸ਼ਾਰਾ ਕੀਤਾ।

'ਦੱਸੋ ਦੇਸ਼ ਦੇ ਰਾਖਿਓ ਮੈਂ ਕੀ ਸੇਵਾ ਕਰ ਸਕਦਾਂ?' ਮੰਤਰੀ ਨੇ ਨਿਮਰਤਾ ਨਾਲ ਕਿਹਾ।

'ਅਸੀਂ ਜੀ ਧਰਮ ਦੀ ਖਾਤਰ ਬੈਰਕਾਂ ਛੱਡੀਆਂ ਹੁਣ ਸਾਡੀ ਕੋਈ ਸਾਰ ਨੀ ਲੈਂਦਾ' ਕੇਵਲ ਨੇ ਖੜਾ ਹੋ ਕੇ ਕਿਹਾ।

'ਮੈਂ ਵੀ ਥੋਡੇ ਨਾਲ ਆਂ ਮੈਂ ਵੀ ਅਸਤੀਫਾ ਦੇ ਦਿੱਤਾ ਸੀ, ਮੈਨੂੰ ਵੀ ਬੌਤ ਮੁਸ਼ਕਲਾਂ ਦਾ ਸਾਹਮਣਾ ਕਰਨ ਪਿਆ'

'ਏਸੇ ਕਰਕੇ ਥੋਡੀ ਸ਼ਰਨ ਆਏ ਆਂ ਜੀ ਕਿ ਸ਼ੈਦ ਥੋਡੇ ਮਨ ਮੇਹਰ ਪੈ ਜਾਵੇ'

'ਫੌਜ ਤਾਂ ਤੁਸੀਂ ਅਕਾਲੀਆਂ ਦੇ ਕੈਣ ਤੇ ਛੱਡੀ ਸੀ ਓਨਾਂ ਨੇ ਕੋਈ ਮੱਦਦ ਨੀ ਕੀਤੀ?'

'ਜੇ ਓਨਾ ਬਾਂਹ ਫੜੀ ਹੁੰਦੀ ਤਾਂ ਥੋਡੇ ਕੋਲ ਕੀ ਲੈਣ ਔਣਾ ਸੀ?' ਮੀਕੇ ਨੇ ਕਿਹਾ।

'ਮੈਂ ਸੁਣਿਆਂ ਥੋਨੂੰ ਪੈਲੀ ਦਾ ਲਾਰਾ ਵੀ ਲਾਇਆ ਸੀ ਓਹ ਵੀ ਨੀ ਦਿੱਤੀ'

'ਉਸੇ ਬਿਆਨ ਨੇ ਤਾਂ ਜੀ ਸਾਡਾ ਬੇੜਾ ਗਰਕ ਕਰਤਾ ਜ਼ਮੀਨ ਦਾ ਬਿਆਨ ਸੁਣ ਕੇ ਸਾਨੂੰ ਵੱਧ ਤੋਂ ਵੱਧ ਸਜਾਵਾਂ ਦਿੱਤੀਆਂ' ਸਾਰਿਆਂ ਨੇ ਇਕੱਠਿਆਂ ਨੇ ਕਿਹਾ।

'ਹੁਣ ਕੰਮ ਦੱਸੋ ਜੇ ਮੈਂ ਕਰ ਸਕਦਾ ਹੋਇਆ ਤਾਂ ਮੈਂ ਥੋਡੀ ਪੂਰੀ ਮੱਦਦ ਕਰੂੰਗਾ?'

'ਸਾਨੂੰ ਜੀ ਪੁਲਸ ਤੰਗ ਕਰਦੀ ਆ'

'ਪੁਲੀਸ ਕਿਉਂ ਤੰਗ ਕਰਦੀ ਆ?'

'ਪੁਲਸ ਕੈਂਦੀ ਆ ਕਿ ਤੁਸੀਂ ਅੱਤਵਾਦੀਆਂ ਨੂੰ ਟ੍ਰੇਨਿੰਗ ਦਿੰਦੇ ਹੋ'

ਬਾਕੀ ਸਫ਼ਾ 32 'ਤੇ




## ਪਾਠਕਾਂ ਦਾ ਨਜ਼ਰੀਆ

### ਦਿੱਲੀ ਦਰਬਾਰ ਦਾ ਕਪਟ ਪ੍ਰਚਾਰ ਤੇ ਘਲੂਘਾਰਾ

ਪਿਛਲੇ 4-5 ਦਿਨਾਂ 'ਚ ਮੈਂ 'ਬਲੂ ਸਟਾਰ' ਹਮਲੇ ਬਾਰੇ ਦਿੱਲੀ ਅਤੇ ਭਾਰਤੀ ਫੌਜ ਦੇ ਪੱਖ ਨਾਲ ਸਬੰਧਤ ਚੋਖੀ ਸਮਗਰੀ ਫਿਰ ਤੋਂ ਪੜੀ ਹੈ। ਇਸ ਵਿਚ ਅਪਰੇਸ਼ਨ ਦੇ ਇੰਚਾਰਜ ਜਰਨੈਲ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਦੇ ਬਿਆਨਾਂ ਦਾ ਤਾਂਤਾ ਸ਼ਾਮਲ ਹੈ ਕਿ ਕਿਵੇਂ ਉਸ ਨੂੰ 30 ਮਈ 1984 ਦੀ ਸ਼ਾਮ ਮੇਰਠ ਛਾਉਣੀ ਤੋਂ ਚੰਡੀ ਮੰਦਰ ਦੀ ਛਾਉਣੀ ਬੁਲਾ ਕੇ ਦਸਿਆ ਗਿਆ ਕਿ ਪੰਜਾਬ ਦੇ ਹਾਲਾਤ ਬਹੁਤ ਖਰਾਬ ਹਨ, 3-4 ਦਿਨਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਖਾਲਿਸਤਾਨ ਸਰਕਾਰ ਦਾ ਐਲਾਨ ਕਰ ਦੇਣਾ ਹੈ, ਪਾਕਿਸਤਾਨ ਨੇ ਉਸ ਦੀ ਸਰਕਾਰ ਨੂੰ ਮਾਨਤਾ ਦੇ ਕੇ ਪੰਜਾਬ ਉਪਰ ਚੜਈ ਕਰ ਦੇਣੀ ਹੈ, ਦਿਲੀ ਅਤੇ ਹੋਰਨਾਂ ਸਥਾਨਾਂ ਦੇ ਸਿਖ ਪੰਜਾਬ ਵਲ ਕੂਚ ਕਰ ਜਾਣਗੇ, ਬੱਸ ਫੇਰ 1947 ਵਰਗੀ ਵੱਢ ਟੁੱਕ ਸ਼ੁਰੂ ਹੋ ਜਾਣੀ ਹੈ... ਉਸ ਨੂੰ ਹੁਕਮ ਹੋਇਆ ਕਿ ਉਹ ਫੌਰਨ ਅੰਮ੍ਰਿਤਸਰ ਪਹੁੰਚੇ। ਉਥੇ ਪਹੁੰਚਣ ਤੇ ਵੀ ਫੌਜ ਵਲੋਂ ਉਸ ਅਗੇ ਅਜਿਹੇ ਹਾਲਾਤ ਦਾ ਨਕਸ਼ਾ ਪੇਸ਼ ਕੀਤਾ ਗਿਆ ...

ਐਨ ਇਸੇ ਕਿਸਮ ਦਾ ਆਫਤਾਂ ਭਰਪੂਰ ਮਾਹੌਲ 1953 ਵਿਚ ਸ਼ੇਖ ਅਬਦੁੱਲਾ ਬਾਰੇ ਸਿਰਜਿਆ ਗਿਆ ਸੀ ਜਦ ਕਿਹਾ ਗਿਆ ਕਿ ਜੁਮੇ ਦੀ ਨਮਾਜ਼ ਵੇਲੇ ਅਬਦੁੱਲਾ ਨੇ ਕਸ਼ਮੀਰ ਦੀ ਆਜਾਦੀ ਦਾ ਐਲਾਨ ਕਰ ਦੇਣਾ ਹੈ , ਅਮਰੀਕਾ ਨੇ ਇਸ ਆਜ਼ਾਦ ਸਰਕਾਰ ਨੂੰ ਮਾਨਤਾ ਦੇ ਦੇਣੀ ਹੈ , ਇਸ ਲਈ ਸ਼ੇਖ ਸਾਹਿਬ ਵਿਰੁਧ ਤਟ ਫਟ ਕਾਰਵਾਈ ਕਰਨ ਦੀ ਲੋੜ ਹੈ, ਆਦਿ ਆਦਿ...

ਸ਼ੇਖ ਅਬਦੁਲਾ ਬਾਰੇ ਭਾਰਤੀ ਸਟੇਟ ਅਤੇ ਉਸ ਦੀਆਂ ਰਾਜਸੀ ਪਿਆਦਾ ਫੌਜਾਂ ਦੇ ਝੂਠ ਸ਼ੇਖ ਸਾਹਿਬ ਦੀ ਗਿਰਫਤਾਰੀ ਦੇ ਥੋੜੇ ਕੁ ਸਮੇਂ ਅੰਦਰ ਹੀ ਬੇਨਕਾਬ ਹੋ ਗਏ ਸਨ।

ਸੰਤ ਜਰਨੈਲ ਸਿੰਘ ਦੇ ਖਾਲਿਸਤਾਨ ਦੇ ਅਖੌਤੀ ਐਲਾਨਨਾਮੇ ਅਤੇ ਪਾਕਿਸਤਾਨ ਦੇ ਹਮਲੇ ਵਾਲੇ ਕੁਫਰ ਨੂੰ ਪਿਛਲੇ 36 ਸਾਲਾਂ ਦਾ ਕੌਮਾਂਤਰੀ ਇਤਹਾਸ ਅੱਜ ਤਕ ਠੀਕ ਸਾਬਤ ਨਹੀਂ ਕਰ ਸਕਿਆ ?

ਮਹਿਜ਼ ਸਾਜ਼ਸ਼ੀ ਅਫਵਾਹਾਂ ਦੇ ਆਧਾਰ ਤੇ ਪੰਜਾਬ ਵਿਚ ਕੀਤੇ ਇੰਨੇ ਵਡੇ ਉਪੱਦਰ ਦੀ ਯੁਧਨੀਤੀ ਬਨਾਉਣ ਵਾਲੇ ਭਾਰਤਵਰਸ਼ ਦਾ ਅਪਣਾ ਅੰਤਮ ਹਸ਼ਰ ਕਿਹੋ ਜਿਹਾ ਹੋਵੇਗਾ। ਇਹ ਨਿਸਚਤ ਸੁਖਾਵਾਂ ਨਹੀਂ ਹੋ ਸਕਦਾ...ਬੱਸ ਦੇਰ ਹੈ, ਹਨੇਰ ਨਹੀਂ !

**ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

### ਕਰੌਨਾ ਤੇ ਫਿਰਕੂ ਸਿਆਸਤ

ਦੁਨੀਆਂ ਭਰ ਵਿੱਚ ਕਰੋਨਾਂ ਕਾਰਣ ਕੋਹਰਾਮ ਮਚੀ ਹੋਈ ਹੈ , ਸੰਸਾਰ ਭਰ ਦੇ ਮਾਹਰ ਇਸ ਨਾਮੁਰਾਦ ਬਿਮਾਰੀ ਨਾਲ ਨਜਿੱਠਣ ਲਈ ਦਵਾਈਆਂ ਦੀ ਖੋਜ ਵਿੱਚ ਜੁਟੇ ਹੋਏ ਹਨ । ਹਰ ਵਿਕਸਤ ਜਾਂ ਗੈਰ ਵਿਕਸਤ ਦੇਸ਼ ਆਪਣੀਂ ਜਨਤਾ ਨੂੰ ਬਚਾਉਣ ਲਈ ਹਰ ਸੰਭਵ ਸਾਧਨਾਂ ਦੀ ਵਰਤੋਂ ਕਰ ਰਿਹਾ ਹੈ ।ਬਾਕੀ ਸਾਰੇ ਮਸਲੇ ਅਲੋਪ ਹੋ ਗਏ ਹਨ । ਬਹੁਤ ਸਾਰੇ ਮੁਲਕਾਂ ਵਿੱਚ ਤਾਂ ਆਪਣੇ ਲੋਕਾਂ ਨੂੰ ਬਚਾਉਣ ਲਈ ਉਨਾਂ ਦੇ ਖਾਤਿਆਂ ਵਿੱਚ ਤਿੰਨ ਤਿੰਨ ਮਹੀਨਿਆਂ ਦੀਆਂ ਤਨਖਾਹਾਂ ਪਾ ਦਿੱਤੀਆਂ ਗਈਆਂ ਹਨ ਤਾਂ ਕਿ ਉਹ ਬਾਹਰ ਨਾਂ ਨਿਕਲਣ ਅਤੇ ਬਿਮਾਰੀ ਦੀ ਲਾਗ ਤੋਂ ਬਚ ਸਕਣ ।

ਦੁਨੀਆਂ ਭਰ ਵਿਚੋਂ ਕਿਤੋਂ ਵੀ ਐਸੀ ਖ਼ਬਰ ਨਹੀਂ ਆਈ ਕਿ ਕਿਸੇ ਵਿਸ਼ੇਸ਼ ਫਿਰਕੇ ਨੂੰ ਸਹੂਲਤ ਮਿਲ ਗਈ ਹੈ ਜਾਂ ਕੋਈ ਵਿਸ਼ੇਸ਼ ਫਿਰਕਾ ਸਹੂਲਤ ਤੋਂ ਵਾਂਝਾ ਰਹਿ ਗਿਆ ਹੈ । ਇਹ ਬਿਮਾਰੀ ਹੈ , ਬਿਮਾਰੀ , ਅਮੀਰ - ਗਰੀਬ ਜਾਂ ਗੋਰੇ - ਕਾਲੇ ਦਾ ਭਿੰਨਭੇਦ ਨਹੀਂ ਕਰਦੀ । ਇਹ ਕਿਸੇ ਨੂੰ ਭੀ ਹੋ ਸਕਦੀ ਹੈ ਕਈ ਮੁਲਕਾਂ ਦੇ ਪ੍ਰਧਾਨ ਮੰਤ੍ਰੀ ਅਤੇ ਰਾਸ਼ ?ਟ੍ਰਪਤੀ ਵੀ ਇਸ ਦਾ ਸ਼ਿਕਾਰ ਹੋ ਚੁੱਕੇ ਹਨ । ਦੁਨੀਆਂ ਹੁਣ ਕੌਮਾਂਤਰੀ ਪਿੰਡ ਦਾ ਰੂਪ ਲੈ ਚੁੱਕੀ ਹੈ , ਲੱਗਭੱਗ ਹਰ ਨਸਲ ਅਤੇ ਹਰ ਮੁਲਕ ਦਾ ਵਾਸੀ ਹੁਣ ਹਰ ਮੁਲਕ ਵਿੱਚ ਮਿਲ ਜਾਂਦਾ ਹੈ । ਸੱਭ ਨੂੰ ਸਹੂਲਤਾਂ ਅਤੇ ਇਲਾਜ਼ ਇੱਕੋ ਤਰਾਂ ਦਾ ਹੀ ਮਿਲ ਰਿਹਾ ਹੈ ।

ਸਾਡੇ ਮੁਲਕ ਵਿੱਚ ਸਹੂਲਤਾਂ ਦੀ ਬਹੁਤ ਵੱਡੀ ਘਾਟ ਹੈ , ਸਾਡੀਆਂ ਸਰਕਾਰਾਂ ਤਾਂ ਪੀ ਪੀ ਈ ਕਿਟਾਂ ਦਾ ਪ੍ਰਬੰਧ ਵੀ ਨਹੀਂ ਕਰ ਸਕੀਆਂ , ਨਾਂ ਟੈਸਟਿੰਗ ਕਿਟਾਂ ਮਿਲ ਸਕੀਆਂ , ਜੇ ਹਸਪਤਾਲ ਹੈ ਤਾਂ ਡਾਕਟਰ ਨਹੀਂ ਜੇ ਡਾਕਟਰ ਹੈ ਤਾਂ ਦਵਾਈ ਨਹੀਂ । ਇਕਾਂਤਵਾਸ ਕੀਤੇ ਮਰੀਜ਼ ਜਦੋਂ ਆਪਣੇ ਦੁੱਖੜੇ ਫਰੋਲਦੇ ਦੇਖੀਦੇ ਹਨ ਤਾਂ ਸ਼ਰਮ ਆਉਂਦੀ ਹੈ । ਸਾਡੇ ਲੀਡਰਾਂ ਨੂੰ ਤਾਂ ਬਿਮਾਰੀ ਨੂੰ ਸਿੱਖ ਜਾਂ ਮੁਸਲਮਾਨਾਂ ਸਿਰ ਮੜਨ ਲੱਗਿਆਂ ਵੀ ਸ਼ਰਮ ਨਹੀਂ ਆਉਂਦੀ । ਆਪਣੀਆਂ ਨਲਾਇਕੀਆਂ ਨੂੰ ਛੁਪਾਉਣ ਲਈ ਦੂਜਿਆਂ ਤੇ ਤੋਹਮਤਬਾਜ਼ੀ ਇਨਾਂ ਦਾ ਸੁਭਾਉ ਬਣ ਗਿਆ ਹੈ । ਉਹ ਕਿਓਂ ਭੁੱਲ ਜਾਂਦੇ ਹਨ ਕਿ ਬਿਮਾਰ ਹਿੰਦੂ , ਸਿੱਖ ਜਾਂ ਮੁਸਲਮਾਨ ਨਹੀਂ ਹੁੰਦਾ ਕੇਵਲ ਮਰੀਜ਼ ਹੁੰਦਾ ਹੈ । ਜੇ ਸਾਡੇ ਡਾਕਟਰ ਸਾਹਿਬਾਨ ਵੀ ਸਾਡੇ ਲੀਡਰਾਂ ਵਾਂਗ ਮਰੀਜ਼ਾਂ ਦੀ ਵੰਡ ਅਤੇ ਇਲਾਜ਼ ਜਾਤਾਂ ਅਤੇ ਧਰਮਾਂ ਨੂੰ ਅਧਾਰ ਮੰਨ ਕੇ ਕਰਨ ਲੱਗ ਪਏ ਫਿਰ ਤਾਂ ਰੱਬ ਹੀ ਰਾਖਾ ।

ਪਿੱਛਲੇ ਦਿਨਾਂ ਤੋਂ ਰਾਜਨੀਤਕ ਸਫ਼ਾਂ ਦੀ ਹੋ ਰਹੀ ਬਿਆਨਬਾਜ਼ੀ ਨੂੰ ਅਫਸੋਸਨਾਕ ਹੀ ਕਿਹਾ ਜਾ ਸਕਦਾ ਹੈ ।ਕੌਣ ਚਾਹੁੰਦਾ ਹੈ ਕਿ ਇਹ ਨਾਮੁਰਾਦ ਬਿਮਾਰੀ ਉਸ ਨੂੰ ਲੱਗੇ ? ਪ੍ਰੰਤੂ ਜੁੰਮੇਵਾਰ ਲੋਕਾਂ ਦੀ ਕਾਰਜ਼ਸ਼ੈੱਲੀ ਮਰੀਜ਼ਾਂ ਨੂੰ ਸ਼ਰਮਸਾਰ ਕਰ ਰਹੀ ਹੈ , ਅਜਿਹਾ ਨਹੀਂ ਹੋਣਾ ਚਾਹੀਦਾ ।

**ਸੁਖਦੇਵ ਸਿੰਘ ਭੌਰ**
**ਸਾਬਕਾ ਜਰਨਲ ਸਕੱਤਰ ਸ਼੍ਰੋਮਣੀ ਕਮੇਟੀ**

### ਇਤਿਹਾਸ ਦੀ ਸਮਝ ਤੇ ਸਿੱਖ

ਇਤਿਹਾਸ ਨੂੰ ਜਿਉਣਾ ਅਤੇ ਇਤਿਹਾਸ ਨੂੰ ਵੇਚਣਾ ਦੋ ਅਡ-ਅਡ ਵਰਤਾਰੇ ਹਨ। ਇਤਿਹਾਸ ਨੂੰ ਆਪਣੀ ਚੇਤਨਾ ਦਾ ਅੰਗ ਬਣਾ ਕੇ ਅਤੇ ਉਸ ਵਿਚਲੇ ਮਹਾਨ ਪਾਤਰਾਂ ਦੀ ਆਮ ਲੋਕਾਈ ਵਾਸਤੇ ਕੀਤੀ ਗਈ ਕੁਰਬਾਨੀ ਤੋਂ ਪ੍ਰੇਰਣਾ ਲੈ ਕੇ ਉਸ ਨੂੰ ਆਪਣੇ ਜਜ਼ਬਿਆਂ ਵਿਚ ਜਿਉਣਾ ਅਤੇ ਉਸ ਪ੍ਰੇਰਣਾ ਤੋਂ ਮਿਲੀ ਜਜਬਾਤੀ ਤਾਕਤ ਨੂੰ ਲੋਕ ਅਤੇ ਗਰੀਬ ਪਖੀ ਰਾਜਨੀਤੀ ਦੀ ਸੇਵਾ ਵਿਚ ਲਾਉਣਾ ਇਕ ਵਰਤਾਰਾ ਹੈ। ਇਤਿਹਾਸ ਦੀ ਅਮੂਰਤ ਵਿਆਖਿਆ ਕਰਕੇ ਅਤੇ ਉਸ ਦੇ ਪਾਤਰਾਂ ਦੇ ਕਿਰਦਾਰ ਨੂੰ ਆਪਣੀ ਮਨਮਰਜ਼ੀ ਦੇ ਭਾਵਅਰਥ ਦੇ ਕੇ ਉਸ ਨੂੰ ਵੇਲੇ ਦੀ ਲੁਟੇਰੀ ਲੋਕ-ਦੋਖੀ ਮੋਦੀ ਵਰਗੀ ਰਾਜਨੀਤੀ ਦੀ ਸੇਵਾ ਵਿਚ ਭੁਗਤਾਉਣਾ ਬਿਲਕੁਲ ਵਖਰਾ ਵਰਤਾਰਾ ਹੈ। ਇਸ ਰੋਸ਼ਨੀ ਵਿਚ ਹੀ ਸਾਨੂੰ ਅਜੋਕੇ ਅਤੇ ਬੀਤੇ ਸਿਖ ਇਤਿਹਾਸ ਦੀ ਪੜਚੋਲ ਕਰਨੀ ਚਾਹੀਦੀ ਹੈ।

ਅਨੰਦਪੁਰ ਦੇ ਮਤੇ ਵਿਚ ਸਿਖਾਂ ਨੂੰ ਦਰਪੇਸ਼ ਸਮਸਿਆਵਾਂ ਦਾ ਬਿਆਨ ਕਰਦਿਆਂ ਹੋਇਆਂ ਚਾਰ ਵਡੇ ਸਚ ਉਜਾਗਰ ਕੀਤੇ ਗਏ ਹਨ : ਪਹਿਲਾ ਵਡਾ ਸਚ ਇਹ ਹੈ ਕਿ "ਹਿੰਦੁਸਤਾਨ ਦੀ ਧਕੜ ਬਹੁਗਿਣਤੀ ਨੇ 1950 ਵਿਚ ਮੁਲਕ ਉਤੇ ਇਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਕਿ ਸਿਖਾਂ ਨੂੰ ਉਨਾਂ ਦੀ ਰਾਜਸੀ ਪਛਾਣ ਅਤੇ ਸਭਿਆਚਾਰਕ ਵਿਲਖਣਤਾ ਤੋਂ ਸਖਣੇ ਕਰ ਦਿਤਾ ਹੈ"। ਦੂਜਾ ਵਡਾ ਸਚ ਇਹ ਹੈ ਕਿ ਇਸ ਨੇ "ਸਿਖਾਂ ਨੂੰ ਰਾਜਸੀ ਤੌਰ ਉਤੇ ਖਤਮ ਕਰਕੇ ਅਤੇ ਉਨਾਂ ਨੂੰ ਆਤਮਿਕ ਅਤੇ ਸਭਿਆਚਾਰਕ ਗਿਰਾਵਟ ਦੇ ਕੰਢੇ ਲਿਆ ਕੇ ਬੇਸਿਰ ਪੈਰੇ ਹਿੰਦੂ ਧਰਮ ਦੇ ਖਾਰੇ ਸਾਗਰ ਵਿਚ ਹਰ ਹੀਲੇ ਡੁਬ ਜਾਣ ਅਤੇ ਸਦਾ ਲਈ ਤਬਾਹ ਹੋ ਜਾਣ ਦੀ ਨੌਬਤ ਤਕ ਲੈ ਆਂਦਾ ਹੈ।" ਤੀਜਾ ਵਡਾ ਸਚ ਇਹ ਹੈ ਕਿ "ਸਿਖਾਂ ਨਾਲ ਪਹਿਲੋਂ ਕੀਤੇ ਸੰਜੀਦਾ ਇਕਰਾਰਨਾਮੇ ਤੇ ਸ਼ਰੇਆਮ ਕੀਤੇ ਵਾਅਦਿਆਂ ਨੂੰ ਬੇਲਿਹਾਜ਼ੀ ਨਾਲ ਤੋੜ ਕੇ ਸਿਖਾਂ ਨੂੰ ਜਕੜ ਕੇ ਗੁਲਾਮ ਬਣਾ ਲਿਆ ਗਿਆ ਹੈ।" ਚੌਥਾ ਵਡਾ ਸਚ ਇਹ ਹੈ ਕਿ "1950 ਵਿਚ ਵਿਧਾਨ ਘੜਣੀ ਸਭਾ ਵਿਚ ਸਿਖਾਂ ਦੇ ਨੁਮਾਇੰਦਿਆਂ ਨੇ ਅਜਿਹੇ ਸੰਵਿਧਾਨਕ ਇੰਤਜ਼ਾਮ ਨੂੰ ਪ੍ਰਵਾਨ ਕਰਨ ਵਾਲੀ ਧਿਰ ਬਣਨ ਤੋਂ ਨਾਂਹ ਕਰ ਦਿਤੀ ਸੀ ਅਤੇ ਸੰਵਿਧਾਨ ਦੀ ਮੂਲ ਦਸਤਾਵੇਜ਼ ਉਤੇ ਆਪਣੇ ਦਸਤਖਤ ਕਰਨ ਤੋਂ ਇਨਕਾਰ ਕਰ ਦਿਤਾ ਸੀ।"

ਉਪਰੋਕਤ ਚਾਰ ਵਡੇ ਸਚ ਮੁਖ ਰਖ ਕੇ ਹੀ ਸ਼੍ਰੋਮਣੀ ਅਕਾਲੀ ਦਲ ਨੇ ਧਰਮ ਯੁਧ ਮੋਰਚੇ ਦਾ ਐਲਾਨ ਕੀਤਾ ਸੀ ਅਤੇ ਉਸ ਵਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ "ਸਿਖ ਆਪਣੇ ਆਪ ਨੂੰ ਹਰ ਵਾਜਬ ਢੰਗ ਨਾਲ ਇਸ ਜ਼ਿਲਤ ਭਰੀ ਅਤੇ ਵਿਨਾਸ਼ਕਾਰੀ ਸਥਿਤੀ ਵਿਚੋਂ ਬਚਾਉਣ ਅਤੇ ਆਜ਼ਾਦ ਹੋਣ ਲਈ ਦ੍ਰਿੜ ਸੰਕਲਪ ਹਨ ਤਾਂ ਕਿ ਉਹ ਮਾਣ ਨਾਲ ਜਿਉਣ ਨੂੰ ਪਕੇ ਤੌਰ ਉਤੇ ਯਕੀਨੀ ਬਣਾ ਸਕਣ ਅਤੇ ਭਾਰਤ ਵਿਚ ਆਪਣੀ ਅਣਖ ਅਤੇ ਸੰਸਾਰ ਦੇ ਇਤਿਹਾਸ ਦੀ ਮੁਖ ਧਾਰਾ ਵਿਚ ਸਹੀ ਯੋਗਦਾਨ ਪਾ ਸਕਣ ਦੇ ਆਪਣੇ ਜਮਾਂਦਰੂ ਹਕ ਨੂੰ ਬਹਾਲ ਕਰ ਸਕਣ।" ਕੇਂਦਰ ਸਰਕਾਰ ਨੂੰ ਇਹ ਮੰਗਾਂ ਮੰਨਣ ਵਾਸਤੇ ਮਜਬੂਰ ਕਰਨ ਲਈ ਹੀ ਸਿਖਾਂ ਨੇ ਕਈ ਸਾਲ ਲੰਬਾ ਸੰਘਰਸ਼ ਲੜਿਆ ਅਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ। ਪਰ ਸਿਖਾਂ ਦੀਆਂ ਇਨਾਂ ਜਾਇਜ਼ ਮੰਗਾਂ ਨੂੰ ਮੰਨਣ ਦੀ ਬਜਾਇ ਜੋ ਕੁਝ ਮਿਲਿਆ ਉਹ ਸਭ ਦੇ ਸਾਹਮਣੇ ਹੈ। ਹਜ਼ਾਰਾਂ ਸਿਖ ਨੌਜਵਾਨਾਂ ਦੀਆਂ ਸ਼ਹੀਦੀਆਂ, ਲੱਖਾਂ ਸਿਖਾਂ ਦੀ ਬੇਪਤੀ, ਨਜ਼ਰਬੰਦੀ ਅਤੇ ਸੈਂਕੜੇ ਸਿਖ ਬੀਬੀਆਂ ਨਾਲ ਜਬਰ-ਜਨਾਹ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਗਏ ਫੌਜੀ ਹਮਲੇ ਅਤੇ ਨਵੰਬਰ 1984 ਦੇ ਸਿਖ ਕਤਲੇਆਮ ਨੇ ਇਹ ਗੱਲ ਸਪਸ਼ਟ ਕਰ ਦਿਤੀ ਹੈ ਕਿ ਕੇਂਦਰ ਸਰਕਾਰ ਸਿਖਾਂ ਨੂੰ ਇਸ ਦੇਸ ਵਿਚ ਫੌਜੀ ਦਹਿਸ਼ਤ ਅਤੇ ਪੁਲਿਸ ਵਹਿਸ਼ਤ ਦੇ ਜ਼ੋਰ ਨਾਲ ਗੁਲਾਮ ਬਣਾ ਕੇ ਰਖਣਾ ਚਾਹੁੰਦੀ ਹੈ। ਸਿਖਾਂ ਦੀ ਇਸ ਬੇਬਸੀ ਦੀ ਹਾਲਤ ਨੂੰ ਸਮਝ ਕੇ ਹੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਆਪਣੀ ਸ਼ਹੀਦੀ ਦੇਣ ਤੋਂ ਪਹਿਲਾਂ ਠੋਕ ਵਜਾ ਕੇ ਖਾਲਿਸਤਾਨ ਦਾ ਐਲਾਨ ਕੀਤਾ ਸੀ। ਹੁਣ ਮਸਲਾ ਸੰਤਾਂ ਦੇ ਇਸ ਐਲਾਨ ਨੂੰ ਅਮਲੀ ਰੂਪ ਦੇਣ ਦਾ ਹੈ। ਇਸ ਐਲਾਨ ਨੂੰ ਅਮਲੀ ਰੂਪ ਕਿਵੇਂ ਦੇਣਾ ਹੈ ਅਜੋਕੀ ਸਿਖ ਰਾਜਨੀਤੀ ਦਾ ਕੇਂਦਰੀ ਸੁਆਲ ਹੈ।

**ਗੁਰਬਚਨ ਸਿੰਘ ਸੀਨੀਅਰ ਪੱਤਰਕਾਰ**

### ਅਕਾਲ ਤਖ਼ਤ ਸਾਹਿਬ ਉਪਰ ਹਮਲਾ ਤੇ ਭਾਰਤੀ ਫੌਜ

ਅਮਰੀਕਨ ਪੁਲਿਸ ਵਲੋਂ ਅਮਰੀਕੀ ਅਫਰੀਕੀ ਨੂੰ ਮਾਰ ਦੇਣ ਤੋਂ ਬਾਅਦ ਭੜਕੀ ਭੀੜ ਜਿਹੜੀ ਸਰਕਾਰੀ ਸੰਪਤੀ ਫੂਕ ਰਹੀ ਸੀ ਉਹਨਾਂ ਨੂੰ ਦੇਸ ਦੇ ਰਾਸ਼ਟਰਪਤੀ ਟਰੰਪ ਨੇ ਧਮਕੀ ਦਿੱਤੀ ਕਿ ਜੇ ਨਾ ਸੁਧਰੇ ਤਾਂ ਫੌਜ ਬੁਲਾ ਲਈ ਜਾਵੇਗੀ।

ਓਧਰੋਂ ਫੌਜ ਨੇ ਜਵਾਬ ਦਿੱਤਾ ਕਿ ਇਹ ਕੋਈ ਬਾਹਰੀ ਹਮਲਾ ਨਹੀ ਹੋਇਆ ਸਾਡੇ ਆਪਣੇ ਭਰਾ ਨੇ ਟੈਂਕਾਂ ਤੋਪਾਂ ਨਾਲ ਹਮਲਾ ਨਹੀ ਕੀਤਾ ਜਾਵੇਗਾ। ।ਇਹ ਤਾਂ ਹੋ ਗਈ ਅੱਜ ਦੀ ਗੱਲ। ਅਕਾਲ ਤਖ਼ਤ ਸਾਹਿਬ ਦੇ ਹਮਲੇ ਵੇਲੇ • "©5 1984 ਨੂੰ ਭਾਰਤੀ ਹੁਕੂਮਤ ਵਲੋਂ ਹਰ ਉਹ ਮਾਰੂ ਹਥਿਆਰ ਚਲਾਏ ਗਏ ਜੋ ਦੁਸਮਣ ਦੇਸ ਲਈ ਵਰਤੇ ਜਾ ਸਕਦੇ ਹਨ ਉਹ ਵੀ ਸਿੱਖ ਫੌਜੀਆਂ ਵਲੋਂ ਮੂਹਰੇ ਹੋ ਹੋ ਕੇ ਕਿੰਨਾ ਫਰਕ ਆ ਅਮਰੀਕਨ ਮਿਲਟਰੀ ਚੀਫ ਤੇ ਸਿੱਖ ਫੌਜੀ ਅਫਸਰਾਂ ਵਿੱਚ ਗਦਾਰੀ ਵਿੱਚ ਵੀ ਮੂਹਰੇ। ਜਿਹੜੇ ਬੈਰਕਾਂ ਛੱਡ ਆ ਗਏ ਉਹਨਾਂ ਨੂੰ ਪ੍ਰਣਾਮ ਤੇ ਗੁੱਸਾ ਤੇ ਗਿਲਾਨੀ ਉਹਨਾਂ ਲੀਡਰਾਂ ਤੇ ਜਿਹਨਾਂ ਸਾਂਭੇ ਨਹੀਂ ਉਹ ਅੱਜ ਵੀ ਰੁਲਦੇ ਫਿਰਦੇ ਨੇ। ਕਦੇ ਕਦੇ ਇਉਂ ਲੱਗਦਾ ਕਿ ਸਿੱਖ ਕੌਮ ਹੁਣ ਜ਼ਿਆਦਾਤਰ ਗਦਾਰਾਂ ਦੀ ਕੌਮ ਰਹਿ ਗਈ ਹੈ । ਹਿਰਦੇ ਵਲੂੰਧਰੇ ਜਾਂਦੇ ਜਦੋਂ ਪੜੀਦਾ ਕਿ ਇੰਦਰਾ ਡਾਇਣ ਦੇ ਹੱਥਠੋਕੇ ਕਾਲੀ ਲੀਡਰ ਬਣੇ ਹੋਏ ਸੀ । ਬਾਹਵਾਂ ਖੜੀਆਂ ਕਰਕੇ ਆਉਣ ਵਾਲਿਆਂ ਨੂੰ ਕੌਣ ਨਹੀਂ ਜਾਣਦਾ ਤੇ ਓਹੀ ਅੱਜ ਸਿੱਖਾਂ ਦੇ ਖੈਰਖਵਾਹ ਬਣ SGPC ਸਾਂਭੀ ਬੈਠੇ ਹਨ। ਇਹਨਾਂ ਕਾਲੀਆ ਵਲੋਂ ਅਨਮੋਲ ਸਿੱਖ ਰੈਫਰੈਂਸ ਲਾਇਬਰੇਰੀ ਦੇ ਲੁੱਟੇ ਖਜਾਨੇ ਨੂੰ ਵੇਚ ਵੇਚ ਕੇ ਜਿਹੜੀਆਂ ਤਿਜੋਰੀਆਂ ਭਰੀਆਂ ਉਹਨਾਂ ਦੀ ਖਬਰ ਕੌਣ ਲਵੇਗਾ ? ਇਹਨਾਂ ਵਲੋਂ ਸਿੱਖ ਸਿਧਾਂਤਾਂ ਦੇ ਕੀਤੇ ਮਲੀਆਮੇਟ ਦਾ ਹਿਸਾਬ ਕੌਣ ਮੰਗੇਗਾ ? ਇਹਨਾਂ ਵਲੋਂ ਤਨਖਾਹ ਤੇ ਰੱਖਿਆ ਜਥੇਦਾਰ ਸਿਰਮੌਰ ਹੋ ਗਿਆ। ਜਿਹੜੇ ਬਾਦਲ ਦਾ ਵਿਰੋਧ ਕਰਦੇ ਉਹ ਜਥੇਦਾਰ ਦੇ ਘਨੇੜੇ ਚੜਦੇ ਫਿਰਦੇ ਨੇ, ਵਿਰੋਧ ਤਾਂ ਵਿਖਾਵੇ ਦਾ ਹੋ ਗਿਆ। ਸਾਡੇ ਦੋਗਲੇ ਕਿਰਦਾਰ ਦੋਗਲਿਆਂ ਦੇ ਜੁਤੀਆਂ ਅਕਸਰ ਪੈਂਦੀਆਂ ਹਨ ਤੇ ਪੈਂਦੀਆਂ ਰਹਿਣੀਆਂ ਨੇ ।

ਜਿੰਨਾ ਚਿਰ ਬਾਬਾ ਦੀਪ ਸਿੰਘ ਜੀ ਵਾਗ ਲੋਕ ਲੀਕ ਖਿੱਚ ਕੇ ਵਿਰੋਧ ਨੀ ਕਰਦੇ ਗੱਦਾਰ ਏਦਾਂ ਹੀ ਵਧਦੇ ਫੁੱਲਦੇ ਰਹਿਣੇ। ਸਾਡਾ ਕੀ ਆ ਅਸੀ ਤਾਂ ਤੁਹਾਡੇ ਕਹਿਣ ਵਾਗੂੰ ਚੌਥੇ ਪੌੜੇ ਵਾਲੇ ਆ ਪਰ ਸਾਨੂੰ ਮਾਣ ਆ ਕਿ ਮੇਰੇ ਗੁਰੂ ਨੇ ਕੋਈ ਕਸਰ ਨੀ ਛੱਡੀ । ਓਸ ਚਾਰੇ ਪੁੱਤ ਮਾਂ ਬਾਪ ਸਾਡੇ ਤੋਂ ਕੁਰਬਾਨ ਕਰਨ ਵਾਲੇ ਨੇ ਪਹਿਲਾਂ ਅੰਮ੍ਰਿਤ ਦਾ ਬਾਟਾ ਮੇਰੇ ਮੂੰਹ ਨੂੰ ਲਗਾਇਆ ਫਿਰ ਤੇਰੇ ਮੂੰਹ ਨੂੰ ਅੱਜ ਇਸ ਅੰਮ੍ਰਿਤ ਤੇ ਹੀ ਉਗਲਾਂ ਚੁੱਕਣ ਵਾਲੇ ਸਾਡੀ ਜੂਠ ਤੋਂ ਹੀ ਕੰਬਦੇ ਕਿੰਤੂ ਪ੍ਰੰਤੂ ਕਰਦੇ ਹਨ।

ਮੈਨੂੰ ਮਾਣ ਹੈ ਕਿ ਮੈਂ ਗੁਰੂ ਦਾ ਸਿੱਖ ਹਾਂ ਫਿਰ ਕੀ ਹੋਇਆ ਜੇ ਮੱਕੜ ਨੇ ਧੋਖਾ ਦਿਤਾ ਫਿਰ ਕੀ ਹੋਇਆ ਜੇ ਬਾਦਲਾ ਨੇ ਬਿਨਾਂ ਕਸੂਰ ਜੇਹਲ ਵਿੱਚ ਸੁੱਟਿਆ ਮਾਣ ਤਾਂ ਹੈ ਕਿ ਮੈਂ ਗੱਦਾਰ ਨਹੀਂ ਸਰਦਾਰ ਹਾਂ ।

ਪੰਥ ਦੀ ਚੜਦੀ ਕਲਾ ਲਈ ਯੋਗਦਾਨ ਪਾਉਂਦਾ ਰਹਾਂਗਾ।

ਇਹ ਭਾਰਤੀ ਨਿਜਾਮ ਦਾ ਨਾ ਭੁੱਲਣ ਯੋਗ ਗੁਨਾਹ ਹੈ ।

**ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ**

### ਕੋਰੋਨਾ ਨੇ ਬਦਲ ਦਿੱਤੀ ਦੁਨੀਆ

ਪਰਿਵਰਤਨ ਹੀ ਸ਼ਾਇਦ ਜ਼ਿੰਦਗੀ ਦੀ ਸੱਚਾਈ ਹੈ। ਇਹ ਨਿਰੰਤਰ ਵਹਾਅ ਹੈ ਅਤੇ ਕਿਸੇ ਦੇਸ਼, ਧਰਮ, ਇਲਾਕੇ ਨਾਲ ਸਬੰਧਤ ਨਹੀਂ ਹੈ। ਕੋਰੋਨਾ ਮਹਾਮਾਰੀ ਵੀ ਇਸ ਪਰਿਵਰਤਨ ਦਾ ਹੀ ਹਿੱਸਾ ਹੈ। ਇਹ ਅਲੱਗ ਗੱਲ ਹੈ ਕਿ ਇਸ ਨੇ ਸਮੁੱਚੀ ਮਾਨਵਤਾ ਹਿਲਾ ਕੇ ਰੱਖ ਦਿੱਤੀ ਹੈ।

ਧਾਰਮਿਕ ਅਸਥਾਨਾਂ ਦੇ ਦਰਵਾਜ਼ੇ ਇਹ ਕਹਿ ਕੇ ਬੰਦ ਕਰਵਾ ਦਿੱਤੇ ਗਏ ਸਨ ਕਿ ਇਹ ਬਿਮਾਰੀ ਫੈਲਾਉਣ ਲਈ ਸਰੋਤ ਕੇਂਦਰ ਬਣ ਸਕਦੇ ਹਨ। ਸੈਂਕੜੇ, ਹਜ਼ਾਰਾਂ ਵਰਿਆਂ ਦਾ ਇਤਿਹਾਸ ਭੁੱਲ ਕੇ ਇਨਸਾਨ ਨੇ ਖ਼ੁਦ ਨੂੰ ਆਪਣੀ ਹੀ ਕੁੱਲੀ ਵਿਚ ਕੈਦ ਕਰ ਲਿਆ। ਧਾਰਮਿਕ ਅਸਥਾਨ ਜਿੱਥੇ ਮੰਨਤਾਂ ਅਤੇ ਸਿਹਤਯਾਬੀ ਦੀਆਂ ਅਰਦਾਸਾਂ ਹੁੰਦੀਆਂ ਸਨ, ਉਹ ਵੀਰਾਨ ਪੈ ਗਏ। ਮਨ ਦੀ ਸ਼ਾਂਤੀ, ਤਪੱਸਿਆ ਅਤੇ ਸਬਰ-ਸੰਤੋਖ ਦੇ ਇਹ ਕੇਂਦਰ ਸ਼ੱਕ ਦੀ ਨਿਗਾ ਨਾਲ ਦੇਖੇ ਜਾਣ ਲੱਗੇ। ਹੁਣ ਲੰਬੇ ਅਰਸੇ ਤੋਂ ਬਾਅਦ ਸ਼ਰਤਾਂ ਸਹਿਤ ਸ਼ਰਧਾ ਦੇ ਧਾਮ ਖੁੱਲ ਰਹੇ ਹਨ। ਰੇਸਤਰਾਂ/ਹੋਟਲਾਂ 'ਚ ਅੱਧੀਆਂ ਸੀਟਾਂ ਖ਼ਾਲੀ ਰਹਿਣਗੀਆਂ। ਸਿਨੇਮਾ-ਘਰਾਂ ਅਤੇ ਮਾਲਜ਼ ਲਈ ਵੀ ਗਾਈਡਲਾਈਨਜ਼ ਜਾਰੀ ਕੀਤੀਆਂ ਗਈਆਂ ਹਨ। ਸਪਸ਼ਟ ਹੈ ਕਿ ਧਾਰਮਿਕ ਅਸਥਾਨਾਂ 'ਤੇ ਹੋਣ ਵਾਲੀ ਪੂਜਾ/ਪਾਠ ਅਤੇ ਰਸਮਾਂ ਨਿਭਾਉਣ ਦੀ ਪ੍ਰਕਿਰਿਆ 'ਚ ਵੱਡੇ ਪੱਧਰ 'ਤੇ ਤਬਦੀਲੀ ਵੇਖਣ ਨੂੰ ਮਿਲੇਗੀ। ਕੁਝ ਨੇ ਤਾਂ ਹਾਲਾਤ ਦਾ ਫ਼ਾਇਦਾ ਉਠਾਉਂਦੇ ਹੋਏ ਕੁਝ ਧਰਮ ਜਾਂ ਫਿਰਕਿਆਂ ਦੇ ਲੋਕਾਂ ਨੂੰ ਕੋਰੋਨਾ ਫੈਲਾਉਣ ਲਈ ਜ਼ਿੰਮੇਵਾਰ ਠਹਿਰਾਉਣਾ ਸ਼ੁਰੂ ਕਰ ਦਿੱਤਾ ਸੀ। ਕੋਰੋਨਾ ਬਾਰੇ ਸੰਪੂਰਨ ਅਗਿਆਨਤਾ ਕਾਰਨ ਸਰਕਾਰਾਂ ਤੇ ਸਾਇੰਸਦਾਨ ਇੱਕੋ ਹੀ ਕਿਸ਼ਤੀ ਵਿਚ ਸਵਾਰ ਜਾਪਦੇ ਹਨ। ਹੱਥ ਧੋਵੋ, ਮੂੰਹ 'ਤੇ ਮਾਸਕ ਪਾਓ ਅਤੇ ਆਪਣੇ-ਆਪ ਨੂੰ ਚਾਰ-ਦੀਵਾਰੀ ਵਿਚ ਬੰਦ ਰੱਖੋ। ਸ਼ਾਇਦ ਅੱਜ ਦੇ ਵਿਗਿਆਨ ਕੋਲ ਕੋਰੋਨਾ ਨਾਲ ਲੜਨ ਦਾ ਇੱਕੋ-ਇੱਕ ਹਥਿਆਰ ਇਹੀ ਹੈ। ਵੈਕਸੀਨ ਦੀ ਖੋਜ ਜਾਰੀ ਹੈ। ਮੈਂ ਬੇਸ਼ੱਕ ਖ਼ੁਦ ਵਿਗਿਆਨ ਦਾ ਵਿਦਿਆਰਥੀ ਰਿਹਾ ਹਾਂ ਪਰ ਮੇਰੀ ਇਸ ਵਿਸ਼ੇ 'ਤੇ ਕੋਈ ਮੁਹਾਰਤ ਨਹੀਂ ਹੈ। ਉਂਜ ਮੈਂ ਇਹ ਗੱਲ ਯਕੀਨ ਨਾਲ ਕਹਿ ਸਕਦਾ ਹਾਂ ਕਿ ਵਿਸ਼ਵਾਸ ਇਕ ਅਜਿਹਾ ਪ੍ਰਭਾਵਸ਼ਾਲੀ ਹਥਿਆਰ ਹੈ ਜਿਸ ਨਾਲ ਕਿਸੇ ਵੀ ਮਰਜ਼ ਦਾ ਇਲਾਜ ਹੋ ਸਕਦਾ ਹੈ।

ਧਰਮ ਜਾਂ ਆਸਥਾ ਵਿਸ਼ਵਾਸ 'ਤੇ ਆਧਾਰਿਤ ਹੁੰਦੇ ਹਨ। ਆਮ ਤੌਰ 'ਤੇ ਤੁਸੀਂ ਕਿਸੇ ਵੀ ਧਾਰਮਿਕ ਅਸਥਾਨ ਜਾਂ ਆਸਥਾ ਕੇਂਦਰ ਵਿਖੇ ਜਾਂਦੇ ਹੋ ਤਾਂ ਇਕ ਵਿਸ਼ਵਾਸ ਨਾਲ ਅਤੇ ਅਕਸਰ ਹਰ ਸੰਭਵ ਮਨੋਕਾਮਨਾ ਪੂਰੀ ਵੀ ਹੋ ਜਾਂਦੀ ਹੈ। ਕਿਸੇ ਇਤਿਹਾਸਕ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਬਹੁਤ ਸਾਰੀਆਂ ਦੁੱਖ-ਤਕਲੀਫ਼ਾਂ ਦੂਰ ਹੋ ਜਾਂਦੀਆਂ ਹਨ। ਬੇਸ਼ੱਕ ਜੋ ਆਰਾਮ ਮਿਲਦਾ ਹੈ ਉਸ ਦੀ ਕੋਈ ਵਿਗਿਆਨਕ ਸੱਚਾਈ ਵੀ ਹੁੰਦੀ ਹੈ ਪਰ ਇਨਸਾਨ ਲਈ ਇਹ ਵਿਸ਼ਵਾਸ ਦੀ ਜਿੱਤ ਹੁੰਦੀ ਹੈ। ਇੱਥੇ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ ਵਿਗਿਆਨ ਤੇ ਵਿਸ਼ਵਾਸ ਨਾਲ-ਨਾਲ ਚੱਲਦੇ ਹਨ। ਹਰ ਧਰਮ ਦਾ ਆਧਾਰ ਜ਼ਰੂਰੀ ਤੌਰ 'ਤੇ ਵਿਗਿਆਨਕ ਹੁੰਦਾ ਹੈ। ਸਿੱਖੀ ਦੀ ਹੀ ਉਦਾਹਰਨ ਲੈ ਲਵੋ। 550 ਵਰੇ ਪਹਿਲਾਂ ਇਸ ਸਭ ਤੋਂ ਨਵੀਨਤਮ ਤੇ ਵਿਗਿਆਨਕ ਸਿਧਾਂਤਾਂ 'ਤੇ ਆਧਾਰਿਤ ਧਰਮ ਦੇ ਬਾਨੀਆਂ ਨੇ ਨਾ ਕੇਵਲ ਹਵਾ, ਜਲ ਤੇ ਧਰਤ ਨੂੰ ਦੇਵਤਿਆਂ ਦਾ ਦਰਜਾ ਦਿੱਤਾ, ਸਗੋਂ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ 'ਤੇ ਵੀ ਜ਼ੋਰ ਦਿੱਤਾ। ਸਾਇੰਸਦਾਨਾਂ ਨੇ ਲਗਪਗ 500 ਵਰੇ ਬਾਅਦ ਵਾਤਾਵਰਨ ਦੇ ਮਹੱਤਵ ਦੀ ਚਿੰਤਾ ਕੀਤੀ। ਸਿੱਖੀ ਨੇ ਆਰੰਭ ਤੋਂ ਹੀ ਤੰਬਾਕੂ ਦੇ ਸੇਵਨ ਖ਼ਿਲਾਫ਼ ਮੁਹਿੰਮ ਵਿੱਢੀ ਤਾਂ ਵਿਗਿਆਨ ਨੂੰ ਹੁਣ ਜਾਗ ਆਈ।

ਲੰਗਰ ਦੀ ਸ਼ੁਰੂਆਤ ਨੇ ਮਾਨਵਤਾ ਨੂੰ ਨਾ ਕੇਵਲ ਇਕ ਨਿਵੇਕਲਾ ਮਨੋਰਥ ਦਰਸਾਇਆ ਬਲਕਿ ਗ਼ਰੀਬ ਤੇ ਜ਼ਰੂਰਤਮੰਦਾਂ ਨੂੰ ਪੇਟ ਭਰ ਕੇ ਰੋਟੀ ਮੁਹੱਈਆ ਕਰਵਾਉਣ ਦੇ ਨਾਲ-ਨਾਲ ਵਲੰਟੀਅਰ ਮੂਵਮੈਂਟ ਨੂੰ ਜਨਮ ਦਿੱਤਾ। ਇਸ ਤੋਂ ਜ਼ਿਆਦਾ ਹੋਰ ਵਿਗਿਆਨਕ ਕੀ ਹੋ ਸਕਦਾ ਹੈ ? ਪੰਗਤ ਵਿਚ ਸੰਗਤ ਨਾਲ ਲੰਗਰ ਛਕਣਾ ਅੱਜ ਵੀ ਮਾਨਵਤਾ ਲਈ ਇਕ ਸੁਚੱਜੀ ਅਤੇ ਅਜੂਬਾ ਪਹਿਲ ਸੀ ਜਿਸ ਦੀ ਅੱਜ ਦੁਨੀਆ ਭਰ ਦੇ ਆਗੂ ਤਾਰੀਫ਼ਾਂ ਕਰਦੇ ਨਹੀਂ ਥੱਕਦੇ। ਦੁਨੀਆ 'ਤੇ ਆਈਆਂ ਲਗਪਗ ਸਾਰੀਆਂ ਮੁਸੀਬਤਾਂ ਵਿਚ ਵਰਤਾਏ ਲੰਗਰ ਤੋਂ ਹਰ ਕੋਈ ਵਾਕਫ਼ ਹੈ। ਇਹ ਅਕਸਰ ਕਿਹਾ ਜਾਂਦਾ ਹੈ ਕਿ ਧਾਰਮਿਕ ਅਸਥਾਨਾਂ ਦੀ ਮਹੱਤਤਾ ਅਤੇ ਉਨਾਂ ਦੀ ਪਵਿੱਤਰਤਾ ਸਦਕਾ ਓਥੇ ਜਾਣ ਵਾਲਿਆਂ ਦਾ ਮਨ ਸ਼ਾਂਤ ਤੇ ਸ਼ੁੱਧ ਹੁੰਦਾ ਹੈ ਜਿਸ ਸਦਕਾ ਸਰੀਰ ਦੀ ਬਿਮਾਰੀਆਂ ਤੋਂ ਬਚਾਅ ਦੀ ਸ਼ਕਤੀ ਵੱਧਦੀ ਹੈ ਅਤੇ ਉਸ ਵਿਚ ਚੰਗੀਆਂ ਭਾਵਨਾਵਾਂ ਵੀ ਆਉਂਦੀਆਂ ਹਨ।

**ਪ੍ਰਭਜੋਤ ਸਿੰਘ**
**ਸੀਨੀਅਰ ਪੱਤਰਕਾਰ**

## ਅਕਾਲ ਤਖ਼ਤ ਸਾਹਿਬ ਦਾ ਦ੍ਰਿਸ਼..

ਗੁਰਦੁਆਰਾ ਥੜਾ ਸਾਹਿਬ ਅਤੇ ਮੀਰੀ-ਪੀਰੀ ਨਿਸ਼ਾਨ ਸਾਹਿਬਾਂ ਵਾਲੀ ਦਰਸਨੀ ਡਿਉਢੀ 'ਤੇ ਜਥੇਦਾਰ ਭਾਈ ਅਨੋਖ ਸਿੰਘ ਉਬੋਕੇ, ਜਥੇਦਾਰ ਭਾਈ ਲਾਭ ਸਿੰਘ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਹੋਰ ਸਿੰਘ ਨਾਲ ਸਨ। ਅਕਾਲ ਤਖਤ ਸਾਹਿਬ ਦੇ ਥੜਾ ਸਾਹਿਬ ਦੇ ਵਿਚਕਾਰ ਵਾਲੀ ਉਚੀ ਇਮਾਰਤ ਤੇ ਜਥੇਦਾਰ ਬਾਈ ਜੋਗਿੰਦਰ ਸਿੰਘ ਰੋਡੇ, ਬਾਈ ਪਰਸਾ ਸਿੰਘ (ਰੋਡਿਆਂ ਵਾਲੇ) ਅਤੇ ਭਾਈ ਕਾਬਲ ਸਿੰਘ ਉਰਫ ਨਿਰੰਤਰ ਸਿੰਘ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਭਾਈ ਇਕਬਾਲ ਸਿੰਘ, ਭਾਈ ਜਗਦੀਸ਼ ਸਿੰਘ, ਭਾਈ ਬੁੱਧ ਸਿੰਘ ਤੇ ਹੋਰ ਸਿੰਘਾਂ ਨਾਲ।

ਅਕਾਲ ਤਖਤ ਸਾਹਿਬ 'ਤੇ ਮਹਾਂਪੁਰਖਾਂ ਸੰਤ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਜੋ ਸਾਰਿਆਂ ਮੋਰਚਿਆਂ ਵਿੱਚ ਤਾਲ ਮੇਲ ਰੱਖ ਰਹੇ ਸਨ, ਭਾਈ ਗੁਰਮੁਖ ਸਿੰਘ (ਗੜਵਈ), ਭਾਈ ਰਛਪਾਲ ਸਿੰਘ (ਸੰਤਾਂ ਦੇ ਪੀ ਏ) ਭਾਈ ਦਾਰਾ ਸਿੰਘ ਪੂਨੀਆ (ਸੰਤਾਂ ਦੇ ਡਰਾਈਵਰ) ਭਾਈ ਤਰਲੋਚਨ ਸਿੰਘ ਫ਼ੌਜੀ (ਲੱਧੂਵਾਲ) ਬਾਪੂ ਜਗੀਰ ਸਿੰਘ (ਸੰਤਾਂ ਦੇ ਵੱਡੇ ਭਾਈ ਸਾਹਿਬ), ਭਾਈ ਸੰਤੋਖ ਸਿੰਘ (ਟੇਪਾਂਵਾਲੇ) ਭਾਈ ਹਰਚਰਨ ਸਿੰਘ ਮੁਕਤਾ ਜੀ, ਭਾਈ ਰਾਮ ਸਿੰਘ ਬੋਲਾ (ਛੋਟਾ ਗੜਵਈ) ਭਾਈ ਮੋਹਨ ਸਿੰਘ(ਛੋਟਾ ਗੜਵਈ) ਭਾਈ ਗੁਰਮੁਖ ਸਿੰਘ ਮਹਾਪੁਰਖਾਂ ਦਾ (ਡਰਾਈਵਰ ਭੂਰਿਆ ਵਾਲਾ) ਭਾਈ ਪ੍ਰੀਤਮ ਸਿੰਘ ਪ੍ਰੀਤਾ (ਫਤੂਢੀਂਗਾ), ਭਾਈ ਹਰਵਿੰਦਰ ਸਿੰਘ(ਸ਼ੈਤਾਨ ਮਨਾਵਾ) ਭਾਈ ਗੁਰਜੀਤ ਸਿੰਘ (ਹਰੀਹਰ ਝੋਕ ਵਾਲੇ) ਆਦਿ ਹੋਰ ਕਾਫ਼ੀ ਸਿੰਘ ਸਨ।

ਨਵੀਂ ਦਰਸ਼ਨੀ ਡਿਉਡੀ ਤੇ ਜਥੇਦਾਰ ਭਾਈ ਰਸਾਲ ਸਿੰਘ ਆਰਫ਼ਕੇ ਦੀ ਅਗਵਾਈ ਵਿੱਚ ਭਾਈ ਸੁਖਦੇਵ ਸਿੰਘ ਭੱਠਲ, ਭਾਈ ਕਰਤਾਰ ਸਿੰਘ ਭੱਠਲ, ਭਾਈ ਜਸਵਿੰਦਰ ਸਿੰਘ ਡਰੋਲੀ,ਭਾਈ ਰਣਧੀਰ ਸਿੰਘ ਮਹਾਂਕਾਲ, ਭਾਈ ਜਰਨੈਲ ਸਿੰਘ ਬੂਅ, ਭਾਈ ਅਜਾਇਬ ਸਿੰਘ ਭਾਊ, ਭਾਈ ਹੀਰਾ ਸਿੰਘ ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ। ਅੱਗੇ ਛਬੀਲ ਤੇ ਜਥੇਦਾਰ ਬਾਈ ਸ਼ੇਰ ਸਿੰਘ ਫ਼ੌਜੀ ਕਾਰ-ਸੇਵਾ ਵਾਲੇ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਦੇ ਨਾਲ। ਆਟਾ ਮੰਡੀ ਘੰਟਾ ਘਰ ਤੇ ਜਥੇਦਾਰ ਗਿਆਨੀ ਮੋਹਰ ਸਿੰਘ ਦੀ ਅਗਵਾਈ ਵਿੱਚ ਅਤੇ ਭਾਈ ਸਤਿੰਦਰਪਾਲ ਸਿੰਘ ਪੀ ਟੀ (ਸਿੱਖ ਸਟੂਡੈਂਟ ਫੈਡਰੇਸਨ)ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਦੇ ਨੇੜੇ ਭਾਈ ਹਰਬੰਸ ਸਿੰਘ ਪੱਪੂ ਵਾਲੇ ਚੁਬਾਰੇ 'ਤੇ ਅਤੇ ਦੀਵਾਨ ਮੰਜੀ ਸਾਹਿਬ ਵਾਲੀ ਸਾਈਡ ਦੀ ਅਗਵਾਈ ਜਥੇਦਾਰ ਭਾਈ ਗੁਰਨਾਮ ਸਿੰਘ, ਭਾਈ ਅਮਰਜੀਤ ਸਿੰਘ ਜੀ ਖੇਮਕਰਨ ਵਾਲੇ ਅਤੇ ਭਾਈ ਉੱਜਲ ਸਿੰਘ ਜੀ (ਮਲਸੀਹਾਂ), ਭਾਈ ਜਗੀਰ ਸਿੰਘ ਮਹੰਤ, ਭਾਈ ਮਹਾਂ ਸਿੰਘ (ਉਰਫ ਹਰਭਜਨ ਸਿੰਘ) ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਾਰੀ ਮੋਰਚਾ ਬੰਦੀ ਕਰਕੇ ਭਾਰਤੀ ਫੌਜਾਂ ਦਾ ਮੁਕਾਬਲਾ ਕਰ ਰਹੇ ਸਨ,ਜਨਰਲ ਸੁਬੇਗ ਸਿੰਘ ਜੀ ਨੇ ਲਗਾਤਾਰ ਜ਼ਿੰਮੇਵਾਰ ਸਿੰਘਾਂ ਨਾਲ ਸਾਰਾ ਸੰਪਰਕ ਰਖਿਆ ਹੋਇਆ ਸੀ।

ਸੁਆਲ-ਤੁਸੀਂ ਕਿਵੇਂ ਜੇਲ ਪਹੁੰਚੇ ?

ਜੁਆਬ-ਅਖੀਰ ਸਾਨੂੰ ਨਾਭਾ ਜੇਲ ਲਿਆਂਦਾ ਗਿਆ। ਪਰ ਇੱਥੇ ਨਾਭਾ ਜੇਲ ਦੇ ਅੰਦਰ ਹੀ ਅੱਠ ਚੱਕੀਆਂ ਵਿੱਚ ਇਨਟੈਰੋਗੇਸ਼ਨ ਸੈਂਟਰ ਖੋਲ ਲਏ। ਸਾਰੀਆਂ ਏਜੰਸੀਆਂ ਨੇ ਇੱਥੇ ਆ ਕੇ ਫਿਰ ਕੈਂਪਾਂ ਵਾਲਾ ਸਿਲਸਿਲਾ ਸ਼ੁਰੂ ਕਰ ਦਿੱਤਾ । ਇੱਥੇ ਜਦੋਂ ਹਟੇ ਤਾਂ ਸਾਡੇ 'ਤੇ ਰਿਮਾਂਡਾਂ ਦੀ ਵਾਰੀ ਆਈ ਅਨੇਕਾਂ ਕੇਸ ਸਾਡੇ 'ਤੇ ਪਾ ਦਿੱਤੇ ਅਤੇ ਦੋ ਸਾਲ ਵਾਸਤੇ ਐਨਐਸਏ ਲਗਾ ਦਿੱਤੀ। ਇੱਥੇ ਇਸ ਤੋਂ ਪਹਿਲਾਂ ਸਾਡੀਆਂ ਮੁਲਾਕਾਤਾਂ ਕਰਵਾਈਆਂ ਗਈਆਂ ਤਾਂ ਸਾਡੇ ਘਰ ਵਾਲਿਆਂ ਨੂੰ ਪਤਾ ਚੱਲਿਆ ਕਿ ਅਸੀਂ ਠੀਕ - ਠਾਕ ਹਾਂ । ਅਜੇ ਰਿਮਾਂਡਾਂ ਤੋਂ ਵਿਹਲੇ ਹੋਏ ਹੀ ਸਾਂ ਕਿ 'ਲੱਧਾ ਕੋਠੀ' ਸੰਗਰੂਰ ਸਾਨੂੰ ਫਿਰ ਦੁਬਾਰਾ ਏਜੰਸੀਆਂ ਨੇ ਪੁੱਛ - ਗਿੱਛ ਸ਼ੁਰੂ ਕਰ ਦਿੱਤੀ ।2-3 ਗੱਲਾਂ ਮੁੱਖ ਤੌਰ 'ਤੇ ਪੁੱਛਦੇ ਸਨ ਕਿ ਸੰਤਾਂ ਕੋਲ ਹਥਿਆਰ ਕਿੱਥੋਂ ਆਉਂਦੇ ਸਨ ਤੇ ਤੁਹਾਡੇ ਵਿੱਚ ਕਿਹੜੇ ਕਿਹੜੇ ਲੜਾਈ ਲੜਦੇ ਸਨ ਅਤੇ ਜੋ ਐਕਸ਼ਨ ਹੁੰਦੇ ਸਨ ਉਨਾਂ ਵਿੱਚ ਕਿਹੜੇ ਕਿਹੜੇ ਆਦਮੀ ਸਨ ? ਪਰ ਸਾਡਾ ਇਹੋ ਬਿਆਨ ਰਿਹਾ ਕਿ ਅਸੀਂ ਕਿਸੇ ਨੂੰ ਨਹੀਂ ਜਾਣਦੇ ਫਿਰ ਸਾਨੂੰ ਪਤਾ ਲੱਗਾ ਕਿ 60 ਸਿੰਘਾਂ ਨੂੰ ਜੋਧਪੁਰ ਭੇਜਣ ਦੀ ਸਕੀਮ ਹੈ ਅਤੇ ਉਨਾਂ ਦੀਆਂ ਲਿਸਟਾਂ ਵੀ ਬਣ ਚੁੱਕੀਆਂ ਸਨ। ਇਸ ਸਮੇਂ ਦੌਰਾਨ ਅਕਤੂਬਰ ਵਿੱਚ ਗੁਰੂ ਦੇ ਲਾਲਾਂ ਨੇ ਇੰਦਰਾਂ ਨੂੰ ਸੋਧ ਦਿੱਤਾ। 379 ਸਿੰਘਾਂ ਨੂੰ ਬਗ਼ਾਵਤ ਦੇ ਕੇਸ ਵਿੱਚ ਫਿਟ ਕੀਤਾ ਗਿਆ ਅਤੇ ਜੋਧਪੁਰ ਜੇਲ ਜੋ ਸਪੈਸ਼ਲ ਸਾਡੇ ਵਾਸਤੇ ਤਿਆਰ ਕਰਵਾਈ ਸੀ ਭੇਜ ਦਿੱਤਾ ਗਿਆ। ਸਾਨੂੰ ਪਟਿਆਲੇ ਤੋਂ ਹਵਾਈ ਜਹਾਜ਼ ਰਾਹੀਂ ਮੂੰਹ 'ਤੇ ਬੁਰਕੇ ਪਾ ਕੇ ਲਿਜਾਇਆ ਗਿਆ। ਜੋਧਪੁਰ ਜੇਲ ਅੰਦਰ ਹੀ ਕੋਰਟ ਬਣਾਈ ਗਈ ਸੀ। ਇੱਥੇ ਅਸੀਂ ਸਾਢੇ ਪੰਜ ਸਾਲ ਕੱਟੇ ਤੇ ਅਖੀਰ 1989 ਵਿਚ ਸਾਡੇ 'ਤੇ ਪਿਆ ਬਗਾਵਤ ਦਾ ਕੇਸ ਵਾਪਸ ਹੋ ਗਿਆ। ਇਸ ਤੋਂ ਬਾਅਦ ਅਸੀਂ ਪੰਜਾਬ ਵਿਚ ਜ਼ਮਾਨਤਾਂ ਕਰਵਾ ਕੇ ਰਿਹਾਅ ਹੋ ਗਏ।

ਸੁਆਲ-ਕੀ ਕਹਿਣਾ ਚਾਹੁੰਦੇ ਹੋ ਇਸ ਫੌਜੀ ਹਮਲੇ ਬਾਰੇ ?

ਜੁਆਬ-ਇਹ ਟੱਕਰ ਸਰਾਸਰ ਬੇਮੇਚੀ ਸੀ, ਨਫ਼ਰੀ ਦੇ ਹਿਸਾਬ ਨਾਲ ਅਤੇ ਅਸਲੇ ਤੇ ਹਥਿਆਰਾਂ ਦੀ ਕੁਆਲਟੀ ਪੱਖੋਂ ਕੋਈ ਮੁਕਾਬਲਾ ਨਹੀਂ ਸੀ। ਇਕ ਪਾਸੇ ਦੁਨੀਆਂ ਦੀਆਂ ਸ਼ਕਤੀਸ਼ਾਲੀ ਫੌਜਾਂ ਵਿਚੋਂ ਗਿਣੀ ਜਾਂਦੀ ਭਾਰਤੀ ਫੌਜ ਸੀ, ਜਿਸ ਕੋਲ ਟੈਂਕ, ਬਖਤਰਬੰਦ ਗੱਡੀਆਂ, ਹਵਾਈ ਜਹਾਜ਼, ਹੈਲੀਕਾਪਟਰ ਤੇ ਭਾਰੀ ਤੋਪਖਾਨਾ ਸੀ। ਭਾਰਤੀ ਫੌਜ ਦੀਆਂ ਕੁਲ ਮਿਲਾ ਕੇ ਸੱਤ ਡਵੀਜ਼ਨਾਂ ਨੂੰ ਲੜਾਈ ਲਈ ਲਾਮਬੰਦ ਕੀਤਾ ਗਿਆ ਸੀ। ਇਕੱਲੇ ਦਰਬਾਰ ਸਾਹਿਬ 'ਤੇ ਹਮਲੇ ਦੀ ਕਾਰਵਾਈ ਵਿਚ ਹੀ ਘੱਟੋ ਘੱਟ 15 ਹਜ਼ਾਰ ਫੌਜੀ ਜਵਾਨ ਸਿੱਧਾ ਹਿੱਸਾ ਲੈ ਰਹੇ ਸਨ। ਦੂਜੇ ਪਾਸੇ ਗਿਣਤੀ ਦੇ ਜੁਝਾਰੂ ਸਿੰਘ ਸਨ। ਜਿਨਾਂ ਦੀ ਨਫ਼ਰੀ ਕਿਸੇ ਤਰਾਂ ਸਵਾ ਸੌ ਤੋਂ ਵਧ ਨਹੀਂ ਸੀ ਅਤੇ ਉਨਾਂ ਕੋਲ ਉਂਗਲਾਂ ਤੇ ਗਿਣਨ ਜੋਗੀਆਂ ਹਲਕੀਆਂ ਮਸ਼ੀਨਗੰਨਾਂ ਸਨ। ਦਰਮਿਆਨੀ ਜਾਂ ਭਾਰੀ ਮਸ਼ੀਨਗੰਨ ਇਕ ਵੀ ਨਹੀਂ ਸੀ। ਨਾ-ਮਾਤਰ ਰਾਕਟ ਲਾਂਚਰ ਸਨ। ਬਾਕੀ ਸਾਧਾਰਨ ਕਿਸਮ ਦੀਆਂ ਰਾਈਫਲਾਂ ਤੇ ਹੱਥ ਗੋਲਿਆਂ (ਗਰਨੇਡ) ਤੋਂ ਬਿਨਾਂ ਉਨਾਂ ਕੋਲ ਹੋਰ ਹਥਿਆਰ ਨਹੀਂ ਸਨ। ਪਰ ਸਿੰਘਾਂ ਦੇ ਨੈਤਿਕ ਪੱਖ ਵਾਲਾ ਪੱਲੜਾ ਫੌਜੀਆਂ ਨਾਲੋਂ ਕਿਤੇ ਵੱਧ ਭਾਰੂ ਸੀ। ਇਸੇ ਲਈ ਉਹ ਭਾਰਤੀ ਫੌਜ ਉਪਰ ਭਾਰੂ ਪਏ ਰਹੇ।'

ਸੁਆਲ-ਤੁਸੀਂ ਦਮਦਮੀ ਟਕਸਾਲ ਵਿਚ ਕਦੋਂ ਸ਼ਾਮਲ ਹੋਏ ਸੀ ?

ਜੁਆਬ-ਜਦੋਂ 1978 ਕਾਂਡ ਹੋਇਆ ਤਾਂ ਸੰਤ ਗ੍ਰਿਫ਼ਤਾਰ ਹੋਏ ਸਨ ਤਾਂ ਮੈਂ ਦਮਦਮੀ ਟਕਸਾਲ ਮਹਿਤਾ ਚੌਂਕ ਹੀ ਸਾਂ ਤੇ ਉਸ ਤੋਂ ਬਾਅਦ ਕਦੇ ਵੀ ਸੰਤਾਂ ਦਾ ਸਾਥ ਨਹੀਂ ਛੱਡਿਆ ਸੀ। ਮੇਰਾ ਪਿੰਡ ਖੋਜੀਕਪੁਰ ਜਲਾਲਾਬਾਦ ਅੰਮ੍ਰਿਤਸਰ ਕੋਲ ਹੈ। ਮੈਂ ਬੀਏ ਤੱਕ ਪੜਿਆ ਹਾਂ। ਪਿੰਡ ਦਾ ਸਰਪੰਚ ਰਹਿ ਚੁੱਕਾ ਹਾਂ। ਫੌਜ ਵਿਚ ਵੀ ਨੌਕਰੀ ਕੀਤੀ ਹੈ। ਸੁਆਲ-ਸੰਤਾਂ ਦੀ ਸ਼ਹੀਦੀ ਕਿਉਂ ਲੁਕਾਈ ਗਈ ?

ਜੁਆਬ-ਇਹ ਪੰਥ ਨਾਲ ਵੱਡਾ ਧੋਖਾ ਕੀਤਾ ਗਿਆ ਹੈ। ਸੰਤਾਂ ਦੀ ਸ਼ਹਾਦਤ ਨੂੰ ਰੋਲਿਆ ਗਿਆ ਹੈ। ਉਸ ਸਮੇਂ ਦੌਰਾਨ ਜਦੋਂ ਅਸੀਂ ਜੇਲ ਵਿਚ ਸਾਂ ਤਾਂ ਇਹ ਕਿਹਾ ਗਿਆ ਕਿ ਸੰਤ ਪਾਕਿਸਤਾਨ ਚਲੇ ਗਏ ਹਨ। ਇਹ ਸਾਰਾ ਸਰਕਾਰੀ ਚਾਲਾਂ ਅਧੀਨ ਬਾਬਾ ਠਾਕੁਰ ਸਿੰਘ ਕੋਲੋਂ ਕੁਹਾਇਆ ਗਿਆ। ਹਾਲਾਂ ਕਿ ਸਭ ਨੂੰ ਪਤਾ ਹੈ ਕਿ ਸੰਤ ਸ਼ਹੀਦ ਹੋ ਚੁੱਕੇ ਹਨ। ਮੈਂ ਵੱਡਾ ਗਵਾਹ ਹਾਂ ਸੰਤਾਂ ਦੀ ਸ਼ਹਾਦਤ ਦਾ। ਜਥੇਦਾਰ ਮਹਾਲੋ ਵੀ ਮੰਨਦੇ ਸਨ ਕਿ ਸੰਤ ਸ਼ਹੀਦ ਹੋ ਗਏ।

ਸੁਆਲ-ਅਕਾਲੀ ਰਾਜਨੀਤੀ ਬਾਰੇ ਕੀ ਕਹਿਣਾ ਚਾਹੁੰਦੇ ਹੋ ?

ਜੁਆਬ-36 ਸਾਲਾਂ ਵਿਚ ਨਿਆਂ ਤਾਂ ਲਿਆ ਨਹੀਂ, ਪਰ ਅਕਾਲੀ ਸਿਆਸਤਦਾਨਾਂ ਨੇ ਸਾਕਾ ਨੀਲਾ ਤਾਰਾ ਦੇ ਦਰਦ ਨੂੰ ਆਪਣੀ ਚੜਤ ਲਈ ਇਕ ਮੌਕੇ ਵਜੋਂ ਹੀ ਵਰਤਿਆ ਅਤੇ ਫਿਰ ਉਸ ਤੋਂ ਬਾਅਦ ਦਰਾੜਾਂ ਅਜਿਹੀਆਂ ਪਈਆਂ ਕਿ ਉਹ ਆਪ ਹੀ ਸਮਝ ਨਹੀਂ ਰਹੇ ਕਿ ਪੰਥਕ ਹੋਣ ਦਾ ਮਤਲਬ ਕੀ ਹੈ। ਜੇ 1984 ਦੇ ਸੰਘਰਸ਼ ਦੀ ਗੱਲ ਕਰੀਏ ਤਾਂ ਉਹ ਸਿੱਖਾਂ ਵਾਸਤੇ ਨਹੀਂ ਸੀ, ਉਹ ਪੰਜਾਬ ਦੇ ਹੱਕਾਂ ਵਾਸਤੇ ਸੀ। ਪੰਜਾਬ ਦੇ ਪਾਣੀ, ਪੰਜਾਬੀ ਭਾਸ਼ਾ, ਪੰਜਾਬ ਦੀ ਰਾਜਧਾਨੀ ਮੰਗਾਂ ਤਾਂ ਪੰਜਾਬ ਹਿੱਤਾਂ ਲਈ ਸਨ। ਅਸੀਂ ਕੀ ਅਪਰਾਧ ਕੀਤਾ ਸੀ ਕਿ ਫੌਜ ਨੇ ਸਾਡੇ ਅਸਥਾਨ 'ਤੇ ਹਮਲਾ ਕੀਤਾ।

ਮੇਰਾ ਇਕਲੌਤਾ ਪੁੱਤਰ ਗੁਲਜਾਰ ਸਿੰਘ ਵੀ ਇਸ ਘੱਲੂਘਾਰੇ ਤੋਂ ਬਾਅਦ 14 ਅਪ੍ਰੈਲ 1992 ਦੌਰਾਨ ਸ਼ਹੀਦ ਹੋ ਚੁੱਕਾ ਹੈ। ਜਰਨੈਲ ਸਿੰਘ ਬੂਹ ਇਕ ਘਰ ਠਹਿਰਿਆ ਹੋਇਆ ਸੀ, ਉੱਥੇ ਮੇਰਾ ਬੇਟਾ ਵੀ ਮੌਜੂਦ ਸੀ। ਪੁਲੀਸ ਦਾ ਘੇਰਾ ਪੈ ਗਿਆ ਮੁਕਾਬਲੇ ਦੌਰਾਨ ਜਰਨੈਲ ਸਿੰਘ ਬੂਹ ਨਾਲ ਉਹ ਵੀ ਸ਼ਹੀਦ ਹੋ ਗਿਆ। ਪੁਲੀਸ ਮੈਨੂੰ ਤੰਗ ਕਰਦੀ ਰਹੀ, ਪਰ ਮੈਂ ਅਡੋਲ ਰਿਹਾ। ਘੱਲੂਘਾਰਾ '84 ਹੁਣ ਸਾਡੇ ਸਿਆਸਤਦਾਨਾਂ ਲਈ ਕੋਈ ਪੰਥਕ ਮਸਲਾ ਨਹੀਂ, ਕੇਵਲ ਆਉਂਦੀਆਂ ਚੋਣਾਂ ਵਿਚ ਵੋਟਾਂ ਬਟੋਰਨ ਦਾ ਇਕ ਤਰੀਕਾ ਹੀ ਹੈ ਬਸ। ਸਾਕਾ ਨੀਲਾ ਤਾਰਾ ਦੌਰਾਨ ਫ਼ੌਜ ਵਲੋਂ ਸਿੱਖ ਲਾਇਬਰੇਰੀ ਵਿਚੋਂ ਚੁਕੀਆਂ ਗਈਆਂ ਇਤਿਹਾਸਕ ਪੁਸਤਕਾਂ ਅਤੇ ਹੱਥਲਿਖਤ ਗ੍ਰੰਥਾਂ ਦਾ ਸੱਚ ਵੀ ਸਾਹਮਣੇ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਕਿਹਾ ਤਾਂ ਇਹ ਵੀ ਜਾਂਦਾ ਕਿ ਫ਼ੌਜ ਨੇ ਸਭ ਕੁੱਝ ਵਾਪਸ ਕਰ ਦਿੱਤਾ, ਪਰ ਸ਼੍ਰੋਮਣੀ ਕਮੇਟੀ ਇਸ ਤੋਂ ਨਾਂਹ ਕਰ ਰਹੀ ਹੈ। ਅੱਜ ਦੇ ਪੰਜਾਬ ਦੇ ਹਾਲਾਤ ਵਿਚ ਅਜਿਹੀ ਗਿਰਾਵਟ ਆਈ ਹੈ ਕਿ ਅੱਜ ਕੋਈ ਵੀ ਪੰਜਾਬ ਦੇ ਹੱਕਾਂ ਅਧਿਕਾਰਾਂ ਦੀ ਗੱਲ ਹੀ ਨਹੀਂ ਕਰਦਾ। ਪੰਜਾਬ ਦੀ ਰਾਜਧਾਨੀ ਮੰਗਣ ਵਾਲਾ ਕੋਈ ਨਹੀਂ ਬਚਿਆ। ਪੰਜਾਬ ਵਿਚ ਜਦ ਨਾਂ ਦੀ 'ਪੰਥਕ' ਸਰਕਾਰ ਸੀ, ਉਸ ਵਕਤ ਵੀ ਪੰਜਾਬ ਪੁਲਿਸ ਨੇ ਨਿਹੱਥੇ ਸਿੱਖਾਂ ਉਤੇ ਗੋਲੀਆਂ ਚਲਾਈਆਂ। ਉਸ ਮਗਰੋਂ ਨਿਆਂ ਵੀ ਸਿਆਸੀ ਗੇਂਦ ਬਣ ਕੇ ਰਹਿ ਗਿਆ ਹੈ। ਪੰਥ ਵਿਰੋਧੀ ਬਾਬੇ ਸੌਦਾ ਸਾਧ, ਨੂਰਮਹਿਲੀਏ, ਨਿਰੰਕਾਰੀਏ ਅਕਾਲੀ ਸਰਕਾਰਾਂ ਦੌਰਾਨ ਪਲੇ। 36 ਸਾਲ ਪਹਿਲਾਂ ਪੰਜਾਬੀ ਕਿਰਦਾਰ ਵਿਚ ਏਨੀ ਜ਼ਬਰਦਸਤ ਗਿਰਾਵਟ ਸ਼ੁਰੂ ਹੋਈ ਸੀ ਜਿਸ ਨੂੰ ਵੇਖ ਕੇ ਕੁਰਬਾਨੀਆਂ ਦੇਣ ਵਾਲਿਆਂ ਦੀਆਂ ਰੂਹਾਂ ਜ਼ਰੂਰ ਕੰਬਦੀਆਂ ਹੋਣਗੀਆਂ। ਮੈਂ ਇਸ ਸਮੇਂ ਰੀੜ ਦੀ ਹੱਡੀ ਟੁੱਟਣ ਕਰਕੇ ਮੰਜੇ 'ਤੇ ਪਿਆ ਹਾਂ। 2012 ਦੌਰਾਨ ਐਕਸੀਡੈਂਟ ਕਾਰਨ ਇਹ ਹੱਡੀ ਟੁੱਟ ਗਈ ਸੀ। ਮੇਰੀ 30-32 ਕਿਲੇ ਜ਼ਮੀਨ ਸੀ, ਅੱਜ ਮੇਰੇ ਕੋਲ ਕੁਝ ਨਹੀਂ ਹੈ। ਮੈਂ ਕਿਸੇ ਕੋਲ ਹੱਥ ਨਹੀਂ ਅੱਡੇ ਹਨ। ਪੰਥ ਦੀ ਚੜਦੀ ਕਲਾ ਚਾਹੁੰਦਾ ਹਾਂ।

## ਚੀਨ ਦੀ ਸਖਤ ਪਹੁੰਚ ਅੱਗੇ...

ਚੀਨੀ ਅਖਬਾਰ ਗਲੋਬਲ ਟਾਈਮਜ਼ ਵਿਚ 5 ਜੂਨ ਨੂੰ ਚੀਨ ਦੇ ਦੱਖਣੀ ਏਸ਼ੀਆ ਖਿੱਤੇ ਦੇ ਮਾਹਰ ਅਦਾਰੇ ਦੇ ਸਕੱਤਰ ਜਨਰਲ ਦੀ ਛਪੀ ਇੰਟਰਵਿਊ ਵਿਚ ਕਿਹਾ ਗਿਆ ਕਿ ਕੋਰੋਨਾਵਾਇਰਸ ਤੋਂ ਬਾਅਦ ਬਣੇ ਵਿਸ਼ਵ ਹਾਲਾਤਾਂ ਵਿਚ ਭਾਰਤ ਵੱਲੋਂ ਅਮਰੀਕਾ ਧੜੇ ਨਾਲ ਵਧਾਈ ਜਾ ਰਹੀ ਚੀਨ ਵਿਰੋਧੀ ਭਾਈਵਾਲੀ ਤੋਂ ਚੀਨ ਨਾਖੁਸ਼ ਹੈ।

ਦੱਸ ਦਈਏ ਕਿ ਅਮਰੀਕਾ ਜੀ-7 ਦੇਸ਼ਾਂ ਦੇ ਸਮੂਹ ਵਿਚ ਭਾਰਤ ਨੂੰ ਸ਼ਾਮਲ ਕਰਨ ਦਾ ਸੱਦਾ ਦੇ ਚੁੱਕਿਆ ਹੈ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਪ੍ਰਵਾਨ ਵੀ ਕਰ ਲਿਆ ਹੈ। ਚੀਨ ਇਸ ਸਮੂਹ ਨੂੰ ਉਸਦੇ ਹਿੱਤਾਂ ਵਿਰੋਧੀ ਮੰਨਦਾ ਹੈ ਅਤੇ ਚੀਨ ਦਾ ਮੰਨਣਾ ਹੈ ਕਿ ਅਮਰੀਕਾ ਹਿੰਦ-ਪ੍ਰਸ਼ਾਂਤ ਮਹਾਸਾਗਰ ਨੀਤੀ ਅਧੀਨ ਭਾਰਤ ਨੂੰ ਚੀਨ ਖਿਲਾਫ ਵਰਤਣਾ ਚਾਹੁੰਦਾ ਹੈ। ਚੀਨ ਦੀਆਂ ਸਰਹੱਦ 'ਤੇ ਫੌਜੀ ਕਾਰਵਾਈਆਂ ਨੂੰ ਇਹਨਾਂ ਉਪਰੋਕਤ ਸਿਆਸੀ ਸਫਬੰਦੀਆਂ ਨਾਲ ਜੋੜ ਕੇ ਹੀ ਦੇਖਿਆ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਚੀਨ ਆਪਣੀ ਵਿਸ਼ਾਲ ਫੌਜੀ ਤਾਕਤ ਰਾਹੀਂ ਭਾਰਤ ਨੂੰ ਸੁਨੇਹਾ ਦੇ ਰਿਹਾ ਹੈ ਕਿ ਜੇ ਭਾਰਤ ਨੇ ਇਸ ਖਿੱਤੇ ਵਿਚ ਚੀਨ ਖਿਲਾਫ ਅਮਰੀਕਾ ਦੇ ਮੋਹਰੇ ਵਜੋਂ ਖੇਡਣ ਦੀ ਕੋਸ਼ਿਸ਼ ਕੀਤੀ ਤਾਂ ਚੀਨ ਉਸਨੂੰ ਵੱਡੀ ਫੌਜੀ ਸੱਟ ਮਾਰ ਸਕਦਾ ਹੈ।

## ਜੈਵ ਵਿਭਿੰਨਤਾ ਦੀ ਵਾਪਸੀ...

ਉਹਨਾਂ ਵੱਲੋਂ ਅਜਿਹਾ ਕਰਕੇ ਇਤਿਹਾਸ ਨੂੰ ਦੂਹਰਾ ਗੇੜਾ ਦੇਣ ਦੀ ਗੁਸਤਾਖੀ ਕੀਤੀ ਗਈ ਹੈ,ਕਿਉਂਕਿ ਇੱਕ ਪਾਸੇ ਉਹ ਸਿੱਖ ਹਿਤਾਂ ਦੀ ਗੱਲ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਵਾਰਸ ਹੋਣ ਦਾ ਪ੍ਰਗਟਾਵਾ ਕਰਦੇ ਦਿਖਾਈ ਦਿੰਦੇ ਹਨ ਤੇ ਦੂਜੇ ਪਾਸੇ ਉਹਨਾਂ ਦਾ ਅਮਲੀ ਪੈਂਤੜਾ ਮੱਸੇ ਰੰਘੜ ਤੇ ਨਰੈਣੂ ਮਹੰਤ ਨਾਲ ਜੁੜਿਆ ਹੋਇਆ ਜਾਪਦਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਹੁਰਾਂ ਵੱਲੋਂ ਇੱਕ ਪਾਸੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਖਾਲਿਸਤਾਨ ਨੂੰ ਤਾਂ ਕੋਈ ਵੀ ਸਿੱਖ ਇਨਕਾਰ ਨਹੀ ਕਰ ਸਕਦਾ,ਤੇ ਦੂਜੇ ਪਾਸੇ ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਹਰ ਉਸ ਸਿੱਖ ਨੌਜਵਾਨ ਨੂੰ ਦਬੋਚਣ ਲਈ ਪੂਰੀ ਸਾਵਧਾਨੀ ਨਾਲ ਪਹਿਰਾ ਦੇ ਰਹੀ ਹੁੰਦੀ ਹੈ, ਜਿਹੜਾ ਦਰਬਾਰ ਸਾਹਿਬ ਦੀ ਹਦੂਦ ਅੰਦਰ ਖਾਲਿਸਤਾਨ ਦਾ ਨਾਹਰਾ ਲਾਉਂਣ ਦੀ ਕੋਸ਼ਿਸ਼ ਕਰਦਾ ਹੈ, ਅਜਿਹੇ ਹਾਲਾਤਾਂ ਦੇ ਮੱਦੇਨਜਰ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਮੂੰਹੋਂ ਖਾਲਿਸਤਾਨ ਦੀ ਹਮਾਇਤ ਦੇ ਨਿਕਲੇ ਸਬਦ, ਸਿੱਖ ਸਿਆਸਤ ਦੇ ਦੋਹਰੇ ਕਿਰਦਾਰ ਨੂੰ ਹਮੇਸਾਂ ਨੀਝ ਨਾਲ ਦੇਖਣ ਸਮਝਣ ਵਾਲਿਆਂ ਨੂੰ ਮਹਿਜ ਛਲਾਵਾ ਜਾਪਣੇ ਸੁਭਾਵਿਕ ਹਨ। ਸੋ ਕੁੱਝ ਵੀ ਹੋਵੇ, ਪ੍ਰੰਤੂ ਉਪਰੋਕਤ ਦੇ ਮੱਦੇਨਜਰ ਜਿੱਥੇ ਇਸ ਮੁੱਦੇ ਦਾ ਪ੍ਰਤੀਕਰਮ ਆਉਣ ਵਾਲੇ ਦਿਨਾਂ ਵਿੱਚ ਖੁੱਲ ਕੇ ਸਾਹਮਣੇ ਆਉਣ ਦੇ ਆਸਾਰ ਹਨ,ਓਥੇ ਇਹ ਕਹਿਣਾ ਵਾਜਬ ਹੋਵੇਗਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੋ ਹੋਈ ਖਾਲਿਸਤਾਨ ਦੀ ਹਮਾਇਤ ਨੇ ਪੰਥਕ ਧਿਰਾਂ ਦੀ ਇਸ ਮੰਗ ਨੂੰ ਪੂਰੀ ਕੌਮ ਦੀ ਮੰਗ ਵਜੋਂ ਤਸਲੀਮ ਕੀਤਾ ਹੈ।

## ਸਾਕਾ ਨੀਲਾ ਤਾਰਾ ਸੰਬੰਧੀ...

ਉਨਾਂ ਕਿਹਾ ਕਿ ਸਿੱਖ ਆਪਣਾ ਘਰ ਚਾਹੁੰਦੇ ਹਨ ਤੇ ਸਾਰੇ ਸਿੱਖਾਂ ਦੀ ਇੱਛਾ ਹੈ ਕਿ ਖਾਲਿਸਤਾਨ ਬਣੇ ਤੇ ਜੇਕਰ ਬਣਦਾ ਹੈ ਤਾਂ ਉਹ ਇਸ ਦਾ ਪੁਰਜ਼ੋਰ ਸਵਾਗਤ ਕਰਨਗੇ । ਉਨਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਵੀ ਆਖਿਆ ਸੀ ਕਿ ਜਦ ਦੇਸ਼ ਦੀ ਫੌਜ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕਰੇਗੀ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਤੇ ਅਜਿਹਾ ਕਰਕੇ ਭਾਰਤ ਸਰਕਾਰ ਨੇ ਆਪ ਹੀ ਸਿੱਖਾਂ ਨੂੰ ਮੌਕਾ ਦਿੱਤਾ ਹੈ । ਸਿੰਘ ਸਾਹਿਬ ਨੇ ਆਖਿਆ ਕਿ ਲਾਕਡਾਊਨ ਦੇ ਬਾਵਜੂਦ ਸਿੱਖ ਸੰਗਤਾਂ ਨੇ ਆਪਣੇ ਮਹਾਨ ਸ਼ਹੀਦਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਬਾਬਾ ਠਾਰਾ ਸਿੰਘ ਤੇ ਤਮਾਮ ਸ਼ਹੀਦਾਂ ਨੂੰ ਯਾਦ ਕੀਤਾ ਹੈ ਤੇ ਉਨਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ ਹੈ ਤੇ ਬਹੁਤ ਸਾਰੀਆਂ ਸੰਗਤਾਂ ਨੇ ਘਰਾਂ ਦੇ ਵਿੱਚ ਰਹਿ ਕੇ ਵੀ ਅਰਦਾਸਾਂ ਬੇਨਤੀਆਂ ਕੀਤੀਆਂ ਹਨ ।ਇੱਕ ਹੋਰ ਸਵਾਲ ਦੇ ਜਵਾਬ ਵਿੱਚ ਉਨਾਂ ਨੇ ਆਖਿਆ ਕਿ ਘੱਲੂਘਾਰੇ ਦੇ 36 ਸਾਲ ਬੀਤਣ ਦੇ ਬਾਵਜੂਦ ਕੇਂਦਰ ਸਰਕਾਰ ਦੀ ਸਿੱਖ ਵਿਰੋਧੀ ਪੇਸ਼ਕਾਰੀ ਉਹੀ ਹੈ ਤੇ ਅੱਜ ਵੀ ਕੌਮ ਨਾਲ ਵਿਤਕਰੇ ਜਾਰੀ ਹਨ ।ਸ਼੍ਰੀ ਦਰਬਾਰ ਸਾਹਿਬ ਵਿੱਚ ਸ਼ਰਧਾਲੂਆਂ ਨੂੰ 'ਅਰਦਾਸ ਦਿਵਸ' ਵਿੱਚ ਸ਼ਾਮਲ ਹੋਣ ਮੌਕੇ ਲਾਈਆਂ ਗਈਆਂ ਪੁਲਿਸ ਰੋਕਾਂ ਨੂੰ ਨਜਾਇਜ਼ ਠਹਿਰਾਉਂਦਿਆਂ ਕਿਹਾ ਕਿ ਇਹ ਠੀਕ ਨਹੀਂ ਹੈ, ਪਰ ਕੌਮ ਜੇਕਰ ਇਕ ਝੰਡੇ ਥੱਲੇ ਇਕੱਠੀ ਹੋ ਜਾਵੇ ਤਾਂ ਅਜਿਹੀਆਂ ਰੋਕਾਂ ਆਪਣੇ ਆਪ ਹੀ ਬੰਦ ਹੋ ਜਾਣਗੀਆਂ । ਲਾਕਡਾਊਨ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਅੰਨੇਵਾਹ ਕੀਤੇ ਜਾ ਰਹੇ ਲੋਕਾਂ ਦੇ ਚਲਾਨਾਂ ਬਾਰੇ ਪੁੱਛੇ ਜਾਣ 'ਤੇ ਸਿੰਘ ਸਾਹਿਬ ਨੇ ਕਿਹਾ ਕਿ ਸ਼ਰਾਬ ਦੇ ਘਾਟੇ ਨੂੰ ਪੰਜਾਬ ਸਰਕਾਰ ਇਨਾਂ ਚਲਾਨਾਂ ਰਾਹੀਂ ਪੂਰਾ ਕਰਨ ਦੇ ਯਤਨਾਂ ਵਿੱਚ ਹੈ, ਜੋ ਬਹੁਤ ਮੰਦਭਾਗੀ ਗੱਲ ਹੈ ।



## ਦਰਬਾਰ ਸਾਹਿਬ ਹਮਲੇ ਬਾਰੇ

ਫਿਰ ਇਹ ਖਬਰ ਗਈ ਕਿ ਅਕਾਲ ਤਖ਼ਤ ਤੋਂ ਬਹੁਤ ਨਸ਼ੀਲੇ ਪਦਾਰਥ ਬਰਾਮਦ ਹੋਏ ਹਨ। ਫਿਰ ਇਸ ਖਬਰ ਦਾ ਵੀ ਖੰਡਨ ਹੋਇਆ। ਮੇਰਾ , ਇਕ ਦੋਸਤ ਉਦੋਂ ਕਸਟਮ ਵਿਭਾਗ ਵਿੱਚ ਅੰਮ੍ਰਿਤਸਰ ਤਾਇਨਾਤ ਸੀ । ਮੈਂ ਉਸ ਤੋਂ ਪੁੱਛ ਪੜਤਾਲ ਕੀਤੀ। ਉਸ ਨੇ ਮੈਨੂੰ ਦੱਸਿਆ ਕਿ ਉਨਾਂ ਦਿਨਾਂ ਵਿੱਚ ਅੰਮ੍ਰਿਤਸਰ ਸਰਹੱਦ ਉੱਤੇ ਪਾਕਿਸਤਾਨ ਤੋਂ ਸਮੱਗਲ ਦਾ ਨਸ਼ੀਲੇ ਪਦਾਰਥਾਂ ਦੀ ਇਕ ਭਾਰੀ ਖੇਪ ਪਕੜੀ ਗਈ ਸੀ । ਅਧਿਕਾਰੀ ਉਸ ਦੀ ਬਰਾਮਦਗੀ ਅਕਾਲ ਤਖ਼ਤ ਤੋਂ ਦਿਖਾਉਣਾ ਚਾਹੁੰਦੇ ਸਨ ਪਰ ਕਸਟਮ ਵਿਭਾਗ ਇਸ ਲਈ ਤਿਆਰ ਨਾ ਹੋਇਆ ਕਿਉਂਕਿ ਉਹ ਇਸਦੀ ਬਰਾਮਦਗੀ ਬਾਰਡਰ ਤੋਂ ਪਹਿਲਾਂ ਦਿਖਾ ਕੇ ਆਪਣੇ ਵਿਭਾਗ ਨੂੰ ਦਿੱਲੀ ਸੂਚਤ ਕਰ ਚੁੱਕੇ ਸਨ ।
ਮੈਂ ਜਦੋਂ 1985 ਵਿੱਚ ਸਟੇਟ ਸਪੋਰਟ ਕਮਿਸ਼ਨਰ ਬਣਿਆ ਤਾਂ ਉਸ ਵੇਲੇ ਮਿੰਨੀ ਬੱਸਾਂ ਦੇ ਪਰਮਿਟ ਦਿੱਤੇ ਜਾ ਰਹੇ ਸਨ । ਸਰਕਾਰੀ ਸ਼ਰਤਾਂ ਅਨੁਸਾਰ ਜਿਨਾਂ ਪ੍ਰਾਰਥੀਆਂ ਨੇ ਅਕਾਲੀ ਮੋਰਚਿਆਂ ਵਿੱਚ ਭਾਗ ਲਿਆ ਸੀ ਜਾਂ ਅਪਰੇਸ਼ਨ ਬਲਿਊ ਸਟਾਰ ਵਿੱਚ ਨੁਕਸਾਨ ਉਠਾਇਆ ਸੀ ਉਨਾਂ ਨੂੰ ਤਰਜੀਹ ਦਿੱਤੀ ਜਾਣੀ ਸੀ । ਇਸ ਤਰਾਂ ਮੈਨੂੰ ਕਈ ਅਜਿਹੇ ਵਿਅਕਤੀਆਂ ਨਾਲ ਗੱਲ ਬਾਤ ਦਾ ਅਵਸਰ ਮਿਲਿਆ ਜਿਹੜੇ ਅਪਰੇਸ਼ਨ ਵੇਲੇ ਹਰਿਮੰਦਰ ਸਾਹਿਬ ਜਾਂ ਗੁਰੂ ਰਾਮਦਾਸ ਸਰਾਂ ਵਿੱਚ ਮੌਜੂਦ ਸਨ। ਇੱਕ ਵਿਅਕਤੀ ਉਸ ਵੇਲੇ ਪ੍ਰਕਰਮਾ ਵਿੱਚ ਸੀ ਜਦੋਂ ਗੋਲੀ ਚਲਣੀ ਸ਼ੁਰੂ ਹੋਈ । ਉਸ ਦੇ ਕਥਨ ਅਨੁਸਾਰ ਕੋਈ ਚਿਤਾਵਨੀ ਨਹੀਂ ਦਿੱਤੀ ਗਈ ਇਸ ਲਈ ਕਈ ਸ਼ਰਧਾਲੂ ਪ੍ਰਕਰਮਾ ਵਿੱਚ ਹੀ ਮਾਰੇ ਗਏ। ਉਨਾਂ ਨੂੰ ਬਾਹਰ ਨਿਕਲਣ ਦਾ ਮੌਕਾ ਹੀ ਨਾ ਮਿਲਿਆ । ਉਸ ਅਨੁਸਾਰ ਗੋਲੀਬਾਰੀ ਏਨੀ ਜ਼ਿਆਦਾ ਸੀ ਕਿ ਉਸ ਨੇ ਇਕ ਥਮਲੇ ਦੀ ਆੜ ਵਿੱਚ ਖੜੇ ਹੋ ਕੇ ਆਪਣੀ ਜਾਨ ਬਚਾਈ। ਪਰ ਪਿਛੋਂ ਕੁਝ ਅਜਿਹੀ ਗੈਸ ਛੱਡੀ ਗਈ ਜਿਸ ਨਾਲ ਜਿਹੜਾ ਵਿਅਕਤੀ ਜਿੱਥੇ ਖੜਾ ਸੀ ਉਥੇ ਹੀ ਉਸ ਦੇ ਅੰਗ ਆਕੜ ਗਏ ਉਹ ਹਿੱਲਣ ਜੋਗਾ ਨਾ ਰਿਹਾ ਅਤੇ ਅਗਲੇ ਦਿਨ ਫੌਜ ਨੇ ਆ ਕੇ ਉਸਨੂੰ ਪਕੜ ਲਿਆ । ਕਈਆਂ ਨੇ ਦੱਸਿਆ ਕਿ ਅਕਾਲ ਤਖ਼ਤ ' ਤੇ ਅਜਿਹੇ ਬੰਬ ਮਾਰੇ ਗਏ ਜਿਨਾਂ ਵਿੱਚੋਂ ਅਜਿਹੀ ਹਰਾਰਤ ਨਿਕਲੀ ਕਿ ਅਕਾਲ ਤਖ਼ਤ ਵਿਚ ਪਏ ਇਤਿਹਾਸਕ ਸ਼ਸਤਰਾਂ ਵਿੱਚੋਂ ਕੁਝ ਇੱਕ ਗਰਮੀ ਨਾਲ ਹੀ ਮੁੜ – ਤੁੜ ਗਏ। ਗੁਰੂ ਰਾਮਦਾਸ ਸਰਾਂ ਦੇ ਕੁੱਝ ਕਮਰਿਆਂ ਵਿੱਚ ਯਾਤਰੂ ਠਹਿਰੇ ਹੋਏ ਸਨ , ਉਨਾਂ ਨੂੰ ਫੌਜ ਨੇ ਬਾਹਰ ਨਾ ਨਿਕਲਣ ਦਿੱਤਾ ਅਤੇ ਉਹ ਪਿਆਸ ਨਾਲ ਹੀ ਦਮ ਤੋੜ ਗਏ ਅਤੇ ਜਿਹੜੇ ਬਚ ਗਏ ਉਨਾਂ ਨੂੰ ਗਿਫਤਾਰ ਕਰਕੇ ਫੌਜੀ ਕੈਂਪਾਂ ਵਿੱਚ ਕੈਦ ਕਰ ਦਿੱਤਾ ਗਿਆ ਜਿੱਥੇ ਉਨਾਂ ਨਾਲ ਬੜਾ ਦੁਰ ਵਿਵਹਾਰ ਹੋਇਆ।
1985 ਵਿੱਚ ਮੈਂ ਆਈ . ਏ ਐਸ . ਦੀ ਟ੍ਰੇਨਿੰਗ ਦੇ ਸਬੰਧ ਵਿੱਚ ਮਰੀ ਗਿਆ । ਉਥੇ ਹਰ ਇੱਕ ਪ੍ਰਾਂਤ ਤੋਂ ਅਫਸਰ ਟੇਨਿੰਗ ਲਈ ਆਏ ਹੋਏ ਸਨ । ਫੁਰਸਤ ਵਿੱਚ ਆਪਸ ਵਿੱਚ ਗੱਲਾਂ ਚਲਦੀਆਂ ਰਹਿੰਦੀਆਂ ਸਨ । ਇੱਕ ਸ਼ਾਮ ਰਾਜਸਥਾਨ ਤੋਂ ਸੀਕਰ ਦੇ ਡਿਪਟੀ ਕਮਿਸ਼ਨਰ ਤਿਵਾੜੀ ਨੇ ਦੱਸਿਆ ਕਿ 7 ਜੂਨ 1984 ਨੂੰ ਉਨਾਂ ਨੂੰ ਸੂਚਨਾ ਮਿਲੀ ਕਿ ਇਕ ਫੌਜੀ ਕੈਂਪ ਵਿੱਚ ਸਿੱਖ ਫੌਜੀ ਆਪਣੇ ਅਫਸਰਾਂ ਦੇ ਹੁਕਮਾਂ ਦੀ ਅਣਦੇਖੀ ਕਰਕੇ ਆਪਣੀ ਡਿਊਟੀ ਛੱਡ ਕੇ ਅੰਮ੍ਰਿਤਸਰ ਜਾਣ ਦਾ ਐਲਾਨ ਕਰਕੇ ਮੇਰੇ ਇਲਾਕੇ ਵਿੱਚੋਂ ਦੀ ਲੰਘ ਕੇ ਜਾ ਰਹੇ ਸਨ। ਮੈਨੂੰ ਹਦਾਇਤ ਹੋਈ ਕਿ ਮੈਂ ਉਨਾਂ ਨੂੰ ਰਸਤੇ ਵਿੱਚ ਹੀ ਰੋਕ ਲਵਾਂ ਅਤੇ ਅੰਮ੍ਰਿਤਸਰ ਵੱਲ ਵਧਣ ਨਾ ਦਿਆਂ। ਮੈਂ ਪੁਲਿਸ ਕਪਤਾਨ ਨੂੰ ਨਾਲ ਲੈ ਕੇ ਇੱਕ ਪੁਲਿਸ ਗਾਰਦ ਸਮੇਤ ਉਨਾਂ ਦੇ ਰਸਤੇ ਵਿੱਚ ਜਾ ਖੜਾ ਹੋਇਆ। ਜਦੋਂ ਮਿਲਟਰੀ ਦਾ ਟਰੱਕ ਜਿਸ ਵਿੱਚ ਇਹ ਭਗੌੜੇ ਸਵਾਰ ਸਨ ਮੇਰੇ ਲਾਗੇ ਆਇਆ ਤਾਂ ਮੈਂ ਉਸ ਨੂੰ ਹੱਥ ਦਿੱਤਾ । ਉਹ ਰੁਕ ਗਏ। ਵਿੱਚੋਂ ਦੋ ਤਿੰਨ ਫੌਜੀ ਜਵਾਨ ਉਤਰੇ। ਮੈਂ ਉਨਾਂ ਨੂੰ ਪੁੱਛਿਆ ਕਿ ਉਹ ਕਿਧਰ ਜਾ ਰਹੇ ਹਨ। ਮੈਂ ਉਨਾਂ ਨੂੰ ਅਜੇ ਉਧਰ ਵੱਲ ਰੁੱਖ ਨਾ ਕਰਨ ਤੋਂ ਪ੍ਰੇਰ ਹੀ ਰਿਹਾ ਸਾਂ ਕਿ ਪੁਲਿਸ ਕਪਤਾਨ ਨੇ ਆਪਣਾ ਰਿਵਾਲਵਰ ਕੱਢ ਕੇ ਸਾਰਿਆਂ ਨੂੰ ਮਾਰ ਦਿੱਤਾ । ਮੈਂ ਭੌਚੱਕਾ ਰਹਿ ਗਿਆ । ਖੈਰ ਅਸੀਂ ਬਾਕੀ ਦੇ ਫੌਜੀਆਂ ਨੂੰ ਵਾਪਸ ਮੋੜ ਲਿਆਏ । ਉਹ ਨਿਹੱਥੇ ਸਨ । ਪਿੱਛੋਂ ਪੁਲਿਸ ਕਪਤਾਨ ਨੇ ਇਹ ਕੇਸ ਬਣਾਇਆ ਕਿ ਫੌਜੀ ਹਥਿਆਰਬੰਦ ਸਨ ਅਤੇ ਮੁਕਾਬਲਾ ਕਰਕੇ ਉਨਾਂ ਨੂੰ ਕਾਬੂ ਕੀਤਾ ਗਿਆ। ਇਸ ਬਹਾਦਰੀ ਦੇ ਕਾਰਨਾਮੇ ਲਈ ਉਸ ਪੁਲਿਸ ਕਪਤਾਨ ਨੂੰ ਰਾਸ਼ਟਰਪਤੀ ਦਾ ਗੈਲੰਟਰੀ ਅਵਾਰਡ ਮਿਲ ਗਿਆ।
ਏਅਰ ਫੋਰਸ ਦੇ ਇਕ ਜੂਨੀਅਰ ਕਮਿਸ਼ਨਡ ਅਫ਼ਸਰ ਨੇ ਜੋ ਕਿ ਮਿੰਨੀ ਬਸ ਦਾ ਪ੍ਰਾਰਥੀ ਸੀ ਇਕ ਬਹੁਤ ਹੀ ਹਿਰਦੇ – ਵੇਦਕ ਗੱਲ ਸੁਣਾਈ। ਉਸਨੇ ਮੈਨੂੰ ਦੱਸਿਆ ਕਿ ਜਿਸ ਦਿਨ ਹਰਿਮੰਦਰ ਸਾਹਿਬ ' ਤੇ ਫੌਜੀ ਕਾਰਵਾਈ ਦੀ ਖਬਰ ਮਿਲੀ ਉਸ ਦੀ ਤਾਇਨਾਤੀ ਬੰਗਲੌਰ ਵਿਖੇ ਸੀ। ਉਸਨੇ ਰਾਤ ਨੂੰ ਮੈਸ ਵਿੱਚ ਖਾਣਾ ਨਾ ਖਾਧਾ । ਅਗਲੇ ਦਿਨ ਉਸ ' ਤੇ ਰੇਡ ਹੋ ਗਿਆ । ਉਸ ਦੇ ਕਮਰੇ ਵਿੱਚੋਂ ਗਾਤਰੇ ਵਾਲੀ ਛੋਟੀ ਕਿਰਪਾਨ ਪਕੜੀ ਗਈ। ਜਿਸ ਦੇ ਆਧਾਰ ' ਤੇ ਉਸ ਵਿਰੁੱਧ ਕੇਸ ਬਣ ਗਿਆ ਕਿ ਉਹ ਆਪਣੇ ਅਫਸਰਾਂ ਨੂੰ ਕਤਲ ਕਰਨ ਦੀ ਯੋਜਨਾ ਬਣਾ ਰਿਹਾ ਸੀ । ਉਸ ਨੇ ਬਹੁਤ ਵਾਵੇਲਾ ਕੀਤਾ ਕਿ ਗਾਤਰੇ ਦੀ ਕਿਰਪਾਨ ਤਾਂ ਧਾਰਮਿਕ ਚਿੰਨ ਸੀ । ਇਹ ਹਥਿਆਰ ਨਹੀਂ ਪਰ ਉਸਦੀ ਕਿਸੇ ਨੇ ਇਕ ਨਾ ਸੁਣੀ ਅਤੇ ਉਸਨੂੰ ਡਿਸਮਿਸ ਕਰ ਦਿੱਤਾ ਗਿਆ।
ਅਜਿਹੇ ਕਈ ਕਿੱਸੇ ਧੱਕੜਸ਼ਾਹੀ ਦੇ ਮੇਰੇ ਨੋਟਿਸ ਵਿੱਚ ਆਏ। ਸਾਧਾਰਨ ਲੋਕਾਂ ਦੇ ਦੁਖੜੇ ਲੂੰ ਕੰਡੇ ਖੜੇ ਕਰ ਦੇਣ ਵਾਲੇ ਸਨ।
ਉਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਹਰਿਮੰਦਰ ਸਾਹਿਬ ਨੂੰ ਫੌਜ ਨੇ ਬੰਦ ਕਰ ਦਿੱਤਾ ਸੀ। ਕਈ ਦਿਨਾਂ ਤੱਕ ਲੋਕਾਂ ਨੂੰ ਦਰਸ਼ਨਾਂ ਲਈ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ। ਪਰਕਰਮਾਂ ਵਿੱਚੋਂ ਜਦੋਂ ਲਾਸ਼ਾਂ ਚੁੱਕ ਲਈਆਂ ਗਈਆਂ ਅਤੇ ਦਰਬਾਰ ਸਾਹਿਬ ਨੂੰ ਫੌਜੀ ਕਾਰਵਾਈ ਵਿੱਚ ਜੋ ਨੁਕਸਾਨ ਪੁੱਜਾ ਸੀ , ਉਸਦੀ ਥੋੜੀ ਬਹੁਤੀ ਮੁਰੰਮਤ ਹੋ ਗਈ ਤਾਂ ਦਰਬਾਰ ਸਾਹਿਬ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਖੋਲ ਦਿੱਤਾ । ਇਨਾਂ ਹੀ ਦਿਨਾਂ ਵਿੱਚ ਜਦੋਂ ਮੈਂ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਿਆ ਤਾਂ ਸਭ ਪੋਚਾ – ਪੋਚੀ ਦੇ ਬਾਵਜੂਦ ਪ੍ਰਕਰਮਾਂ ਵਿਚੋਂ ਸੜੀਆਂ ਹੋਈਆਂ ਲਾਸ਼ਾਂ ਦੀ ਬਦਬੂ ਆ ਰਹੀ ਸੀ । ਥਾਂ – ਥਾਂ ਗੋਲੀਆਂ ਦੇ ਨਿਸ਼ਾਨ ਸਨ। ਪ੍ਰਕਰਮਾ ਦਾ ਫਰਸ਼ ਟੁੱਟਾ ਹੋਇਆ ਸੀ। ਲੋਕ ਇਹ ਸਭ ਕੁਝ ਦੇਖ ਕੇ ਹੰਝੂ ਵਹਾ ਰਹੇ ਸਨ । ਅਕਾਲ ਤਖ਼ਤ ਢੱਠਾ ਪਿਆ ਸੀ ਅਤੇ ਇਸਦੇ ਸਾਹਮਣੇ ਕੰਡੇਦਾਰ ਤਾਰ ਦੇ ਲੱਛੇ ਵਿਛਾਏ ਹੋਏ ਸਨ। ਫੌਜੀ ਕਿਸੇ ਨੂੰ ਅਕਾਲ ਤਖ਼ਤ ਸਾਹਿਬ ਦੇ ਲਾਗੇ ਨਹੀਂ ਸੀ ਢੁੱਕਣ ਦੇ ਰਹੇ। ਮੇਰੇ ਦੇਖਦੇ ਇੱਕ ਬਜ਼ੁਰਗ ਆਇਆ । ਉਸਨੇ ਢੱਠੇ ਹੋਏ ਅਕਾਲ ਤਖ਼ਤ ਨੂੰ ਦੂਰੋਂ ਖੜੇ ਹੋ ਕੇ ਮੱਥਾ ਟੇਕਿਆ ਅਤੇ ਫੇਰ ਅਰਦਾਸ ਕੀਤੀ , ਹੇ ਵਾਹਿਗੁਰੂ ਜਿਨਾਂ ਦੁਸ਼ਟਾਂ ਨੇ ਤੇਰਾ ਤਖ਼ਤ ਢਾਹਿਆ ਹੈ , ਮੈਨੂੰ ਬਲ ਬਖਸ਼ ਕਿ ਮੈਂ ਉਨਾਂ ਤੋਂ ਬਦਲਾ ਲਵਾਂ। ਲੋਕਾਂ ਦੇ ਗੁੱਸੇ ਦਾ ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ।

## ਜਾਰਜ ਫਲਾਇਡ ਦੀ ਮੌਤ ਦੇ...

ਫਾਲ ਰਿਵਰ, ਮਾਸਾਚੂਸੈਟਸ ਵਿਚ ਪ੍ਰਦਰਸ਼ਨਕਾਰੀ ਘਾਹ ਉਪਰ ਪੁੱਠੇ ਲੇਟ ਗਏ ਤੇ ਉਨਾਂ ਨੇ ਆਪਣੇ ਹੱਥ ਪਿੱਠ ਪਿੱਛੇ ਕੀਤੇ ਹੋਏ ਸਨ ਬਿਲਕੁੱਲ ਉਸੇ ਤਰਾਂ ਜਿਸ ਤਰਾਂ ਜਾਰਜ ਫਲਾਇਡ ਆਪਣੇ ਅੰਤ ਵੇਲੇ ਪੁੱਠਾ ਪਿਆ ਸੀ ਤੇ ਪੁਲਿਸ ਅਧਿਕਾਰੀ ਨੇ ਉਸ ਦੀ ਸਾਹ ਰਗ ਉਪਰ ਪੂਰੇ ਜੋਰ ਨਾਲ ਗੋਡਾ ਰਖਿਆ ਹੋਇਆ ਸੀ। ਫਾਲ ਰਿਵਰ ਦੇ ਪੁਲਿਸ ਅਧਿਕਾਰੀਆਂ ਨੇ ਵੀ ਗੋਡਿਆਂ ਭਾਰ ਹੋ ਕੇ ਪ੍ਰਦਰਸ਼ਨਕਾਰੀਆਂ ਦਾ ਸਾਥ ਦਿੱਤਾ। ਪੁਲਿਸ ਨੇ ਮੈਡੀਕਲ ਸੈਂਟਰ ਤਬਾਹ ਕੀਤਾ-ਐਸ਼ਵਿਲੇ, ਐਨ. ਸੀ ਵਿਚ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਲਈ ਬਣਾਇਆ ਵਾਲੰਟਰੀ ਮੈਡੀਕਲ ਸੈਂਟਰ ਤਬਾਹ ਕਰ ਦਿੱਤਾ। ਪੁਲਿਸ ਦਾ ਕਹਿਣਾ ਹੈ ਕਿ ਇਹ ਮੈਡੀਕਲ ਸੈਂਟਰ ਨਿੱਜੀ ਜਾਇਦਾਦ 'ਚ ਮਾਲਿਕ ਦੀ ਬਿਨਾਂ ਆਗਿਆ ਤੋਂ ਬਣਾਇਆ ਗਿਆ ਸੀ। ਪੁਲਿਸ ਨੇ ਇਥੇ ਪਈਆਂ ਪਾਣੀਆਂ ਦੀਆਂ ਬੋਤਲਾਂ, ਪੱਟੀਆਂ ਤੇ ਹੋਰ ਡਾਕਟਰੀ ਸਾਜ ਸਮਾਨ ਨਸ਼ਟ ਕਰ ਦਿੱਤਾ। ਮੇਅਰ ਐਸਥਰ ਮੈਨਹੀਮਰ ਨੇ ਪੁਲਿਸ ਦੀ ਇਸ ਕਾਰਵਾਈ ਨੂੰ ਬੇਹੂਦਾ ਕਰਾਰ ਦਿੱਤਾ ਹੈ। ਪੁਲਿਸ ਮੁੱਖੀ ਡੇਵਿਡ ਜੈਕ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਬੋਤਲਾਂ ਨੂੰ ਪੁਲਿਸ ਖਿਲਾਫ ਹਥਿਆਰ ਵਜੋਂ ਵਰਤ ਰਹੇ ਸਨ ਇਸ ਲਈ ਉਨਾਂ ਨੂੰ ਤਬਾਹ ਕੀਤਾ ਗਿਆ ਹੈ।

## ਮੋਦੀ ਜੀ ਦਾ ਭਾਰਤ, ਭਾਰਤੀਆਂ...

ਮੋਦੀ ਜੀ ਦੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਦੇ ਵਿੱਚ ਹੀ ਦੇਸ਼ ਦੀ ਅਰਥ ਵਿਵਸਥਾ ਬੁਰੀ ਤਰਾਂ ਲੜਖੜਾ ਗਈ ਹੈ। ਬੇਰੁਜ਼ਗਾਰੀ ਨੇ ਫੰਨ ਫੈਲਾ ਲਏ। ਕੋਰੋਨਾ ਆਫ਼ਤ ਨੇ ਇਸ ਵਿੱਚ ਵੱਡਾ ਵਾਧਾ ਕੀਤਾ। ਮੋਦੀ ਜੀ ਦੀ ਸਰਕਾਰ ਨੇ 20 ਲੱਖ ਕਰੋੜੀ ਪੈਕੇਜ ਜਾਰੀ ਕੀਤਾ, ਜੋ ਅਸਲ ਅਰਥਾਂ ਵਿੱਚ ਕਰਜ਼ੇ ਦਾ ਪੈਕੇਜ ਸੀ। ਹਾਲੋਂ-ਬੇਹਾਲ ਹੋਏ ਕਿਸਾਨਾਂ ਦੇ ਪੱਲੇ ਕਰਜ਼ੇ ਦੀ ਪੰਡ ਹੋਰ ਭਾਰੀ ਹੋਣ ਦੀ ਸੰਭਾਵਨਾ ਵਧੀ। ਕਾਰਪੋਰੇਟ ਸੈਕਟਰ ਦੇ ਵਾਰੇ-ਨਿਆਰੇ ਹੋ ਗਏ। ਮਜ਼ਦੂਰਾਂ ਦੀਆਂ ਛੁੱਟੀਆਂ ਨੌਕਰੀਆਂ, ਛੋਟੇ ਕਾਰੋਬਾਰ ਵਾਲਿਆਂ ਦੇ ਬੰਦ ਹੋਏ ਕੰਮਾਂ ਵਾਲਿਆਂ ਪੱਲੇ ਕੋਈ ਨਕਦੀ ਰਾਹਤ ਨਾ ਪਾਈ ਗਈ। ਮੋਦੀ ਜੀ ਦੇ ਪਹਿਲੇ ਸਾਲ ਦੀ ਪ੍ਰਾਪਤੀ ਵਜੋਂ ਬੈਂਕਾਂ ਦੇ ਕਰਜ਼ੇ ਨੂੰ ਕਾਰਪੋਰੇਟ ਸੈਕਟਰ ਦੇ ਵੱਡੇ ਧਨੰਤਰਾਂ ਦੇ ਕਰਜ਼ੇ ਨੂੰ ਵੱਟੇ-ਖਾਤੇ ਪਾਉਣਾ ਕਿਉਂ ਨਾ ਮੰਨਿਆ ਜਾਵੇ? ਕਿਸਾਨਾਂ ਵੱਲ ਆਪਣੀ ਪਿੱਠ ਮੋੜਨਾ ਕਿਉਂ ਨਾ ਮੰਨਿਆ ਜਾਵੇ?
ਮੋਦੀ ਸਰਕਾਰ, ਇੱਕ ਚੁਣੀ ਹੋਈ ਸਰਕਾਰ ਵਜੋਂ ਲੋਕਤੰਤਰਿਕ ਸਰਕਾਰ ਨਹੀਂ ਆਖੀ ਜਾ ਸਕਦੀ ਕਿਉਂਕਿ ਇਸਦਾ ਕੰਮ-ਕਾਰ ਪ੍ਰਧਾਨ ਮੰਤਰੀ ਦਫਤਰ ਦੇ ਕਰਿੰਦੇ ਹੀ ਚਲਾਉਂਦੇ ਹਨ, ਜੋ ਬਹੁਤੀਆਂ ਹਾਲਤਾਂ ਵਿੱਚ ਅਸਲੀਅਤ ਤੋਂ ਦੂਰ ਰਹਿੰਦੇ ਹਨ ਅਤੇ ਹਕੂਮਤੀ ਅਜੰਡੇ ਨੂੰ ਪੂਰਿਆਂ ਕਰਨ ਲਈ ਲੋਕ ਵਿਰੋਧੀ ਫੈਸਲੇ ਲਾਗੂ ਕਰਨ ਤੋਂ ਵੀ ਨਹੀਂ ਹਿਚਕਚਾਉਂਦੇ।
ਇੰਜ ਮੋਦੀ ਜੀ ਦੀ ਸਰਕਾਰ ਦਾ ਅਜੰਡਾ ਆਤਮ ਨਿਰਭਰ ਭਾਰਤ ਦਾ ਅਜੰਡਾ ਕਿਵੇਂ ਬਣੇਗਾ, ਜਦੋਂ ਆਤਮ ਨਿਰਭਰ ਬਣਾਉਣ ਲਈ ਮੋਦੀ ਜੀ ਸਿਰਫ਼ ਪੀ.ਪੀ. ਈ. ਕਿੱਟਾਂ, ਵੈਂਟੀਲੇਟਰ ਅਤੇ ਐੱਨ-95 ਮਾਸਕ ਬਣਾਕੇ ਅਤੇ ਦੁਨੀਆ ਦੇ 53 ਦੇਸ਼ਾਂ ਨੂੰ ਜ਼ਰੂਰਤ ਦੀਆਂ ਦਵਾਈਆਂ ਭੇਜਕੇ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੀ ਗੱਲ ਕਰ ਰਹੇ ਹਨ। ਮੋਦੀ ਜੀ ਇੱਕ ਅਜਿਹਾ ਰਾਸ਼ਟਰ ਬਣਾਉਣ ਵੱਲ ਕਦਮ ਵਧਾਉਣ ਦੀ ਗੱਲ ਵੀ ਕਰਦੇ ਹਨ, ਜਿੱਥੇ ਨਾ ਕੋਈ ਸ਼ੋਸ਼ਕ ਹੋਏਗਾ ਨਾ ਸ਼ੋਸ਼ਿਤ, ਨਾ ਕੋਈ ਮਾਲਕ ਹੋਏਗਾ ਨਾ ਮਜ਼ਦੂਰ, ਨਾ ਅਮੀਰ ਹੋਏਗਾ ਨਾ ਗਰੀਬ ਅਤੇ ਸਭ ਲਈ ਸਿੱਖਿਆ, ਰੁਜ਼ਗਾਰ, ਡਾਕਟਰੀ ਇਲਾਜ ਅਤੇ ਉਨਤੀ ਦੇ ਸਮਾਨ ਅਤੇ ਸਹੀ ਅਵਸਰ ਉਪਲਬਧ ਹੋਣਗੇ।
ਸਰਕਾਰ ਦਾ ਇਹ ਅਜੰਡਾ ਕੀ ਸੱਚਮੁੱਚ ਸਰਕਾਰ ਦਾ ਅਜੰਡਾ ਹੈ ਜਾਂ ਫਿਰ 'ਹਾਥੀ ਕੇ ਦਾਂਤ ਖਾਨੇ ਕੋ ਔਰ, ਦਿਖਾਨੇ ਕੋ ਔਰ' ਹੈ, ਜੋ ਉਹਨਾਂ ਦੇ ਇੱਕ ਸਾਲ ਦੇ ਅਮਲਾਂ ਤੋਂ ਸਪਸ਼ਟ ਦਿਸ ਰਿਹਾ ਹੈ।
ਇੱਕ ਗੱਲ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਭਾਰਤ, ਭਾਰਤੀਆਂ ਦਾ ਹੈ। ਕੋਈ ਵੀ ਸਰਕਾਰ ਭਾਰਤੀ ਲੋਕਾਂ ਨੂੰ ਵਰਗਲਾ ਨਹੀਂ ਸਕਦੀ ਹੈ। ਹਾਂ, ਭੜਕਾਊ ਗੱਲਾਂ ਨਾਲ ਕੁਝ ਸਮਾਂ ਰਾਹੋਂ ਭਟਕਾ ਸਕਦੀ ਹੈ। ਜਿਹੜੀ ਸਰਕਾਰ ਦੇਸ਼ ਦੀਆਂ ਲੋਕਤੰਤਰਿਕ ਕਦਰਾਂ ਕੀਮਤਾਂ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰੇਗੀ, ਉਸ ਸਰਕਾਰ ਨੂੰ ਲੋਕ ਵਿਰੋਧੀ ਸਰਕਾਰ ਮੰਨਿਆ ਜਾਏਗਾ। ਸਰਕਾਰ, ਹਾਕਮ ਪਾਰਟੀ ਨੂੰ ਇਸਦਾ ਖ਼ਮਿਆਜ਼ਾ ਭੁਗਤਣਾ ਪਏਗਾ।

## ਭਾਰਤ ਸਰਕਾਰ ਵੱਲੋਂ ਐਲਾਨੇ...

ਮੁੱਖ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਇਸ ਨਾਲ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਵਿਵਸਥਾ ਦੇ ਖ਼ਾਤਮੇ ਦਾ ਮੁੱਢ ਬੱਝੇਗਾ ਅਤੇ ਸੂਬੇ ਦੇ ਕਿਸਾਨਾਂ ਵਿਚ ਬੇਚੈਨੀ ਪੈਦਾ ਹੋਵੇਗੀ।
ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ, ਭਾਰਤ ਸਰਕਾਰ ਦੇ ਮੁਲਕ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਵਾਲੇ ਹਰ ਉਸ ਕਦਮ ਖ਼ਿਲਾਫ਼ ਲੜੇਗਾ, ਜਿਸ ਨਾਲ ਸੂਬੇ ਦੇ ਮਜ਼ਬੂਤ ਖੇਤੀ ਉਤਪਾਦਨ ਅਤੇ ਮਾਰਕੀਟਿੰਗ ਵਿਵਸਥਾ ਵਿੱਚ ਸਿੱਧਾ ਜਾਂ ਨੁਕਸਾਨਦਾਇਕ ਦਖ਼ਲ ਦਿੱਤਾ ਜਾ ਰਿਹਾ ਹੋਵੇ।
ਉਨਾਂ ਕਿਹਾ ਕਿ ਅਜਿਹਾ ਫ਼ੈਸਲਾ ਮੁਲਕ ਦੀ ਅੰਨ ਸੁਰੱਖਿਆ, ਜਿਸ ਨੂੰ ਬਹਾਲ ਰੱਖਣ ਲਈ ਹਰੀ ਕ੍ਰਾਂਤੀ ਤੋਂ ਹੀ ਪੰਜਾਬ ਦੇ ਨਿਰਸਵਾਰਥ ਕਿਸਾਨਾਂ ਨੇ ਸਖ਼ਤ ਮਿਹਨਤ ਕੀਤੀ ਹੈ, ਨੂੰ ਬੁਰੀ ਤਰਾਂ ਪ੍ਰਭਾਵਿਤ ਕਰੇਗਾ। ਕੈਪਟਨ ਨੇ ਆਖਿਆ ਕਿ ਭਾਰਤ ਦਾ ਸੰਘੀ ਢਾਂਚਾ ਕੇਂਦਰ ਅਤੇ ਸੂਬਿਆਂ ਦੀਆਂ ਜ਼ਿੰਮੇਵਾਰੀਆਂ ਅਤੇ ਭੂਮਿਕਾ ਨੂੰ ਸਪੱਸ਼ਟ ਰੂਪ ਵਿੱਚ ਨਿਰਧਾਰਤ ਕਰਦਾ ਹੈ।
ਉਨਾਂ ਕਿਹਾ ਕਿ ਸੰਵਿਧਾਨਕ ਵਿਵਸਥਾ ਤਹਿਤ ਖੇਤੀਬਾੜੀ ਸੂਬੇ ਦਾ ਵਿਸ਼ਾ ਹੈ ਅਤੇ ਕੇਂਦਰ ਸਰਕਾਰ ਕੋਲ ਅਜਿਹਾ ਕਾਨੂੰਨ ਬਣਾਉਣ ਲਈ ਕੋਈ ਸ਼ਕਤੀਆਂ ਨਹੀਂ, ਜਿਸ ਨਾਲ ਖੇਤੀਬਾੜੀ ਉਤਪਾਦਨ, ਮਾਰਕੀਟਿੰਗ ਅਤੇ ਪ੍ਰੋਸੈਸਿੰਗ ਦੀ ਗਤੀਸ਼ੀਲਤਾ ਨਾਲ ਨਜਿੱਠਿਆ ਜਾ ਸਕੇ।
ਉਨਾਂ ਕਿਹਾ ਕਿ ਇਹ ਮਸਲੇ ਸੂਬਿਆਂ ਦੇ ਹਨ, ਜਿਨਾਂ ਨੂੰ ਸੂਬੇ ਨਿੱਜੀ ਪੱਧਰ 'ਤੇ ਬਿਹਤਰੀ ਨਾਲ ਨਜਿੱਠ ਸਕਦੇ ਹਨ। ਉਨਾਂ ਕਿਹਾ, "ਕਿਸਾਨੀ ਪੈਦਾਵਾਰ, ਵਪਾਰ ਅਤੇ ਵਣਜ (ਉੱਥਾਨ ਅਤੇ ਸਹੂਲਤ) ਆਰਡੀਨੈਂਸ-2020 ਕੇਂਦਰ ਸਰਕਾਰ ਦੇ ਪੱਧਰ 'ਤੇ ਉੱਚ ਦਰਜੇ ਦਾ ਨਾਂਹ-ਪੱਖੀ ਫ਼ੈਸਲਾ ਹੈ।"
ਕਿਸਾਨ ਜਥੇਬੰਦੀਆਂ ਦਾ ਵਿਰੋਧ
ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਕਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਵੱਖ ਵੱਖ ਥਾਵਾਂ 'ਤੇ ਕੀਤੇ ਗਏ ਸਮਾਗਮਾਂ ਤੇ ਰੋਸ ਪ੍ਰਦਰਸ਼ਨਾਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਮੰਡੀ ਪ੍ਰਬੰਧ ਤੋੜ ਕੇ ਖੁੱਲੀ ਮੰਡੀ ਰਾਹੀਂ ਪੂਰਾ ਪ੍ਰਬੰਧ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ, ਭਾਅ ਬੰਨਣ ਦੀ ਨੀਤੀ ਤਿਆਗਣ ਨਾਲ ਕਿਸਾਨੀ ਕਿੱਤਾ ਪੂਰੀ ਤਰਾਂ ਬਰਬਾਦ ਹੋ ਜਾਵੇਗਾ।
ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕੇਂਦਰ ਸਰਕਾਰ ਦੀ 'ਇਕ ਦੇਸ਼, ਇਕ ਮੰਡੀ' ਨੀਤੀ ਖ਼ਿਲਾਫ਼ ਇੱਥੋਂ ਦੀ ਦਾਣਾ ਮੰਡੀ ਵਿਚ ਰੋਸ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀ ਨੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖ਼ਿਲਾਫ਼ ਕਿਸਾਨਾਂ ਨੂੰ ਲਾਮਬੰਦ ਹੋਣ ਦਾ ਹੋਕਾ ਦਿੱਤਾ। ਜਥੇਬੰਦੀ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ ਦੀ ਅਗਵਾਈ ਹੇਠ ਕੀਤੇ ਇਸ ਪ੍ਰਦਰਸ਼ਨ ਵਿਚ ਸ਼ਾਮਲ ਨਿਰਵੈਲ ਸਿੰਘ, ਭੁਪਿੰਦਰ ਸਿੰਘ ਨੇ ਖੁੱਲੀ ਮੰਡੀ ਨੂੰ ਕਿਸਾਨਾਂ ਲਈ ਘਾਤਕ ਦੱਸਿਆ।
ਪਿੰਡ ਰੁੜਕਾ ਕਲਾਂ ਵਿਚ ਜਮਹੂਰੀ ਕਿਸਾਨ ਸਭਾ ਅਤੇ ਕਿਰਤੀ ਕਿਸਾਨ ਯੂਨੀਅਨ ਨੇ ਭਾਜਪਾ ਦੀ ਮੋਦੀ ਸਰਕਾਰ ਵੱਲੋਂ ਖੇਤੀ ਸੈਕਟਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਵਿਰੁੱਧ ਰੋਹ ਦਾ ਪ੍ਰਗਟਾਵਾ ਕੀਤਾ ਗਿਆ।

## ਗੁਰਦੁਆਰਾ ਸਿੱਖ ਐਸੋਸੀਏਸ਼ਨ..

ਹੋਰਨਾਂ ਤੋਂ ਇਲਾਵਾ ਸ. ਜਸਦੀਪ ਸਿੰਘ ਜੱਸੀ, ਦਲਜੀਤ ਸਿੰਘ, ਕੇ. ਕੇ. ਸਿੱਧੂ, ਗੁਰਪ੍ਰੀਤ ਸਿੰਘ ਸੰਨੀ, ਕਾਂਤਾ ਦੇਵੀ, ਬਲਜਿੰਦਰ ਸਿੰਘ ਸ਼ੰਮੀ, ਭਾਈ ਹਰਬੰਸ ਸਿੰਘ, ਮਿਸਟਰ ਸੇਠੀ, ਦਲਵੀਰ ਸਿੰਘ ਤੇ ਰਤਨ ਸਿੰਘ, ਬਿੰਦਰ ਸਿੰਘ ਨੇ ਗੁਰੂਘਰ ਨੂੰ ਦੁਬਾਰਾ ਖੋਲਣ ਵਿੱਚ ਅਹਿਮ ਰੋਲ ਨਿਭਾਇਆ।ਭਾਈ ਜਸਪਾਲ ਸਿੰਘ ਦੇ ਜੱਥੇ ਨੂੰ ਸਿਰੋਪਾਉ ਰਾਹੀਂ ਸਨਮਾਨਿਤ ਕੀਤਾ ਗਿਆ, ਜੋ ਪਿਛਲੇ ਪੰਜ ਮਹੀਨਿਆਂ ਤੋਂ ਸੇਵਾ ਨਿਭਾਅ ਰਹੇ ਸਨ। ਉਹਨਾਂ ਦੇ ਨਾਲ ਭਾਈ ਕਿਸ਼ਨ ਸਿੰਘ ਅਤੇ ਭਾਈ ਜਨਕ ਸਿੰਘ ਵੀ ਇਸ ਸਨਮਾਨ ਵਿੱਚ ਸ਼ਾਮਲ ਸਨ।
ਮੈਰੀਲੈਂਡ ਦਾ ਇਹ ਪਹਿਲਾ ਗੁਰੂਘਰ ਹੈ ਜਿੱਥੇ ਸੰਗਤਾਂ ਦੀ ਸ਼ਮੂਲੀਅਤ ਆਮ ਵਾਂਗ ਸੀ। ਜਿੱਥੇ ਦੋ ਜਥਿਆਂ ਨੇ ਕੀਰਤਨ ਕੀਤਾ ਅਤੇ ਪ੍ਰਬੰਧਕਾਂ ਵਲੋਂ ਅਥਾਹ ਸੇਵਾ ਕੀਤੀ ਗਈ। ਸੰਗਤਾਂ ਨੇ ਵੀ ਪੂਰਨ ਸ਼ਰਧਾ ਤੇ ਸਾਵਧਾਨੀਆਂ ਨਾਲ ਗੁਰੂਘਰ ਦੀ ਮਰਿਯਾਦਾ ਅਨੁਸਾਰ ਸਮਾਗਮ ਦਾ ਅਨੰਦ ਮਾਣਿਆ।



## ਨਹੀਂ ਲੱਭਣੇ ਲਾਲ ਗੁਆਚੇ

'ਅਕਾਲੀ ਤਾਂ ਕੈਂਦੇ ਅੱਤਵਾਦੀ ਖਤਮ ਹੋਗੇ' ਮੰਤਰੀ ਨੇ ਦਾਹੜੀ ਵਿੱਚ ਹੱਥ ਫੇਰ ਕੇ ਤੇ ਹੱਸ ਕੇ ਕਿਹਾ।

'ਪਤਾ ਨੀ ਜੀ ਹੁਣ ਥੋਡੇ ਰੱਖਣ ਦੇ ਆਂ ਅਸੀਂ ਤਾਂ ਘਰੋਂ ਬੇਘਰ ਹੋਏ ਤੁਰੇ ਫਿਰਦੇ ਆਂ ਅੱਤ ਦੀ ਸਾਡੇ ਘਰੀ ਗਰੀਬੀ ਆ, ਨਈਂ ਤਾਂ ਪੁਲਸ ਵਾਲਿਆਂ ਨੂੰ ਕੁਸ਼ ਦੇ ਲੈ ਕੇ ਪਿੱਛਾ ਛੁਡਾ ਲੈਂਦੇ' ਕੇਵਲ ਨੇ ਰੋਣਹਾਕਾ ਹੋ ਕੇ ਕਿਹਾ।

'ਹੁਣ ਤੱਕ ਜੋ ਹੋ ਗਿਆ ਹੋ ਗਿਆ, ਹੁਣ ਥੋਨੂੰ ਪੁਲੀਸ ਨੀ ਤੰਗ ਕਰੂਗੀ' ਮੰਤਰੀ ਨੇ ਕਿਹਾ ਤਾ ਸਾਰਿਆਂ ਦੇ ਮੂੰਹਾਂ ਤੇ ਖੁਸ਼ੀ ਆ ਗਈ।

'ਮੰਤਰੀ ਜੀ ਦੀ ਜੈ, ਮੰਤਰੀ ਜੀ ਦੀ ਜੈ' ਸਾਰੇ ਖੜੇ ਹੋ ਕੇ ਨਾਹਰੇ ਲਾਉਣ ਲੱਗ ਪਏ। ਮੰਤਰੀ ਨੇ ਖੜੇ ਹੋ ਕੇ ਬਿਠਾਏ। ਆਵਦੇ ਪੀ ਏ ਨੂੰ ਕੋਲ ਸੱਦ ਲਿਆ।

'ਮੈਂ ਦਿੱਲੀ ਜਾਣਾ ਜਿਸ ਨੂੰ ਪੁਲੀਸ ਤੰਗ ਕਰਦੀ ਏ ਉਹਨਾ ਦੇ ਨਾਮ ਤੇ ਪੁਲੀਸ ਸ਼ਟੇਸ਼ਨ ਦਾ ਨਾਮ ਲੈ ਲਵੋ ਤੇ ਸਾਰੇ ਠਾਣਿਆਂ ਨੂੰ ਅਤੇ ਜਿਲੇ ਦੇ ਡੀ ਸੀ ਨੂੰ ਲੈਟਰ ਭੇਜ ਦਿਓ ਕਿ ਜੇ ਕਿਸੇ ਵੀ ਪੁਲੀਸ ਵਾਲੇ ਨੇ ਇਹਨਾਂ ਨੂੰ ਤੰਗ ਕੀਤਾ ਤਾਂ ਉਸਦੀ ਖੈਰ ਨਹੀਂ'

'ਓ ਕੇ ਸਰ' ਪੀ ਏ ਨੇ ਸਿਰ ਝੁਕਾ ਕੇ ਕਿਹਾ ਤੇ ਮੰਤਰੀ ਦੇ ਸ਼ਪੈਸ਼ਲ ਕਾਰਡ ਦੇ ਦਿੱਤੇ।

'ਅੱਜ ਤੋਂ ਬਾਅਦ ਥੋਨੂੰ ਕੋਈ ਪੁਲੀਸ ਵਾਲਾ ਤੰਗ ਨਹੀਂ ਕਰੂਗਾ ਜੇ ਕੋਈ ਤੰਗ ਕਰਦਾ ਤਾਂ ਪੈਲਾਂ ਮੇਰਾ ਕਾਰਡ ਦਿਖੌਣਾਂ ਫਿਰ ਨਾ ਮੰਨਣ ਤਾਂ ਮੈਨੂੰ ਸਿੱਧਾ ਫੂਨ ਕਰਨਾ' ਮੰਤਰੀ ਨੇ ਕਿਹਾ ਅਤੇ ਚਲੇ ਗਏ।

'ਹੁਣ ਤੁਸੀਂ ਜਾਵੋ ਤੇ ਬੇ-ਫਿਕਰ ਹੋ ਕੇ ਕੰਮ ਕਰੋ ਜ਼ਮੀਨ ਤਾਂ ਅਸੀਂ ਦੇ ਨੀ ਸਕਦੇ ਪਰ ਅੱਜ ਤੋਂ ਬਾਦ ਪੁਲਸ ਨੀ ਤੰਗ ਕਰੂਗੀ' ਪੀ ਏ ਨੇ ਕਿਹਾ।

'ਆਹ ਮੁੰਡੇ ਦਾ ਤਾਂ ਵਿਆਹ ਸੀ ਜੀ ਵਿਆਹ 'ਚੋ' ਭੱਜ ਕੇ ਆਇਆ'

'ਮੈਨੂੰ ਪਤਾ ਮੈਂ ਅਖ਼ਬਾਰ 'ਚ' ਪੜ ਲਿਆ ਸੀ ਕਿ ਫੌਜੀ ਲਾਵਾਂ ਵੇਲੇ ਘਰੋਂ ਫਰਾਰ?'

'ਫਰਾਰ ਕੀ ਹੋਣਾ ਸੀ ਪੁਲਸ ਆਗੀ ਮੈਂ ਭੱਜ ਗਿਆ, ਪਹਿਲਾਂ ਕਾਲੀਆਂ ਕੋਲ ਗਏ ਓਹਨਾ ਨੇ ਕੁਸ਼ ਪੱਲੇ ਨੀ ਪਾਇਆ ਸੋਚਿਆ ਪਟਿਆਲੇ ਵਾਲੇ ਮੰਤਰੀ ਜੀ ਕੋਲ ਚੱਲੋ ਸ਼ੈਦ ਮਨ ਮੇਹਰ ਪੈ ਜਾਵੇ' ਕੇਵਲ ਨੇ ਕਿਹਾ।

'ਮੈਂ ਵੀ ਸੋਚੀ ਜਾਵਾਂ ਕਿ ਲਾਵਾਂ ਵੇਲੇ ਕੁੜੀਆਂ ਤਾਂ ਘਰੋਂ ਫਰਾਰ ਹੁੰਦੀਆ ਨੇ ਪਰ ਮੁੰਡਾ ਘਰੋਂ ਕਿਉਂ ਭੱਜ ਗਿਆ? ਪਰ ਅਖਬਾਰ 'ਚ ਪੁਲਸ ਦਾ ਵੇਰਵਾ ਨੀ ਆਇਆ ਬੜੇ ਕੁੱਤੇ ਆ ਅਖਬਾਰਾਂ ਵਾਲੇ ਗੱਲ ਗੋਲ ਲਿਖ ਦਿੰਦੇ ਨੇ' ਪੀ ਏ ਨੇ ਕਿਹਾ।

'ਹੁਣ ਜੀ ਅਸੀਂ ਜਾ ਸਕਦੇ ਆਂ?' ਮੀਕੇ ਨੇ ਪੁੱਛਿਆ

'ਜੀ ਘਰੇ ਜਾਈਏ' ਕੇਵਲ ਨੇ ਡਰਦੇ ਡਰਦੇ ਨੇ ਦੁਬਾਰਾ ਪੁੱਛਿਆ।

'ਹਾਂ, ਹਾਂ ਖੁਸ਼ੀ ਨਾਲ ਘਰੇ ਜਾਵੋ, ਥੋਡੇ ਘਰ ਜਾਣ ਤੋਂ ਪਹਿਲਾਂ ਫੈਕਸਾਂ ਪਹੁੰਚ ਜਾਣਗੀਆਂ ਥੋਡੀ ਕੋਈ ਵਾਅ ਵੱਲ ਨੀ ਦੇਖ ਸਕਦਾ' ਆਖ ਕੇ ਪੀ ਏ ਨੇ ਪੰਜਾਬ ਦੇ ਸਾਰੇ ਠਾਣਿਆ ਅਤੇ ਡੀਸੀ ਨੂੰ ਫੈਕਸਾਂ ਭੇਜ ਦਿੱਤੀਆਂ ਕਿ ਧਰਮੀ ਫੌਜੀਆਂ ਨੂੰ ਅੱਤਵਾਦੀਆਂ ਦੇ ਨਾਂ ਤੇ ਤੰਗ ਨਾ ਕੀਤਾ ਜਾਵੇ। ਕਿਉਂਕਿ ਅੱਤਵਾਦੀ ਖਤਮ ਹੋ ਚੁੱਕੇ ਹਨ। ਕਿਸੇ ਵੀ ਧਰਮੀ ਫੌਜੀ ਦੇ ਘਰ ਪੁਲੀਸ ਭੇਜਣ ਤੋਂ ਪਹਿਲਾਂ ਐਮ ਐਲ ਏ ਨੂੰ ਖ਼ਬਰ ਦਿੱਤੀ ਜਾਵੇ। ਕਿਉਂਕਿ ਐਮ ਐਲ ਏ ਮੰਤਰੀ ਦਾ ਬੰਦਾ ਸੀ। ਇੱਕ ਫੈਕਸ ਐਮ ਐਲ ਏ ਨੂੰ ਵੀ ਭੇਜ ਦਿੱਤੀ। ਸਾਰੇ ਧਰਮੀ ਫੌਜੀਆਂ ਨੇ ਫਿਰ ਗੁਰਦਵਾਰਾ ਸਾਹਿਬ ਜਾ ਕੇ ਸ਼ੁਕਰਾਨਾ ਕੀਤਾ।

ਸ਼ਾਮ ਨੂੰ ਸਾਰੇ ਆਪੋ ਆਪਣੇ ਘਰ ਆ ਗਏ। ਕੇਵਲ ਘਰ ਦੀ ਬਜਾਏ ਚੰਡੀਗੜ ਗਿਆ। ਪਰ ਉੱਥੋਂ ਦਾ ਮਹੌਲ ਦੇਖਕੇ ਹੈਰਾਨ ਹੋ ਗਿਆ ਕੇਵਲ ਨੂੰ ਜਿਹਨਾ ਨੇ ਹੱਥਾਂ ਤੇ ਚੱਕਿਆ ਸੀ ਅੱਜ ਮਾਮੀ, ਭਿੰਦਾ ਤੇ ਸੀਤਲ ਅੱਖ ਨਹੀਂ ਸਨ ਮਿਲਾ ਰਹੇ! ਮਾਮੀ ਨੇ ਕੇਵਲ ਨੂੰ ਮੰਜੇ ਤੇ ਬੈਠਣ ਦਾ ਇਸ਼ਾਰਾ ਕੀਤਾ, ਕੇਵਲ ਹੈਰਾਨ ਸੀ? ਮਾਮੀ ਨੇ ਕੇਵਲ ਨੂੰ ਪਾਣੀ ਦਾ ਗਲਾਸ ਦਿੱਤਾ ਤੇ ਸਾਹਮਣੇ ਵਾਲੇ ਮੰਜੇ ਤੇ ਬੈਠ ਗਈ।

'ਪੁੱਤ ਗੁੱਸੇ ਤਾਂ ਤੂੰ ਹੋਏਂਗਾ ਕਿਉਂਕਿ ਅਸੀਂ ਤੇਰੇ ਨਾਲ ਕੁੜੀ ਦਾ ਵਿਆਹ ਕਰਕੇ ਕੋਰਟ ਕਚੈਹਰੀਆਂ ਦੇ ਚੱਕਰ 'ਚ' ਨੀ ਪੈਣਾ ਚੌਂਦੇ' ਮਾਮੀ ਦੀ ਗੱਲ ਸੁਣਕੇ ਕੇਵਲ ਬਰਫ਼ ਵਿੱਚ ਲੱਗ ਗਿਆ!

'ਮਾਮੀ ਜੀ ਮੈਂ ਥੋਨੂੰ ਫੂਨ ਤੇ ਦੱਸ ਦਿੱਤਾ ਸੀ ਕਿ ਪੁਲੀਸ ਐਂਵੇ ਆਈ ਸੀ ਤੇ ਚਲੀ ਗਈ' ਕੇਵਲ ਨੇ ਕਿਹਾ ਕਿਉਂਕਿ ਕੇਵਲ ਨੇ ਫੂਨ ਤੇ ਸਾਰੀ ਦੱਸ ਦਿੱਤੀ ਸੀ। ਪਰ ਮਾਮੀ ਨੂੰ ਯਕੀਂਨ ਨਹੀਂ ਸੀ ਆ ਰਿਹਾ!

'ਠੀਕ ਆ ਪੁੱਤ! ਦੁੱਧ ਦਾ ਸਾੜਿਆ ਲੱਸੀ ਨੂੰ ਵੀ ਫੂਕਾਂ ਮਾਰਕੇ ਪੀਂਦਾ, ਮੈਂ ਆਪਣੀ ਭਾਣਜੀ ਨੂੰ ਪੁਲਸ ਦੇ ਚੱਕਰ ਨੀ ਪੈਣਾ ਚੌਂਦੀ, ਏਹ ਤਾਂ ਵਿਚਾਰੀ ਪੈਂਲਾਂ ਈ ਬੌਤ ਦੁਖੀ ਆ' ਮਾਮੀ ਨੇ ਰੋ ਕੇ ਕਿਹਾ।

'ਕੀ ਮੈਂ ਸੀਤਲ ਨਾਲ ਗੱਲ ਕਰ ਸਕਦਾਂ?'

'ਕਰ ਲਾ ਪਰ ਕੋਈ ਫੈਦਾ ਨੀ' ਆਖਕੇ ਮਾਮੀ ਨੇ ਸੈਨਤ ਨਾਲ ਸੀਤਲ ਨੂੰ ਕੋਲ ਬੁਲਾ ਲਿਆ ਤੇ ਆਪ ਚਾਹ ਕਰਨ ਚਲੀ ਗਈ।

'ਸੀਤਲ ਤੂੰ ਮੈਨੂੰ ਪਸੰਦ ਨੀ ਕਰਦੀ' ਕੇਵਲ ਨੇ ਸੀਤਲ ਦੀਆਂ ਅੱਖਾਂ ਵਿੱਚ ਅੱਖਾਂ ਪਾਕੇ ਪੁੱਛਿਆ।

'ਏਹ ਮੈਂ ਕਦੋਂ ਕਿਹਾ' ਸੀਤਲ ਨੇ ਰੋਂਦੀ ਹੋਈ ਨੇ ਕਿਹਾ।

'ਫਿਰ ਵਿਆਹ ਤੋਂ ਇਨਕਾਰ ਕਿਓਂ'

'ਇਨਕਾਰ ਮੈਂ ਨੀ ਮੇਰੀ ਮਾਮੀ ਤੇ ਮੇਰਾ ਭਰਾ ਕਰ ਰਹੇ ਆ'

'ਜਿੰਦਗੀ ਤੇਰੀ ਆ ਤੂੰ ਏਨਾ ਦੀ ਗੁਲਾਮ ਨਹੀਂ ਚੱਲ ਆਪਾਂ ਜਾਕੇ ਕੋਰਟ ਮੈਰਜ਼ ਕਰ ਲੈਨੈ ਆਂ'

'ਮੈਂ ਓਨਾ ਕੁੜੀਆਂ ਵਰਗੀ ਨਹੀਂ ਜਿਹੜੀਆਂ ਆਪਣੀ ਖੁਸ਼ੀ ਦੀ ਖਾਤਰ ਮਾਂ ਬਾਪ ਭੈਣ ਭਰਾ ਨੂੰ ਠੁਕਰਾ ਕੇ ਬੁਆਏ ਫਰਿੰਡ ਨਾਲ ਭੱਜ ਜਾਂਦੀਆ ਮੈਂ ਬੇ-ਵਫਾ ਨਹੀਂ ਜੇ ਅੱਜ ਮਾਮੀ ਤੇ ਭਰਾ ਨਾਲ ਮੈਂ ਧੋਖਾ ਕਰ ਸਕਦੀਂ ਆਂ ਤਾਂ ਕੱਲ ਨੂੰ ਤੇਰੇ ਨਾਲ ਵੀ ਧੋਖਾ ਕਰ ਸਕਦੀ ਆਂ' ਸੀਤਲ ਨੇ ਰੋ ਰੋ ਕੇ ਕਿਹਾ ਸੀਤਲ ਦੀਆਂ ਅੱਖਾਂ ਵਿੱਚੋਂ ਆਂਸੂ ਪਾਣੀ ਦੀ ਤਰਾਂ ਵਹਿ ਰਹੇ ਸਨ।

'ਤੂੰ ਮੇਰੇ ਨਾਲ ਖੁਸ਼ ਨੀ?'

'ਏਹ ਮੈਂ ਕਦੋਂ ਕਿਹਾ, ਮੈਂ ਖੁਸ਼ ਹਾਂ ਪਰ ਮੇਰੀ ਮਜਬੂਰੀ ਹੈ ਮੇਰੇ ਜਿੰਦ ਜਾਨ ਮੇਰੀ ਮਾਮੀ ਤੇ ਭਿੰਦਾ ਹੈ'

'ਤੇ ਮੈਂ?'

'ਤੂੰ ਵੀ ਮੇਰੀ ਜਿੰਦ ਜਾਨ ਸੀ ਪਰ ਮੈਂ ਆਪਣੀ ਖੁਸ਼ੀ ਦੀ ਖਾਤਰ ਆਪਣੇ ਪ੍ਵਾਰ ਦਾ ਗਲ ਨਹੀਂ ਘੁੱਟ ਸਕਦੀ'

'ਚਲੋ ਜੇ ਤੂੰ ਮੈਨੂੰ ਛੱਡਕੇ ਖੁਸ਼ ਹੈਂ ਤਾਂ ਠੀਕ ਮੈਂ ਤੈਨੂੰ ਖੁਸ਼ ਦੇਖ਼ਣਾ ਚੌਂਨਾਂ, ਜੇ ਅਸੀਂ ਤਾਂ ਕੌਮ ਤੋਂ ਜਾਨ ਵਾਰ ਸਕਦੇਂ ਆਂ ਤੇ ਆਪਣੀ ਸੀਤਲ ਦੀ ਖੁਸ਼ੀ ਵਾਸਤੇ ਆਪਣੇ ਪਿਆਰ ਦਾ ਗਲ ਵੀ ਘੁੱਟ ਸਕਦੇ ਆਂ'' ਜਦੋਂ ਕੇਵਲ ਨੇ ਕਿਹਾ ਸੀਤਲ ਭੁੱਬਾਂ ਮਾਰਕੇ ਰੋ ਪਈ। ਕੇਵਲ ਖੜਾ ਗਿਆ। ਮਾਮੀ ਚਾਹ ਲੈਕੇ ਆ ਗਈ, ਕੇਵਲ ਬਗੈਰ ਚਾਹ ਪੀਤੇ ਤੁਰਨ ਲੱਗਾ ਤਾਂ ਸੀਤਲ ਨੇ ਕੇਵਲ ਦੇ ਪੈਰਾਂ ਵਿੱਚ ਲਿਟ ਗਈ ਤੇ ਲੱਤਾਂ ਫੜਕੇ ਆਪਣਾਂ ਮੂੰਹ ਉੱਪਰ ਕਰਕੇ ਰੋ ਕੇ ਕਹਿਣ ਲੱਗੀ-

'ਮੈਨੂੰ ਮਾਫ ਕਰ ਦੇਵੀਂ ਕੇਵਲ ਸਿੰਘ ਮੈਂ ਮਜਬੂਰਹਾਂ' ਸੀਤਲ ਨੇ ਕੰਬਦੀ ਹੋਈ ਆਵਾਜ਼ ਵਿੱਚ ਵਿੱਚ ਕਿਹਾ। ਮਾਮੀ ਹੱਥਾਂ ਵਿੱਚ ਚਾਹ ਦਾ ਕੱਪ ਲੈਕੇ ਖੜੀ ਸੀ। ਕੇਵਲ ਨੂੰ ਚਾਹ ਜ਼ਹਿਰ ਵਾਂਗੂੰ ਲੱਗ ਰਹੀ ਸੀ।

'ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ ਕਰਨਾ' ਕੇਵਲ ਨੇ ਭਰੇ ਗਲ ਗਲ ਨਾਲ ਦੋਵੇਂ ਹੱਥ ਜੋੜਕੇ ਮਾਮੀ ਨੂੰ ਕਿਹਾ ਤੇ ਤੇਜੀ ਨਾਲ ਕੋਠੀ ਵਿੱਚੋਂ ਨਿਕਲ ਗਿਆ! ਸੀਤਲ ਦੀਆਂ ਸਿਸਕੀਆ ਦੀ ਆਵਾਜ਼ ਕੇਵਲ ਦੇ ਕੰਨਾ ਵਿੱਚ ਪੈ ਰਹੀ ਸੀ ਨਾ ਚਾਹੁੰਦਾ ਹੋਇਆ ਕੇਵਲ ਟੁੱਟੇ ਹੋਏ ਦਿਲ ਨਾਲ ਚੰਡੀਗੜੋਂ ਰੋਂਦਾ ਹੋਇਆ ਆਪਣੇ ਘਰ ਆ ਗਿਆ!

## ਮੀਰੀ ਪੀਰੀ ਦੇ ਮਾਲਕ...

(3). ਬਾਬਾ ਸੂਰਜ ਮੱਲ: ਬਾਬਾ ਜੀ ਦਾ ਜਨਮ ਸੰਮਤ 1674 (ਸੰਨ 1617) 'ਚ ਅੰਮ੍ਰਿਤਸਰ ਵਿਖੇ ਹੋਇਆ ਤੇ ਬਾਬਾ ਜੀ ਦੀ ਸ਼ਾਦੀ ਕਰਤਾਰਪੁਰ ਨਿਵਾਸੀ ਪ੍ਰੇਮਾਚੰਦ ਦੀ ਸਪੁੱਤਰੀ ਬੀਬੀ ਖੇਮਕੁਇਰ ਨਾਲ ਹੋਈ, ਜਿਸ ਦੇ ਉਦਰ ਤੋਂ ਸੰਮਤ 1690 (ਸੰਨ 1633) 'ਚ ਬਾਬਾ ਦੀਪਚੰਦ ਜੀ ਨੇ ਜਨਮ ਲਿਆ।

(4). ਅਣੀ ਰਾਇ ਜੀ: ਬਾਬਾ ਜੀ ਦਾ ਜਨਮ 26 ਮਾਘ ਸੰਮਤ 1675 (ਸੰਨ 1618) 'ਚ ਅੰਮ੍ਰਿਤਸਰ ਵਿਖੇ ਹੋਇਆ। ਇਹ ਸਦਾ ਨਾਮ ਬਾਣੀ ਦੇ ਅਭਿਆਸ ਵਿੱਚ ਲੱਗੇ ਰਹਿੰਦੇ ਸਨ, ਆਪ ਜੀ ਨੇ ਵਿਆਹ ਨਹੀਂ ਕਰਾਇਆ ਸੀ। ਬਾਬਾ ਜੀ ਦਾ ਦੇਹਾਂਤ ਕੀਰਤਪੁਰ ਵਿਖੇ ਹੋਇਆ।

(5). ਬਾਬਾ ਅਟੱਲ ਰਾਇ: ਬਾਬਾ ਜੀ ਦਾ ਜਨਮ ਸੰਮਤ 1676 (ਸੰਨ 1619) 'ਚ ਅੰਮ੍ਰਿਤਸਰ ਵਿਖੇ ਹੋਇਆ ਅਤੇ ਕੇਵਲ 9 ਸਾਲ ਦੀ ਉਮਰ 'ਚ ਹੀ ਆਪ ਸੰਮਤ 1685 (ਸੰਨ 1628) ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ, ਜਿੱਥੇ 9 ਮੰਜ਼ਲਾਂ ਗੁਰਦੁਆਰਾ ਬਾਬਾ ਅਟੱਲ ਰਾਇ ਸੁਸ਼ੋਭਿਤ ਹੈ।

(6). ਗੁਰੂ ਤੇਗ ਬਹਾਦਰ ਸਾਹਿਬ: (ਗੁਰੂ) ਤੇਗ ਬਹਾਦਰ ਜੀ ਦਾ ਜਨਮ 4 ਵੈਸਾਖ ਸੰਮਤ 1678 (1 ਅਪ੍ਰੈਲ 1621) ਨੂੰ ਕਰਤਾਰਪੁਰ ਵਿਖੇ ਹੋਇਆ। ਆਪ ਜੀ ਵਿਆਹ 15 ਅੱਸੂ ਸੰਮਤ 1689 (ਸੰਨ 1632) 'ਚ ਤਿਆਗ ਤੇ ਵਿਵੇਕਤਾ ਦੀ ਮੂਰਤ ਜਗਤ ਮਾਤਾ, ਮਾਤਾ ਗੁਜਰੀ ਜੀ ਨਾਲ ਕਰਤਾਰਪੁਰ ਵਿਖੇ ਹੋਇਆ, ਜਿਨਾਂ ਦੀ ਕੁੱਖੋਂ ਦਸਮੇਸ਼ ਪਿਤਾ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਜਨਮ ਹੋਇਆ। ਆਪ ਜੀ ਗੁਰੂ ਨਾਨਕ ਘਰ ਦੀ ਗੁਰਗੱਦੀ 'ਤੇ 20 ਮਾਰਚ 1665 ਨੂੰ ਵਿਰਾਜਮਾਨ ਹੋਏ ਤੇ ਹਿੰਦੂ ਰਿਸ਼ੀ ਮੁਨੀਆਂ ਦੀ ਅਣਖ਼ ਲਈ 11 ਨਵੰਬਰ 1675 ਨੂੰ ਦਿੱਲੀ ਵਿਖੇ ਆਪਣੀ ਸ਼ਹਾਦਤ ਦੇ ਦਿੱਤੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤਾ ਦੇ ਛੋਟੇ ਪੁੱਤਰ ਸ੍ਰੀ ਹਰਿਰਾਏ ਜੀ ਨੂੰ ਗੁਰਗੱਦੀ ਸੌਂਪੀ ਅਤੇ 3 ਮਾਰਚ 1644 ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

## ਲਹੂ ਦੇ ਚੁਬੱਚੇ

ਮੈਂ ਮਦਨ ਗੋਪਾਲ ਤੋਂ ਪੁਛਦੀ ਹਾਂ , ਫੇਰ ਕਿਉਂ ਨਹੀਂ ਚਲੇ ਆਏ ਉਹ ਲੋਕ?

ਪੇਂਡੂ ਬੰਦੇ। ਸਿੱਧੇ ਸਾਦੇ। ਸੋਚਿਆ , ਬਾਹਰ ਫੌਜ ਏ , ਬਾਲ ਬੱਚਿਆਂ ਨਾਲ ਬਾਹਰ ਨਿਕਲੇ ਤਾਂ ਫੜ ਲੈਣਗੇ ਉਹ। ਏਥੇ ਤਾਂ ਗੁਰੂ ਰਾਮਦਾਸ ਦਾ ਘਰ ਐ , ਏਥੇ ਕਿਹੜੀ ਆਫਤ ਆ ਸਕਦੀ ਏ ? ਸਕੂਟਰ ਵਿੱਚ ਬੈਠੀ ਹਾਂ। ਸਕੂਟਰ ਡਰਾਈਵਰ ਸਿੱਖ ਮੁੰਡਾ ਏ। ਮੈਂ ਗੱਲਾਂ ਕਰਨ ਲੱਗ ਪੈਂਦੀ ਹਾਂ , ਕਾਕਾ ਕਿੱਥੋਂ ਦੇ ਰਹਿਣ ਵਾਲੇ ਓ ? ਬਾਬਾ ਬਕਾਲੇ ਦੇ ਜੀ !

ਐਹ ਅੰਮ੍ਰਿਤਸਰ ਵਿਚ ਜੋ ਹੋਇਆ , ਉਹਦਾ ਪਤਾ ਏ ? ਖ਼ਬਰਾਂ ਸੁਣਦੇ ਸਾਓ ?

' ਪਤਾ ਕਿਉਂ ਨਹੀਂ ਜੀ ? ਸਾਡੇ ਘਰ ਤਾਂ ਦੋ ਦਿਹਾੜੀ ਤਾਂ ਰੋਟੀ ਨਹੀਂ ਸੀ ਪੱਕੀ। ਮਾਂ ਮੇਰੀ ਤਾਂ ਅਜੇ ਵੀ ਰੋਂਦੀ ਰਹਿੰਦੀ ਐ। ਸਵੇਰੇ ਪਾਠ ਕਰਕੇ ਅਰਦਾਸ ਕਰਨ ਵੇਲੇ ਬਾਪੂ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਸ਼ਹੀਦਾਂ ਦਾ ਨਾਂ ਵੀ ਲੈਂਦਾ ਏ। ਇਹ ਬਚਣਗੇ ਨਹੀਂ ਜੀ , ਇਹ ਜਿਨਾਂ ਨੇ ਏਡਾ ਜ਼ੁਲਮ ਕਮਾਇਆ ਏ ...' ਤੇ ਉਹ ਗੁੱਸੇ ਨਾਲ , ਰੋਹ ਨਾਲ ਭਰਿਆ ਹੋਇਆ ਬੋਲੀ ਜਾ ਰਿਹਾ ਏ।

' ਪਰ ਹੁਣ ਹੋਏਗਾ ਕੀ ? ' - ਉਹ ਪੁਛਦਾ ਏ।

' ਪਤਾ ਨਹੀਂ ', ਮੈਂ ਕਹਿੰਦੀ ਹਾਂ। ਤੇ ਸੱਚ ਕਹਿ ਰਹੀ ਹਾਂ ਮੈਂ , ਕੁਝ ਪਤਾ ਨਹੀਂ ਕੀ ਹੋਏਗਾ।

ਉਹ ਬੜੇ ਵਿਸ਼ਵਾਸ ਨਾਲ ਕਹਿੰਦਾ ਏ , ' ਬੱਸ ਜੀ , ਖਾਲਿਸਤਾਨ ਬਣੇਗਾ ਹੁਣ ਤਾਂ।ਏਨਾ ਲਹੂ ਡੁਲਿਆ ਹੋਇਆ ਐਵੇਂ ਤੇ ਜਾਂਦਾ ਨਹੀਂ। ਮੈ ਕੰਬ ਜਾਂਦੀ ਹਾਂ। ਇਹ ਕੀ ਕਰ ਦਿੱਤਾ ਇਸ ਗ੍ਰੀਕ ਟ੍ਰੈਜਡੀ ਨੂੰ ਸਟੇਜ ਕਰਨ ਵਾਲਿਆਂ ਨੇ। ਖਾਲਿਸਤਾਨ ਦੀ ਗੱਲ ਤਾਂ ਦੋ ਚਾਰ ਵਿਦੇਸ਼ਾਂ ਵਿੱਚ ਰਹਿ ਰਹੇ ਬੰਦੇ ਹੀ ਕਰਿਆ ਕਰਦੇ ਸਨ ਜਿਨਾਂ ਨੇ ਪ੍ਰੈਸ ਦਾ ਤੇ ਹੋਰਨਾਂ ਦਾ ਧਿਆਨ ਆਪਣੇ ਵੱਲ ਖਿੱਚਣਾ ਹੁੰਦਾ ਸੀ , ਜਾਂ ਖਾਲਿਸਤਾਨ ਦੇ ਨਾਅਰੇ ਥੱਲੇ ਆਪਣੇ ਭਰਾਵਾਂ ਭਤੀਜਿਆਂ ਨੂੰ ਇੰਗਲੈਂਡ ਜਾਂ ਜਰਮਨੀ ਜਾਂ ਕੈਨੇਡਾ ਮੰਗਵਾਉਣਾ ਹੁੰਦਾ ਸੀ। ਖਾਲਿਸਤਾਨ ਦੀ ਗੱਲ ਕਿਸੇ ਵੀ ਸੋਚ - ਸਮਝ ਵਾਲੇ ਬੰਦੇ ਨੇ ਨਾ ਕਦੇ ਸੋਚੀ ਸੀ , ਨਾ ਕੀਤੀ ਸੀ। ਨਾ ਇਹ 1982 ਤੋਂ ਮੋਰਚਾ ਚਲਾਉਣ ਵਾਲੇ ਅਕਾਲੀਆਂ ਦੀ ਮੰਗ ਸੀ , ਤੇ ਨਾ ਹੀ ਮਗਰੋਂ ਸੰਤ ਭਿੰਡਰਾਂਵਾਲੇ ਨੇ ਇਹਨੂੰ ਆਪਣਾ ਨਾਹਰਾ ਬਣਾਇਆ ਸੀ।

ਅੱਜ ਇਹ ਕੀ ਹੋ ਗਿਆ ?

ਇਹ ਫੱਟੜ ' ਸਾਇਕੀ ਦੀ ਮੰਗ ਹੈ ਜਾਂ ਗੁੱਠੇ ਲਗੀ ' ਆਈਡੈਂਟਿਟੀ ਦੀ ? ਮੈਂ ਇਸ ਲਫਜ਼ ਨੂੰ ਅੱਜ - ਕੱਲ ਰੋਜ਼ ਕਈ ਵਾਰੀ ਸੁਣਦੀ ਹਾਂ - ਪੜੇ ਲਿਖੇ ਤੇ ਸਿੱਧੇ ਸਾਦੇ , ਦੋਹਾਂ ਕਿਸਮਾਂ ਦੇ ਬੰਦਿਆਂ ਦੇ ਮੂੰਹੋਂ।

ਇਹ ਗਲਤੀ ਹੋ ਗਈ ਡਰਾਮਾ ਰਚਣ ਵਾਲਿਆਂ ਤੋਂ ਉਹਨਾਂ ਨੇ ਤਾਂ ਸਿੱਧਾ ਸਾਦਾ ਵੋਟਾਂ ਦਾ ਡਰਾਮਾ ਖੇਡਿਆ ਸੀ , ਜਿਸ ਦੀ ਮਾਨਸਿਕਤਾ ਤੇ ' ਸਾਈਕਾਲੋਜੀ ਮੇਰੇ ਵਰਗੇ ਗੈਰ - ਪੁਲੀਟੀਕਲ ਬੰਦੇ ਨੂੰ ਵੀ ਸਮਝ ਆਉਂਦੀ ਪਈ ਏ। ਜਿਸ ਤਰਾਂ ਮਾਰਗਰੇਟ ਥੈਚਰ ਨੇ ਫਾਕਲੈਂਡ ਦਾ ਡਰਾਮਾ ਕੀਤਾ ਸੀ ਤੇ ਦੂਜੀ ਵਾਰੀ ਪਰਾਈਮ ਮਨਿਸਟਰਸ਼ਿਪ ਜਿੱਤ ਲਈ , ਜਿਸ ਤਰਾਂ ਰੀਗਨ ਨੇ ਗਰੇਨੇਡਾ ਦਾ ਡਰਾਮਾ ਕੀਤਾ , ਜਿਸ ਤਰਾਂ ਖੁਦ ਇੰਦਰਾ ਗਾਂਧੀ ਨੇ ਹੀ ਬੰਗਲਾਦੇਸ਼ ਦਾ ਡਰਾਮਾ ਕੀਤਾ ਸੀ , ਉਸੇ ਤਰਾਂ ਦਾ ਡਰਾਮਾ ਇਹ ਵੀ ਸੀ ਕਿਉਂਕਿ ਇਲੈਕਸ਼ਨਾਂ ਬੱਸ ਔਹ ਮੋੜ ' ਤੇ ਖਲੋਤੀਆਂ ਨੇ। ਉਂਝ ਸੋਚਿਆ ਜਾਵੇ ਤਾਂ ਅਕਾਲੀ ਪਾਰਟੀ ਨੇ ਵੀ ਮੋਰਚਾ ਸ਼ੁਰੂ ਕਰਨ ਲੱਗਿਆ ਤਾਂ ਇਲੈਕਸ਼ਨਾਂ ਦੀ ਗੱਲ ਸੋਚਣੀ ਹੀ ਏ। ਲੋਕ ? ਜਨਤਾ ? ਉਹ ਕੀ ਚੀਜ਼ ਏ ! ਉਹ ਤਾਂ ਸਿਰਫ ਵੋਟਾਂ ਦੀ ਗਿਣਤੀ ਨੇ , ਜਾਂ ਝਗੜੇ - ਫਸਾਦਾਂ ਦੀ ਤੇ ਜੰਗਾਂ ਦੀ ਭੱਠੀ ਵਿੱਚ ਬਲਣ ਵਾਲਾ ਬਾਲਣ ! ਫੇਰ ਇੰਦਰਾ ਗਾਂਧੀ ਨੇ ਤਾਂ 1977 ਦੀ ਭਿਆਨਕ ਹਾਰ ਵੇਖੀ ਹੋਈ ਏ ਤੇ ਉਸ ਤੋਂ ਮਗਰੋਂ , ਮੁੜ ਕੇ ਪਾਵਰ ਵਿੱਚ ਆ ਜਾਣ ਮਗਰੋਂ ਵੀ , ਦੱਖਣ ਭਾਰਤ ਵਿਚ ਹੋਈ ਜ਼ਬਰਦਸਤ ਹਾਰ ਦੇ ਉਹਦੇ ਜ਼ਖਮ ਅਜੇ ਅੱਲੇ ਨੇ। ਇਲੈਕਸ਼ਨਾਂ ਵਾਸਤੇ ਕਿਸੇ ਇਹੋ ਜਿਹੇ ਡਰਾਮੇ ਦੀ ਲੋੜ ਸੀ ਹਕੂਮਤ ਨੂੰ। ਇਸ ਕਰਕੇ ਪਿਛਲੇ ਦੋ ਸਾਲਾਂ ਤੋਂ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਸੋਚਿਆ ਗਿਆ। ਜਦੋਂ ਵੀ ਗੱਲਬਾਤ ਸਿਰੇ ਚੜਨ ਲੱਗੀ , ਜਾਂ ਖੁਦ ਕੋਈ ਸਖਤ ਗੱਲ ਕਹਿ ਦਿੱਤੀ ਪਾਰਲੀਮੈਂਟ ਵਿੱਚ ਜਾਂ ਹੋਮ ਮਨਿਸਟਰ ਸੇਠੀ ਕੋਲੋਂ ਅਖਵਾ ਦਿੱਤੀ। ਗੱਲ ਸਿਰੇ ਚੜਦੀ - ਚੜਦੀ ਟੁੱਟ ਗਈ।

ਉਂਜ ਗੱਲ ਵਿੱਚੋਂ ਹੈ ਵੀ ਕੀ ਸੀ। ਅਗਸਤ 1982 ਵਿੱਚ ਜਦੋਂ ਅਕਾਲੀਆਂ ਨੇ ਮੋਰਚਾ ਸ਼ੁਰੂ ਕੀਤਾ ਸੀ ਤਾਂ ਅਸਲੀ ਮੰਗਾਂ ਨਿਰੋਲ ਆਰਥਿਕ ਸਨ। ਧਾਰਮਕ ਮੰਗਾਂ ਤਾ ਐਵੇਂ ਗੋਟੇ ਵਾਂਗੂੰ ਨਾਲ ਟਾਂਕੀਆਂ ਹੋਈਆਂ ਸਨ। ਉਹ ਮੰਨ ਵੀ ਲਈਆਂ ਗਈਆਂ। ਪਰ ਆਰਥਕ ਮੰਗਾਂ , ਜਿਹੜੀਆਂ ਸਮੁੱਚੇ ਪੰਜਾਬੀਆਂ ਲਈ ਸਨ , ਹਿੰਦੂਆਂ ਤੇ ਸਿੱਖਾਂ ਦੋਹਾਂ ਲਈ ਯਾਨੀ ਚੰਡੀਗੜ ਦੀ ਮੰਗ , ਪਾਣੀ ਦੀ ਮੰਗ ਤੇ ਪੰਜਾਬੀ ਬੋਲਣ ਵਾਲੇ ਇਲਾਕਿਆਂ ਦੀ ਬੋਲੀ ਦੇ ਆਧਾਰ ' ਤੇ ਜਾਂਚ - ਪੜਤਾਲ ਦੀ ਮੰਗ। ਇਹਨਾਂ ਵਿੱਚੋਂ ਪੰਜਾਬੀ ਬੋਲਣ ਵਾਲੇ ਇਲਾਕਿਆਂ ਬਾਰੇ ਤੇ ਦਰਿਆਵਾਂ ਦੇ ਪਾਣੀ ਬਾਰੇ , ਦੋਵੇਂ ਮਸਲੇ ਟ੍ਰਿਬਿਊਨਲ ਨੂੰ ਦੇਣ ਲਈ ਅਕਾਲੀ ਮੰਨ ਗਏ ਸਨ। ਬਾਕੀ ਰਹੀ ਗੱਲ ਚੰਡੀਗੜ ਦੀ।ਉਹਦੇ ਬਦਲੇ ਉਹ ਚੰਡੀਗੜ ਦੇ ਨਾਲ ਲੱਗਦੇ ਕੁਝ ਪਿੰਡ , ਤੇ ਪੈਸਾ ਵੀ , ਹਰਿਆਣੇ ਨੂੰ ਦੇਣਾ ਮੰਨਦੇ ਸਨ। ਇਹ ਕੀ ਸੀ ਜਿਸ ਨੇ ਏਨੀ ਜਾਇਜ਼ ਮੰਗ ਵਿੱਚ ਵੀ ਅੜਿੱਕਾ ਡਾਹੀ ਰੱਖਣ ਲਈ ਹਕੂਮਤ ਨੂੰ ਉਕਸਾਇਆ ? ਇਹਦੇ ਬਾਰੇ ਸਿਰਫ ਕਿਆਸ ਹੀ ਕੀਤਾ ਜਾ ਸਕਦਾ ਹੈ।

ਉਂਜ ਤਾਂ ਇਹੀ ਕਹਿੰਦੇ ਨੇ ਸਾਰੇ , ਕਿ ਇੰਦਰਾ ਗਾਂਧੀ ਦੇ ਮਨ ਵਿੱਚ ਕੀ ਐ , ਇਹ ਉਹਦੇ ਸਾਹਵਾਂ ਨਾਲ ਉਹਦੇ ਜਿਸਮ ਦੇ ਅੰਦਰ ਜਾਂਦੀ ਹਵਾ ਨੂੰ ਵੀ ਪਤਾ ਨਹੀਂ ਲੱਗਦਾ , ਤੇ ਕੋਲ ਬੈਠੇ ਬੰਦੇ ਨੂੰ ਕੀ ਪਤਾ ਲੱਗੇਗਾ। ਉਹਦੇ ਮਨ ਵਿੱਚ ਬੁਣੇ ਜਾਂਦੇ ਪੇਟੇ ਦਾ ਕਿਸੇ ਨੂੰ ਵੀ ਪਤਾ ਨਹੀਂ ਲੱਗਦਾ। ਪਰ ਕਿਆਸ ਤਾਂ ਕੀਤਾ ਹੀ ਜਾ ਸਕਦਾ ਏ। ਨਹੀਂ ? ਬਹੁਤੇ ਲੋਕਾਂ ਦਾ ਕਿਆਸ ਇਹੀ ਹੈ ਕਿ ਇਹ ਸਾਰੀ ਖੇਡ ਸੋਚੀ - ਸਮਝੀ ਤੇ ਗਿਣੀ ਮਿੱਥੀ ਹੋਈ ਸੀ। ਇਹ ਗ੍ਰੀਕ ਟ੍ਰੈਜਡੀ ਪਹਿਲੋਂ ਹੀ ਬੜੀ ਸੁਆਰ ਕੇ ਜ਼ਿਹਨ ਵਿੱਚ ਲਿਖ ਲਈ ਹੋਈ ਸੀ , ਮਗਰੋਂ ਸਿਰਫ ਸਟੇਜ ਕੀਤੀ ਗਈ। ਹਰ ਗੱਲਬਾਤ ਕਿਸ ਤਰਾਂ ਤੋੜ ਦਿੱਤੀ ਜਾਂਦੀ ਰਹੀ ਇਹਦੇ ਬਾਰੇ ਤੁਸੀਂ ਸਾਰੇ ਹਰਕਿਸ਼ਨ ਸਿੰਘ ਸੁਰਜੀਤ ਦਾ ਆਰਟੀਕਲ ਆਰਸੀ ਵਿੱਚ ਪੜ ਹੀ ਚੁੱਕੇ ਹੋ। ਕੋਈ ਫੈਸਲਾ ਸਿਰੇ ਨਹੀਂ ਚੜਨ ਦਿੱਤਾ ਗਿਆ , ਕਿਉਂਕਿ ਹਕੂਮਤ ਨੂੰ ਇਹ ਪੱਕਾ ਪਤਾ ਸੀ ਕਿ ਇਸ ਤਰਾਂ ਲਮਕਾਈ ਰੱਖਣ ਨਾਲ ਘੱਟੋ ਘੱਟ ਇਹ ਸਮੱਸਿਆ ਤਾਂ ਸੁਲਝੇਗੀ ਨਹੀਂ , ਸਗੋਂ ਹੋਰ ਤੇਜ਼ ਹੋਵੇਗੀ , ' ਮੋਮੈਂਟਮ ' ਫੜੇਗੀ। ਪਤਾ ਸੀ , ਜਦੋਂ ਐਜੀਟੇਸ਼ਨ ਭਖੀ , ਕੁਝ ਕਤਲ ਹੋਏ , ਹਰਿਮੰਦਰ ਸਾਹਿਬ ਵਿੱਚ ਅਸਲਾ ਜਮਾਂ ਹੋਇਆ , ਹਿੰਦੂਆਂ ਵਿੱਚ ਰੋਸ ਵਧੇਗਾ। ਅਮਨ - ਪਸੰਦ ਅਕਾਲੀ ਲੀਡਰਾਂ ਦੇ ਹੱਥੋਂ ਮੋਰਚੇ ਦੀ ਵਾਗਡੋਰ ਨਿਕਲ ਕੇ ' ਜੰਗੀ ਲੀਡਰਸ਼ਿਪ , ਯਾਨੀ ਸ਼ੁਰੂ ਵਿੱਚ ਕਾਂਗਰਸ ਵਲੋਂ ਭੇਜੇ ਗਏ ਸੰਤ ਭਿੰਡਰਾਂਵਾਲੇ ਦੇ ਹੱਥ ਵਿੱਚ ਆ ਜਾਵੇਗੀ। ਉਦੋਂ ਜਾਂ ਦੋਵੇ ਗਰੁੱਪ ਆਪਸ ਵਿੱਚ ਲੜਨਾ ਸ਼ੁਰੂ ਕਰ ਦੇਣਗੇ , ਤੇ ਫੇਰ ਬੜੀ ਸ਼ਾਨ ਨਾਲ ਫੌਜ ਨੂੰ ਅੰਦਰ ਭੇਜ ਕੇ ਵਾਹ - ਵਾਹ ਖੱਟ ਲਈ ਜਾਵੇਗੀ ; ਤੇ ਜੇ ਆਪਸ ਵਿੱਚ ਨਾ ਲੜੇ ਤਾਂ ' ਬਾਹਰਲੇ ਅਮਨ ਦੀ ਖਾਤਰ ਫੌਜੀ ਕਾਰਵਾਈ ਕੀਤੀ ਜਾਵੇਗੀ। ਤੇ ਪੂਰੇ ਹਿੰਦੋਸਤਾਨ ਦੀ ਹਿੰਦੂ ਆਬਾਦੀ ਇਹੀ ਕਹੇਗੀ , ' ਬਚਾ ਲਿਆ ਇੰਦਰਾ ਗਾਂਧੀ ਨੇ ਮੁਲਕ ਨੂੰ। ਵਰਨਾ ... ਹਿੰਦੂ ਵੋਟਾਂ ਜੇਬ ਵਿੱਚ ! ਅਗਲੀਆਂ ਚੋਣਾਂ ਵਿਚ ਪੱਕੀ ਜਿੱਤ। ਇਹ ਕਿਹੋ ਜਿਹੀ ਰਾਜਨੀਤੀ ਏ , ਹਕੂਮਤ ਦਾ ਇਹ ਕਿਹੋ ਜਿਹਾ ਨਸ਼ਾ ਏ , ਜਿਹੜਾ ਬੰਦੇ ਨੂੰ ਲਾਸ਼ਾਂ ਦੇ ਉੱਤੋਂ ਦੀ ਤੋਰ ਕੇ ਲੈ ਜਾਂਦਾ ਏ ਤੇ ਉਹਦੀ ਜ਼ਮੀਰ ਖਾਮੋਸ਼ ਰਹਿੰਦੀ ਏ




First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com







# 22

## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

1.888.795.7035

www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com